**Reo-Bankowned Properties**

From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763



**Ad Space Available**
**Call: 847-359-0746**



**ਵਧੀਆ ਅਤੇ ਸਸਤੀ ਇੰਸ਼ੋਰੈਂਸ**
Home, Auto, Liquor Store



ਫੋਨ ਕਰੋ, ਪੈਸੇ ਬਚਾਓ
Call Now Manjit Gill
Ph: 209-524-4008
Ph: 510-888-1180
ਕਾਰ, ਘਰ, ਲਿੱਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ
Gill Financial & Insurance Services
27165 Mission Blvd, Hayward, CA 94544
Since 1993 www.gillfinancial.com CA. Lic#0B23990



Fifteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 23, June 7, 2014 | 20451 N Plum Grove Rd., Palatine, IL 60074 | Ph:847-359-0746, Fax:847-705-9388


# ਨਸ਼ਿਆਂ ਕਾਰਨ ਹੀ ਡੋਲਿਆ ਬਾਦਲਾਂ ਦਾ ਸਿੰਘਾਸਣ

## ਚੋਣਾਂ ਵਿਚ ਵੀ ਮੁੱਖ ਰਹੀ ਸੀ ਨਸ਼ਿਆਂ ਬਾਰੇ ਚਰਚਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਨੇ ਪੰਜਾਬ ਦੀ ਸੱਤਾ ਧਿਰ ਸ਼੍ਰੋਮਣੀ ਅਕਾਲੀ ਦਲ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਇਨ੍ਹਾਂ ਚੋਣਾਂ ਵਿਚ ਜਿੱਥੇ ਸੱਤਾ ਧਿਰ ਨੂੰ ਤਿੱਖੇ ਲੋਕ ਰੋਹ ਦਾ ਸਾਹਮਣਾ ਕਰਨਾ ਪਿਆ, ਉਥੇ ਨਵੀਂ ਉਭਰੀ ਆਮ ਆਦਮੀ ਪਾਰਟੀ ਨੇ ਇਕੋ ਝਟਕੇ ਨਾਲ ਅਕਾਲੀ ਦਲ ਦੇ ਬਰਾਬਰ ਵੋਟ ਹਾਸਲ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ। ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ ਸਾਢੇ ਛੱਬੀ ਫੀਸਦੀ ਵੋਟ ਮਿਲੇ ਹਨ ਜਦੋਂਕਿ ਆਮ ਆਦਮੀ ਪਾਰਟੀ ਸਾਢੇ ਚੌਵੀ ਫੀਸਦੀ ਵੋਟ ਲੈ ਗਈ ਹੈ। ਚੋਣਾਂ ਵਿਚ ਨਸ਼ਿਆਂ ਦਾ ਮੁੱਦਾ ਸਭ ਤੋਂ ਜ਼ਿਆਦਾ ਭਾਰੂ ਰਿਹਾ।

ਸੱਤਾ ਧਿਰ ਦਾ ਇੰਨਾ ਮਾੜਾ ਹਾਲ ਹੋਣ ਤੋਂ ਬਾਅਦ ਅਕਾਲੀ ਦਲ ਤੇ ਭਾਜਪਾ ਵਿਚ ਤਰੇੜਾਂ ਵੀ ਆ ਗਈਆਂ ਹਨ। ਭਾਜਪਾ ਇਸ ਮਾੜੀ ਕਾਰਗੁਜ਼ਾਰੀ ਲਈ ਅਕਾਲੀ ਦਲ ਨੂੰ ਮੰਨ ਰਹੀ ਹੈ। ਭਾਜਪਾ ਨੇ ਤਾਂ ਇਹ ਵੀ ਕਹਿ ਦਿੱਤਾ ਹੈ ਕਿ ਪੰਜਾਬ ਵਿਚ ਨਸ਼ਾ ਤਸਕਰੀ ਨੂੰ ਅਕਾਲੀ ਆਗੂਆਂ ਦੀ ਸ਼ਹਿ ਹਾਸਲ ਹੈ। ਭਾਜਪਾ ਦੇ ਸੂਬਾ ਭਾਜਪਾ ਪ੍ਰਧਾਨ ਕਮਲ ਸ਼ਰਮਾ ਨੇ ਕਿਹਾ ਹੈ ਕਿ ਨਸ਼ੀਲੇ ਪਦਾਰਥਾਂ ਦਾ ਧੰਦਾ ਸਿਆਸੀ ਸਰਪ੍ਰਸਤੀ ਤੋਂ ਬਿਨਾਂ ਵਧ ਫੁੱਲ ਨਹੀਂ ਸਕਦਾ ਤੇ ਸੂਬੇ ਦੇ ਲੋਕ ਇਸ ਧੰਦੇ ਵਿਚ ਲੱਗੇ ਵੱਡੇ ਮਗਰਮੱਛਾਂ ਨੂੰ ਸੀਖਾਂ ਪਿੱਛੇ ਦੇਖਣਾ ਚਾਹੁੰਦੇ ਹਨ। ਸ੍ਰੀ ਸ਼ਰਮਾ ਨੇ ਕਿਹਾ ਹੈ ਕਿ ਇੰਨੇ ਵੱਡੇ ਪੱਧਰ 'ਤੇ ਨਸ਼ਿਆਂ ਦਾ ਕਾਰੋਬਾਰ ਸਿਆਸੀ ਸਰਪ੍ਰਸਤੀ ਬਿਨਾਂ ਸੰਭਵ ਹੀ ਨਹੀਂ ਹੈ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲਾ ਮਾਫੀਆ ਨਿਡਰ ਹੋ ਕੇ ਪੂਰੇ ਸੂਬੇ ਵਿਚ ਨਸ਼ੇ ਵੇਚ ਰਿਹਾ ਹੈ, ਕਿਉਂਕਿ ਇਸ ਨੂੰ ਸਿਆਸੀ ਥਾਪੜਾ ਹਾਸਲ ਹੈ।

ਜ਼ਿਕਰਯੋਗ ਹੈ ਕਿ ਚੋਣ ਵਿਚ ਮਾੜੀ ਕਾਰਗੁਜ਼ਾਰੀ ਮਗਰੋਂ ਪੰਜਾਬ ਸਰਕਾਰ ਦੇ ਹੋਸ਼ ਉਡ ਗਏ ਹਨ ਤੇ ਹੁਣ ਨਸ਼ਿਆਂ ਵਿਰੁੱਧ ਵੱਡੇ ਪੱਧਰ 'ਤੇ ਮੁਹਿੰਮ ਵਿੱਢੀ ਹੈ ਪਰ ਪੰਜਾਬ ਪੁਲਿਸ ਵੱਲੋਂ ਨਸ਼ੇੜੀਆਂ ਜਾਂ ਛੋਟੇ ਤਸਕਰਾਂ ਨੂੰ ਫੜਿਆ ਜਾ ਰਿਹਾ ਹੈ ਪਰ ਵੱਡੇ ਮਗਰਮੱਛਾਂ ਨੂੰ ਹੱਥ ਨਹੀਂ ਪਾਇਆ ਜਾ ਰਿਹਾ। ਨਸ਼ਿਆਂ ਦੀ ਸਪਲਾਈ ਦੀ ਸਰਪ੍ਰਸਤੀ ਕਰਦੇ ਵੱਡੇ ਮਗਰਮੱਛ ਜਾਂ ਸਿਆਸੀ ਆਗੂ ਹਾਲੇ ਵੀ ਪੁਲਿਸ ਦੀ ਪਹੁੰਚ ਤੋਂ ਦੂਰ ਹਨ। ਪੰਜਾਬ ਵਿਚ ਸਿੰਥੈਟਿਕ ਡਰੱਗ ਦੇ ਵਧੇ ਕਾਰੋਬਾਰ ਨੇ ਸੂਬੇ ਦੇ ਵੱਡੀ ਗਿਣਤੀ ਨੌਜਵਾਨਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਪਿੰਡਾਂ ਵਿਚ ਵੀ ਖੁੱਲ੍ਹ ਰਹੀਆਂ ਕੈਮਿਸਟ ਦੀਆਂ ਦੁਕਾਨਾਂ ਇਸ ਗੱਲ ਦਾ ਸੰਕੇਤ ਹਨ। ਕੈਮਿਸਟ ਦੀਆਂ ਦੁਕਾਨਾਂ ਤੋਂ ਮਿਲਦੀਆਂ ਦਵਾਈਆਂ ਦੇ ਨਾਲ-ਨਾਲ ਨੌਜਵਾਨਾਂ ਦੇ ਬੂਹਿਆਂ ਤੱਕ ਹੈਰੋਇਨ ਤੋਂ ਲੈ ਕੇ ਕਲਮਈ ਜਾਂ ਭੁੱਕੀ

(ਬਾਕੀ ਸਫਾ 6 'ਤੇ)



### ਲੋਕਾਂ ਨੇ ਬਾਦਲਾਂ ਨੂੰ ਮੁਆਫ ਨਹੀਂ ਕੀਤਾ

ਪੰਜਾਬ ਦੇ ਲੋਕ ਨਸ਼ਿਆਂ ਦੀ ਮਾਰ ਤੋਂ ਇੰਨੇ ਜ਼ਿਆਦਾ ਅੱਕੇ ਤੇ ਥੱਕੇ ਪਏ ਹਨ ਕਿ ਇਨ੍ਹਾਂ ਨੇ ਲੋਕ ਸਭਾ ਚੋਣਾਂ ਦੌਰਾਨ ਮਿਥ ਕੇ ਬਾਦਲਾਂ ਦੇ ਵਿਰੁੱਧ ਵੋਟਾਂ ਪਾਈਆਂ। ਲੋਕਾਂ ਦਾ ਮੰਨਣਾ ਹੈ ਕਿ ਬਾਦਲ ਪਰਿਵਾਰ ਆਪ ਤਾਂ ਮੌਜਾਂ ਕਰ ਰਿਹਾ ਹੈ ਅਤੇ ਝਾੜੂ ਨਾਲ ਪੈਸੇ ਸੁੰਭਰ ਰਿਹਾ ਹੈ ਪਰ ਨਸ਼ਿਆਂ ਦੀ ਮਾਰ ਕਰ ਕੇ ਲੋਕਾਂ ਦੇ ਘਰ-ਦਰ ਬਰਬਾਦ ਹੋ ਰਹੇ ਹਨ।



# ਕੈਪਟਨ ਅਮਰਿੰਦਰ ਸਿੰਘ 'ਕਰੋ ਜਾਂ ਮਰੋ' ਵਾਲੀ ਮਾਰ 'ਤੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਵਿਚਲੀ ਖਾਨਾਜੰਗੀ ਇਕ ਵਾਰ ਮੁੜ ਤਿੱਖੀ ਹੋ ਗਈ ਹੈ। ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਪੰਜਾਬ ਕਾਂਗਰਸ ਦੀ ਕਮਾਨ ਉਨ੍ਹਾਂ ਹੱਥ ਸੌਂਪਣ ਦੀ ਮੰਗ ਉੱਠਣ ਲੱਗੀ ਹੈ। ਪੰਜਾਬ ਕਾਂਗਰਸ ਦੇ ਮੌਜੂਦਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਖੁਦ ਗੁਰਦਾਸਪੁਰ ਤੋਂ ਚੋਣ ਹਾਰ ਗਏ ਹਨ ਤੇ ਉਨ੍ਹਾਂ ਦੀ ਅਗਵਾਈ ਹੇਠ ਲੜੀ ਗਈ ਲੋਕ ਸਭਾ ਚੋਣ ਵਿਚ ਪਾਰਟੀ ਨੂੰ ਵੱਡਾ ਨੁਕਸਾਨ ਹੋਇਆ ਹੈ।

ਚੇਤੇ ਰਹੇ ਕਿ ਪੰਜਾਬ ਵਿਚ ਸੱਤਾ ਵਿਰੋਧੀ ਲਹਿਰ ਹੋਣ ਦੇ ਬਾਵਜੂਦ ਕਾਂਗਰਸ ਸਿਰਫ ਤਿੰਨ ਸੀਟਾਂ ਜਿੱਤ ਸਕੀ ਹੈ ਤੇ ਪਾਰਟੀ ਦਾ ਵੋਟ ਸਾਢੇ 45 ਫੀਸਦੀ ਤੋਂ ਘਟ ਕੇ ਤਕਰੀਬਨ 33 ਫੀਸਦੀ ਹੋ ਗਿਆ ਹੈ। ਆਮ ਆਦਮੀ ਪਾਰਟੀ ਨੇ ਕਾਂਗਰਸ ਦੇ ਵੋਟ ਨੂੰ 12 ਫੀਸਦੀ ਖੋਰਾ ਲਾਇਆ ਹੈ। ਕਾਂਗਰਸੀ ਖੇਮਿਆਂ ਵਿਚ ਮੰਨਿਆ ਜਾ ਰਿਹਾ ਹੈ ਕਿ ਸ. ਪ੍ਰਤਾਪ ਸਿੰਘ ਬਾਜਵਾ ਨਾ ਤਾਂ ਸੱਤਾ ਧਿਰ ਦੀਆਂ ਨਾਕਾਮੀਆਂ ਲੋਕਾਂ ਸਾਹਮਣੇ ਨਹੀਂ ਰੱਖ ਸਕੇ ਅਤੇ ਨਾ ਹੀ ਕਾਂਗਰਸ ਨੂੰ ਸਹੀ ਸੇਧ ਦੇ ਸਕੇ ਜਿਸ ਕਰ ਕੇ ਹਾਰ ਦਾ ਮੂੰਹ ਵੇਖਣਾ ਪਿਆ।

ਪਾਰਟੀ ਵਿਚ ਉਠ ਰਹੀਆਂ ਬਾਗੀ ਸੁਰਾਂ ਦੌਰਾਨ ਸ. ਬਾਜਵਾ ਨੇ ਦਾਅਵਾ ਕੀਤਾ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਉਨ੍ਹਾਂ ਨੇ ਪਾਰਟੀ ਹਾਈ ਕਮਾਨ ਕੋਲ ਅਸਤੀਫੇ ਦੀ ਪੇਸ਼ਕਸ਼ ਕੀਤੀ ਸੀ ਪਰ ਲੀਡਰਸ਼ਿਪ ਨੇ ਉਨ੍ਹਾਂ ਦੀ ਕਾਰਗੁਜ਼ਾਰੀ ਉਪਰ ਤਸੱਲੀ ਪ੍ਰਗਟ ਕਰਦਿਆਂ ਪੰਜਾਬ ਇਕਾਈ ਦੀ ਕਮਾਨ ਜਾਰੀ ਰੱਖਣ ਲਈ ਕਿਹਾ ਹੈ। ਦੂਜੇ ਪਾਸੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖੇਮੇ ਵੱਲੋਂ ਸ. ਬਾਜਵਾ ਦੇ ਅਸਤੀਫੇ ਲਈ ਵਿਆਪਕ ਪੱਧਰ 'ਤੇ ਮੁਹਿੰਮ ਜਾਰੀ ਹੈ। ਕੈਪਟਨ ਦੇ ਖੇਮੇ ਨਾਲ ਸਬੰਧਤ ਵਿਧਾਇਕ ਤੇ ਹੋਰ ਆਗੂ ਯੋਜਨਾਬੱਧ ਢੰਗ ਨਾਲ ਸ. ਬਾਜਵਾ ਉਪਰ ਸਿਆਸੀ ਹਮਲੇ ਕਰ ਕੇ ਉਨ੍ਹਾਂ ਦੇ ਅਸਤੀਫੇ

(ਬਾਕੀ ਸਫਾ 6 'ਤੇ)

### ਬਾਜਵਾ ਨੇ ਵੀ ਖਿੱਚੀ ਤਲਵਾਰ






**REAL ESTATE & HOME LOANS**



ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੌਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL Broker / Associate
Century 21 M&M and Associates
209.918.6464
ahundal@c21mm.com





Raja SWEETS & CATERING
Toll Free 1-866-FOR-RAJA
www.rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chafing Dishes, China & Silverware, Linen Rental, Waiters & Bartenders
Call Makhan Bains or Ravinder Singh For Your Next Party
1-866-FOR-RAJA
www.RajaSweets.com



**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
Attorny At Law

Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com



HIGHWAY TRANSPORT INC
FBT INC
B&B REGISTRATION
SAFEWAY DRIVING SCHOOL
NANAK Sweets & Spices
Prime Time
PRESENT LIVE IN CONCERT
Rai TRUCKING
SUBWAY
RAI FOODS, INC.
TRANS X INC.
SHARRY MANN
ਸ਼ੈਰੀ ਮਾਨ
GIPPY GREWAL
ਗਿੱਪੀ ਗਰੇਵਾਲ
Buy Your Tickets Now : All Indian Groceries Stores
Free Parking
Ticket Price $20
13 JUNE 2014
6:00 PM
FRIDAY
AT
BAKERSFIELD KERN COUNTY FAIR GROUND
1142 South "P" Street,
BAKERSFIELD CA 93307
DESI ROCKSTAR
FOR TICKETS AND SPONSORSHIPS CALL :
Money Rai 661 201 7923
Rana Laut (FBT) 510 499 5676
Lally Bhangu 559 859 2385
Pala Sekhon 661 979 9475
Deepi Uppal 661 889 5231




# ਡੀ.ਜੀ.ਪੀ. ਸ਼ਰਮਾ ਸਣੇ ਚਾਰ ਪੁਲਿਸ ਅਫਸਰਾਂ ਵਿਰੁਧ ਦੋਸ਼ ਆਇਦ

**ਰੂਪਨਗਰ:** ਅਦਾਲਤ ਨੇ ਨੌਜਵਾਨ ਕੁਲਦੀਪ ਸਿੰਘ ਕਤਲ ਦੇ ਮੁਕੱਦਮੇ ਵਿਚ ਡਾਇਰੈਕਟਰ ਜਨਰਲ ਪੁਲਿਸ ਐਸ.ਕੇ. ਸ਼ਰਮਾ ਸਣੇ ਚਾਰ ਪੁਲਿਸ ਅਫਸਰਾਂ ਨੂੰ ਦੋਸ਼ੀ ਕਰਾਰ ਦੇ ਦਿੱਤਾ ਹੈ। ਅਦਾਲਤ ਨੇ ਆਈ.ਪੀ.ਸੀ. ਦੀ ਧਾਰਾ 364, 302, 120ਬੀ ਤਹਿਤ ਮੁਲਜ਼ਮਾਂ ਵਿਰੁਧ ਦੋਸ਼ ਆਇਦ ਕੀਤੇ ਹਨ। ਡੀ.ਜੀ.ਪੀ. ਐਨ.ਕੇ. ਸ਼ਰਮਾ ਤੋਂ ਇਲਾਵਾ ਇਸ ਕੇਸ ਵਿਚ ਮੋਰਿੰਡਾ ਥਾਣੇ ਦੇ ਤਤਕਾਲੀ ਐਸ.ਐਚ.ਓ. ਬਲਕਾਰ ਸਿੰਘ, ਡੀ.ਆਈ.ਜੀ. ਐਸ.ਪੀ.ਐਸ. ਬਸਰਾ ਤੇ ਏ.ਐਸ.ਆਈ. ਗੁਰਚਰਨ ਸਿੰਘ ਮੁਲਜ਼ਮ ਹਨ। ਇਨ੍ਹਾਂ ਵਿਰੁਧ ਦੋਸ਼ ਆਇਦ ਕਰਨ ਤੋਂ ਪਹਿਲਾਂ ਅਦਾਲਤ ਨੇ ਮੁਲਜ਼ਮਾਂ ਵਿਚੋਂ ਤਿੰਨ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰ ਲਈ ਜਦੋਂਕਿ ਬਸਰਾ ਪਹਿਲਾਂ ਹੀ ਇਕ ਹੋਰ ਮਾਮਲੇ ਵਿਚ ਪਟਿਆਲਾ ਜੇਲ੍ਹ ਵਿਚ ਬੰਦ ਹੈ।

ਇਹ ਕੇਸ 24 ਅਕਤੂਬਰ 1990 ਦਾ ਹੈ ਜਦੋਂ ਪਿੰਡ ਅਮਰਾਲੀ ਵਾਸੀ ਕੁਲਦੀਪ ਸਿੰਘ ਨੂੰ ਮੋਰਿੰਡਾ ਤੋਂ ਅਣਪਛਾਤੇ ਵਿਅਕਤੀਆਂ ਨੇ ਅਗਵਾ ਕਰ ਲਿਆ। ਇਸ ਤੋਂ ਬਾਅਦ 15 ਮਈ 1991 ਨੂੰ ਉਸ ਦੇ ਪਿਤਾ ਨੇ ਪਟਿਆਲਾ ਦੇ ਤਤਕਾਲੀ ਐਸ.ਐਸ.ਪੀ. (ਐਸ.ਕੇ. ਸ਼ਰਮਾ) ਦੇ ਹਵਾਲੇ ਨਾਲ ਪ੍ਰਕਾਸ਼ਿਤ ਇਕ ਰਿਪੋਰਟ ਪੜ੍ਹੀ ਕਿ ਇਕ ਅਤਿਵਾਦੀ ਕੁਲਦੀਪ ਸਿੰਘ ਵਾਸੀ ਅਮਰਾਲੀ ਇਕ ਮਈ ਨੂੰ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਹੈ।






ਫੌਜ ਨੇ ਸ੍ਰੀ ਅਕਾਲ ਸਾਹਿਬ ਉਤੇ ਕਾਰਵਾਈ ਤਿੰਨ ਜੂਨ ਨੂੰ ਸ਼ੁਰੂ ਕੀਤੀ ਸੀ ਜੋ ਅੱਠ ਜੂਨ ਤੱਕ ਜਾਰੀ ਰਹੀ। ਇਨ੍ਹਾਂ ਦਿਨਾਂ ਨੂੰ ਹੁਣ ਤਿੰਨ ਦਹਾਕੇ ਹੋ ਗਏ ਹਨ ਪਰ ਅੱਜ ਵੀ ਬਹੁਤ ਸਾਰੇ ਸਵਾਲ ਅਣਸੁਲਝਾਏ ਪਏ ਹਨ। ਪੰਜਾਬ ਲਈ ਵੱਧ ਹੱਕਾਂ ਲਈ ਸ਼ੁਰੂ ਹੋਈ ਲੜਾਈ ਇੰਨਾ ਭਿਆਨਕ ਰੂਪ ਅਖਤਿਆਰ ਕਰੇਗੀ, ਸ਼ਾਇਦ ਕਿਸੇ ਦੇ ਚਿਤ-ਚੇਤੇ ਵੀ ਨਹੀਂ ਸੀ। ਉਂਝ ਮਈ 1984 ਤੱਕ ਅੱਪੜਦਿਆਂ ਇਹ ਸਾਫ ਹੋ ਗਿਆ ਸੀ ਕਿ ਕੋਈ ਭਾਣਾ ਜ਼ਰੂਰ ਵਾਪਰਨ ਵਾਲਾ ਹੈ। ਕੁਝ ਸੰਜੀਦਾ ਧਿਰਾਂ ਨੇ ਇਸ ਭਾਣੇ ਨੂੰ ਟਾਲਣ ਲਈ ਅੰਤ ਤੱਕ ਯਤਨ ਜੁਟਾਏ ਪਰ ਹਾਲਾਤ ਨੂੰ ਜਿਸ ਤਰ੍ਹਾਂ ਪਹੀਏ ਲੱਗੇ ਹੋਏ ਸਨ, ਇਹ ਨਿੱਤ ਦਿਨ ਤੇਜ਼ੀ ਨਾਲ ਬਦਲੇ ਅਤੇ ਫਿਰ ਆਪਣੇ ਪਿੱਛੇ ਸਦਾ-ਸਦਾ ਲਈ ਇਕ ਚੀਸ ਛੱਡ ਗਏ। ਇਸ ਚੀਸ ਬਾਰੇ ਗੱਲਾਂ ਸਦਾ ਹੁੰਦੀਆਂ ਰਹਿਣੀਆਂ ਹਨ, ਪਰ ਹੁਣ ਸਭ ਤੋਂ ਅਹਿਮ ਨੁਕਤਾ ਉਸ ਹਾਲਾਤ ਦੇ ਮੁਕੰਮਲ ਪੱਖਾਂ ਨੂੰ ਘੋਖਣ ਦਾ ਹੈ ਜਿਸ ਕਾਰਨ ਹਾਲਾਤ ਉਸ ਭਾਣੇ ਵੱਲ ਖਿੱਚੇ ਗਏ। ਇਹ ਤਦ ਹੀ ਸੰਭਵ ਹੈ ਜਦੋਂ ਬੇਕਿਰਕ ਹੋ ਕੇ ਹਰ ਜ਼ਿੰਮੇਵਾਰ ਧਿਰ ਉਤੇ ਉਂਗਲ ਧਰੀ ਜਾਵੇਗੀ। ਇਹ ਕਰਮ ਕਰਨ ਨਾਲ ਸ਼ਾਇਦ ਭਵਿੱਖ ਵੱਲ ਉਚੀ ਉਡਾਣ ਭਰੀ ਜਾ ਸਕੇ ਜੋ ਇਸ ਸਾਕੇ ਨਾਲ ਲੱਗੇ ਜ਼ਖਮ ਭਰ ਸਕੇ।

# ਤਿੰਨ ਜੂਨ ਤੀਹ ਵਰ੍ਹੇ

## ਅਜੇ ਵੀ ਸਾਹਮਣੇ ਨਹੀਂ ਆਇਆ ਸਾਕਾ ਨੀਲਾ ਤਾਰਾ ਦਾ ਪੂਰਾ ਸੱਚ!

**ਚੰਡੀਗੜ੍ਹ :** ਸਿੱਖਾਂ ਵੱਲੋਂ 'ਹੱਕਾਂ' ਦੀ ਪ੍ਰਾਪਤੀ ਲਈ ਲੜੀ ਗਈ ਲੜਾਈ 'ਚ ਮਿਲੀ ਹਾਰ ਤੋਂ ਬਾਅਦ ਉਠੇ ਸਵਾਲਾਂ ਦਾ ਜਵਾਬ ਅੱਜ ਤੱਕ ਨਹੀਂ ਲੱਭਿਆ ਗਿਆ। ਇਸ ਅਹਿਮ ਮੁੱਦੇ 'ਤੇ ਗੰਭੀਰ ਵਿਚਾਰ ਮੰਥਨ ਦੀ ਲੋੜ ਸੀ ਪਰ ਸਿੱਖ ਕਦੇ ਵੀ ਸਿਰ ਜੋੜ ਕੇ ਨਹੀਂ ਬੈਠੇ ਜਿਸ ਕਰਕੇ ਤਿੰਨ ਦਹਾਕਿਆਂ ਬਾਅਦ ਵੀ ਜ਼ਖ਼ਮਾਂ ਦੀ ਚੀਸ ਉਸੇ ਤਰ੍ਹਾਂ ਬਰਕਰਾਰ ਹੈ। ਇਸ ਆਪ ਮੁਹਾਰੀ ਮੁਹਿੰਮ 'ਚ ਹੋਈਆਂ ਗਲਤੀਆਂ ਦੀ ਕਿਸੇ ਨੇ ਜ਼ਿੰਮੇਵਾਰੀ ਨਹੀਂ ਲਈ ਤੇ ਨਾਂ ਹੀ ਹੋਏ ਨੁਕਸਾਨ ਦਾ ਅੰਦਾਜ਼ਾ ਲਾਇਆ ਹੈ।

ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਦੀ ਉਦਸੀਨਤਾ ਕਾਰਨ ਹੀ ਹੁਣ ਤੱਕ ਨਾ ਤਾਂ ਪੀੜਤਾਂ ਨੂੰ ਇਨਸਾਫ ਮਿਲਿਆ ਹੈ ਤੇ ਨਾ ਹੀ ਕੋਈ ਭਵਿੱਖੀ ਰਣਨੀਤੀ ਤੈਅ ਹੋਈ ਹੈ। ਸਾਕਾ ਨੀਲਾ ਤਾਰਾ ਨੂੰ ਵਾਪਰਿਆਂ 30 ਸਾਲ ਹੋ ਚੁੱਕੇ ਹਨ। ਇਸ ਸੰਵੇਦਨਸ਼ੀਲ ਮਾਮਲੇ 'ਚ ਸ਼੍ਰੋਮਣੀ ਕਮੇਟੀ ਨੇ ਵੀ ਕੋਈ ਚਾਰਾਜੋਈ ਨਹੀਂ ਕੀਤੀ। ਸ਼੍ਰੋਮਣੀ ਕਮੇਟੀ ਕੋਲ ਹੁਣ ਤੱਕ ਪ੍ਰਮਾਣਿਤ ਤੌਰ 'ਤੇ ਅਜਿਹਾ ਕੋਈ ਦਸਤਾਵੇਜ਼ ਨਹੀਂ ਹੈ ਜਿਸ ਤੋਂ ਇਹ ਸਾਬਤ ਹੋ ਸਕੇ ਕਿ ਸਾਕਾ ਨੀਲਾ ਤਾਰਾ ਸਮੇਂ ਕੁੱਲ ਕਿੰਨੇ ਵਿਅਕਤੀ ਹਰਿਮੰਦਰ ਸਾਹਿਬ ਦੇ ਅੰਦਰ ਜਾਂ ਆਲੇ-ਦੁਆਲੇ ਫ਼ੌਜੀ ਗੋਲੀਆਂ ਦਾ ਸ਼ਿਕਾਰ ਹੋਏ। ਉਂਜ ਸੂਚਨਾ ਦੇ ਅਧਿਕਾਰ ਤਹਿਤ ਸ਼੍ਰੋਮਣੀ ਕਮੇਟੀ ਅਜਿਹੀ ਜਾਣਕਾਰੀ ਸਰਕਾਰੀ ਪੱਧਰ 'ਤੇ ਸਹਿਜੇ ਹੀ ਪ੍ਰਾਪਤ ਕਰ ਸਕਦੀ ਸੀ ਪਰ ਹੈਰਾਨੀ ਦੀ ਗੱਲ ਹੈ ਕਿ ਹੁਣ ਤੱਕ ਕੋਈ ਵੀ ਯਤਨ ਕਰਨ ਦੀ ਲੋੜ ਨਹੀਂ ਸਮਝੀ ਗਈ।

ਹਰਿਮੰਦਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸਾਕਾ ਨੀਲਾ ਤਾਰਾ ਸਮੇਂ ਸ਼ਹੀਦ ਹੋਏ ਵਿਅਕਤੀਆਂ ਦੀ ਲਾਈ ਗਈ ਸੂਚੀ ਵਿਚ 743 ਵਿਅਕਤੀਆਂ ਦੇ ਨਾਂ ਸ਼ਾਮਲ ਹਨ ਜਦੋਂਕਿ ਸਰਕਾਰ ਵੱਲੋਂ ਜਾਰੀ ਕੀਤੇ ਗਏ ਸਫ਼ੇਦ ਪੱਤਰ ਵਿਚ ਇਹ ਗਿਣਤੀ 493 ਦੱਸੀ ਗਈ ਹੈ। ਇਸੇ ਤਰ੍ਹਾਂ ਭਾਰਤੀ ਫੌਜ ਦੇ ਸੇਵਾਮੁਕਤ ਬ੍ਰਿਗੇਡੀਅਰ ਡੀ.ਵੀ. ਰਾਓ ਜੋ ਉਸ ਵੇਲੇ 350 ਇਨਫੈਂਟਰੀ ਬ੍ਰਿਗੇਡ ਦੇ ਕਮਾਂਡਰ ਸਨ, ਨੇ ਅੰਮ੍ਰਿਤਸਰ ਦੀ ਅਦਾਲਤ ਵਿਚ ਦਾਇਰ ਕੀਤੇ ਹਲਫੀਆ ਬਿਆਨ ਵਿਚ ਸਾਕਾ ਨੀਲਾ ਤਾਰਾ ਸਮੇਂ ਸ਼ਹੀਦ ਹੋਏ ਵਿਅਕਤੀਆਂ ਦੀ ਗਿਣਤੀ 492 ਦੱਸੀ ਹੈ। ਇਸ ਬਾਰੇ ਇੰਟਰਨੈਟ 'ਤੇ ਵੱਖ-ਵੱਖ ਸਾਇਟਾਂ ਵਿਚ ਸਾਕਾ ਨੀਲਾ ਤਾਰਾ ਸਮੇਂ ਸ਼ਹੀਦ ਹੋਏ ਵਿਅਕਤੀਆਂ ਦੀ ਗਿਣਤੀ ਵੀ ਵੱਖ-ਵੱਖ ਦੱਸੀ ਗਈ ਹੈ। ਉਸ ਵੇਲੇ ਦੀਆਂ ਅਖ਼ਬਾਰਾਂ ਵਿਚ ਵੀ ਸ਼ਹੀਦਾਂ ਦੀ ਗਿਣਤੀ ਬਾਰੇ ਵੱਖਰੇਵੇਂ ਹਨ। ਇਕ ਵਿਦੇਸ਼ੀ ਨਿਊਜ਼ ਏਜੰਸੀ ਦੇ ਪੱਤਰਕਾਰ ਜੋ ਉਸ ਵੇਲੇ ਅੰਮ੍ਰਿਤਸਰ ਵਿਚ ਮੌਜੂਦ ਸੀ, ਵੱਲੋਂ 11 ਜੂਨ ਨੂੰ ਅਮਰੀਕਾ ਵਿਖੇ ਪ੍ਰਕਾਸ਼ਿਤ ਹੋਈ ਖ਼ਬਰ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਫੌਜੀ ਕਾਰਵਾਈ ਦੌਰਾਨ ਸ਼ਹੀਦ ਹੋਣ ਵਾਲਿਆਂ ਦੀ ਗਿਣਤੀ 1000 ਦੱਸੀ ਗਈ ਸੀ। ਇਕ ਹੋਰ ਵਿਦੇਸ਼ੀ ਪੱਤਰਕਾਰ ਨੇ ਇਹ ਗਿਣਤੀ 2000 ਤੋਂ ਵੱਧ ਦੱਸੀ ਸੀ ਜਦੋਂਕਿ ਮੌਕੇ 'ਤੇ ਹਾਜ਼ਰ ਲੋਕਾਂ ਨੇ ਇਸ ਗੋਲੀਬਾਰੀ ਦੌਰਾਨ ਮਾਰੇ ਗਏ ਵਿਅਕਤੀਆਂ ਦੀ ਗਿਣਤੀ ਅੱਠ ਹਜ਼ਾਰ ਦੇ ਕਰੀਬ ਦੱਸੀ ਸੀ।

ਸ਼੍ਰੋਮਣੀ ਕਮੇਟੀ ਕੋਲ ਸਾਕਾ ਨੀਲਾ ਤਾਰਾ ਸਮੇਂ ਸ਼ਹੀਦ ਹੋਏ ਵਿਅਕਤੀਆਂ ਦੀ ਸਹੀ ਗਿਣਤੀ ਬਾਰੇ ਕੋਈ ਠੋਸ ਜਾਣਕਾਰੀ ਨਹੀਂ ਹੈ। ਸ਼੍ਰੋਮਣੀ ਕਮੇਟੀ ਕੋਲ ਸਿਰਫ ਸਰਕਾਰ ਵੱਲੋਂ ਜਾਰੀ ਪੱਤਰ ਅਨੁਸਾਰ ਹੀ ਸ਼ਹੀਦ ਹੋਏ ਵਿਅਕਤੀਆਂ ਬਾਰੇ ਜਾਣਕਾਰੀ ਹੈ। ਦਲ ਖਾਲਸਾ ਜਥੇਬੰਦੀ ਵੱਲੋਂ ਆਪਣੇ ਪੱਧਰ 'ਤੇ ਯਤਨ ਕਰਕੇ ਸਾਕਾ ਨੀਲਾ ਤਾਰਾ ਸਮੇਂ ਹਰਿਮੰਦਰ ਸਾਹਿਬ ਸਮੂਹ ਵਿਚ ਸ਼ਹੀਦ ਹੋਏ ਜੁਝਾਰੂਆਂ ਦੀ ਡਾਇਰੀ ਬਣਾਈ ਗਈ ਹੈ। ਇਸ ਵਿਚ 220 ਜੁਝਾਰੂਆਂ ਦੇ ਨਾਂ ਤੇ ਵੇਰਵੇ ਸ਼ਾਮਲ ਹਨ। ਇਸ ਬਾਰੇ ਖੋਜ ਨੂੰ ਤਕਰੀਬਨ ਪੰਜ ਵਰ੍ਹੇ ਲੱਗੇ।

ਸ਼੍ਰੋਮਣੀ ਕਮੇਟੀ ਵਲੋਂ ਜਾਰੀ ਨਾਨਕਸ਼ਾਹੀ ਜੰਤਰੀ ਵਿਚ ਸਮੂਹਿਕ ਸ਼ਹੀਦਾਂ ਦੀ ਥਾਂ ਸਿਰਫ ਦੋ ਸ਼ਹੀਦਾਂ ਦੇ ਨਾਂ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਵਿਚ ਦਮਦਮੀ ਟਕਸਾਲ ਦੇ ਸਾਬਕਾ ਮੁਖੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਭਾਈ ਅਮਰੀਕ ਸਿੰਘ ਦੇ ਨਾਂ ਸ਼ਾਮਲ ਹਨ।

## ਅਕਾਲੀ ਸਰਕਾਰ ਕੋਲ ਹੁਣ ਸਿੱਖ ਮਸਲਿਆਂ ਦੇ ਹੱਲ ਦਾ ਮੌਕਾ

**ਬਠਿੰਡਾ:** ਯੂਨਾਈਟਿਡ ਸਿੱਖ ਮੂਵਮੈਂਟ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਹੁਣ ਧਰਮ ਯੁੱਧ ਮੋਰਚੇ ਦੀਆਂ ਸਾਰੀਆਂ ਮੰਗਾਂ ਦੀ ਪੂਰਤੀ ਕਰੇ ਕਿਉਂਕਿ ਹੁਣ ਕੇਂਦਰ ਸਰਕਾਰ ਵਿਚ ਅਕਾਲੀ ਦਲ ਸਹਿਯੋਗੀ ਹੈ। ਆਗੂਆਂ ਨੇ ਆਖਿਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹੁਣ ਇਹ ਮੰਗਾਂ ਪੂਰੀਆਂ ਕਰਾਉਣੀਆਂ ਚਾਹੀਦੀਆਂ ਹਨ। ਇਥੇ ਗੁਰਦੁਆਰਾ ਕਿਲ੍ਹਾ ਮੁਬਾਰਕ ਵਿਚ ਪੰਥਕ ਧਿਰਾਂ ਦੇ ਸਹਿਯੋਗ ਨਾਲ 1984 ਦੇ ਸ਼ਹੀਦਾਂ ਦੀ ਯਾਦ ਵਿਚ ਕਰਵਾਏ ਸਮਾਗਮ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਤੇ ਹੋਰ ਹਜ਼ਾਰਾਂ ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਪੰਥਕ ਆਗੂਆਂ ਨੇ ਧਰਮ-ਯੁੱਧ ਮੋਰਚੇ ਦੇ ਨਿਸ਼ਾਨੇ ਦੀ ਪ੍ਰਾਪਤੀ ਤੱਕ ਸ਼ਾਂਤਮਈ ਢੰਗ ਨਾਲ ਸੰਘਰਸ਼ ਜਾਰੀ ਰੱਖਣ ਦਾ ਐਲਾਨ ਵੀ ਕੀਤਾ। ਯੂਨਾਈਟਿਡ ਸਿੱਖ ਮੂਵਮੈਂਟ ਦੇ ਸਕੱਤਰ ਜਨਰਲ ਗੁਰਦੀਪ ਸਿੰਘ ਬਠਿੰਡਾ ਨੇ ਚਾਰ ਮਤੇ ਪਾਸ ਕਰਵਾਏ। ਮਤਿਆਂ ਵਿਚ ਆਜ਼ਾਦੀ ਵੇਲੇ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਕਰਨ, ਅਪਰੈਲ 1978 ਤੋਂ ਜਸਪਾਲ ਸਿੰਘ ਗੁਰਦਾਸਪੁਰ ਤੱਕ ਸ਼ਹੀਦ ਹੋਏ ਸਿੰਘਾਂ ਦੇ ਅੰਕੜੇ ਇਕੱਠੇ ਕਰਨ ਲਈ ਕਮਿਸ਼ਨ ਬਣਾਉਣ, ਸਮੂਹ ਪੀੜਤ ਪਰਿਵਾਰਾਂ ਤੇ ਧਰਮੀ ਫੌਜੀਆਂ ਦੇ ਮੁਆਵਜ਼ੇ ਦੀ ਮੰਗ ਅਤੇ ਜੇਲ੍ਹਾਂ ਵਿਚ ਬੰਦ ਸਮੂਹ ਸਿੰਘਾਂ ਦੀ ਰਿਹਾਈ ਲਈ ਮੰਗ ਕੀਤੀ ਗਈ।

## ਸਿੱਖ ਜਥੇਬੰਦੀਆਂ ਨੇ ਕੌਮਾਂਤਰੀ ਪੱਧਰ ਦੀ ਜਾਂਚ ਮੰਗੀ

**ਚੰਡੀਗੜ੍ਹ:** ਜੂਨ 84 ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ 42 ਹੋਰ ਇਤਿਹਾਸਕ ਗੁਰਦੁਆਰਿਆਂ 'ਤੇ ਹੋਏ ਫੌਜੀ ਹਮਲੇ ਦੌਰਾਨ ਮਾਰੇ ਗਏ ਸਿੱਖਾਂ ਦੇ ਸਹੀ ਅੰਕੜੇ ਤੇ ਗੁਰਦੁਆਰਿਆਂ 'ਤੇ ਫੌਜੀ ਹਮਲੇ ਦੀ ਪੂਰੀ ਅਸਲੀਅਤ ਅਜੇ ਵੀ ਲੋਕਾਂ ਸਾਹਮਣੇ ਨਹੀਂ ਆ ਸਕੀ। ਇਸ ਲਈ ਇਸ ਮਾਮਲੇ ਦੀ ਚਹੁੰ-ਦਿਸ਼ਾਵੀ ਭਰੋਸੇਯੋਗ ਜਾਂਚ ਕੌਮਾਂਤਰੀ ਪੱਧਰ 'ਤੇ ਕਰਵਾਏ ਜਾਣ ਦੀ ਲੋੜ ਹੈ। ਇਹ ਮੰਗ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਦੀ 30ਵੀਂ ਵਰ੍ਹੇਗੰਢ ਮੌਕੇ ਕਰਵਾਈ ਕਨਵੈਨਸ਼ਨ ਦੌਰਾਨ ਉਠੀ।

ਕਨਵੈਨਸ਼ਨ ਦੌਰਾਨ ਸਿੱਖ ਬੁੱਧੀਜੀਵੀਆਂ ਨੇ ਦੋਸ਼ ਲਾਇਆ ਕਿ ਸਰਕਾਰਾਂ ਵੱਲੋਂ ਇਸ ਸਮੁੱਚੇ ਕਾਂਡ ਦੌਰਾਨ ਮਾਰੇ ਗਏ ਸਿੱਖਾਂ ਦੀ ਗਿਣਤੀ ਬਹੁਤ ਘਟਾ ਕੇ ਪੇਸ਼ ਕੀਤੀ ਗਈ ਹੈ। ਭਾਰਤੀ ਫੌਜ ਵੱਲੋਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਕੀਤੀ ਵੱਡੀ ਤਬਾਹੀ ਤੋਂ ਬਾਅਦ ਇਕ ਦਹਾਕਾ ਪੰਜਾਬ ਵਿਚ ਲੋਕਾਂ ਦੇ ਕੀਤੇ ਕਤਲੋਗਾਰਤ ਦੀ ਵੀ ਜਾਂਚ ਕਰਵਾਉਣੀ ਸਮੇਂ ਦੀ ਮੰਗ ਹੈ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਭਾਰਤ ਸਰਕਾਰ ਸ੍ਰੀ ਹਰਿਮੰਦਰ ਸਾਹਿਬ ਨੂੰ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਤੇ ਉਨ੍ਹਾਂ ਦੇ ਅਸਲਾਧਾਰੀ ਕਾਬਜ਼ਾਂ ਕੋਲੋਂ ਹਫਤੇ ਤੋਂ ਵੀ ਘੱਟ ਸਮੇਂ ਵਿਚ ਮੁਕਤ ਕਰਵਾਉਣ ਦੇ ਗੁੰਮਰਾਹ ਦਾਅਵੇ ਕਰਦੀ ਆ ਰਹੀ ਹੈ। ਅਸਲੀਅਤ ਇਹ ਹੈ ਕਿ ਇਸ ਕਾਂਡ ਤੋਂ ਬਾਅਦ ਇਕ ਦਹਾਕੇ ਤੋਂ ਵੱਧ ਸਮਾਂ ਫੌਜ ਪੰਜਾਬ ਵਿਚ ਹੀ ਰਹੀ ਸੀ ਜਿਸ ਦੌਰਾਨ ਵਿਆਪਕ ਪੱਧਰ 'ਤੇ ਕਤਲੋਗਾਰਤ ਚੱਲਦੀ ਰਹੀ ਹੈ।

ਬੁੱਧੀਜੀਵੀਆਂ ਨੇ ਕਿਹਾ ਕਿ ਫੌਜ ਨੇ ਦਰਬਾਰ ਸਾਹਿਬ ਸਮੂਹ ਦੀ ਵੱਡੇ ਪੱਧਰ 'ਤੇ ਜੋ ਤਬਾਹੀ ਕੀਤੀ, ਉਹ ਤਾਂ ਆਮ ਦੁਨੀਆਂ ਦੀਆਂ ਨਜ਼ਰਾਂ ਵਿਚ ਆਈ, ਪਰ ਜੋ ਪੰਜਾਬ ਦੇ ਦੂਜੇ ਹਿੱਸਿਆਂ ਵਿਚ ਹੋਇਆ, ਉਹ ਅਣਗੌਲਿਆ ਹੀ ਰਹਿ ਗਿਆ। ਉਨ੍ਹਾਂ ਕਿਹਾ ਕਿ ਇਹ ਹਮਲਾ ਸਿਰਫ ਤੇ ਸਿਰਫ ਸਿਆਸੀ ਫਾਇਦੇ ਲਈ ਹੀ ਕੀਤਾ ਗਿਆ ਅਤੇ ਸਰਕਾਰ ਵੱਲੋਂ ਲਗਾਏ ਤਮਾਮ ਦੋਸ਼ਾਂ ਨੂੰ ਇਨ੍ਹਾਂ ਨੇ ਨਕਾਰ ਦਿੱਤਾ। ਹੈਰਾਨੀ ਭਰਿਆ ਸੱਚ ਇਹ ਹੈ ਕਿ ਕੀ ਇਹ ਪੁਰਾਣਾ ਭਾਵਨਾਤਮਕ ਮੁੱਦਾ ਜੋ ਵਾਰ-ਵਾਰ ਉੱਠ ਰਿਹਾ ਹੈ, ਇਸ ਦਾ ਯੋਗ ਹੱਲ ਲੱਭਣ ਦੀ ਲੋੜ ਹੈ। ਬੁਲਾਰਿਆਂ ਨੇ ਇਸ ਮੁੱਦੇ ਦੇ ਸਾਰੇ ਪੱਖਾਂ ਉਤੇ ਚਰਚਾ ਲਈ ਜ਼ੋਰ ਪਾਇਆ।

## ਪੰਥ ਨੇ ਧਰਮੀ ਫੌਜੀਆਂ ਦੀ ਕੁਰਬਾਨੀ ਭੁਲਾਈ

**ਚੰਡੀਗੜ੍ਹ:** ਭਾਰਤ ਸਰਕਾਰ ਵੱਲੋਂ ਜੂਨ 1984 ਦੌਰਾਨ ਕੀਤੇ ਸਾਕਾ ਨੀਲਾ ਤਾਰਾ ਦੌਰਾਨ ਰੋਸ ਵਜੋਂ ਬੈਰਕਾਂ ਛੱਡਣ ਵਾਲੇ ਸਿੱਖ ਫੌਜੀਆਂ ਦੀ ਕਿਸੇ ਨੇ ਵੀ ਵਾਤ ਨਹੀਂ ਪੁੱਛੀ ਤੇ ਉਹ ਤਿੰਨ ਦਹਾਕਿਆਂ ਬਾਅਦ ਵੀ ਪੰਜਾਬ ਸਰਕਾਰ ਕੋਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਪੂਰੀ ਕਰਨ ਲਈ ਮੁਫ਼ਤ ਬੱਸ ਪਾਸ ਮੁਹੱਈਆ ਕਰਨ ਜਿਹੀਆਂ ਮੰਗਾਂ ਵਾਸਤੇ ਲੇਲ੍ਹੜੀਆਂ ਕੱਢ ਰਹੇ ਹਨ।

ਇਨ੍ਹਾਂ ਵਿਚੋਂ ਕਈ ਸਿੱਖ ਫੌਜੀ ਪੰਜ ਸਾਲ ਤੋਂ ਲੈ ਕੇ ਉਮਰ ਕੈਦ ਤੱਕ ਭੁਗਤਣ ਦੇ ਬਾਵਜੂਦ ਆਪਣੀ ਜ਼ਿੰਦਗੀ ਚਲਾਉਣ ਲਈ ਬੀ.ਪੀ.ਐਲ. ਕਾਰਡ ਜਾਰੀ ਕਰਨ ਤੇ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਤੇ ਨੌਕਰੀਆਂ ਦਾ ਪ੍ਰਬੰਧ ਕਰਨ ਦੀ ਦੁਹਾਈ ਦੇ ਰਹੇ ਹਨ। ਹੁਣ ਮੁੜ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਸਾਲ 1984 ਦੌਰਾਨ ਬੈਰਕਾਂ ਛੱਡਣ ਵਾਲੇ ਫੌਜੀਆਂ ਨੇ ਮੁੱਖ ਮੰਤਰੀ ਦੇ ਦਰਾਂ ਦੇ ਚੱਕਰ ਲਾਉਣੇ ਸ਼ੁਰੂ ਕਰ ਦਿੱਤੇ ਹਨ ਪਰ ਫਿਲਹਾਲ ਇਨ੍ਹਾਂ ਨੂੰ ਕੋਈ ਆਸ ਦੀ ਕਿਰਨ ਨਜ਼ਰ ਨਹੀਂ ਆ ਰਹੀ।

ਜ਼ਿਕਰਯੋਗ ਹੈ ਕਿ ਬੈਰਕਾਂ ਛੱਡਣ ਵਾਲੇ ਫੌਜੀ ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈਲਫੇਅਰ ਐਸੋਸੀਏਸ਼ਨ ਬਣਾ ਕੇ ਸਾਲੋ-ਸਾਲ ਸਰਕਾਰ ਕੋਲੋਂ ਆਪਣੇ ਮੁੜ-ਵਸੇਬੇ ਦੀ ਮੰਗ ਕਰਦੇ ਆ ਰਹੇ ਹਨ। ਇਨ੍ਹਾਂ ਸਾਬਕਾ ਫੌਜੀਆਂ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤੇ ਮੰਗ ਪੱਤਰ ਰਾਹੀਂ ਬੈਰਕਾਂ ਛੱਡਣ ਵਾਲੇ ਫੌਜੀਆਂ ਨੂੰ ਪੰਜ-ਪੰਜ ਲੱਖ ਰੁਪਏ ਦੀ ਸਹਾਇਤਾ ਦੇਣ, ਫੌਜੀਆਂ ਦੇ ਬੱਚਿਆਂ ਦੀ ਪੜ੍ਹਾਈ, ਕੋਰਸ ਤੇ ਨੌਕਰੀ ਦਾ ਪ੍ਰਬੰਧ ਕਰਨ, ਬੀ.ਪੀ.ਐਲ. ਕਾਰਡ




ਜਾਰੀ ਕਰਨ, ਫੌਜੀਆਂ ਦੀਆਂ ਵਿਧਵਾਵਾਂ ਦੀ ਪੈਨਸ਼ਨ ਵਿਚ ਵਾਧਾ ਕਰਨ, ਲੜਕੀਆਂ ਤੇ ਲੜਕਿਆਂ ਦੇ ਵਿਆਹ ਮੌਕੇ ਸ਼ਗਨ ਦੇ ਤੌਰ 'ਤੇ ਇਕ-ਇਕ ਲੱਖ ਰੁਪਏ ਦੀ ਸਹਾਇਤਾ ਦੇਣ, ਇਸ ਵਰਗ ਦੇ ਸਾਰੇ ਫੌਜੀਆਂ ਨੂੰ ਬਰਾਬਰ ਪੈਨਸ਼ਨ ਦੇਣ ਤੇ ਸ਼ਹੀਦ ਫੌਜੀਆਂ ਦੇ ਪਿੰਡਾਂ ਵਿਚ ਯਾਦਗਾਰੀ ਗੇਟ ਬਣਾਉਣ ਦੀਆਂ ਮੰਗਾਂ ਕੀਤੀਆਂ ਜਾ ਰਹੀਆਂ ਹਨ।

ਸੂਤਰਾਂ ਅਨੁਸਾਰ 1984 ਦੌਰਾਨ ਜਦੋਂ ਭਾਰਤ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਸੀ ਤਾਂ ਰਾਮਗੜ੍ਹ (ਰਾਂਚੀ), ਰਾਜਸਥਾਨ ਤੇ ਮਿਜ਼ੋਰਮ ਸਮੇਤ ਹੋਰ ਕਈ ਥਾਵਾਂ ਤੋਂ ਸਿੱਖ ਰੈਜੀਮੈਂਟ ਦੇ ਕਰੀਬ 3700 ਫੌਜੀਆਂ ਨੇ ਰੋਸ ਵਜੋਂ ਬੈਰਕਾਂ ਛੱਡ ਕੇ ਅੰਮ੍ਰਿਤਸਰ ਵੱਲ ਚਾਲੇ ਪਾਏ ਸਨ। ਇਸ ਦੌਰਾਨ ਕੁਝ ਸਿੱਖ ਫੌਜੀ ਤਾਂ ਰਸਤੇ ਵਿਚ ਹੀ ਸ਼ਹੀਦ ਹੋ ਗਏ ਸਨ ਤੇ ਕੁਝ ਜ਼ਖ਼ਮੀ ਵੀ ਹੋਏ ਸਨ। ਬਾਕੀ ਫੌਜੀਆਂ ਨੂੰ ਸਰਕਾਰ ਨੇ ਕਈ ਸਾਲਾਂ ਲਈ ਜੇਲ੍ਹਾਂ ਵਿਚ ਡੱਕ ਦਿੱਤਾ ਜਿਸ ਕਾਰਨ ਅੱਜ ਧਰਮੀ ਫੌਜੀਆਂ ਦੇ ਪਰਿਵਾਰ ਆਮ ਸਮਾਜ ਨਾਲੋਂ ਤਿੰਨ ਪੀੜ੍ਹੀਆਂ ਪੱਛੜ ਗਏ ਹਨ।

ਸੂਤਰਾਂ ਅਨੁਸਾਰ ਸੁਰਜੀਤ ਸਿੰਘ ਬਰਨਾਲਾ ਸਰਕਾਰ ਵੇਲੇ ਉਨ੍ਹਾਂ ਨੂੰ ਪੈਨਸ਼ਨਾਂ ਲਾਈਆਂ ਗਈਆਂ ਸਨ ਤੇ ਕੁਝ ਫੌਜੀਆਂ ਨੂੰ ਮੁੜ ਨੌਕਰੀਆਂ ਵੀ ਦਿੱਤੀਆਂ ਗਈਆਂ ਸਨ ਜਦਕਿ ਬਾਅਦ ਦੀਆਂ ਸਰਕਾਰਾਂ ਨੇ ਕੇਵਲ ਉਨ੍ਹਾਂ ਦੀਆਂ ਪੈਨਸ਼ਨਾਂ ਵਿਚ ਕੁਝ ਵਾਧਾ ਹੀ ਕੀਤਾ ਹੈ। ਇਨ੍ਹਾਂ ਨੇ ਕੋਈ ਬਗਾਵਤ ਨਹੀਂ ਕੀਤੀ ਸੀ ਸਗੋਂ ਨੌਕਰੀ ਗ੍ਰਹਿਣ ਕਰਨ ਵੇਲੇ ਚੁੱਕੀ ਸਹੁੰ ਅਨੁਸਾਰ ਆਪਣੇ ਧਰਮ ਦੀ ਰਾਖੀ ਲਈ ਰੋਸ ਵਜੋਂ ਬੈਰਕਾਂ ਹੀ ਛੱਡੀਆਂ ਸਨ।

# ਤਿਲੰਗਾਨਾ ਬਣਿਆ ਭਾਰਤ ਦਾ 29ਵਾਂ ਸੂਬਾ

**ਹੈਦਰਾਬਾਦ (ਬਿਊਰੋ):** ਲੰਮੇ ਸੰਘਰਸ਼ ਮਗਰੋਂ ਆਖਰ ਵੱਖਰਾ ਤਿਲੰਗਾਨਾ ਸੂਬਾ ਹੋਂਦ ਵਿਚ ਆ ਗਿਆ ਹੈ। ਟੀ.ਆਰ.ਐਸ ਦੇ ਮੁਖੀ ਕੇ. ਚੰਦਰਸ਼ੇਖਰ ਰਾਓ ਨੇ ਦੇਸ਼ ਦੇ 29ਵੇਂ ਸੂਬੇ ਦੇ ਪਹਿਲੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਇਸ ਤੋਂ ਪਹਿਲਾਂ ਈ.ਐਸ.ਐਲ. ਨਰਸਿਮਹਾ ਨੂੰ ਤਿਲੰਗਾਨਾ ਦੇ ਰਾਜਪਾਲ ਵਜੋਂ ਸਹੁੰ ਚੁਕਾਈ ਗਈ।

ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਚੀਫ ਜਸਟਿਸ ਕਲਿਆਣ ਜੋਤੀ ਸੇਨਗੁਪਤਾ ਨੇ ਸ੍ਰੀ ਨਰਸਿਮਹਾ ਨੂੰ ਸਹੁੰ ਚੁਕਾਈ ਜੋ ਤਿਲੰਗਾਨਾ ਤੇ ਬਾਕੀ ਦੇ ਆਂਧਰਾ ਪ੍ਰਦੇਸ਼ ਦੇ ਸਾਂਝੇ ਰਾਜਪਾਲ ਹੋਣਗੇ। ਰਾਜਪਾਲ ਨੇ ਫਿਰ ਸ੍ਰੀ ਰਾਓ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਈ। ਇਸ ਮੌਕੇ ਮੁੱਖ ਮੰਤਰੀ ਦੇ ਪੁੱਤਰ ਕੇ.ਟੀ. ਰਾਮਾਰਾਓ, ਭਤੀਜੇ ਟੀ. ਹਰੀਸ਼ ਰਾਓ ਤੇ ਨੌਂ ਹੋਰਾਂ ਨੇ ਵੀ ਸਹੁੰ ਚੁੱਕੀ।

57 ਸਾਲ ਪਹਿਲਾਂ ਨਵੰਬਰ 1956 ਵਿਚ ਹੈਦਰਾਬਾਦ ਦਾ ਤੇਲਗੂ ਬੋਲਦਾ ਤਿਲੰਗਾਨਾ ਖੇਤਰ ਆਂਧਰਾ ਸੂਬੇ ਵਿਚ ਸ਼ਾਮਲ ਕਰ ਲਿਆ ਗਿਆ ਸੀ। 2000 ਤੋਂ ਮਗਰੋਂ ਇਹ ਪਹਿਲੀ ਵਾਰ ਇਕ ਹੋਰ ਸੂਬਾ ਬਣਿਆ ਹੈ। ਇਸ ਤੋਂ ਪਹਿਲਾਂ ਬਿਹਾਰ, ਮੱਧ ਪ੍ਰਦੇਸ਼ ਤੇ ਉੱਤਰ ਪ੍ਰਦੇਸ਼ ਵਿਚੋਂ ਝਾਰਖੰਡ, ਛੱਤੀਸਗੜ੍ਹ ਤੇ ਉਤਰਾਖੰਡ ਸੂਬੇ ਬਣਾਏ ਗਏ ਸਨ। 60 ਸਾਲਾ ਰਾਓ ਨੇ 2001 ਵਿਚ ਟੀ.ਡੀ.ਪੀ ਛੱਡ ਕੇ ਵੱਖਰੇ ਰਾਜ ਦੀ ਮੰਗ ਨੂੰ ਲੈ ਕੇ ਨਵੀਂ ਤਿਲੰਗਾਨਾ ਰਾਸ਼ਟਰ ਸਮਿਤੀ ਨਾਮ ਦੀ ਪਾਰਟੀ ਬਣਾ ਲਈ ਸੀ।

ਜਿਹੜੇ ਹੋਰ ਨੌਂ ਨੇ ਸਹੁੰ ਚੁੱਕੀ ਉਨ੍ਹਾਂ ਵਿਚ ਮੁਹੰਮਦ ਮਹਿਮੂਦ ਅਲੀ, ਟੀ. ਰਾਜਾਈਆ, ਨਿਆਨੀ, ਨਰਸਿਮਹਾ ਰੈਡੀ, ਈ. ਰਾਜਿੰਦਰ, ਪੀ. ਸ੍ਰੀਨਿਵਾਸ ਰੈਡੀ, ਟੀ. ਪਦਮਾ ਰਾਓ, ਪੀ. ਮਹੇਂਦਰ ਰੈਡੀ, ਜੋਗੂ ਰਾਮੰਨਾ ਤੇ ਜੀ. ਜਗਦੀਸ਼ ਰੈਡੀ ਸ਼ਾਮਲ ਹਨ।

## ਅਜੀਤ ਡੋਵਾਲ ਕੌਮੀ ਸੁਰੱਖਿਆ ਸਲਾਹਕਾਰ ਨਿਯੁਕਤ

**ਨਵੀਂ ਦਿੱਲੀ:** ਫ਼ੌਜੀ ਪੁਰਸਕਾਰ ਕੀਰਤੀ ਚੱਕਰ ਨਾਲ ਸਨਮਾਨੇ ਗਏ ਪਹਿਲੇ ਪੁਲਿਸ ਅਧਿਕਾਰੀ ਤੇ ਇੰਟੈਲੀਜੈਂਸ ਬਿਊਰੋ (ਆਈ.ਬੀ.) ਦੇ ਸਾਬਕਾ ਮੁਖੀ ਅਜੀਤ ਡੋਵਾਲ ਨੂੰ ਕੌਮੀ ਸੁਰੱਖਿਆ ਸਲਾਹਕਾਰ (ਐਨ.ਐਸ.ਏ.) ਵਜੋਂ ਨਿਯੁਕਤ ਕੀਤਾ ਗਿਆ ਹੈ। ਸ੍ਰੀ ਡੋਵਾਲ ਉਹ ਸ਼ਖਸ ਹਨ ਜਿਨ੍ਹਾਂ ਨੇ 1989 ਵਿਚ 'ਅਪਰੇਸ਼ਨ ਬਲੈਕ ਥੰਡਰ' ਦੌਰਾਨ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਅੰਦਰੋਂ ਖਾੜਕੂਆਂ ਨੂੰ ਬਾਹਰ ਕੱਢਣ ਲਈ ਆਈਬੀ ਟੀਮ ਦੇ ਅਧਿਕਾਰੀਆਂ ਦੀ ਅਗਵਾਈ ਕੀਤੀ ਸੀ ਤੇ ਪੰਜਾਬ ਪੁਲਿਸ ਤੇ ਕੌਮੀ ਸੁਰੱਖਿਆ ਗਾਰਡਾਂ ਨਾਲ ਮਿਲ ਕੇ ਅਪਰੇਸ਼ਨ ਨੂੰ ਸਫ਼ਲਤਾਪੂਰਬਕ ਅੰਜਾਮ ਦਿੱਤਾ ਸੀ।

ਪ੍ਰਧਾਨ ਮੰਤਰੀ ਵੱਲੋਂ ਅਹੁਦਾ ਸੰਭਾਲਣ ਤੋਂ ਬਾਅਦ ਸ੍ਰੀ ਡੋਵਾਲ (69) ਦੀ ਅਹਿਮ ਅਹੁਦੇ 'ਤੇ ਦੂਜੀ ਨਿਯੁਕਤੀ ਹੈ। ਇਸ ਤੋਂ ਪਹਿਲਾਂ ਨ੍ਰਿਪਇੰਦਰ ਮਿਸ਼ਰਾ ਨੂੰ ਸ੍ਰੀ ਮੋਦੀ ਦਾ ਪ੍ਰਿੰਸੀਪਲ ਸਕੱਤਰ ਬਣਾਇਆ ਗਿਆ ਸੀ। ਸ੍ਰੀ ਡੋਵਾਲ ਦੀ ਨਿਯੁਕਤੀ ਨੂੰ ਮਨਜ਼ੂਰੀ ਪ੍ਰਧਾਨ ਮੰਤਰੀ ਦੀ ਅਗਵਾਈ ਹੇਠਲੀ ਕੈਬਨਿਟ ਦੀ ਨਿਯੁਕਤੀਆਂ ਬਾਰੇ ਕਮੇਟੀ ਵੱਲੋਂ ਦਿੱਤੀ ਗਈ। ਸਰਕਾਰੀ ਹੁਕਮਾਂ ਮੁਤਾਬਕ ਉਨ੍ਹਾਂ ਦੇ ਅਹੁਦੇ ਦੀ ਮਿਆਦ ਪ੍ਰਧਾਨ ਮੰਤਰੀ ਦੇ ਕਾਰਜਕਾਲ ਜਾਂ ਅਗਲੇ ਹੁਕਮਾਂ ਤੱਕ ਰਹੇਗੀ। ਸ੍ਰੀ ਡੋਵਾਲ ਦੂਜੇ ਪੁਲਿਸ ਅਧਿਕਾਰੀ ਹਨ ਜੋ ਐਨ.ਐਸ.ਏ ਲਈ ਚੁਣੇ ਗਏ ਹਨ। ਪਹਿਲਾਂ ਇਸ ਅਹੁਦੇ 'ਤੇ ਐਮ.ਕੇ. ਨਾਰਾਇਣਨ 2005 ਤੋਂ 2010 ਤੱਕ ਸਨ। ਸ੍ਰੀ ਡੋਵਾਲ ਦਾ ਨਾਂ ਸੱਤਾ ਦੇ ਗਲਿਆਰਿਆਂ ਵਿਚ ਉਸ ਸਮੇਂ ਆਉਣ ਲੱਗ ਪਿਆ ਸੀ ਜਦੋਂ ਸ੍ਰੀ ਮੋਦੀ ਨੂੰ ਪ੍ਰਧਾਨ ਮੰਤਰੀ ਅਹੁਦੇ ਲਈ ਨਾਮਜ਼ਦ ਕੀਤਾ ਗਿਆ ਸੀ।

## ਬੱਦੋਵਾਲ ਬੀਬੀਆਂ ਦਾ ਢਾਡੀ ਜਥਾ ਅਮਰੀਕਾ ਦੌਰੇ 'ਤੇ

**ਨਿਊ ਯਾਰਕ (ਬਿਊਰੋ):** ਪੀ ਟੀ ਸੀ ਚੈਨਲ ਪੰਜਾਬੀ ਮਿਊਜ਼ਿਕ ਅਵਾਰਡ ਜੇਤੂ ਬੱਦੋਵਾਲ ਬੀਬੀਆਂ ਦਾ ਢਾਡੀ ਜਥਾ ਅਜਕਲ੍ਹ ਅਮਰੀਕਾ ਦੌਰੇ 'ਤੇ ਹੈ। ਉਹ 6 ਮਹੀਨੇ ਤਕ ਇਥੇ ਰਹਿਣਗੇ।

ਜ਼ਿਕਰਯੋਗ ਹੈ ਕਿ ਜਥੇ ਵਲੋਂ ਸੰਸਾਰ ਭਰ ਵਿਚ ਸਿੱਖੀ ਪ੍ਰਚਾਰ ਲਈ ਡੀ ਵੀ ਡੀ, ਐਮ ਪੀ ਥਰੀ ਅਤੇ ਆਡੀਓ ਸੀਡੀਜ਼ ਭੇਟਾ ਰਹਿਤ ਦਿੱਤੀਆਂ ਜਾ ਰਹੀਆਂ ਹਨ। ਗੁਰਦੁਆਰਾ ਪ੍ਰਬੰਧਕ ਉਨ੍ਹਾਂ ਨਾਲ ਸੰਪਰਕ ਫੋਨ 646-215-0964 ਜਾਂ ਈਮੇਲ baddowalbibian@yahoo.com ਰਾਹੀਂ ਕਰ ਸਕਦੇ ਹਨ। ਹੋਰ ਜਾਣਕਾਰੀ ਜਥੇ ਦੀ ਵੈਬਸਾਈਟ baddowalbibian.com ਤੋਂ ਲਈ ਜਾ ਸਕਦੀ ਹੈ।

ਨਾਰਦਰਨ ਨੇਵਾਡਾ ਵਿਚ
ਦੋ ਲਿੱਕਰ ਤੇ ਕਨਵੀਨੀਐਂਸ ਸਟੋਰ
ਵਿਕਾਊ ਹਨ
(1) ਮਹੀਨਾਵਾਰ ਸੇਲ: 100,000 ਡਾਲਰ
12 ਏਕੜ ਜ਼ਮੀਨ ਤੇ 3 ਬੈਡਰੂਮ ਘਰ ਸਣੇ ਵਿਕਾਊ
(2) ਮਹੀਨਾਵਾਰ ਸੇਲ: $70,000
ਲੰਮੀ ਲੀਜ਼ 'ਤੇ ਸਿਰਫ $800 ਕਿਰਾਇਆ
ਸੰਪਰਕ ਕਰੋ:
ਫੋਨ: 702-403-9650

ਸ਼ੈਫ ਅਤੇ ਤੰਦੂਰੀਏ
ਦੀ ਲੋੜ ਹੈ
ਕਿਊਮਨ ਇੰਡੀਅਨ ਕੁਜ਼ੀਨ, ਕੈਲਮਜ਼ੂ (ਮਿਸ਼ੀਗਨ)
ਵਿਚ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।
ਮੁਫਤ ਰਿਹਾਇਸ਼ ਤੇ ਚੰਗੀ ਤਨਖਾਹ
ਸੰਪਰਕ ਕਰੋ:
ਫੋਨ: 616-334-1166

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਈਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
Transportation Funding Group, Inc.
Minneapolis , MN 55426

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।


**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬੀ 2017 ਵਿਚ 'ਆਪ' ਨੂੰ ਦੇਣਗੇ ਮੌਕਾ: ਕੇਜਰੀਵਾਲ



**ਅੰਮ੍ਰਿਤਸਰ:** ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਚ ਲੋਕ ਸਭਾ ਚੋਣਾਂ ਦੌਰਾਨ ਮਿਲੀ ਸਫਲਤਾ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਦਾਅਵਾ ਕੀਤਾ ਹੈ ਕਿ 2017 ਵਿਚ ਸੂਬੇ ਵਿਚ 'ਆਪ' ਦੀ ਸਰਕਾਰ ਬਣੇਗੀ। ਉਹ ਇਥੇ ਪਾਰਟੀ ਦੇ ਜੇਤੂ ਲੋਕ ਸਭਾ ਮੈਂਬਰਾਂ ਤੇ ਚੋਣ ਲੜੇ ਹੋਰ ਆਗੂਆਂ ਨਾਲ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਆਏ ਸਨ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਤੇ ਜਲ੍ਹਿਆਂਵਾਲਾ ਬਾਗ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਮਗਰੋਂ ਸ੍ਰੀ ਕੇਜਰੀਵਾਲ ਨੇ ਆਖਿਆ ਕਿ ਪਾਰਟੀ ਨੂੰ ਪੰਜਾਬ ਵਿਚੋਂ ਚਾਰ ਲੋਕ ਸਭਾ ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਹੈ, ਜਿਸ ਤੋਂ ਸਪਸ਼ਟ ਹੈ ਕਿ ਲੋਕ ਰਵਾਇਤੀ ਸਿਆਸੀ ਪਾਰਟੀਆਂ ਦੀਆਂ ਨੀਤੀਆਂ ਤੋਂ ਤੰਗ ਆ ਚੁੱਕੇ ਹਨ। 'ਆਪ' ਨੂੰ ਸਮਰਥਨ ਦੇ ਕੇ ਸੂਬੇ ਵਿਚ ਭ੍ਰਿਸ਼ਟਾਚਾਰ, ਭਾਈ ਭਤੀਜਾਵਾਦ, ਨਸ਼ਿਆਂ ਦੇ ਵੱਧ ਰਹੇ ਕਾਰੋਬਾਰ ਖਿਲਾਫ਼ ਆਵਾਜ਼ ਬੁਲੰਦ ਕੀਤੀ ਹੈ। ਇਸ ਤੋਂ ਪਹਿਲਾਂ ਲੋਕਾਂ ਕੋਲ ਕੋਈ ਬਦਲਾਅ ਨਹੀਂ ਸੀ ਤੇ ਹੁਣ ਲੋਕ 'ਆਪ' ਨੂੰ ਇਕ ਚੰਗੇ ਤੇ ਇਮਾਨਦਾਰ ਬਦਲਾਅ ਵਜੋਂ ਦੇਖ ਰਹੇ ਹਨ। ਇਸੇ ਲਈ ਪਾਰਟੀ ਨੂੰ ਦਿੱਲੀ ਤੋਂ ਬਾਅਦ ਪੰਜਾਬ ਵਿਚ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾਂ ਇਸ ਹੁੰਗਾਰੇ ਨੂੰ ਆਜ਼ਾਦੀ ਦੀ ਦੂਜੀ ਲੜਾਈ ਦੀ ਸ਼ੁਰੂਆਤ ਕਰਾਰ ਦਿੰਦਿਆਂ ਆਖਿਆ ਕਿ ਪੰਜਾਬੀਆਂ ਨੇ ਆਜ਼ਾਦੀ ਦੀ ਲੜਾਈ ਵਿਚ ਵੀ ਭਰਵਾਂ ਹੁੰਗਾਰਾ ਦਿੱਤਾ ਸੀ ਤੇ ਹੁਣ ਆਜ਼ਾਦੀ ਦੀ ਦੂਜੀ ਲੜਾਈ ਵਿਚ ਵੀ ਭਰਵਾਂ ਸਹਿਯੋਗ ਮਿਲੇਗਾ। ਇਸ ਲੜਾਈ ਤਹਿਤ 'ਆਪ' ਪੰਜਾਬ ਨੂੰ ਨਸ਼ਾ ਮੁਕਤ ਤੇ ਭ੍ਰਿਸ਼ਟਾਚਾਰ ਮੁਕਤ ਸੂਬਾ ਬਣਾਏਗੀ, ਬੇਰੁਜ਼ਗਾਰੀ ਨੂੰ ਖ਼ਤਮ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਹੁਣ 2017 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਪਾਰਟੀ ਵੱਲੋਂ ਸੂਬੇ ਵਿਚ ਪੂਰਾ ਜ਼ੋਰ ਲਾਇਆ ਜਾਵੇਗਾ ਤੇ ਪੰਜਾਬ ਵਿਚ 'ਆਪ' ਦੀ ਸਰਕਾਰ ਬਣਾਈ ਜਾਵੇਗੀ।

ਪਾਰਟੀ ਨੂੰ ਪੰਜਾਬ ਵਿਚ ਮਜ਼ਬੂਤ ਕਰਨ ਬਾਰੇ ਉਨ੍ਹਾਂ ਆਖਿਆ ਕਿ ਜਲਦੀ ਹੀ ਪਾਰਟੀ ਆਗੂ ਮਨੀਸ਼ ਸਿਸੋਦੀਆ ਤੇ ਜਰਨੈਲ ਸਿੰਘ ਸੂਬੇ ਦਾ ਦੌਰਾ ਕਰਨਗੇ। ਦੋਵੇਂ ਆਗੂ ਸੂਬੇ ਦੇ ਆਗੂਆਂ ਤੇ ਸਥਾਨਕ ਇਕਾਈਆਂ ਦੇ ਆਗੂਆਂ ਨਾਲ ਮੀਟਿੰਗ ਕਰਨਗੇ। ਉਨ੍ਹਾਂ ਵੱਲੋਂ ਸਮੁੱਚੀ ਸਥਿਤੀ ਬਾਰੇ ਰਿਪੋਰਟ ਦਿੱਤੀ ਜਾਵੇਗੀ, ਜਿਸ ਦੇ ਆਧਾਰ 'ਤੇ ਪੰਜਾਬ ਵਿਚ ਪਾਰਟੀ ਦਾ ਆਧਾਰ ਮਜ਼ਬੂਤ ਕਰਨ ਲਈ ਰਣਨੀਤੀ ਬਣਾਈ ਜਾਵੇਗੀ ਤੇ ਢਾਂਚੇ ਦਾ ਗਠਨ ਕੀਤਾ ਜਾਵੇਗਾ। ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਵੱਲੋਂ ਸ੍ਰੀ ਕੇਜਰੀਵਾਲ 'ਤੇ ਲਾਏ ਗਏ ਦੋਸ਼ਾਂ ਬਾਰੇ ਉਨ੍ਹਾਂ ਆਖਿਆ ਕਿ 'ਆਪ' ਅਜਿਹੀ ਸਿਆਸਤ ਵਿਚ ਹਿੱਸਾ ਨਹੀਂ ਲਵੇਗੀ, ਜਿਸ ਵਿਚ ਸਿਰਫ ਇਕ-ਦੂਜੇ ਖਿਲਾਫ਼ ਦੂਸ਼ਣਬਾਜ਼ੀ ਕੀਤੀ ਜਾਵੇ। 'ਆਪ' ਸਿਆਸਤ ਵਿਚ ਆ ਰਹੇ ਨਿਘਾਰ ਨੂੰ ਦੂਰ ਕਰਨ ਦੇ ਮੰਤਵ ਨਾਲ ਹੀ ਹੋਂਦ ਵਿਚ ਆਈ ਹੈ।

## ਲਾਟਰੀ ਜਿੱਤਣ ਵਾਲੀ ਜੋੜੀ ਨੂੰ ਲੱਭ ਹੀ ਗਈ ਗੁਆਚੀ ਟਿਕਟ

**ਟੋਰਾਂਟੋ:** ਕੈਨੇਡਾ ਦੇ ਇਕ ਜੋੜੇ ਦੀ ਪੰਜ ਕਰੋੜ ਡਾਲਰ ਦੀ ਲਾਟਰੀ ਨਿਕਲ ਆਈ ਪਰ ਐਨ ਮੌਕੇ 'ਤੇ ਉਨ੍ਹਾਂ ਦੀ ਟਿਕਟ ਗੁਆਚ ਗਈ, ਜਿਸ ਨੂੰ ਲੱਭਣ ਲਈ ਉਨ੍ਹਾਂ ਨੇ ਧਰਤੀ-ਅੰਬਰ ਇਕ ਕਰ ਦਿੱਤੇ ਤੇ ਕਾਫੀ ਭਾਲ ਪਿੱਛੋਂ ਟਿਕਟ ਉਨ੍ਹਾਂ ਦੇ ਹੱਥ ਲੱਗ ਗਈ ਹੈ। ਹਕੀਮ ਨੋਸੀਰੂ ਦੀ 17 ਜਨਵਰੀ ਦੇ ਕੋਟੇ ਮੈਕਸ ਡਰਾਅ ਵਿਚ ਲਾਟਰੀ ਨਿਕਲੀ ਸੀ ਤੇ ਪੈਸਿਆਂ ਲਈ ਦਾਅਵਾ ਕਰਨ ਤੋਂ ਇਕ ਦਿਨ ਪਹਿਲਾਂ ਉਨ੍ਹਾਂ ਦੀ ਹਸਤਾਖਰਸ਼ੁਦਾ ਟਿਕਟ ਗੁਆਚ ਗਈ।

ਹਕੀਮ ਨੇ ਇਹ ਟਿਕਟ ਸਾਂਭੇ ਜਾਣ ਲਈ ਆਪਣੀ ਪਤਨੀ ਦੇ ਪਰਸ ਅੰਦਰ ਟੇਪ ਲਾ ਕੇ ਰੱਖੀ ਸੀ। ਇਕ ਦਿਨ ਚਰਚ ਜਾਣ ਮਗਰੋਂ ਉਨ੍ਹਾਂ ਦੀ ਟਿਕਟ ਗੁੰਮ ਗਈ। ਦੋਵੇਂ ਟਿਕਟ ਲੱਭ-ਲੱਭ ਕਮਲੇ ਹੋ ਗਏ। ਸਾਰੇ ਕੂੜੇਦਾਨਾਂ ਵਿਚੋਂ ਕਾਗਜ਼ ਕੱਢ-ਕੱਢ ਦੇਖ ਮਾਰੇ। ਟਿਕਟ ਦੀ ਭਾਲ ਨੇ ਨਾਈਜੀਰੀਆ ਮੂਲ ਦੀ ਇਸ ਜੋੜੀ ਦੇ ਸਾਹ ਸੂਤ ਲਏ ਪਰ ਉਨ੍ਹਾਂ ਦੀ ਨਿਰਾਸ਼ਾ ਉਦੋਂ ਖੁਸ਼ੀ ਵਿਚ ਬਦਲ ਗਈ ਜਦੋਂ ਚਰਚ ਵਿਚ ਹੀ ਪੁੱਜਿਆ ਇਕ ਵਿਅਕਤੀ ਪਹਿਲੀ ਅਪਰੈਲ ਨੂੰ ਟਿਕਟ ਮੋੜ ਗਿਆ। ਹਕੀਮ ਨੇ ਟਿਕਟ 'ਤੇ ਦਸਤਖ਼ਤ ਕਰਨ ਸਮੇਂ ਆਪਣਾ ਸਿਰਨਾਵਾਂ ਵੀ ਲਿਖਿਆ ਸੀ। ਓਨਟਾਰੀਓ ਪੁਲਿਸ ਨੇ ਓਨਟਾਰੀਓ ਲਾਟਰੀ ਤੇ ਗੇਮਿੰਗ ਲਈ ਸਾਰੀ ਜਾਂਚ ਕੀਤੀ ਤੇ ਸਭ ਕੁਝ ਸਹੀ ਪਾਇਆ। ਹੁਣ ਦੋਵੇਂ ਪਤੀ-ਪਤਨੀ ਅੰਤਾਂ ਦੇ ਖੁਸ਼ ਹਨ। ਉਸ ਦੀ ਪਤਨੀ ਅਬਿਓਲਾ ਨੇ ਦੱਸਿਆ ਕਿ ਜਦੋਂ ਉਸ ਨੂੰ ਆਪਣੇ ਪਰਸ ਵਿਚੋਂ ਟਿਕਟ ਗੁੰਮ ਹੋਣ ਦਾ ਪਤਾ ਲੱਗਿਆ ਤਾਂ ਉਹ ਹਿੱਲ ਹੀ ਗਈ।

## ਵੀਜ਼ਾ ਫਰਾਡ ਦੇ ਦੋਸ਼ ਹੇਠ ਪੰਜ ਭਾਰਤੀ ਗ੍ਰਿਫਤਾਰ

**ਨਿਊ ਯਾਰਕ:** ਅਮਰੀਕਾ ਵਿਚ ਵੱਡੇ ਪੱਧਰ 'ਤੇ ਵਿਦਿਆਰਥੀ ਵੀਜ਼ਾ ਫਰਾਡ ਤੇ ਵਿੱਤੀ ਇਮਦਾਦ ਫਰਾਡ ਸਕੀਮਾਂ ਚਲਾਉਣ ਦੇ ਦੋਸ਼ ਵਿਚ ਪੰਜ ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸੁਰੇਸ਼ ਹੀਰਾਨੰਦਨੀ (60), ਉਸ ਦਾ ਪੁੱਤਰ ਸਮੀਰ ਹੀਰਾਨੰਦਨ (27), ਭੈਣ ਅਨੀਤਾ ਛਾਬੜੀਆ (49), ਜੀਜੇ ਲਲਿਤ ਛਾਬੜੀਆ (54) ਤੇ ਮੁਲਾਜ਼ਮ ਸੀਮਾ ਸ਼ਾਹ (41) ਉੱਤੇ ਵੀਜ਼ਾ ਫਰਾਡ, ਵਿਦਿਆਰਥੀ ਵਿੱਤੀ ਇਮਦਾਦ ਤੇ ਹੋਰ ਫਰਾਡਾਂ ਦੇ ਦੋਸ਼ ਲੱਗੇ ਹਨ। ਉਨ੍ਹਾਂ 'ਤੇ ਲੱਗੇ ਦੋਸ਼ ਸਾਬਤ ਹੋਣ 'ਤੇ ਉਨ੍ਹਾਂ ਨੂੰ ਪੰਜ ਤੋਂ 20 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ।

ਮੈਨਹੱਟਨ ਸੰਘੀ ਵਕੀਲ ਪ੍ਰੀਤ ਭਰਾਰਾ ਨੇ ਕਿਹਾ ਇਹ ਸਾਰੇ ਮੁਲਜ਼ਮ ਮੁਨਾਫਾਕਾਰੀ ਸਕੂਲਾਂ ਰਾਹੀਂ ਸਰਕਾਰ ਨਾਲ ਫਰਾਡ ਕਰ ਰਹੇ ਸਨ ਤੇ ਆਪਣੇ ਵਿਦਿਆਰਥੀਆਂ ਦਾ ਸ਼ੋਸ਼ਣ ਕਰ ਰਹੇ ਸਨ। ਨਿੱਜੀ ਲਾਭ ਲੈਣ ਹਿੱਤ, ਇਨ੍ਹਾਂ ਨੇ ਆਪਣੇ ਸਕੂਲਾਂ ਬਾਰੇ ਫਰਜ਼ੀ ਸਰਟੀਫਿਕੇਟ ਦਿੱਤੇ ਹੋਏ ਸਨ ਕਿ ਉਹ ਵੀਜ਼ਾ ਤੇ ਵਿੱਤੀ ਮਦਦ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ, ਜਦਕਿ ਅਸਲ ਵਿਚ ਅਜਿਹਾ ਨਹੀਂ ਸੀ। ਸ਼ਿਕਾਇਤ ਮੁਤਾਬਕ ਇਨ੍ਹਾਂ ਦੇ ਮਾਈਕਰੋ ਪਾਵਰ ਕਰੀਅਰ ਇੰਸਟੀਚਿਊਟ (ਐਮ.ਸੀ.ਈ) ਦੇ ਨਿਊਯਾਰਕ, ਨਿਊਜਰਸੀ ਵਿਚ ਪੰਜ ਕੈਂਪਸ ਸਨ ਤੇ ਇਕ ਇੰਸਟੀਚਿਊਟ ਫਾਰ ਹੈਲਥ ਐਜੂਕੇਸ਼ਨ (ਆਈ.ਐਸ.ਈ) ਸੀ।

## ਸਿੱਖ ਨੌਜਵਾਨ ਨੇ ਨਸਲੀ ਵਿਤਕਰੇ ਦਾ ਕੇਸ ਜਿੱਤਿਆ

**ਲੰਡਨ:** ਸਿੱਖ ਵਿਅਕਤੀ ਨੇ ਆਪਣੇ ਮੁਸਲਿਮ ਮਾਲਕ ਤੇ ਸਹਿਕਰਮੀਆਂ ਵੱਲੋਂ ਜਾਤੀਸੂਚਕ ਗਾਲ੍ਹਾਂ ਕੱਢਣ ਤੇ ਘਟੀਆ ਫਿਕਰੇ ਕਸ ਕੇ ਪ੍ਰੇਸ਼ਾਨ ਕਰਨ ਵਿਰੁਧ ਇਕ ਕੇਸ ਜਿੱਤ ਲਿਆ ਹੈ, ਜਿਸ ਦੇ ਇਵਜ਼ਾਨੇ ਵਜੋਂ ਉਸ ਨੂੰ 18000 ਪੌਂਡ ਮਿਲਣਗੇ। ਸਕਾਟਲੈਂਡ ਦੇ ਗਰੀਨੌਕ ਦੇ ਇਕ ਗੈਰੇਜ ਅੰਗੇ ਪਰਮਜੀਤ ਸਿੰਘ ਸਫਾਈ ਕਰਮਚਾਰੀ ਵਜੋਂ ਕੰਮ ਕਰਦਾ ਸੀ ਤੇ ਉਸ ਨੂੰ ਘਟੀਆ ਫਿਕਰੇ ਕਸ ਕੇ ਪ੍ਰੇਸ਼ਾਨ ਕੀਤਾ ਜਾਂਦਾ ਸੀ। ਇਥੋਂ ਤੱਕ ਕਿ ਉਸ ਨੂੰ ਉਸ ਦੀ ਗੋਰੀ ਪਤਨੀ ਬਾਰੇ ਵੀ ਫਜ਼ੂਲ ਗੱਲਾਂ ਕਹੀਆਂ ਜਾਂਦੀਆਂ ਕਿ ਉਹ ਗੋਰੀ ਨਾਲ ਕਿਵੇਂ ਰਹਿ ਰਿਹਾ ਹੈ। ਉਨ੍ਹਾਂ ਦੀ ਸਮਝ ਤੋਂ ਬਾਹਰ ਹੈ ਕਿ ਉਹ ਕਿਵੇਂ ਰਹਿ ਰਿਹਾ ਹੈ। ਇਨ੍ਹਾਂ ਦੋਸ਼ਾਂ ਨੂੰ ਲੈ ਕੇ ਪਰਮਜੀਤ ਸਿੰਘ ਨੇ ਗਲਾਸਗੋ ਵਿਖੇ ਟ੍ਰਿਬਿਊਨਲ ਅੱਗੇ ਕੇਸ ਕਰ ਦਿੱਤਾ। ਉਸ ਨੇ ਪੀਕੇ ਇੰਪੀਰੀਅਲ ਰਿਟੇਲ ਲਿਮਟਿਡ ਦੇ ਖਿਲਾਫ਼ ਨਸਲੀ ਵਿਤਕਰੇ ਤੇ ਨਸਲੀ ਗਾਲ੍ਹਾਂ ਕੱਢਣ ਦੇ ਦੋਸ਼ ਲਾਉਂਦਿਆਂ ਆਪਣੀ ਗੈਰ-ਕਾਨੂੰਨੀ ਮੁਅੱਤਲੀ ਨੂੰ ਚੁਣੌਤੀ ਦਿੱਤੀ। ਟ੍ਰਿਬਿਊਨਲ ਨੇ ਇਸ ਕੇਸ ਦਾ ਨਿਬੇੜਾ ਕਰਦਿਆਂ ਗੈਰ-ਕਾਨੂੰਨੀ ਮੁਅੱਤਲੀ ਵਿਰੁਧ 7162 ਪੌਂਡ ਤੇ ਕਾਨੂੰਨੀ ਤੌਰ ਉਤੇ ਬਰਾਬਰਤਾ ਲਈ ਮੁਆਵਜ਼ੇ 11108 ਪੌਂਡ ਅਦਾ ਕਰਨ ਦੇ ਆਦੇਸ਼ ਦਿੱਤੇ ਹਨ।

## ਕੈਪਟਨ ਅਮਰਿੰਦਰ ਸਿੰਘ 'ਕਰੋ ਜਾਂ ਮਰੋ' ਵਾਲੀ ਮਾਰ 'ਤੇ

*(ਸਫਾ ਇਕ ਦੀ ਬਾਕੀ)*

ਦੀ ਮੰਗ ਕਰਦੇ ਆ ਰਹੇ ਹਨ। ਸ. ਬਾਜਵਾ ਨੇ ਕਿਹਾ ਕਿ ਦੇਸ਼ ਵਿਆਪੀ ਮੋਦੀ ਲਹਿਰ 'ਤੇ ਲੋਕ ਸਭਾ ਚੋਣਾਂ ਦੌਰਾਨ ਪੈਦਾ ਹੋਏ ਸਿਆਸੀ ਮਾਹੌਲ ਦਾ ਹੋਰ ਸੂਬਿਆਂ ਵਾਂਗ ਪੰਜਾਬ ਉਪਰ ਵੀ ਉਲਟ ਅਸਰ ਪਿਆ ਹੈ। ਇਸ ਉਲਟ ਮਾਹੌਲ ਦੌਰਾਨ ਵੀ ਪਾਰਟੀ ਪੰਜਾਬ ਵਿਚ ਤਿੰਨ ਸੀਟਾਂ ਜਿੱਤੀ ਤੇ ਚਾਰ ਸੀਟਾਂ ਤੋਂ 20 ਹਜ਼ਾਰ ਤੋਂ ਘੱਟ ਵੋਟਾਂ ਨਾਲ ਹਾਰੀ। ਕਾਂਗਰਸ ਵੱਲੋਂ ਪਿਛਲੇ ਇਕ ਸਾਲ ਤੋਂ ਅਕਾਲੀ ਦਲ-ਭਾਜਪਾ ਗਠਜੋੜ ਵਿਰੁੱਧ ਡਰੱਗਜ਼, ਰੇਤ-ਬਜਰੀ, ਪ੍ਰਾਪਰਟੀ ਟੈਕਸ, ਪਰਿਵਾਰਵਾਦ, ਥਾਣਿਆਂ ਉਪਰ ਜਥੇਦਾਰਾਂ ਦੇ ਗਲਬੇ ਆਦਿ ਮੁੱਦਿਆਂ ਵਿਰੁੱਧ ਚਲਾਈ ਮੁਹਿੰਮ ਕਾਰਨ ਹੀ ਇਨ੍ਹਾਂ ਚੋਣਾਂ ਦੌਰਾਨ ਸੂਬੇ ਦੇ ਲੋਕਾਂ ਨੇ ਸਰਕਾਰ ਵਿਰੁੱਧ ਵੱਡੇ ਪੱਧਰ 'ਤੇ ਗੁੱਸਾ ਕੱਢਿਆ ਹੈ। ਇਹ ਵੱਖਰੀ ਗੱਲ ਹੈ ਕਿ ਸਰਕਾਰ ਵਿਰੁੱਧ ਜਨਤਾ ਵਿਚ ਪੈਦਾ ਹੋਏ ਰੋਸ ਦਾ ਕਾਂਗਰਸ ਨਾਲੋਂ ਆਮ ਆਦਮੀ ਪਾਰਟੀ (ਆਪ) ਨੂੰ ਵੱਧ ਲਾਭ ਹੋਇਆ।

ਕੈਪਟਨ ਅਮਰਿੰਦਰ ਸਿੰਘ ਨੇ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਇਸ ਦਾਅਵੇ ਨੂੰ ਬੇਤੁਕਾ ਤੇ ਹਾਸੋਹੀਣਾ ਦੱਸਿਆ ਹੈ ਕਿ ਕਾਂਗਰਸ ਹਾਈ ਕਮਾਨ ਨੇ ਉਨ੍ਹਾਂ (ਬਾਜਵਾ) ਦੀ ਪਿੱਠ ਥਾਪੜੀ ਹੈ।

## ਨਸ਼ਿਆਂ ਕਾਰਨ ਹੀ ਡੋਲਿਆ ਬਾਦਲਾਂ ਦਾ ਸਿੰਘਾਸਣ

*(ਸਫਾ ਇਕ ਦੀ ਬਾਕੀ)*

(ਅਫੀਮ), ਸਮੈਕ ਆਦਿ ਪੁੱਜ ਜਾਂਦੇ ਹਨ। ਇਹ ਨਸ਼ੀਲੇ ਪਦਾਰਥ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਹੋਸਟਲਾਂ ਤੱਕ ਵੀ ਪੁੱਜਦਾ ਕੀਤੇ ਜਾਂਦੇ ਹਨ। ਜਲੰਧਰ ਤੋਂ ਕਾਂਗਰਸ ਦੇ ਨਵੇਂ ਚੁਣੇ ਗਏ ਲੋਕ ਸਭਾ ਮੈਂਬਰ ਸੰਤੋਖ ਸਿੰਘ ਚੌਧਰੀ ਦਾ ਕਹਿਣਾ ਹੈ- "ਫਿਲੌਰ ਵਿਚ ਹੈਰੋਇਨ ਤੇ ਅਫੀਮ ਲਈ ਆਰਡਰ ਫੋਨ 'ਤੇ ਦਿੱਤੇ ਜਾਂਦੇ ਹਨ ਤੇ ਇਹ ਪਦਾਰਥ ਘਰਾਂ ਦੇ ਬੂਹਿਆਂ ਤੱਕ ਪੁੱਜਦੇ ਕੀਤੇ ਜਾਂਦੇ ਹਨ।" ਚੇਤੇ ਰਹੇ ਕਿ ਇਸ ਕਾਰੋਬਾਰ ਨਾਲ ਕਈ ਸ਼ਕਤੀਸ਼ਾਲੀ ਸਿਆਸਤਦਾਨਾਂ ਦੇ ਨਾਂ ਵੀ ਜੁੜੇ ਹੋਏ ਹਨ। ਕੁਝ ਮਹੀਨੇ ਪਹਿਲਾਂ ਹੀ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਜੇਲ੍ਹ ਮੰਤਰੀ ਸਰਵਣ ਸਿੰਘ ਫਿਲੌਰ ਦੇ ਪੁੱਤਰ ਦਮਨਵੀਰ ਸਿੰਘ ਦਾ ਨਾਂ ਪੰਜਾਬ ਪੁਲਿਸ ਦੇ ਬਰਤਰਫ਼ ਡੀ.ਐਸ.ਪੀ. ਜਗਦੀਸ਼ ਸਿੰਘ ਭੋਲਾ ਨੇ ਨਸ਼ਿਆਂ ਦੇ ਕਾਰੋਬਾਰ ਵਿਚ ਲਿਆ ਸੀ। ਭੋਲਾ 6000 ਕਰੋੜ ਰੁਪਏ ਦੇ ਸਿੰਥੈਟਿਕ ਡਰੱਗ ਗਰੋਹ ਦਾ ਸਰਗਨਾ ਹੈ। ਭੋਲੇ ਨੇ ਇਹ ਦੋਸ਼ ਉਸ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਗ੍ਰਿਫਤਾਰ ਕੀਤੇ ਜਾਣ ਮਗਰੋਂ ਲਾਏ ਸਨ। ਰਵਾਇਤੀ ਨਸ਼ੀਲੇ ਪਦਾਰਥਾਂ ਅਫੀਮ, ਭੁੱਕੀ ਤੇ ਅਜਿਹੇ ਹੋਰ ਪਦਾਰਥਾਂ ਦੇ ਕਾਰੋਬਾਰ ਦਾ ਧੰਦਾ ਦਹਾਕਿਆਂ ਤੋਂ ਕੁਝ ਸਿਆਸੀ ਵੱਡਿਆਂ ਦੀ ਸਰਪ੍ਰਸਤੀ ਹੇਠ ਚਲਦਾ ਆ ਰਿਹਾ ਹੈ। ਰਵਾਇਤੀ ਨਸ਼ਾ ਅਫੀਮ ਆਦਿ ਤਾਂ ਵੱਡੀ ਮਾਤਰਾ ਵਿਚ ਜਾਂ ਤਾਂ ਪਾਕਿਸਤਾਨ ਤੋਂ ਜਾਂ ਫਿਰ ਅਫੀਮ ਬੀਜਦੇ ਇਲਾਕਿਆਂ ਰਾਜਸਥਾਨ ਤੇ ਮੱਧ ਪ੍ਰਦੇਸ਼ ਤੋਂ ਆਉਂਦੀ ਹੈ ਪਰ ਸਿੰਥੈਟਿਕ ਤੇ ਅਰਧ-ਸਿੰਥੈਟਿਕ ਨਸ਼ੇ ਜਾਂ ਡਾਕਟਰਾਂ ਵੱਲੋਂ ਲਿਖੀਆਂ ਜਾਂਦੀਆਂ ਰਾਹਤ ਦੇਣ ਵਾਲੀਆਂ ਦਵਾਈਆਂ ਦਾ ਉੱਭਰ ਰਿਹਾ ਕਾਰੋਬਾਰ ਐਨ ਪੰਜਾਬ ਪੁਲਿਸ ਅਤੇ ਸਿਹਤ ਵਿਭਾਗ ਦੇ ਨੱਕ ਹੇਠ ਵਧ-ਫੁੱਲ ਰਿਹਾ ਹੈ। ਜੇ ਮੁਲਕ ਦੀ ਔਸਤਨ ਸ਼ਰਾਬ ਦੀ ਖਪਤ 26 ਫੀਸਦੀ ਹੈ ਤਾਂ ਪੰਜਾਬ ਦੁੱਗਣੇ ਦੇ ਨੇੜੇ-ਤੇੜੇ 46 ਫੀਸਦੀ 'ਤੇ ਹੈ। ਇਸੇ ਤਰ੍ਹਾਂ ਪੂਰੇ ਮੁਲਕ ਦੇ ਮੁਕਾਬਲੇ ਸਿੰਥੈਟਿਕ ਡਰੱਗਜ਼ ਜਿਵੇਂ ਹੈਰੋਇਨ ਤੇ ਸਮੈਕ ਦੀ ਵਰਤੋਂ ਪੰਜਾਬ ਵਿਚ 3.5 ਫੀਸਦੀ ਵੱਧ ਹੈ। ਉਧਰ, ਪੰਜਾਬ ਦੀ ਹਾਲਤ ਇੰਨੀ ਭਿਆਨਕ ਹੈ ਕਿ ਮਨੋਵਿਗਿਆਨੀਆਂ ਦੇ ਅੰਦਾਜ਼ੇ ਅਨੁਸਾਰ ਕਾਲਜ ਪੜ੍ਹਦੇ 25 ਫੀਸਦੀ ਤੋਂ 30 ਫੀਸਦੀ ਤੱਕ ਮੁੰਡੇ-ਕੁੜੀਆਂ ਇਹ ਸਿੰਥੈਟਿਕ, ਅਰਧ-ਸਿੰਥੈਟਿਕ ਜਾਂ ਡਾਕਟਰਾਂ ਵੱਲੋਂ ਸੁਝਾਈਆਂ ਡਰੱਗਜ਼ ਦੇ ਆਦੀ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਅਧਿਆਪਕ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪ੍ਰੋਫੈਸਰ ਐਮੀਰੇਟਸ ਪ੍ਰੋ. ਰਣਵਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਸਰਵੇਖਣ ਮੁਤਾਬਕ ਪੰਜਾਬ ਦੇ 20-22 ਫੀਸਦੀ ਨੌਜਵਾਨ ਸਿੰਥੈਟਿਕ ਜਾਂ ਡਾਕਟਰਾਂ ਵੱਲੋਂ ਲਿਖੀਆਂ ਡਰੱਗਜ਼ ਦੇ ਆਦੀ ਹਨ ਤੇ 15-20 ਫੀਸਦੀ ਅਲਕੋਹਲ (ਸ਼ਰਾਬ) ਵਾਲੇ ਹਨ। ਕੁੱਲ 5 ਫੀਸਦੀ ਕੁ ਹੈਰੋਇਨ ਜਾਂ ਸਮੈਕ ਦੇ ਆਦੀ ਹਨ। ਪੰਜਾਬ ਦੇ ਪੰਜ ਵਿਚੋਂ ਇਕ ਨੌਜਵਾਨ ਦਾ ਡਰੱਗਜ਼ ਲੈਣ ਦੇ ਆਦੀ ਹੋਣਾ, ਆਪਣੇ ਆਪ ਵਿਚ ਖਤਰੇ ਦੀ ਘੰਟੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਗਦਰੀ ਬਾਬਿਆਂ ਦਾ ਮੇਲਾ ਨਵੰਬਰ 'ਚ ਕਰਾਉਣ ਦਾ ਫੈਸਲਾ

**ਸੈਕਰਾਮੈਂਟੋ (ਬਿਊਰੋ):** ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਵਲੋਂ ਗਦਰੀ ਬਾਬਿਆਂ ਦਾ ਮੇਲਾ ਇਸੇ ਸਾਲ ਨਵੰਬਰ ਮਹੀਨੇ ਕਰਵਾਇਆ ਜਾਵੇਗਾ। ਇਹ ਫੈਸਲਾ ਸੰਸਥਾ ਦੀ ਸਟਾਕਟਨ ਵਿਚ ਪਿਛਲੇ ਦਿਨੀਂ ਹਰਪਾਲ ਸਿੰਘ ਤੇ ਮਦਨ ਲਾਲ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ। ਇਸੇ ਦੌਰਾਨ ਨਵੀਂ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿਚ ਪ੍ਰਧਾਨ ਸੁਰਜੀਤ ਸਿੰਘ ਅਟਵਾਲ-ਮਰਸਡ, ਮੀਤ ਪ੍ਰਧਾਨ ਸਤਬੀਰ ਸਿੰਘ ਬਾਜਵਾ ਤੇ ਰਵਿੰਦਰ ਰਵੀ, ਸਕੱਤਰ ਸਰਪੰਚ ਜਗਜੀਤ ਸਿੰਘ ਕੰਦੋਲਾ, ਚੇਅਰਮੈਨ ਕੁਲਦੀਪ ਸਿੰਘ ਅਟਵਾਲ, ਵਾਈਸ ਚੇਅਰਮੈਨ ਯਾਦਵਿੰਦਰ ਸਿੰਘ ਹੈਪੀ, ਖਜ਼ਾਨਚੀ ਹਰਪਾਲ ਸਿੰਘ ਤੇ ਸਤਿੰਦਰਪਾਲ ਸਿੰਘ ਚੁਣੇ ਗਏ।

ਹੋਰ ਕਮੇਟੀ ਮੈਂਬਰਾਂ ਵਿਚ ਮਦਨ ਲਾਲ ਸ਼ਰਮਾ, ਜਨਕ ਰਾਜ ਸਿਧਰਾ, ਜਰਨੈਲ ਸਿੰਘ ਮੰਡੇਰ, ਸੁਰਿੰਦਰ ਸਿੰਘ ਗਿੱਲ, ਨਵਦੀਪ ਸਿੰਘ ਗੁਰੂ ਅਤੇ ਜਥੇਦਾਰ ਬਲਬੀਰ ਸਿੰਘ ਨੂੰ ਲਿਆ ਗਿਆ ਹੈ। ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਮੇਲੇ ਲਈ ਹੁਣੇ ਤੋਂ ਤਿਆਰੀਆਂ ਅਰੰਭ ਦਿੱਤੀਆਂ ਗਈਆਂ ਹਨ ਅਤੇ ਮੇਲੇ ਲਈ ਸਭ ਸਾਧਨ ਜੁਟਾਉਣ ਦਾ ਵੀ ਇਕਰਾਰ ਕੀਤਾ ਗਿਆ।

# ਧਾਰਾ 370 ਬਾਰੇ ਸਾਰੀਆਂ ਧਿਰਾਂ ਨੂੰ ਭਰੋਸੇ ਵਿਚ ਲੈਣਾ ਜ਼ਰੂਰੀ: ਬਾਦਲ

**ਤਲਵੰਡੀ ਸਾਬੋ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਧਾਰਾ 370 ਦੇ ਮੁੱਦੇ 'ਤੇ ਸਰਵ ਪ੍ਰਵਾਨਤ ਹੱਲ ਦੀ ਵਕਾਲਤ ਕਰਦਿਆਂ ਕਿਹਾ ਕਿ ਅਜਿਹੇ ਮੁੱਦਿਆਂ 'ਤੇ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਦੇਸ਼ ਦੀਆਂ ਸਾਰੀਆਂ ਸਿਆਸੀਆਂ ਪਾਰਟੀਆਂ ਨੂੰ ਭਰੋਸੇ ਵਿਚ ਲੈਣਾ ਚਾਹੀਦਾ ਹੈ। ਸ. ਬਾਦਲ ਇਥੇ ਖਾਲਸਾ ਸੀਨੀਅਰ



ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ

ਸੈਕੰਡਰੀ ਸਕੂਲ ਵਿਚ ਸੰਗਤ ਦਰਸ਼ਨ ਪ੍ਰੋਗਰਾਮ ਲਈ ਆਏ ਸਨ।

ਉਨ੍ਹਾਂ ਕਿਹਾ ਕਿ ਅਜਿਹੇ ਮੁੱਦਿਆਂ 'ਤੇ ਫ਼ੈਸਲਾ ਜਲਦਬਾਜ਼ੀ ਵਿਚ ਨਹੀਂ ਲੈਣਾ ਚਾਹੀਦਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਰਗੇ ਤਜ਼ਰਬੇਕਾਰ ਤੇ ਦੂਰਅੰਦੇਸ਼ੀ ਆਗੂ ਨੂੰ ਅਜਿਹੇ ਮੁੱਦੇ ਬਾਰੇ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਦੇਸ਼ ਦੀ ਸਾਰੀ ਲੀਡਰਸ਼ਿਪ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਸ੍ਰੀ ਮੋਦੀ ਵੱਲੋਂ ਵਿਦੇਸ਼ੀ ਬੈਂਕਾਂ ਵਿਚ ਪਿਆ ਕਾਲਾ ਧਨ ਵਾਪਸ ਲਿਆਉਣ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦੇ ਗਠਨ ਦਾ ਫ਼ੈਸਲਾ ਇਹ ਸਾਬਤ ਕਰਦਾ ਹੈ ਕਿ ਉਹ ਦੇਸ਼ ਦੇ ਮੁੱਦਿਆਂ ਨੂੰ ਸੁਲਝਾਉਣ ਲਈ ਗੰਭੀਰ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਸ੍ਰੀ ਮੋਦੀ ਦੀ ਅਗਵਾਈ ਹੇਠ ਦੇਸ਼ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਤਰੱਕੀ ਕਰੇਗਾ। ਸੂਬੇ ਵਿਚ ਨਸ਼ਿਆਂ ਦੇ ਜਾਲ ਨੂੰ ਤੋੜਨ ਲਈ ਕੇਂਦਰ ਸਰਕਾਰ ਤੋਂ ਸਹਾਇਤਾ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕੇਂਦਰ ਨੂੰ ਪਾਕਿਸਤਾਨ ਹੱਦ 'ਤੇ ਗਸ਼ਤ ਵਧਾਉਣ ਦੀ ਅਪੀਲ ਕਰੇਗੀ ਤਾਂ ਜੋ ਸਰਹੱਦ ਪਾਰ ਤੋਂ ਨਸ਼ਿਆਂ ਦੀ ਸਪਲਾਈ ਰੋਕੀ ਜਾ ਸਕੇ। ਨਸ਼ਿਆਂ ਦੇ ਖਾਤਮੇ ਲਈ ਆਈ.ਜੀ ਰੈਂਕ ਦੇ ਇਕ ਅਫ਼ਸਰ ਅਧੀਨ ਵਿਸ਼ੇਸ਼ ਸੈੱਲ ਦਾ ਗਠਨ ਕੀਤਾ ਗਿਆ ਹੈ। ਇਹ ਸੈੱਲ ਅਫ਼ਸਰਾਂ ਤੇ ਸਿਆਸੀ ਆਗੂਆਂ ਦੀ ਇਸ ਨਸ਼ਿਆਂ ਦੇ ਧੰਦੇ ਵਿਚ ਸ਼ਮੂਲੀਅਤ ਦੀ ਵੀ ਘੋਖ ਕਰੇਗਾ। ਸੂਬਾ ਸਰਕਾਰ ਛੇਤੀ ਹੀ ਪੰਜਾਬ ਦੇ ਲਟਕਦੇ ਵਿਕਾਸ ਕਾਰਜਾਂ ਨੂੰ ਪੂਰਾ ਕਰਵਾਉਣ ਲਈ ਕੇਂਦਰ ਸਰਕਾਰ ਨੂੰ ਅਪੀਲ ਕਰੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਪਵਿੱਤਰ ਨਗਰੀ ਦੇ ਵਿਕਾਸ ਲਈ ਵਚਨਬੱਧ ਹੈ। ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਇਸ ਸ਼ਹਿਰ ਦੇ ਵਿਕਾਸ 'ਤੇ 90 ਕਰੋੜ ਰੁਪਏ ਤੋਂ ਵੱਧ ਰਕਮ ਖਰਚੀ ਜਾ ਚੁੱਕੀ ਹੈ।




Security Cameras
Special promotion
for limited time only

1000 TVL camera for the price of 700 TVL camera
Limit 4 for each customer only
*For more Details, Contact:*
Balbir S Sidhu-209-495-3905 (Cell)
Toll Free (888) 233-4566
DVRunlimited Inc. Fax-(209) 982-9133

40 ਟਰੱਕ ਰਿਪੇਅਰ-ਓਕਲਹੋਮਾ
ਮਕੈਨਿਕਾਂ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 832-512-7172

Reliable and Experienced
Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay

We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD
Millennium

Gurbans Gill 209-815-1869

Want to Sell Your Home
We can sell your home fast @ best price.
ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*
Please call me to find out value of your home.
If you are thinking to Buy or Sell a Home, please give us a chance
*Call: Sohanpreet 'Sam' Chahal*
@916-612-5773
Serving from Bay Area to Sacramento
Multi-Million Dollars Producer-2007 to 2012
Golden State Realty
Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

## ਹੰਸ ਰਾਜ ਨੇ ਡੇਰਾ ਲਾਲ ਬਾਦਸ਼ਾਹ ਦੀ ਗੱਦੀ ਛੱਡੀ

**ਜਲੰਧਰ:** ਪਿਛਲੇ ਛੇ ਸਾਲਾਂ ਤੋਂ ਡੇਰਾ ਬਾਬਾ ਲਾਲ ਬਾਦਸ਼ਾਹ ਨਕੋਦਰ ਦੇ ਗੱਦੀਨਸ਼ੀਨ ਰਹੇ ਪ੍ਰਸਿੱਧ ਗਾਇਕ ਹੰਸ ਰਾਜ ਹੰਸ ਨੇ ਡੇਰਾ ਲਾਲ ਬਾਦਸ਼ਾਹ ਦੀ ਨਾਲੋਂ ਸਿੱਧੇ ਤੌਰ 'ਤੇ ਆਪਣਾ ਨਾਤਾ ਤੋੜਨ ਦਾ ਐਲਾਨ ਕਰ ਦਿੱਤਾ। ਸ੍ਰੀ ਹੰਸ ਨੇ ਕਿਹਾ ਹੈ ਕਿ ਉਹ ਡੇਰੇ ਨਾਲ ਸਿੱਧੇ ਤੌਰ 'ਤੇ ਕੋਈ ਸਬੰਧ ਨਹੀਂ ਰੱਖਣਗੇ। ਹੁਣ ਡੇਰੇ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਕਮੇਟੀ ਦੀ ਹੋਵੇਗੀ। ਉਹ ਕਮੇਟੀ ਦੇ ਕਿਸੇ ਫ਼ੈਸਲੇ ਲਈ ਜਵਾਬਦੇਹ ਨਹੀਂ ਹੋਣਗੇ ਪਰ ਸ਼ਰਧਾਲੂ ਵਜੋਂ ਦਰਬਾਰ ਆਉਂਦੇ ਰਹਿਣਗੇ।

ਉਨ੍ਹਾਂ ਐਲਾਨ ਕੀਤਾ ਕਿ ਹੁਣ ਉਹ ਨਕੋਦਰ ਕੋਲ ਪੈਂਦੇ ਪਿੰਡ ਗਹੀਰਾਂ ਵਿਚ ਪੰਜ ਪੀਰ ਦੀ ਦਰਗਾਹ 'ਤੇ ਸੂਫ਼ੀ ਸੈਂਟਰ ਖੋਲ੍ਹਣਗੇ ਤੇ ਉਥੇ ਹੀ ਰਹਿ ਕੇ ਸੂਫ਼ੀ ਮੱਤ ਦਾ ਪ੍ਰਚਾਰ ਕਰਨਗੇ। ਉਨ੍ਹਾਂ ਨੂੰ ਪਿਛਲੇ ਕਾਫੀ ਸਮੇਂ ਤੋਂ ਪੰਜਾਬ ਵਿਚ ਸੂਫ਼ੀ ਸੈਂਟਰ ਦੀ ਘਾਟ ਮਹਿਸੂਸ ਹੋ ਰਹੀ ਸੀ। ਇਸ ਕਾਰਨ ਉਹ ਇਹ ਸੈਂਟਰ ਖੋਲ੍ਹਣ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਲਾਲ ਬਾਦਸ਼ਾਹ ਦੇ ਡੇਰੇ 'ਤੇ ਨਸ਼ੇ ਵਿਰੋਧੀ ਸੈਮੀਨਾਰ ਕਰਵਾਉਂਦੇ ਰਹੇ ਹਨ ਤੇ ਨੌਜਵਾਨਾਂ ਨੂੰ ਅਪੀਲ ਕਰਦੇ ਹਨ ਕਿ ਨਸ਼ਾ ਕੋਈ ਪ੍ਰਸ਼ਾਦ ਨਹੀਂ ਸਗੋਂ ਜਵਾਨੀ ਲਈ ਸਰਾਪ ਹੈ। ਇਸ ਲੋਕ ਸਭਾ ਹਲਕੇ ਤੋਂ ਅਕਾਲੀ-ਭਾਜਪਾ ਦੇ ਸਾਂਝੇ ਉਮੀਦਵਾਰ ਪਵਨ ਟੀਨੂੰ ਦੀ ਹਾਰ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਉਹ ਹਾਰ ਦਾ ਦੁੱਖ ਜਾਣਦੇ ਹਨ ਤੇ ਕਿਸੇ ਦੀ ਹਾਰ 'ਤੇ ਖੁਸ਼ ਨਹੀਂ ਹੁੰਦੇ।

# ਲੋਕਾਂ ਵਿਚ ਮੁੜ ਭੱਲ ਬਣਾਉਣ ਲਈ ਜੁਟੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਮਾੜੀ ਕਾਰਗੁਜ਼ਾਰੀ ਨੂੰ ਵੇਖਦੇ ਹੋਏ ਰਵਾਇਤੀ ਪਾਰਟੀਆਂ ਆਪਣੇ ਪੈਰ ਮੁੜ ਜਮਾਉਣ ਲਈ ਮੰਥਨ ਵਿਚ ਜੁਟ ਗਈਆਂ ਹਨ। ਬੀਤੇ ਤੋਂ ਸਬਕ ਲੈਣ ਤੇ ਭਵਿੱਖ ਵਿਚ ਸੰਗਠਨ ਨੂੰ ਮਜ਼ਬੂਤ ਬਣਾਉਣ ਲਈ ਇਨ੍ਹਾਂ ਪਾਰਟੀਆਂ ਨੇ ਮੀਟਿੰਗਾਂ ਦਾ ਦੌਰ ਸ਼ੁਰੂ ਕਰ ਦਿੱਤਾ ਹੈ। ਬਹੁਜਨ ਸਮਾਜ ਪਾਰਟੀ ਦੀ ਹਾਈਕਮਾਂਡ ਨੇ ਸਭ ਤੋਂ ਸਖ਼ਤ ਕਦਮ ਚੁੱਕਦਿਆਂ ਪੰਜਾਬ ਇਕਾਈ ਭੰਗ ਕਰ ਦਿੱਤੀ ਹੈ ਤੇ ਸੂਬਾ ਇੰਚਾਰਜ ਬਦਲ ਦਿੱਤੇ ਹਨ।

ਬਸਪਾ ਦੀ 29 ਮਈ ਨੂੰ ਜਲੰਧਰ ਵਿਚ ਹੋਈ ਮੀਟਿੰਗ ਵਿਚ ਪਾਰਟੀ ਹਾਈਕਮਾਂਡ ਦੇ ਹੁਕਮਾਂ 'ਤੇ ਪ੍ਰਧਾਨ ਪ੍ਰਕਾਸ਼ ਜੰਡਾਲੀ ਨੇ ਰਾਜ ਇਕਾਈ ਭੰਗ ਕਰ ਦਿੱਤੀ। ਪਾਰਟੀ ਸੁਪਰੀਮੋ ਮਾਇਆਵਤੀ ਨੇ ਪੰਜਾਬ ਇਕਾਈ ਦੇ ਇੰਚਾਰਜ ਪ੍ਰਕਾਸ਼ ਭਾਰਤੀ ਨੂੰ ਹਟਾ ਕੇ ਕਮਲ ਜਾਟਵ ਤੇ ਡਾ. ਰਾਮ ਗੋਪਾਲ ਨੂੰ ਇਹ ਜ਼ਿੰਮੇਵਾਰੀ ਦੇ ਦਿੱਤੀ ਹੈ। ਸੂਤਰਾਂ ਦਾ ਦੱਸਣਾ ਹੈ ਕਿ ਮੀਟਿੰਗ ਵਿਚ ਹਾਰੇ ਉਮੀਦਵਾਰਾਂ ਨੇ ਆਪਣੇ ਸਾਥੀਆਂ 'ਤੇ ਰੱਜ ਕੇ ਦੋਸ਼ ਲਾਏ। ਪਾਰਟੀ ਪ੍ਰਧਾਨ ਨੂੰ ਉਸ ਵੇਲੇ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਕਈ ਅਹੁਦੇਦਾਰਾਂ ਨੇ ਇਹ ਕਹਿ ਦਿੱਤਾ ਕਿ ਉਨ੍ਹਾਂ ਦੇ ਵਾਰਡ ਵਿਚੋਂ ਪਾਰਟੀ ਦੇ ਉਮੀਦਵਾਰ ਲਈ ਸਿਰਫ 253 ਵੋਟਾਂ ਨਿਕਲੀਆਂ। ਸ੍ਰੀ ਜੰਡਾਲੀ ਦਾ ਕਹਿਣਾ ਹੈ ਕਿ ਉਹ ਲੋਕਾਂ ਵਿਚ ਵਿਸ਼ਵਾਸ ਪੈਦਾ ਕਰਨ ਦੀ ਰਣਨੀਤੀ ਤਿਆਰ ਕਰ ਰਹੇ ਹਨ।

ਖੱਬੇ ਪੱਖੀ ਪਾਰਟੀਆਂ ਸੀ.ਪੀ.ਆਈ. ਨੇ 20 ਤੇ 21 ਜੂਨ ਤੇ ਸੀ.ਪੀ.ਆਈ. (ਐਮ.) ਨੇ ਸੱਤ ਤੇ ਅੱਠ ਜੂਨ ਨੂੰ ਮੀਟਿੰਗ ਸੱਦੀ ਹੈ। ਦੋਵੇਂ ਪਾਰਟੀਆਂ ਨੇ ਲੋਕ ਸਭਾ ਚੋਣਾਂ ਵਿਚ ਹਾਰ ਦੇ ਕਾਰਨਾਂ ਬਾਰੇ ਚਰਚਾ ਕਰਨ ਤੇ ਲੋਕਾਂ ਵਿਚ ਮੁੜ ਤੋਂ ਆਪਣੀ ਭੱਲ ਬਣਾਉਣ ਦਾ ਮੁੱਦਾ ਰੱਖਿਆ ਹੈ। ਖੱਬੇ ਪੱਖੀ ਨੇਤਾਵਾਂ ਨੂੰ ਚੋਣ ਨਤੀਜਿਆਂ ਤੋਂ ਇਸ ਗੱਲ ਦਾ ਧਰਵਾਸ ਹੈ ਕਿ ਉਨ੍ਹਾਂ ਦੀ ਵੋਟ ਜ਼ਿਆਦਾ ਨਹੀਂ ਖਿਸਕੀ ਹੈ। ਉਂਜ ਇਸ ਤੱਥ ਨੂੰ ਲੈ ਕੇ ਚਿੰਤਤ ਜ਼ਰੂਰ ਹਨ ਕਿ ਲੋਕ ਸਭਾ ਚੋਣਾਂ ਵਿਚ ਵੱਡੀਆਂ ਪਾਰਟੀਆਂ ਨੂੰ ਰਗੜਾ ਲੱਗਣ ਦੇ ਬਾਵਜੂਦ ਆਮ ਆਦਮੀ ਪਾਰਟੀ ਪੰਜਾਬ ਵਿਚ ਆਪਣਾ ਆਧਾਰ ਕਾਇਮ ਕਰਨ ਵਿਚ ਕਿਵੇਂ ਸਫਲ ਹੋ ਗਈ ਹੈ।

ਸੀ.ਪੀ.ਆਈ. ਤੇ ਸੀ.ਪੀ.ਆਈ. (ਐਮ.) ਸਾਂਝੇ ਮੋਰਚੇ ਦਾ ਹਿੱਸਾ ਸਨ ਪਰ ਚੋਣਾਂ ਦਾ ਐਲਾਨ ਹੁੰਦਿਆਂ ਹੀ ਮੋਰਚਾ ਖਿੱਲਰ ਗਿਆ ਸੀ ਤੇ ਇਹ ਪਾਰਟੀਆਂ ਵੀ ਆਪੋ ਆਪਣੇ ਰਾਹ ਤੁਰ ਪਈਆਂ ਸਨ। ਸੀ.ਪੀ.ਆਈ. (ਐਮ.) ਨੇ ਮੋਰਚੇ ਦੇ ਮੁੜ ਤੋਂ ਹੋਂਦ ਵਿਚ ਆਉਣ ਦੀ ਸੂਰਤ ਵਿਚ ਆਪਣੇ ਆਪ ਨੂੰ ਇਸ ਤੋਂ ਦੂਰ ਰੱਖਣ ਦਾ ਫੈਸਲਾ ਲਿਆ ਹੈ ਜਦਕਿ ਸੀ.ਪੀ.ਆਈ. ਗੈਰ ਕਾਂਗਰਸ ਪਾਰਟੀਆਂ ਨਾਲ ਦੁਬਾਰਾ ਹੱਥ ਮਿਲਾਉਣ ਦੇ ਰੌਂਅ ਵਿਚ ਹੈ। ਸੀ.ਪੀ.ਆਈ. (ਐਮ.) ਨੇ ਨੇੜ ਭਵਿੱਖ ਵਿਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਤੋਂ ਤੌਬਾ ਕੀਤੀ ਹੈ। ਸੀ.ਪੀ.ਆਈ. ਨੇ ਫੈਸਲਾ ਪਾਰਟੀ ਹਾਈਕਮਾਂਡ 'ਤੇ ਛੱਡਿਆ ਹੋਇਆ ਹੈ।

### ਮਾਨ ਧਿਰ ਵੱਲੋਂ ਵੀ ਨਵੀਂ ਰਣਨੀਤੀ ਤਿਆਰ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੀ ਸਮੀਖਿਆ ਕਰਨ ਲਈ ਸੱਦੀ ਮੀਟਿੰਗ ਵਿਚ ਆਪਣੀ ਹਾਰ ਨੂੰ ਜ਼ਿਆਦਾ ਗੰਭੀਰਤਾ ਨਾਲ ਲੈਣ ਦੀ ਥਾਂ ਪੰਜਾਬ ਵਿਚ ਨਰਿੰਦਰ ਮੋਦੀ ਦੀ ਲਹਿਰ ਨੂੰ ਬੇਅਸਰ ਕਰਨ ਦਾ ਸਿਹਰਾ ਆਪਣੇ ਸਿਰ ਲਿਆ ਹੈ। ਪਾਰਟੀ ਦੇ ਅਹੁਦੇਦਾਰਾਂ ਦਾ ਕਹਿਣਾ ਹੈ ਕਿ ਨਰਿੰਦਰ ਮੋਦੀ ਦੀ ਮੋਗਾ ਰੈਲੀ ਮੌਕੇ ਦਲ ਵੱਲੋਂ ਵਿਰੋਧ ਦੇ ਦਿੱਤੇ ਸੱਦੇ ਦਾ ਵੋਟਰਾਂ 'ਤੇ ਕਾਫੀ ਅਸਰ ਹੋਇਆ ਹੈ। ਦਲ ਨੇ ਜ਼ਿਮਨੀ ਚੋਣਾਂ ਲੜਨ ਦਾ ਫੈਸਲਾ ਲਿਆ ਹੈ। ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵਰਕਰਾਂ ਵਿਚ ਨਵਾਂ ਜੋਸ਼ ਭਰਨ ਲਈ ਪੰਜਾਬ ਤੇ ਹਰਿਆਣਾ ਦੇ ਯੂਥ ਵਿੰਗ ਦੇ ਪ੍ਰਧਾਨਾਂ ਦੀਆਂ ਨਿਯੁਕਤੀਆਂ ਕਰ ਦਿੱਤੀਆਂ ਹਨ। ਜ਼ਿਲ੍ਹਾ ਪ੍ਰਧਾਨਾਂ ਦੀਆਂ ਨਿਯੁਕਤੀਆਂ ਦਾ ਏਜੰਡਾ ਵੀ ਤਿਆਰ ਕੀਤਾ ਗਿਆ ਹੈ। ਸ. ਮਾਨ ਨੂੰ ਆਸ ਹੈ ਕਿ ਪੰਜਾਬ ਦੇ ਲੋਕ ਉਨ੍ਹਾਂ ਨੂੰ ਦੁਬਾਰਾ ਹੁੰਗਾਰਾ ਦੇਣਗੇ।

## ਪਾਰਟੀ ਤੇ ਸਰਕਾਰ ਦੀ ਕਾਰਗੁਜ਼ਾਰੀ ਦੀ ਪੜਚੋਲ ਹੋਵੇਗੀ: ਸੁਖਬੀਰ



ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਉਹ ਲੋਕਾਂ ਵੱਲੋਂ ਦਿੱਤੇ ਫਤਵੇ ਨੂੰ ਉਹ ਸਵੀਕਾਰ ਕਰਦੇ ਹਨ ਪਰ ਇਸ ਮਾਮਲੇ ਵਿਚ ਪਾਰਟੀ ਤੇ ਸਰਕਾਰ ਦੀ ਕਾਰਗੁਜ਼ਾਰੀ ਦੀ ਪੜਚੋਲ ਕੀਤੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਨਾਰਾਜ਼ਗੀ ਨੂੰ ਜਾਣਨ ਲਈ ਯਤਨ ਸ਼ੁਰੂ ਕੀਤੇ ਗਏ ਹਨ ਤੇ ਛੇਤੀ ਹੀ ਇਹ ਨਾਰਾਜ਼ਗੀ ਦੂਰ ਕਰਨ ਲਈ ਉਪਰਾਲੇ ਕੀਤੇ ਜਾਣਗੇ।

ਆਮ ਆਦਮੀ ਪਾਰਟੀ ਬਾਰੇ ਉਪ ਮੁੱਖ ਮੰਤਰੀ ਨੇ ਕਿਹਾ ਕਿ ਇਸ ਪਾਰਟੀ ਦੀ ਜਿੱਤ ਪਾਣੀ ਦੇ ਬੁਲਬਲੇ ਵਾਂਗ ਹੈ, ਜੋ ਛੇਤੀ ਹੀ ਮੁੜ ਪਾਣੀ ਨਾਲ ਪਾਣੀ ਹੋ ਜਾਵੇਗੀ।

# ਡੇਰਾ ਬਿਆਸ ਤੇ ਆਰ.ਐਸ.ਐਸ. ਮੁਖੀਆਂ ਦੀ ਮੁਲਾਕਾਤ ਨੇ ਛੇੜੀ ਨਵੀਂ ਚਰਚਾ

**ਮਾਨਸਾ:** ਮਾਨਸਾ ਵਿਚ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਪ੍ਰਮੁੱਖ ਮੋਹਨ ਭਾਗਵਤ ਤੇ ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਕੀਤੀ ਗਈ ਬੰਦ ਕਮਰਾ ਮੀਟਿੰਗ ਨੇ ਸਿਆਸੀ ਹਲਕਿਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਦੋਵਾਂ ਨੇ ਨਰਾਇਣ ਸ਼ਿਕਸ਼ਾ ਕੇਂਦਰ ਵਿਚ ਤਕਰੀਬਨ 27 ਮਿੰਟ ਬੰਦ ਕਮਰਾ ਮੁਲਾਕਾਤ ਕੀਤੀ। ਮਾਲਵੇ ਦੇ ਰਾਜਸੀ ਹਲਕੇ ਇਨ੍ਹਾਂ ਦੋਵਾਂ ਆਗੂਆਂ ਦੀ ਇਸ ਮੀਟਿੰਗ ਬਾਰੇ ਅਜੇ ਚੁੱਪ ਵੱਟੀ ਬੈਠੇ ਹਨ, ਪਰ ਕੁਝ ਰਾਜਸੀ ਨੇਤਾਵਾਂ ਦਾ ਕਹਿਣਾ ਹੈ ਕਿ ਦੇਸ਼ ਵਿਚ ਵੱਡੇ ਪੱਧਰ 'ਤੇ ਭਾਜਪਾ ਨੂੰ ਪ੍ਰਾਪਤ ਹੋਈ ਜਿੱਤ ਤੋਂ ਬਾਅਦ ਜਾਪਦਾ ਹੈ ਕਿ ਉਹ ਹੁਣ ਮਾਲਵਾ ਪੱਟੀ ਵਿਚ ਸਿਆਸੀ ਤੌਰ 'ਤੇ ਪੈਰ ਜਮਾਉਣ ਲਈ ਅਜਿਹੀਆਂ ਗੁਪਤ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਕਰਨ ਲੱਗੀ ਹੈ। ਇਸ ਤੋਂ ਪਹਿਲਾਂ ਮਾਝੇ ਤੇ ਦੁਆਬੇ ਖੇਤਰ ਵਿਚ ਭਾਜਪਾ ਦੇ ਪਹਿਲਾਂ ਹੀ ਪੈਰ ਲੱਗੇ ਹੋਏ ਹਨ। ਇਸ ਨੂੰ ਲੈ ਕੇ ਸਖ਼ਤ ਸੁਰੱਖਿਆ ਪ੍ਰਬੰਧ ਤੇ ਪੁਲਿਸ ਬਲ ਤਾਇਨਾਤ ਕੀਤੇ ਗਏ ਸਨ ਤੇ ਇਸ ਦੀ ਕਮਾਂਡ ਖੁਦ ਮਾਨਸਾ ਦੇ ਸੀਨੀਅਰ ਕਪਤਾਨ ਪੁਲਿਸ ਭੁਪਿੰਦਰ ਸਿੰਘ ਖੱਟੜਾ ਨੇ ਸੰਭਾਲੀ ਹੋਈ ਸੀ।






ਮਾਲਵਾ ਸੈਕਟਰ ਵਿਚ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਦੀ ਪਹਿਲੀ ਵਾਰ ਕਿਸੇ ਧਾਰਮਿਕ ਸੰਗਠਨ ਦੇ ਮੁਖੀ ਨਾਲ ਅਜਿਹੀ ਗੁਪਤ ਮੀਟਿੰਗ ਹੋਈ ਹੈ। ਇਸ ਨੂੰ ਰਾਜਸੀ ਤੇ ਧਾਰਮਿਕ ਹਲਕਿਆਂ ਵਿਚ ਬੜੀ ਅਹਿਮੀਅਤ ਨਾਲ ਲਿਆ ਜਾ ਰਿਹਾ ਹੈ।

ਬੇਸ਼ੱਕ ਇਸ ਨੂੰ ਇਕ ਆਮ ਮੁਲਾਕਾਤ ਤੇ ਦੋਵਾਂ ਵਿਚ ਪਹਿਲਾਂ ਦੀ ਜਾਣ-ਪਛਾਣ ਹੋਣਾ ਦੱਸਿਆ ਜਾ ਰਿਹਾ ਹੈ, ਪਰ ਦੋਵਾਂ ਦੀ ਮੁਲਾਕਾਤ ਨੂੰ ਰਾਜਨੀਤਿਕ ਗਲਿਆਰਿਆਂ ਵਿਚ ਵੀ ਬੇਸਬਰੀ ਤੇ ਉਤਸੁਕਤਾ ਨਾਲ ਲਿਆ ਗਿਆ ਤੇ ਕਈ ਤਰ੍ਹਾਂ ਦੀ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ। ਡੇਰਾ ਮੁਖੀ ਤੇ ਸੰਘ ਪ੍ਰਮੁੱਖ ਪਹਿਲੀ ਵਾਰ ਹੀ ਮਾਨਸਾ ਆਏ ਹਨ ਤੇ ਡੇਰਾ ਮੁਖੀ ਦੀ ਆਮਦ ਨੂੰ ਲੈ ਕੇ ਸੰਗਤਾਂ ਵੱਲੋਂ ਦੋ ਦਿਨਾਂ ਵਿਚ ਹੀ ਹੈਲੀਪੈਡ ਵੀ ਬਣਾਇਆ ਗਿਆ। ਦੱਸਿਆ ਗਿਆ ਹੈ ਕਿ ਇਸ ਤੋਂ ਪਹਿਲਾਂ ਡੇਰਾ ਰਾਧਾ ਸੁਆਮੀ ਬਿਆਸ ਤੇ ਡੇਰਾ ਮੁਖੀ ਸੰਘ ਪ੍ਰਮੁੱਖ ਨੂੰ ਚੋਣਾਂ ਤੋਂ ਪਹਿਲਾਂ ਨਾਗਪੁਰ ਮਿਲ ਚੁੱਕੇ ਹਨ। ਇਸ ਮੌਕੇ ਡੇਰਾ ਮੁਖੀ ਵੱਲੋਂ ਪੰਜਾਬ ਤੋਂ ਇਲਾਵਾ ਹਰਿਆਣਾ, ਦਿੱਲੀ, ਹਿਮਾਚਲ ਪ੍ਰਦੇਸ਼ ਤੇ ਜੰਮੂ-ਕਸ਼ਮੀਰ ਤੋਂ 350 ਆਰ.ਐਸ.ਐਸ. ਵਰਕਰਾਂ ਨਾਲ ਵੀ ਗੱਲ ਕੀਤੀ। ਮਾਨਸਾ ਦੇ ਸੀਨੀਅਰ ਕਪਤਾਨ ਪੁਲਿਸ ਭੁਪਿੰਦਰ ਸਿੰਘ ਖੱਟੜਾ ਨੇ ਕਿਹਾ ਕਿ ਡੇਰਾ ਮੁਖੀ ਤੇ ਸੰਘ ਪ੍ਰਮੁੱਖ ਦੀ ਤਕਰੀਬਨ ਅੱਧਾ ਘੰਟਾ ਆਪਸੀ ਗੱਲਬਾਤ ਹੋਈ ਹੈ, ਜਿਸ ਲਈ ਪੁਲਿਸ ਦੇ ਸਖ਼ਤ ਪ੍ਰਬੰਧ ਸਨ ਤੇ ਇਸ ਤੋਂ ਵੱਧ ਇਸ ਬਾਰੇ ਉਨ੍ਹਾਂ ਨੂੰ ਕੁਝ ਵੀ ਨਹੀਂ ਪਤਾ। ਦੂਜੇ ਪਾਸੇ ਮਾਲਵਾ ਪੱਟੀ, ਜਿਸ ਨੂੰ ਅਕਾਲੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ, ਵਿਚ ਦੋਵੇਂ ਆਗੂਆਂ ਦੀ ਅਜਿਹੀ ਮੀਟਿੰਗ ਨੂੰ ਰਾਜ ਦੀ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਬੜੀ ਅਹਿਮੀਅਤ ਦੇ ਕੇ ਇਸ ਦੀਆਂ ਕਨਸੋਆਂ ਲੈਣ ਲਈ ਇੰਟੈਲੀਜੈਂਸੀ ਦੀ ਵਿਸ਼ੇਸ਼ ਡਿਊਟੀ ਲਗਾਈ ਹੋਈ ਹੈ। ਮੀਟਿੰਗ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰਾਂ ਨੇ ਗੰਭੀਰਤਾ ਨਾਲ ਲੈਂਦਿਆਂ ਇਸ ਦੀਆਂ ਕਨਸੋਆਂ ਦੀ ਜਾਣਕਾਰੀ ਲੈਣੀ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਦੋਵਾਂ ਮੁਖੀਆਂ ਦੀ ਇਸ ਮੀਟਿੰਗ ਬਾਰੇ ਵਿਚਾਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

## ਕੇਂਦਰੀ ਮੰਤਰੀ ਗੋਪੀਨਾਥ ਮੁੰਡੇ ਦੀ ਸੜਕ ਹਾਦਸੇ ਵਿਚ ਮੌਤ

ਨਵੀਂ ਦਿੱਲੀ: ਕੇਂਦਰੀ ਪੇਂਡੂ ਵਿਕਾਸ ਮੰਤਰੀ ਤੇ ਮਹਾਰਾਸ਼ਟਰ ਤੋਂ ਕਾਫੀ ਲੋਕਪ੍ਰਿਆ ਆਗੂ ਗੋਪੀਨਾਥ ਮੁੰਡੇ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। 64 ਸਾਲਾ ਮੁੰਡੇ ਹਾਲੇ ਪਹਿਲੀ ਵਾਰ ਪਿਛਲੇ ਹਫ਼ਤੇ ਹੀ ਕੇਂਦਰੀ ਕੈਬਨਿਟ ਵਿਚ ਸ਼ਾਮਲ ਕੀਤੇ ਗਏ ਸਨ। ਉਹ ਏਅਰਪੋਰਟ ਵਲ ਜਾ ਰਹੇ ਸਨ ਜਦੋਂ ਪ੍ਰਿਥਵੀਰਾਜ ਰੋਡ-ਤੁਗਲਕ ਰੋਡ ਦੇ ਗੋਲਚੱਕਰ ਵਿਚ ਉਨ੍ਹਾਂ ਦੀ ਕਾਰ ਨੂੰ ਇਕ ਹੋਰ ਵਾਹਨ ਨੇ ਟੱਕਰ ਮਾਰ ਦਿੱਤੀ।



ਹਾਦਸੇ ਸਮੇਂ ਮੁੰਡੇ ਕਾਰ ਦੀ ਪਿਛਲੀ ਸੀਟ 'ਤੇ ਬੈਠੇ ਸਨ। ਮੁੰਡੇ ਦੇ ਸਕੱਤਰ ਐਸ. ਨਾਇਰ ਜੋ ਕਾਰ ਵਿਚ ਹੀ ਸਨ, ਨੇ ਦੱਸਿਆ ਕਿ ਕੇਂਦਰੀ ਮੰਤਰੀ ਨੂੰ ਹਾਦਸੇ ਮਗਰੋਂ ਭਾਰੀ ਧੱਕਾ ਲੱਗਿਆ ਸੀ ਤੇ ਉਦੋਂ ਹੀ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ। ਟੱਕਰ ਮਾਰਨ ਵਾਲੀ ਕਾਰ ਇੰਡਿਕਾ ਸੀ, ਜੋ ਅਰਬਿੰਦੋ ਚੌਕ ਤੋਂ ਲਾਲ ਬੱਤੀ ਉਲੰਘ ਕੇ ਆਈ ਸੀ ਤੇ ਸ੍ਰੀ ਮੁੰਡੇ ਦੀ ਮਾਰੂਤੀ ਸੁਜ਼ੂਕੀ ਐਸ ਐਕਸ-4 ਵਿਚ ਵੱਜੀ ਸੀ।ਇਹ ਇਲਾਕਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰੀ ਰਿਹਾਇਸ਼ ਦੇ ਨੇੜੇ ਹੀ ਹੈ।

# ਜ਼ਿਮਨੀ ਚੋਣਾਂ ਲਈ ਤਲਵੰਡੀ ਸਾਬੋ ਵਿਚ ਮੋਰਚੇਬੰਦੀ

**ਬਠਿੰਡਾ:** ਲੋਕ ਸਭਾ ਚੋਣਾਂ ਦੀ ਥਕਾਵਟ ਦੂਰ ਕਰਨ ਪਿੱਛੋਂ ਪੰਜਾਬ ਦੀਆਂ ਵੱਖ-ਵੱਖ ਸਿਆਸੀ ਧਿਰਾਂ ਨੇ ਤਲਵੰਡੀ ਸਾਬੋ ਜ਼ਿਮਨੀ ਚੋਣ 'ਤੇ ਆਪਣੀ ਨਿਗ੍ਹਾ ਟਕਾ ਲਈ ਹੈ। ਖਾਸਕਰ ਹਾਕਮ ਧਿਰ ਸ਼੍ਰੋਮਣੀ-ਅਕਾਲੀ ਦਲ ਨੇ ਇਸ ਹਲਕੇ ਵਿਚ ਵੱਡੇ ਪੱਧਰ 'ਤੇ ਸਰਗਰਮੀਆਂ ਵਿੱਢ ਦਿੱਤੀਆਂ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਤਲਵੰਡੀ ਸਾਬੋ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਤਿੰਨ ਦਿਨਾਂ ਦੇ ਸੰਗਤ ਦਰਸ਼ਨ ਪ੍ਰੋਗਰਾਮ ਨੇ ਇਸ ਮੁਹਿੰਮ ਨੂੰ ਹੋਰ ਭਖਾ ਦਿੱਤਾ ਹੈ। ਮੁੱਖ ਮੰਤਰੀ ਨੇ ਇਨ੍ਹਾਂ 3 ਦਿਨਾਂ ਦੌਰਾਨ ਦੋ ਸ਼ਹਿਰਾਂ ਤੇ 15 ਪਿੰਡਾਂ 'ਚ ਸੰਗਤ ਦਰਸ਼ਨ ਕੀਤੇ। ਲੋਕ ਸਭਾ ਚੋਣਾਂ ਵਿਚ ਤਲਵੰਡੀ ਸਾਬੋ ਕਸਬੇ 'ਚੋਂ ਸ਼੍ਰੋਮਣੀ ਅਕਾਲੀ ਦਲ ਦੀ ਵੋਟ ਘਟ ਗਈ ਸੀ। ਇਸੇ ਤਰ੍ਹਾਂ ਰਾਮਾਂ ਮੰਡੀ ਤੋਂ ਵੀ ਅਕਾਲੀ ਦਲ ਨੂੰ 1100 ਵੋਟ ਘੱਟ ਪਈ।

ਉਧਰ ਪੀਪਲਜ਼ ਪਾਰਟੀ ਤੇ ਕਾਂਗਰਸ ਦੇ ਆਗੂ ਮਨਪ੍ਰੀਤ ਸਿੰਘ ਬਾਦਲ ਤੇ ਹਰਮਿੰਦਰ ਸਿੰਘ ਜੱਸੀ ਨੇ ਧੰਨਵਾਦੀ ਦੌਰੇ ਦੇ ਬਹਾਨੇ ਲੋਕਾਂ ਨੂੰ ਜ਼ਿਮਨੀ ਚੋਣ ਵਾਸਤੇ ਅਪੀਲ ਕਰਨੀ ਸ਼ੁਰੂ ਕਰ ਦਿੱਤੀ ਹੈ। ਸਾਬਕਾ ਮੰਤਰੀ ਤੇ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਜੱਸੀ ਇਸ ਹਲਕੇ ਤੋਂ ਆਪਣੇ ਪੁੱਤਰ ਨੂੰ ਕਾਂਗਰਸ ਦੀ ਟਿਕਟ ਦਿਵਾਉਣਾ ਚਾਹੁੰਦੇ ਹਨ। ਸ੍ਰੀ ਜੱਸੀ ਦੇ ਭਰਾ ਗੋਪਾਲ ਸਿੰਘ ਨੇ ਤਲਵੰਡੀ ਸਾਬੋ ਵਿਚ ਸਿਆਸੀ ਸਰਗਰਮੀ ਸ਼ੁਰੂ ਕੀਤੀ ਹੋਈ ਹੈ। ਪੀਪਲਜ਼ ਪਾਰਟੀ ਦੇ ਸੁਖਦੇਵ ਸਿੰਘ ਚਹਿਲ ਤੇ ਸਾਬਕਾ ਚੇਅਰਮੈਨ ਜਗਰੂਪ ਸਿੰਘ ਗਿੱਲ ਵੀ ਦਾਅਵੇਦਾਰ ਹਨ। ਆਮ ਆਦਮੀ ਪਾਰਟੀ (ਆਪ) ਤਰਫੋਂ ਲੋਕ ਗਾਇਕ ਬਲਕਾਰ ਸਿੱਧੂ ਦਾ ਨਾਮ ਚੱਲ ਰਿਹਾ ਹੈ।

ਜ਼ਿਮਨੀ ਚੋਣ ਦੀ ਤਿਆਰੀ ਦੇ ਨਾਲ ਹੀ ਡਿਪਟੀ ਕਮਿਸ਼ਨਰ ਦੇ ਦਫ਼ਤਰ ਦਾ ਜ਼ਿਲ੍ਹਾ ਮੌਨੀਟਰਿੰਗ ਸੈੱਲ ਵੀ ਹਰਕਤ ਵਿਚ ਆ ਗਿਆ ਹੈ। ਇਸ ਸੈੱਲ ਵੱਲੋਂ ਜ਼ਿਆਦਾ ਕੰਮ ਸਿਆਸੀ ਕੀਤਾ ਜਾਂਦਾ ਹੈ ਤੇ ਵੋਟਾਂ ਦੀ ਗਿਣਤੀ ਦੇ ਅੰਕੜੇ ਤੇ ਗ੍ਰਾਂਟਾਂ ਦੇ ਵੇਰਵੇ ਤਿਆਰ ਕੀਤੇ ਜਾਂਦੇ ਹਨ। ਸਰਕਾਰੀ ਸੂਤਰਾਂ ਮੁਤਾਬਕ ਜ਼ਿਲ੍ਹਾ ਮੌਨੀਟਰਿੰਗ ਸੈੱਲ ਵੱਲੋਂ ਹੁਣ ਤਲਵੰਡੀ ਸਾਬੋ ਹਲਕੇ ਦਾ ਖਾਕਾ ਤਿਆਰ ਕੀਤਾ ਜਾ ਰਿਹਾ ਹੈ। ਇਹ ਵੇਰਵੇ ਵੀ ਤਿਆਰ ਕੀਤੇ ਜਾ ਰਹੇ ਹਨ ਕਿ ਤਲਵੰਡੀ ਹਲਕੇ ਦੇ ਪਿੰਡਾਂ ਨੂੰ ਕਿੰਨੀਆਂ ਗ੍ਰਾਂਟਾਂ ਦਿੱਤੀਆਂ ਗਈਆਂ ਹਨ ਤੇ ਕਿਸ ਕਿਸ ਪਿੰਡ ਦੀ ਕੀ-ਕੀ ਮੰਗ ਹੈ। ਸੈੱਲ ਵੱਲੋਂ ਟਿਊਬਵੈੱਲ ਕੁਨੈਕਸ਼ਨਾਂ ਦਾ ਵੇਰਵਾ ਵੀ ਤਿਆਰ ਕੀਤਾ ਜਾ ਰਿਹਾ ਹੈ। ਇਸ ਸੈੱਲ ਵਿਚ ਡੈਪੂਟੇਸ਼ਨ 'ਤੇ ਮੁਲਾਜ਼ਮ ਲਗਾਏ ਗਏ ਹਨ।

ਲੋਕ ਸਭਾ ਚੋਣਾਂ ਵਿਚ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੀ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਵਿਚੋਂ ਤਕਰੀਬਨ 11 ਹਜ਼ਾਰ ਵੋਟ ਵਧੀ ਹੈ। ਉਸ ਤੋਂ ਪਹਿਲਾਂ 2012 ਦੀਆਂ ਅਸੈਂਬਲੀ ਚੋਣਾਂ ਵਿਚ ਅਕਾਲੀ ਦਲ ਨੂੰ ਤਕਰੀਬਨ 8500 ਵੋਟਾਂ ਦੇ ਫਰਕ ਨਾਲ ਹਾਰ ਦਾ ਮੂੰਹ ਵੇਖਣਾ ਪਿਆ ਸੀ। ਹਲਕੇ ਤੋਂ ਕਾਂਗਰਸੀ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਅਸਤੀਫ਼ਾ ਦੇ ਕੇ ਅਕਾਲੀ ਦਲ ਵਿਚ ਜਾ ਚੁੱਕੇ ਹਨ।

## ਹਲਕਾ ਵਾਸੀਆਂ ਦੇ ਦਿਨ ਫਿਰੇ

ਜ਼ਿਮਨੀ ਚੋਣ ਕਾਰਨ ਤਲਵੰਡੀ ਸਾਬੋ ਹਲਕੇ ਦੇ ਲੋਕਾਂ ਦੇ ਸਾਲਾਂ ਤੋਂ ਅੜੇ ਕੰਮ ਮੌਕੇ 'ਤੇ ਹੀ ਹੋਣ ਲੱਗੇ ਹਨ। ਮੁੱਖ ਮੰਤਰੀ ਵੱਲੋਂ ਇਸ ਹਲਕੇ ਦੇ ਪਿੰਡਾਂ ਵਿਚ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਹਰ ਕੰਮ ਲਈ ਡੈਡਲਾਈਨ ਦਿੱਤੀ ਜਾ ਰਹੀ ਹੈ। ਪਿੰਡ ਸਿੰਗੋ ਦੇ ਲੋਕਾਂ ਨੇ ਮੰਗ ਕੀਤੀ ਕਿ ਉਨ੍ਹਾਂ ਦੀ ਸੜਕ ਦਾ ਮੰਦਾ ਹਾਲ ਹੈ। ਮੁੱਖ ਮੰਤਰੀ ਨੇ ਲੋਕ ਨਿਰਮਾਣ ਮਹਿਕਮੇ ਨੂੰ 15 ਦਿਨਾਂ ਵਿਚ ਸੜਕ ਤਿਆਰ ਕਰਕੇ ਰਿਪੋਰਟ ਕਰਨ ਦੇ ਹੁਕਮ ਕੀਤੇ ਹਨ। ਪਿੰਡ ਨੰਗਲਾ ਦੇ ਲੋਕਾਂ ਨੇ ਪਾਣੀ ਦੀ ਘਾਟ ਕਾਰਨ ਬੰਜਰ ਹੋਈ 1800 ਏਕੜ ਜ਼ਮੀਨ ਦੀ ਗੱਲ ਰੱਖੀ। ਮੁੱਖ ਮੰਤਰੀ ਨੇ ਮੁੱਖ ਕੰਜ਼ਰਵੇਸ਼ਨ ਅਫਸਰ ਨੂੰ ਹਦਾਇਤ ਕੀਤੀ ਕਿ 15 ਦਿਨਾਂ ਦੇ ਅੰਦਰ-ਅੰਦਰ ਨਹਿਰੀ ਪਾਣੀ ਨੂੰ ਪਾਈਪਾਂ ਰਾਹੀਂ ਇਨ੍ਹਾਂ ਖੇਤਾਂ ਵਿਚ ਪੁੱਜਦਾ ਕੀਤਾ ਜਾਵੇ। ਇਕ ਪਿੰਡ ਦੇ ਲੋਕਾਂ ਨੇ ਪਿੰਡ ਦੇ ਸਰਕਾਰੀ ਸਕੂਲ ਦੀ ਖਸਤਾ ਹਾਲਤ ਦੀ ਗੱਲ ਕੀਤੀ ਤਾਂ ਮੁੱਖ ਮੰਤਰੀ ਨੇ ਉਦੋਂ ਹੀ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਨੂੰ ਹੁਕਮ ਕੀਤੇ ਕਿ 15 ਮਿੰਟ 'ਚ ਸਕੂਲ ਖੁਦ ਵੇਖ ਕੇ ਰਿਪੋਰਟ ਕਰੋ। ਨਥੇਹਾ ਦੇ ਮਾਡਲ ਸਕੂਲ ਦੀ ਇਕ ਅਧਿਆਪਕਾ ਨੇ ਆਖਿਆ ਕਿ ਸਕੂਲ ਦਾ ਪ੍ਰਿੰਸੀਪਲ ਉਸ ਨਾਲ ਠੀਕ ਵਿਹਾਰ ਨਹੀਂ ਕਰ ਰਿਹਾ। ਮੁੱਖ ਮੰਤਰੀ ਨੇ ਉਦੋਂ ਹੀ ਸਕੂਲ ਦੇ ਪ੍ਰਿੰਸੀਪਲ ਨੂੰ ਬਦਲਣ ਦੇ ਹੁਕਮ ਜਾਰੀ ਕਰ ਦਿੱਤੇ।

## ਵਿਧਾਇਕ ਜੈਨ ਸਮੇਤ ਪਰਿਵਾਰ ਦੇ 4 ਜੀਆਂ ਨੂੰ ਸਾਲ-ਸਾਲ ਦੀ ਕੈਦ

**ਮੋਗਾ (ਬਿਊਰੋ):** ਸਥਾਨਕ ਅਦਾਲਤ ਨੇ ਅਣਅਧਿਕਾਰਤ ਕਲੋਨੀ ਦੇ ਪਲਾਟ ਕੱਟ ਕੇ ਵੇਚਣ ਦੇ ਦੋਸ਼ ਹੇਠ ਅਕਾਲੀ ਦਲ ਦੇ ਵਿਧਾਇਕ ਜੋਗਿੰਦਰ ਪਾਲ ਜੈਨ, ਉਨ੍ਹਾਂ ਦੀ ਪਤਨੀ, ਇਕ ਪੁੱਤਰ ਤੇ ਵਿਆਹੁਤਾ ਲੜਕੀ ਨੂੰ ਇਕ-ਇਕ ਸਾਲ ਦੀ ਕੈਦ ਤੇ 1500 ਰੁਪਏ ਦਾ ਜੁਰਮਾਨਾ ਕੀਤਾ ਹੈ। ਅਦਾਲਤ ਨੇ ਜ਼ਮਾਨਤੀ ਬਾਂਡ ਮਨਜ਼ੂਰ ਕਰਕੇ ਵਿਧਾਇਕ ਤੇ ਬਾਕੀ ਪਰਿਵਾਰਕ ਮੈਂਬਰਾਂ ਨੂੰ ਰਿਹਾਅ ਕਰ ਦਿੱਤਾ। ਇਸ ਮਾਮਲੇ ਵਿਚ ਅਦਾਲਤ ਨੇ ਵਿਧਾਇਕ ਦੇ ਇਕ ਪਰਵਾਸੀ ਪੁੱਤਰ ਨੂੰ ਪਹਿਲਾਂ ਹੀ ਭਗੌੜਾ ਕਰਾਰ ਦਿੱਤਾ ਹੋਇਆ ਹੈ।

ਅਦਾਲਤ ਨੇ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਪੁੱਡਾ) ਐਕਟ 1995 ਦੀ ਉਲੰਘਣਾ ਤਹਿਤ ਜੈਨ ਤੇ ਪਰਿਵਾਰ ਦੇ ਮੈਂਬਰਾਂ ਨੂੰ ਦੋਸ਼ੀ ਪਾਇਆ। ਪੁੱਡਾ ਦੇ ਜੂਨੀਅਰ ਇੰਜੀਨੀਅਰ ਮੁਖਤਿਆਰ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਮਹਿਣਾ ਵਿਖੇ 26 ਅਗਸਤ 2007 ਨੂੰ ਜੋਗਿੰਦਰ ਪਾਲ ਜੈਨ, ਉਸ ਦੀ ਪਤਨੀ ਸਵਰਨ ਲਤਾ ਜੈਨ (ਸਾਬਕਾ ਪ੍ਰਧਾਨ ਨਗਰ ਕੌਂਸਲ), ਦੋਵਾਂ ਪੁੱਤਰਾਂ ਅਕਸ਼ਿਤ ਜੈਨ ਤੇ ਪੁਨੀਤ ਜੈਨ ਤੋਂ ਇਲਾਵਾ ਵਿਆਹੁਤਾ ਪੁੱਤਰੀ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ।

ਸ਼ਿਕਾਇਤ ਵਿਚ ਕਿਹਾ ਗਿਆ ਸੀ ਕਿ ਵਿਧਾਇਕ ਪਰਿਵਾਰ ਨੇ ਮੋਗਾ-ਲੁਧਿਆਣਾ ਕੌਮੀ ਸ਼ਾਹ ਮਾਰਗ ਉਪਰ ਬਰਨਾਲਾ ਚੌਕ ਨੇੜੇ 29 ਕਨਾਲ 17 ਮਰਲੇ ਜ਼ਮੀਨ ਖ਼ਰੀਦ ਕਰਨ ਮਗਰੋਂ ਅਣਅਧਿਕਾਰਤ ਕਲੋਨੀ ਵਿਕਸਤ ਕਰਨ ਦੇ ਮਕਸਦ ਨਾਲ ਪਲਾਟ ਕੱਟ ਕੇ ਵੇਚੇ ਸਨ।

# ਕਸ਼ਮੀਰ ਮਸਲਾ ਸੁਲਝਾਉਣ ਦੇ ਹੱਕ 'ਚ ਨਹੀਂ ਪਾਕਿ ਫੌਜ

**ਵਾਸ਼ਿੰਗਟਨ:** ਪਾਕਿਸਤਾਨੀ ਫੌਜ ਕਸ਼ਮੀਰ ਮਸਲੇ ਨੂੰ ਸੁਲਝਾਉਣ ਦੇ ਹੱਕ ਵਿਚ ਨਹੀਂ ਹੈ ਕਿਉਂਕਿ ਜੇਕਰ ਮਸਲਾ ਹੱਲ ਹੋ ਗਿਆ ਤਾਂ ਇਸ (ਫੌਜ) ਦੀ ਹੋਂਦ ਤੇ ਦੇਸ਼ ਦੇ ਰਾਜਸੀ ਢਾਂਚੇ 'ਤੇ ਇਸ ਦੀ ਪਕੜ ਲਈ ਗੰਭੀਰ ਚੁਣੌਤੀ ਖੜ੍ਹੀ ਹੋ ਜਾਵੇਗੀ। ਇਹ ਦਾਅਵਾ ਇਕ ਅਮਰੀਕੀ ਵਿਦਵਾਨ ਨੇ ਆਪਣੀ ਪੁਸਤਕ ਵਿਚ ਕੀਤਾ ਹੈ।

'ਫਾਈਟਿੰਗ ਟੂ ਦਿ ਐਂਡ: ਦਿ ਪਾਕਿਸਤਾਨ ਆਰਮੀ'ਜ਼ ਵੇਅ ਆਫ ਵਾਰ' ਨਾਮੀ ਪੁਸਤਕ ਦੀ ਲੇਖਿਕਾ ਸੀ-ਕ੍ਰਿਸਟੀਨ ਫੇਅਰ ਨੇ ਆਖਿਆ ਹੈ ਕਿ ਉਹ (ਪਾਕਿਸਤਾਨੀ ਫੌਜ) ਕਸ਼ਮੀਰ ਬਾਰੇ ਕੋਈ ਸਮਝੌਤਾ ਨਹੀਂ ਕਰਨਗੇ। ਫੌਜ ਅਜਿਹੀ ਪ੍ਰਕਿਰਿਆ ਅੱਗੇ ਵਧਾਉਣ ਦੀ ਖੁੱਲ੍ਹ ਕਿਉਂ ਦੇਵੇਗੀ ਜੋ ਇਸ ਦੀ ਰਾਜਨੀਤੀ ਉਪਰ ਹੀ ਹਾਵੀ ਹੋ ਜਾਵੇ? ਮੇਰਾ ਖਿਆਲ ਹੈ ਵੱਧ ਤੋਂ ਵੱਧ ਭਾਰਤ ਇਹ ਆਸ ਕਰ ਸਕਦਾ ਹੈ ਕਿ ਕਿਵੇਂ ਨਾ ਕਿਵੇਂ ਜਿਉਂ ਦੀ ਤਿਉਂ ਸਥਿਤੀ ਬਣੀ ਰਹੇ।

ਬੀਬੀ ਫੇਅਰ ਨੇ ਚਿਤਾਵਨੀ ਦਿੱਤੀ ਹੈ ਕਿ ਪਾਕਿਸਤਾਨੀ ਫੌਜ ਭਾਰਤ ਤੇ ਪਾਕਿਸਤਾਨ ਵਿਚਕਾਰ ਮੁੜ ਸ਼ੁਰੂ ਹੋਈ ਸ਼ਾਂਤੀ ਦੀ ਪਹਿਲ ਨੂੰ ਸਾਬੋਤਾਜ ਕਰਨ ਦੀ ਕੋਸ਼ਿਸ਼ ਕਰੇਗੀ। ਇਸ ਪਹਿਲ ਦਾ ਵਿਖਾਵਾ ਉਦੋਂ ਹੋਇਆ ਸੀ ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਲਫ਼ਦਾਰੀ ਸਮਾਰੋਹ ਵਿਚ ਪੁੱਜੇ ਸਨ ਤੇ ਦੋਵਾਂ ਆਗੂਆਂ ਨੇ ਪਹਿਲੀ ਵਾਰ ਦੁਵੱਲੇ ਮਸਲਿਆਂ 'ਤੇ ਗੱਲਬਾਤ ਕੀਤੀ ਸੀ।

ਬੀਬੀ ਫੇਅਰ ਨੇ ਵਾਸ਼ਿੰਗਟਨ ਦੀ ਇਕ ਵਿਚਾਰਸ਼ੀਲ ਸੰਸਥਾ ਹਡਸਨ ਇੰਸਟੀਚਿਊਟ ਵੱਲੋਂ ਕਿਤਾਬ ਦੀ ਘੁੰਡ ਚੁਕਾਈ ਮੌਕੇ ਕਰਵਾਏ ਇਕ ਸਮਾਗਮ ਵਿਚ ਆਖਿਆ ਕਿ ਫੌਜ ਉਨ੍ਹਾਂ (ਸ਼ਰੀਫ) ਦਾ ਕੱਦ ਘਟਾਵੇਗੀਤ ਤੇ ਉਨ੍ਹਾਂ ਨੂੰ ਲਸ਼ਕਰ-ਏ-ਤੋਇਬਾ ਤੋਂ ਇਕ ਹਮਲਾ ਕਰਾਉਣ ਦੀ ਲੋੜ ਪਵੇਗੀ, ਜਿਸ ਨਾਲ ਸ਼ਾਂਤੀ ਦੀ ਪਹਿਲ ਦਾ ਵਿਰੋਧ ਕਰਨ ਵਾਲਿਆਂ ਨੂੰ ਮੌਕਾ ਮਿਲ ਜਾਵੇਗਾ।

ਫੇਅਰ ਜਾਰਜ ਟਾਊਨ ਯੂਨੀਵਰਸਿਟੀ ਵਿਚ ਸੁਰੱਖਿਆ ਅਧਿਐਨ ਬਾਰੇ ਸਹਾਇਕ ਪ੍ਰੋਫੈਸਰ ਹੈ, ਨੇ ਆਖਿਆ ਕਿ ਮੈਨੂੰ ਇਸ (ਮੋਦੀ-ਸ਼ਰੀਫ ਸ਼ਾਂਤੀ ਪਹਿਲ) ਦੇ ਬਹੁਤਾ ਸਫਲ ਹੋਣ ਦੀ ਆਸ ਨਹੀਂ ਹੈ। ਹੇਰਾਤ ਵਿਚ ਭਾਰਤੀ ਕੌਂਸਲਖਾਨੇ 'ਤੇ ਹਮਲਾ ਜੋ ਲਸ਼ਕਰ-ਏ-ਤੋਇਬਾ ਜਾਂ ਹਕਾਨੀ ਨੈੱਟਵਰਕ ਵੱਲੋਂ ਕੀਤਾ ਹੋ ਸਕਦਾ ਹੈ, ਇਸ ਪਹਿਲ ਦੀ ਗੰਭੀਰਤਾ ਦਾ ਇਕ ਵਧੀਆ ਮਾਪਕ ਸੀ। ਅਮਰੀਕਾ ਵਿਚ ਪਾਕਿਸਤਾਨ ਦੇ ਸਾਬਕਾ ਰਾਜਦੂਤ ਹੁਸੈਨ ਹਕਾਨੀ ਨੇ ਵੀ ਇਸ ਦੀ ਹਾਮੀ ਭਰਦਿਆਂ ਕਿਹਾ ਕਿ ਨਵਾਜ਼ ਸ਼ਰੀਫ ਵਾਕਈ ਭਾਰਤ ਨਾਲ ਆਰਥਿਕ ਰਿਸ਼ਤਿਆਂ ਦੀ ਸ਼ੁਰੂਆਤ ਕਰਨਾ ਚਾਹੁੰਦੇ ਹਨ ਪਰ ਕੀ ਉਹ ਜਹਾਦੀ ਗਰੁੱਪਾਂ ਦਾ ਕਾਰੋਬਾਰ ਵਾਕਈ ਬੰਦ ਕਰਨਾ ਚਾਹੁੰਦੇ ਹਨ। ਇਸ ਬਾਰੇ ਹਾਲੇ ਤੱਕ ਕੋਈ ਸੰਕੇਤ ਨਹੀਂ ਮਿਲਿਆ।

ਬੀਬੀ ਫੇਅਰ ਨੇ ਆਪਣੀ ਕਿਤਾਬ ਵਿਚ ਖੁਲਾਸਾ ਕੀਤਾ ਕਿ ਪਾਕਿਸਤਾਨ ਦੇ ਭਾਰਤ ਨਾਲ ਟਕਰਾਅ ਨੂੰ ਮਹਿਜ਼ ਕਸ਼ਮੀਰ ਮਸਲੇ ਦੇ ਹੱਲ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਇਸ ਦੀਆਂ ਭਾਰਤ ਨਾਲ ਸਮੱਸਿਆਵਾਂ ਕਸ਼ਮੀਰ ਬਾਰੇ ਭੂਗੋਲਿਕ ਟਕਰਾਅ ਤੋਂ ਕਿਤੇ ਵੱਧ ਹਨ। ਉਨ੍ਹਾਂ ਇਹ ਦਲੀਲ ਮੰਨਣ ਤੋਂ ਇਨਕਾਰ ਕੀਤਾ ਹੈ ਕਿ ਜੇਕਰ ਕਿਤੇ ਬੀਤੇ ਵਿਚ ਕਸ਼ਮੀਰ ਬਾਰੇ ਕੋਈ ਰਾਜ਼ੀਨਾਮਾ ਹੋ ਜਾਂਦਾ ਹੈ ਤਾਂ ਸ਼ਾਇਦ ਪਾਕਿਸਤਾਨ ਦੀ ਭਾਰਤ ਨਾਲ ਆਪਣੀ ਹੋਂਦ ਦੀ ਜੱਦੋਜਹਿਦ ਘਟ ਜਾਣੀ ਸੀ।

ਉਨ੍ਹਾਂ ਦਲੀਲ ਦਿੱਤੀ ਕਿ ਇਹ ਵੀ ਹੋ ਸਕਦਾ ਹੈ ਕਿ ਕਸ਼ਮੀਰ ਬਾਰੇ ਪਾਕਿਸਤਾਨ ਨੂੰ ਕੋਈ ਭੂਗੋਲਿਕ ਰਿਆਇਤ ਮਿਲਣ ਨਾਲ ਉਸ ਦੀਆਂ ਨੀਤੀਆਂ ਹੋਰ ਜਾਰਿਹਾਨਾ ਹੋ ਜਾਂਦੀਆਂ। ਫੇਅਰ ਨੇ ਆਖਿਆ ਕਿ ਕਸ਼ਮੀਰ 'ਤੇ ਪਾਕਿਸਤਾਨ ਦਾ ਹੱਕ ਮੰਨਣਯੋਗ ਨਹੀਂ ਹੈ। ਉਨ੍ਹਾਂ ਦੇ ਕਸ਼ਮੀਰ ਬਾਰੇ ਦਾਅਵੇ ਵਿਚਾਰਧਾਰਕ ਹਨ। ਪਾਕਿਸਤਾਨੀ ਫੌਜ ਭਾਰਤ ਨਾਲ ਆਪਣੇ ਸੰਘਰਸ਼ ਨੂੰ ਆਪਣੀ ਹੋਂਦ ਦੇ ਲਿਹਾਜ਼ ਤੋਂ ਦੇਖਦੀ ਹੈ। ਪਾਕਿਸਤਾਨੀ ਕਮਾਂਡਰਾਂ ਲਈ ਹੱਥ 'ਤੇ ਹੱਥ ਧਰ ਕੇ ਬੈਠੇ ਰਹਿਣ ਦਾ ਮਤਲਬ ਹੈ ਹਾਰ। ਇਸ ਲਈ ਉਹ ਹਮੇਸ਼ਾ ਸੋਚਿਆ-ਵਿਚਾਰਿਆ ਜੋਖ਼ਮ ਲੈਣ ਤੇ ਕੁਝ ਨਾ ਕੁਝ ਕਰਦੇ ਕਹਿਣ ਨੂੰ ਤਰਜੀਹ ਦਿੰਦੇ ਹਨ।


## ਜ਼ਮੀਨ ਵਿਕਾਊ ਹੈ

ਮੋਹਾਲੀ ਜਿਲ੍ਹੇ ਵਿਚ ਮੇਨ ਸੜਕ ਦੇ ਨਜ਼ਦੀਕ 5 ਏਕੜ ਉਪਜਾਊ ਜ਼ਮੀਨ ਸਾਢੇ 12 ਹਾਰਸ ਪਾਵਰ ਦੀ ਮੋਟਰ ਸਮੇਤ ਵਿਕਾਊ ਹੈ
ਪੈਸੇ ਅਮਰੀਕਾ ਵਿਚ ਵੀ ਦੇ ਸਕਦੇ ਹੋ
ਚਾਹਵਾਨ ਸੰਪਰਕ ਕਰੋ
ਫੋਨ: 209-483-9783


# ਟਾਈਟਲਰ ਖਿਲਾਫ ਨਵੇਂ ਦੋਸ਼ਾਂ ਬਾਰੇ ਫੈਸਲਾ ਰਾਖਵਾਂ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਕਿਹਾ ਕਿ 1984 ਦੇ ਕਤਲੇਆਮ ਦੇ ਪੀੜਤਾਂ ਦੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਵੱਲੋਂ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦਰਜ ਮਾਣਹਾਨੀ ਬਾਰੇ ਸ਼ਿਕਾਇਤ ਵਿਚ ਉਨ੍ਹਾਂ ਖ਼ਿਲਾਫ਼ ਅਪਰਾਧਕ ਧਮਕੀ ਦੇ ਦੋਸ਼ ਜੋੜਨ ਜਾਂ ਅਜਿਹਾ ਨਾ ਕਰਨ ਬਾਰੇ ਫੈਸਲਾ ਦੋ ਜੁਲਾਈ ਨੂੰ ਸੁਣਾਇਆ ਜਾਵੇਗਾ। ਸ੍ਰੀ ਟਾਈਟਲਰ ਵਧੀਕ ਮੁੱਖ ਮੈਟਰੋਪਾਲਿਟਨ ਮੈਜਿਸਟਰੇਟ ਗੌਰਵ ਰਾਓ ਸਾਹਮਣੇ ਪੇਸ਼ ਹੋਏ। ਉਨ੍ਹਾਂ ਨੂੰ ਅਦਾਲਤ ਵਿਚ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ ਗਿਆ ਸੀ। ਅਦਾਲਤ ਨੇ ਸ਼ਿਕਾਇਤਕਰਤਾ ਸੀਨੀਅਰ ਵਕੀਲ ਐਚ.ਐਸ. ਫੂਲਕਾ ਦੇ ਵਕੀਲ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ।



ਸ੍ਰੀ ਫੂਲਕਾ ਨੇ ਸੱਤ ਸਤੰਬਰ, 2004 ਨੂੰ ਇਕ ਨਿੱਜੀ ਖ਼ਬਰ ਚੈਨਲ ਵਿਚ ਉਨ੍ਹਾਂ ਖ਼ਿਲਾਫ਼ ਇਤਰਾਜ਼ਯੋਗ ਟਿੱਪਣੀ ਕਰਨ ਨੂੰ ਲੈ ਕੇ ਟਾਈਟਲਰ ਖ਼ਿਲਾਫ਼ ਸ਼ਿਕਾਇਤ ਦਰਜ ਕਰਾਈ ਸੀ। ਸੁਣਵਾਈ ਦੌਰਾਨ ਅਦਾਲਤ ਨੇ ਪੁੱਛਿਆ ਕਿ ਕੀ ਸ੍ਰੀ ਫੂਲਕਾ ਅਦਾਲਤ ਤੋਂ ਬਾਹਰ ਸਮਝੌਤਾ ਕਰਨਾ ਚਾਹੁੰਣਗੇ ਤਾਂ ਸੀਨੀਅਰ ਵਕੀਲ ਨੇ ਨਾ ਵਿਚ ਜਵਾਬ ਦਿੱਤਾ ਤੇ ਕਿਹਾ ਕਿ ਟਾਈਟਲਰ ਨੇ ਉਨ੍ਹਾਂ 'ਤੇ ਜਿਹੜੇ ਦੋਸ਼ ਲਗਾਏ ਹਨ, ਉਹ ਕਾਫੀ ਗੰਭੀਰ ਕਿਸਮ ਦੇ ਹਨ।

ਇਸ ਦੌਰਾਨ ਟਾਈਟਲਰ ਦੇ ਵਕੀਲ ਨੇ ਕਿਹਾ ਕਿ ਅਦਾਲਤ ਨੇ ਮਾਣਹਾਨੀ ਦੇ ਦੋਸ਼ਾਂ ਹੇਠ ਸੰਮਨ ਜਾਰੀ ਕੀਤੇ ਹਨ ਤੇ ਇਸ ਦੌਰਾਨ ਕੋਈ ਹੋਰ ਨਵੇਂ ਦੋਸ਼ ਨਹੀਂ ਜੋੜੇ ਜਾ ਸਕਦੇ। ਅਦਾਲਤ ਨੇ ਦਲੀਲਾਂ ਸੁਣਨ ਤੋਂ ਬਾਅਦ ਆਪਣਾ ਫੈਸਲਾ ਰੱਖ ਲਿਆ ਤੇ ਮਾਮਲੇ ਨੂੰ ਦੋ ਜੁਲਾਈ ਲਈ ਮੁਲਤਵੀ ਕਰ ਦਿੱਤਾ।

# ਮੋਦੀ ਦੀ ਜੀਵਨੀ ਨਹੀਂ ਬਣੇਗੀ ਸਕੂਲੀ ਪਾਠਕ੍ਰਮ ਦਾ ਹਿੱਸਾ

**ਗਾਂਧੀਨਗਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜਿਉਂਦੇ ਜੀਆਂ ਨੂੰ ਸਕੂਲਾਂ ਦੇ ਪਾਠਕ੍ਰਮ ਦਾ ਹਿੱਸਾ ਬਣਾਏ ਜਾਣ ਦੀ ਪ੍ਰਵਾਨਗੀ ਨਾ ਦੇਣ 'ਤੇ ਭਾਜਪਾ ਦੇ ਸ਼ਾਸਨ ਵਾਲੀਆਂ ਦੋ ਸੂਬਾ ਸਰਕਾਰਾਂ ਗੁਜਰਾਤ ਤੇ ਮੱਧ ਪ੍ਰਦੇਸ਼ ਨੇ ਸਕੂਲਾਂ ਦੇ ਸਿਲੇਬਸ ਵਿਚ ਉਨ੍ਹਾਂ ਦੀ ਜੀਵਨ ਕਹਾਣੀ ਨੂੰ ਸ਼ਾਮਲ ਕਰਨ ਦਾ ਖਿਆਲ ਤਿਆਗ ਦਿੱਤਾ ਹੈ। ਦੋਵਾਂ ਸੂਬਿਆਂ ਦੇ ਸਿੱਖਿਆ ਮੰਤਰੀਆਂ ਨੇ ਤਜਵੀਜ਼ ਪੇਸ਼ ਕੀਤੀ ਸੀ ਕਿ ਮੋਦੀ ਦੇ ਜੀਵਨ ਬਾਰੇ ਪਾਠ ਪੁਸਤਕਾਂ ਵਿਚ ਇਕ ਅਧਿਆਏ ਦੇਣ ਨਾਲ ਵਿਦਿਆਰਥੀਆਂ ਨੂੰ ਪ੍ਰੇਰਣਾ ਮਿਲੇਗੀ, ਪਰ ਪ੍ਰਧਾਨ ਮੰਤਰੀ ਨੇ ਇਸ ਨੂੰ ਪਸੰਦ ਨਹੀਂ ਕੀਤਾ।

ਪ੍ਰਧਾਨ ਮੰਤਰੀ ਨੇ ਟਵਿੱਟਰ 'ਤੇ ਲਿਖਿਆ 'ਮੇਰਾ ਪੱਕਾ ਮੱਤ ਹੈ ਕਿ ਜਿਉਂਦੇ ਵਿਅਕਤੀਆਂ ਦੀ ਜੀਵਨ ਕਹਾਣੀ ਨੂੰ ਜਾਂ ਸੰਘਰਸ਼ਾਂ ਨੂੰ ਸਕੂਲ ਪਾਠਕ੍ਰਮ ਵਿਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ।' ਭੋਪਾਲ ਵਿਚ ਮੱਧ ਪ੍ਰਦੇਸ਼ ਦੇ ਸਕੂਲ ਸਿੱਖਿਆ ਰਾਜ ਮੰਤਰੀ ਦੀਪਕ ਜੋਸ਼ੀ ਨੇ ਦੱਸਿਆ ਕਿ ਸੂਬਾ ਸਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੀਵਨ ਬਾਰੇ ਸਕੂਲ ਪਾਠਕ੍ਰਮ ਵਿਚ ਕੋਈ ਪਾਠ ਸ਼ਾਮਲ ਨਹੀਂ ਕਰੇਗੀ ਕਿਉਂਕਿ ਉਨ੍ਹਾਂ ਨੇ ਟਵਿੱਟਰ 'ਤੇ ਇਸ ਬਾਰੇ ਆਪਣੀ ਇੱਛਾ ਜ਼ਾਹਰ ਕੀਤੀ ਹੈ।

# ਅਫਗਾਨਿਸਤਾਨ 'ਚੋਂ ਅਮਰੀਕੀ ਫੌਜ ਦੀ ਵਾਪਸੀ 2016 ਤਕ ਅੱਗੇ ਪਈ

**ਵਾਸ਼ਿੰਗਟਨ:** ਅਮਰੀਕਾ ਨੇ ਅਫ਼ਗਾਨਿਸਤਾਨ ਵਿਚੋਂ ਆਪਣੀਆਂ ਫੌਜਾਂ 2014 ਦੇ ਅਖੀਰ 'ਤੇ ਵਾਪਸ ਸੱਦਣ ਦੇ ਫੈਸਲੇ ਨੂੰ ਪਲਟਦਿਆਂ ਹੁਣ 2016 ਤੱਕ ਵਾਪਸੀ ਦਾ ਫੈਸਲਾ ਕੀਤਾ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਜਿਹੜਾ ਕੰਮ ਅਸੀਂ ਸ਼ੁਰੂ ਕੀਤਾ ਸੀ, ਉਸ ਨੂੰ ਹੁਣ ਖਤਮ ਕਰ ਰਹੇ ਹਾਂ। 2015 ਦੇ ਸ਼ੁਰੂ ਤੱਕ 32 ਹਜ਼ਾਰ ਅਮਰੀਕੀ ਫੌਜੀਆਂ ਵਿਚੋਂ ਤਕਰੀਬਨ 9800 ਫੌਜੀ ਅਫ਼ਗਾਨਿਸਤਾਨ ਵਿਚ ਰਹਿ ਜਾਣਗੇ। 2014 ਤੋਂ ਬਾਅਦ ਅਫ਼ਗਾਨਿਸਤਾਨ ਵਿਚ ਅਮਰੀਕੀ ਫੌਜਾਂ ਦੀ ਮੌਜੂਦਗੀ ਲਈ ਅਫ਼ਗਾਨਿਸਤਾਨ ਦੇ ਨਵੇਂ ਰਾਸ਼ਟਰਪਤੀ ਵੱਲੋਂ ਦੁਵੱਲਾ ਸੁਰੱਖਿਆ ਸਮਝੌਤਾ ਕਰਨਾ ਪਏਗਾ।


## Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)



# ਆਮ ਆਦਮੀ ਪਾਰਟੀ ਦੀ ਫਿਲਹਾਲ ਅਧੂਰੀ ਕਹਾਣੀ...

**ਭਾਰਤ ਦੇ ਸਿਆਸੀ ਦ੍ਰਿਸ਼ ਉਤੇ ਬਿਲਕੁਲ ਨਵਾਂ ਵਰਤਾਰਾ ਬਣ ਕੇ ਸਾਹਮਣੇ ਆਈ ਆਮ ਆਦਮੀ ਪਾਰਟੀ (ਆਪ) ਨੇ ਸਭ ਤੋਂ ਪਹਿਲਾਂ ਦਿੱਲੀ ਵਿਚ ਆਪਣੀ ਹੋਂਦ ਦਾ ਝੰਡਾ ਗੱਡਿਆ। ਫਿਰ ਲੋਕ ਸਭਾ ਚੋਣਾਂ ਵਿਚ ਦੇਸ਼ ਭਰ ਵਿਚ ਉਮੀਦਵਾਰ ਚੋਣ ਮੈਦਾਨ ਵਿਚ ਨਿਤਾਰੇ, ਪਰ ਜਿੱਤ ਸਿਰਫ ਪੰਜਾਬ ਵਿਚ ਹੀ ਮਿਲ ਸਕੀ। ਸਿਆਸੀ ਪਿੜ ਵਿਚ ਇਹ 'ਆਪ' ਦੀ ਅਜੇ ਅਧੂਰੀ ਕਹਾਣੀ ਹੀ ਹੈ; ਉਂਝ ਵੀ ਪਾਰਟੀ ਨੇ ਅਜੇ ਜਥੇਬੰਦ ਹੋਣਾ ਹੈ। ਇਸ ਤੋਂ ਬਾਅਦ ਇਹ ਅਧੂਰੀ ਕਹਾਣੀ ਸੰਪੂਰਨਤਾ ਵੱਲ ਕਿਸ ਕਦਰ ਵਧਦੀ ਹੈ, ਆਉਣ ਵਾਲਾ ਸਮਾਂ ਹੀ ਦੱਸੇਗਾ।**

# 'ਆਪ' ਵੀ ਧੜੇਬੰਦੀ ਦਾ ਸ਼ਿਕਾਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਸੂਬਾਈ ਲੀਡਰਸ਼ਿਪ ਵਿਚ ਇਨ੍ਹੀਂ ਦਿਨੀਂ ਧੜੇਬੰਦੀ ਜ਼ੋਰਾਂ ਉੱਤੇ ਹੈ। ਕਨਵੀਨਰ ਦੇ ਮਾਮਲੇ ਨੇ ਪਾਰਟੀ ਦੀ ਅੰਦਰੂਨੀ ਫੁੱਟ ਨੂੰ ਬਾਹਰ ਲਿਆ ਦਿੱਤਾ ਹੈ। ਲੋਕ ਸਭਾ ਚੋਣਾਂ ਵਿਚ ਮਿਲੇ ਲੋਕ ਹੁੰਗਾਰੇ ਮਗਰੋਂ ਪਾਰਟੀ ਦੀ ਅਗਵਾਈ ਨੂੰ ਲੈ ਕੇ ਵੀ ਵੱਖ-ਵੱਖ ਧੜੇ ਆਪੋ ਆਪਣੇ ਪੱਧਰ ਉੱਤੇ ਕਾਫ਼ੀ ਸਰਗਰਮ ਹਨ। ਪਾਰਟੀ ਦੀ ਚੋਣ ਪ੍ਰਚਾਰ ਕਮੇਟੀ 30 ਅਪਰੈਲ ਨੂੰ ਭੰਗ ਹੋ ਜਾਣ ਨਾਲ ਪਿਛਲੇ ਇਕ ਮਹੀਨੇ ਤੋਂ ਆਮ ਆਦਮੀ ਪਾਰਟੀ (ਆਪ) ਬਿਨਾਂ ਕਿਸੇ ਲੀਡਰਸ਼ਿਪ ਤੋਂ ਕੰਮ ਕਰਦੀ ਆ ਰਹੀ ਹੈ। ਪਾਰਟੀ ਵਲੰਟੀਅਰ ਵੀ ਜਥੇਬੰਦੀ ਦੀ ਅੰਦਰੂਨੀ ਕਸ਼ਮਕਸ਼ ਤੋਂ ਪ੍ਰੇਸ਼ਾਨ ਹਨ। ਸੂਬੇ ਵਿਚ ਸਰਗਰਮੀ ਨਾਲ ਕੰਮ ਕਰਨ ਵਾਲੇ ਕਈ ਸੀਨੀਅਰ ਵਲੰਟੀਅਰ ਆਪੋ ਆਪਣੇ ਘਰ ਜਾ ਬੈਠੇ ਹਨ।

ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮਾਮਲੇ ਦੇ ਹੱਲ ਲਈ ਸਮੁੱਚੀ ਸੂਬਾਈ ਲੀਡਰਸ਼ਿਪ ਨੂੰ ਦਿੱਲੀ ਬੁਲਾਇਆ ਸੀ ਪਰ ਇਸ ਸਮੱਸਿਆ ਦਾ ਕੋਈ ਹੱਲ ਨਿਕਲਦਾ ਨਹੀਂ ਜਾਪ ਰਿਹਾ। ਐਡਵੋਕੇਟ ਐਚ.ਐਸ ਫੂਲਕਾ ਨੇ ਵੀ ਪਾਰਟੀ ਦੇ ਕੌਮੀ ਕਮੇਟੀ ਮੈਂਬਰ ਤੇ ਪੰਜਾਬ ਦੇ ਆਈ ਟੀ ਇੰਚਾਰਜ ਹਿਮਾਂਸ਼ੂ ਪਾਠਕ ਦੇ ਬਿਆਨ ਨਾਲੋਂ ਨਾਤਾ ਤੋੜਦਿਆਂ ਖੁਦ ਵੀ ਪਾਰਟੀ ਦਾ ਕਨਵੀਨਰ ਬਣਨ ਤੋਂ ਇਨਕਾਰ ਕੀਤਾ ਹੈ। ਲੀਡਰਸ਼ਿਪ ਦੀ ਅੰਦਰੂਨੀ ਲੜਾਈ ਹਿਮਾਂਸ਼ੂ ਪਾਠਕ ਵੱਲੋਂ ਸ. ਫੂਲਕਾ ਬਾਰੇ ਬਿਆਨ ਮਗਰੋਂ ਖੁੱਲ੍ਹ ਕੇ ਬਾਹਰ ਆ ਗਈ। ਸ੍ਰੀ ਪਾਠਕ ਨੇ ਬਿਆਨ ਵਿਚ ਸੂਬੇ ਦੀ ਲੀਡਰਸ਼ਿਪ ਵੱਲੋਂ ਸ. ਫੂਲਕਾ ਨੂੰ ਕਨਵੀਨਰ ਬਣਾਉਣ ਦਾ ਸਰਬਸੰਮਤੀ ਨਾਲ ਮਤਾ ਪਾਉਣ ਤੇ ਇਸ ਨੂੰ ਅਰਵਿੰਦ ਕੇਜਰੀਵਾਲ ਵੱਲੋਂ ਵੀ ਪ੍ਰਵਾਨਗੀ ਦੇਣ ਦੀ ਗੱਲ ਆਖੀ ਗਈ ਸੀ ਪਰ ਸ. ਫੂਲਕਾ ਨੇ ਖ਼ੁਦ ਹੀ ਹਿਮਾਂਸ਼ੂ ਪਾਠਕ ਦੇ ਐਲਾਨ ਨਾਲੋਂ ਨਾਤਾ ਤੋੜ ਲਿਆ। ਉਨ੍ਹਾਂ ਕਿਹਾ ਕਿ ਸ੍ਰੀ ਪਾਠਕ ਨੇ ਉਨ੍ਹਾਂ ਦੇ ਰੋਕਣ ਦੇ ਬਾਵਜੂਦ ਉਕਤ ਜਾਰੀ ਕੀਤੇ ਬਿਆਨ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਖੁਦ ਵੀ ਕਨਵੀਨਰ ਬਣਨਾ ਨਹੀਂ ਚਾਹੁੰਦੇ ਤੇ ਇਸ ਬਾਰੇ ਪਹਿਲਾਂ ਹੀ ਉਹ ਦਿੱਲੀ ਵਿਚ ਅਰਵਿੰਦ ਕੇਜਰੀਵਾਲ ਨੂੰ ਜਵਾਬ ਦੇ ਆਏ ਸਨ। ਉਨ੍ਹਾਂ ਕਿਹਾ ਕਿ ਪਾਰਟੀ ਜਿਸ ਨੂੰ ਵੀ ਕਨਵੀਨਰ ਬਣਾਏਗੀ, ਉਹ ਉਸ ਨੂੰ ਸਵੀਕਾਰ ਕਰਨਗੇ। ਉੱਧਰ, ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪਾਰਟੀ ਦੇ ਸੂਬਾਈ ਆਗੂਆਂ ਨਾਲ ਮੁਲਾਕਾਤ ਕੀਤੀ ਜਿਸ ਵਿਚ ਪੰਜਾਬ ਦੇ ਦੋ ਸੰਸਦ ਮੈਂਬਰ ਭਗਵੰਤ ਮਾਨ ਤੇ ਧਰਮਵੀਰ ਗਾਂਧੀ ਤੋਂ ਇਲਾਵਾ ਹਾਰੇ ਹੋਏ ਉਮੀਦਵਾਰ ਜੋਤੀ ਮਾਨ, ਭਾਈ ਬਲਦੀਪ ਸਿੰਘ, ਯਾਮਿਨੀ ਗੋਮਰ ਤੇ ਜੱਸੀ ਜਸਰਾਜ, ਪ੍ਰੋ. ਮਨਜੀਤ ਸਿੰਘ, ਗੁਲਸ਼ਨ ਛਾਬੜਾ ਵੀ ਸ਼ਾਮਲ ਹੋਏ। ਇਸ ਦੀ ਪੁਸ਼ਟੀ ਕਰਦਿਆਂ ਭਗਵੰਤ ਮਾਨ ਨੇ ਦੱਸਿਆ ਕਿ ਛੇਤੀ ਹੀ ਇਸ ਸਮੱਸਿਆ ਦਾ ਹੱਲ ਕੱਢ ਲਿਆ ਜਾਵੇਗਾ। ਪਤਾ ਲੱਗਾ ਹੈ ਕਿ ਪਾਰਟੀ ਲੀਡਰਸ਼ਿਪ ਕਿਸੇ ਇਕ ਆਗੂ ਨੂੰ ਕਨਵੀਨਰ ਬਣਾਏ ਜਾਣ ਦੀ ਥਾਂ ਕਮੇਟੀ ਪ੍ਰਣਾਲੀ ਰਾਹੀਂ ਸੂਬਾਈ ਇਕਾਈ ਦਾ ਕੰਮ-ਕਾਜ ਚਲਾਉਣ ਦੇ ਰਾਹ ਜਾ ਰਹੀ ਹੈ।




## 'ਆਪ' ਨੂੰ ਸੂਬਾਈ ਪਾਰਟੀ ਵਜੋਂ ਮਾਨਤਾ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਸ਼ਾਨਦਾਰ ਕਾਰਗੁਜ਼ਾਰੀ ਵਿਖਾਉਂਦਿਆਂ ਚਾਰ ਸੀਟਾਂ 'ਤੇ ਜਿੱਤ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਨੂੰ ਚੋਣ ਕਮਿਸ਼ਨ ਨੇ ਪੰਜਾਬ ਵਿਚ ਸੂਬਾਈ ਪਾਰਟੀ ਵਜੋਂ ਮਾਨਤਾ ਦੇ ਦਿੱਤੀ ਹੈ। ਚੋਣ ਕਮਿਸ਼ਨ ਨੇ ਪਾਰਟੀ ਨੂੰ ਦਿੱਤੇ ਪੱਤਰ ਵਿਚ ਦੱਸਿਆ ਹੈ ਕਿ ਵੋਟ ਫੀਸਦੀ ਦੇ ਆਧਾਰ 'ਤੇ ਚੋਣ ਨਿਸ਼ਾਨ ਰਾਖਵਾਂਕਰਨ ਅਤੇ ਅਲਾਟਮੈਂਟ ਆਰਡਰ 1968 ਦੇ ਨਿਯਮਾਂ ਮੁਤਾਬਕ ਹੁਣ ਪੰਜਾਬ ਵਿਚ ਪਾਰਟੀ ਹਰ ਪੱਧਰ ਦੀ ਚੋਣ ਵਿਚ 'ਝਾੜੂ' ਚੋਣ ਨਿਸ਼ਾਨ ਲੈਣ ਦੀ ਹੱਕਦਾਰ ਹੋਵੇਗੀ। ਇਸ ਬਾਰੇ ਪੰਜਾਬ ਸਰਕਾਰ ਨੂੰ ਵੀ ਪੱਤਰ ਭੇਜ ਦਿੱਤਾ ਹੈ। ਦੱਸਣਯੋਗ ਹੈ ਕਿ ਪਾਰਟੀ ਨੇ ਪਟਿਆਲਾ (ਧਰਮਵੀਰ ਗਾਂਧੀ), ਫਰੀਦਕੋਟ (ਸਾਧੂ ਸਿੰਘ), ਫਤਿਹਗੜ੍ਹ ਸਾਹਿਬ (ਹਰਿੰਦਰ ਸਿੰਘ ਖਾਲਸਾ) ਅਤੇ ਸੰਗਰੂਰ (ਭਗਵੰਤ ਮਾਨ) ਤੋਂ ਚੋਣ ਜਿੱਤੀ ਹੈ। ਪਾਰਟੀ ਨੇ ਪੰਜਾਬ ਵਿਚ 24.4 ਫੀਸਦੀ ਵੋਟਾਂ ਹਾਸਲ ਕੀਤੀਆਂ ਹਨ ਅਤੇ ਇਹ ਸੂਬੇ ਦੇ ਕੁੱਲ 117 ਵਿਧਾਨ ਸਭਾ ਹਲਕਿਆਂ ਵਿਚ 33 ਉਤੇ ਅੱਗੇ ਅਤੇ 26 ਹਲਕਿਆਂ ਵਿਚ ਦੂਜਾ ਸਥਾਨ 'ਤੇ ਰਹੀ।

# ਪੰਜਾਬ ਵਿਚ ਪਾਰਟੀ ਦਾ ਸਮੁੱਚਾ ਢਾਂਚਾ ਨਵਿਆਉਣ ਦਾ ਫੈਸਲਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਇਕਾਈ ਦੀ ਕਨਵੀਨਰਸ਼ਿਪ ਨੂੰ ਲੈ ਕੇ ਉੱਠੇ ਵਿਵਾਦ ਨੂੰ ਸ਼ਾਤ ਕਰਨ ਲਈ ਪਾਰਟੀ ਵੱਲੋਂ ਸੂਬੇ ਦੇ ਸਮੁੱਚੇ ਢਾਂਚੇ ਨੂੰ ਨਵਿਆਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਕਾਰਜ ਲਈ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੂੰ ਪੰਜਾਬ ਦਾ ਨਿਗਰਾਨ ਲਗਾਇਆ ਹੈ। ਉਹ ਸੰਸਦ ਦੇ 11 ਜੂਨ ਨੂੰ ਖਤਮ ਹੋਣ ਵਾਲੇ ਇਜਲਾਸ ਮਗਰੋਂ ਤਿੰਨ ਦਿਨਾਂ ਲਈ ਪੰਜਾਬ ਆਉਣਗੇ ਤੇ ਸੂਬਾਈ ਆਗੂਆਂ ਅਤੇ ਵਲੰਟੀਅਰਾਂ ਦੇ ਵਿਚਾਰ ਹਾਸਲ ਕਰਕੇ ਕੇਂਦਰੀ ਲੀਡਰਸ਼ਿਪ ਨੂੰ ਆਪਣੀ ਰਿਪੋਰਟ ਦੇਣਗੇ।

ਪਾਰਟੀ ਦੇ ਹਲਕਿਆਂ ਮੁਤਾਬਕ ਇਸ ਮੌਕੇ ਪਾਰਟੀ ਦੀਆਂ ਸੂਬੇ ਵਿਚਲੀਆਂ ਪਹਿਲਾਂ ਬਣਾਈਆਂ ਹੋਈਆਂ ਸਾਰੀਆਂ ਕਮੇਟੀਆਂ ਨੂੰ ਭੰਗ ਕਰਨ ਉੱਤੇ ਵੀ ਸਹਿਮਤੀ ਹੋ ਗਈ ਹੈ। ਦਿੱਲੀ ਵਿਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਹੋਈ ਮੀਟਿੰਗ ਵਿਚ ਪਾਰਟੀ ਦੇ ਦੋ ਸੰਸਦ ਮੈਂਬਰਾਂ ਭਗਵੰਤ ਮਾਨ ਤੇ ਡਾ ਧਰਮਵੀਰ ਗਾਂਧੀ ਤੋਂ ਇਲਾਵਾ ਪਾਰਟੀ ਦੇ ਹਾਰੇ ਹੋਏ ਉਮੀਦਵਾਰ ਡਾ. ਦਲਜੀਤ ਸਿੰਘ, ਭਾਈ ਬਲਦੀਪ ਸਿੰਘ, ਜੋਤੀ ਮਾਨ, ਯਾਮਿਨੀ ਗੋਮਰ, ਐਡਵੋਕੇਟ ਹਿੰਮਤ ਸਿੰਘ ਸ਼ੇਰਗਿੱਲ, ਜੱਸੀ ਜਸਰਾਜ ਵੀ ਹਾਜ਼ਰ ਸਨ। ਇਸ ਮੌਕੇ ਪਾਰਟੀ ਦੀ ਭੰਗ ਕੀਤੀ ਗਈ ਸੂਬਾਈ ਕਮੇਟੀ ਦੇ ਆਗੂਆਂ ਪ੍ਰੋ. ਮਨਜੀਤ ਸਿੰਘ ਤੇ ਗੁਲਸ਼ਨ ਛਾਬੜਾ ਨੇ ਵੀ ਮੀਟਿੰਗ ਵਿਚ ਸ਼ਮੂਲੀਅਤ ਕੀਤੀ।

ਸ੍ਰੀ ਕੇਜਰੀਵਾਲ ਨੇ ਪਾਰਟੀ ਦੀ ਕਨਵੀਨਰੀ ਨੂੰ ਲੈ ਕੇ ਵਾਪਰੀਆਂ ਘਟਨਾਵਾਂ ਨੂੰ ਪਾਰਟੀ ਲਈ ਮੰਦਭਾਗਾ ਦੱਸਿਆ ਤੇ ਸਾਰੇ ਆਗੂਆਂ ਨੂੰ ਜਥੇਬੰਦਕ ਢਾਂਚੇ ਬਾਰੇ ਮੀਡੀਆ ਵਿਚ ਕੋਈ ਵੀ ਬਿਆਨ ਨਾ ਦੇਣ ਦੀ ਨਸੀਹਤ ਕੀਤੀ। ਫੈਸਲਾ ਕੀਤਾ ਗਿਆ ਕਿ ਪਾਰਟੀ ਦੇ ਸਮੁੱਚੇ ਢਾਂਚੇ ਦੀ ਉਸਾਰੀ ਦਾ ਕੰਮ ਹੁਣ ਹੇਠਲੇ ਪੱਧਰ ਤੋਂ ਆਰੰਭ ਕੀਤਾ ਜਾਵੇਗਾ, ਜਿਸ ਤਹਿਤ ਪਹਿਲਾਂ ਪਿੰਡ, ਬੂਥ ਅਤੇ ਵਾਰਡ ਪੱਧਰ ਉੱਤੇ ਇੰਚਾਰਜਾਂ ਦੀ ਚੋਣ ਕੀਤੀ ਜਾਵੇਗੀ, ਜਿਸ ਮਗਰੋਂ ਸਰਕਲ, ਬਲਾਕ, ਜ਼ਿਲ੍ਹਾ ਅਤੇ ਫਿਰ ਸੂਬਾ ਪੱਧਰ ਦਾ ਢਾਂਚਾ ਉਸਾਰਿਆ ਜਾਵੇਗਾ। ਇੰਚਾਰਜਾਂ ਦੀ ਚੋਣ ਪਾਰਟੀ ਲਈ ਲੋਕ ਸਭਾ ਚੋਣਾਂ ਵਿਚ ਕੀਤੇ ਗਏ ਕੰਮ ਦੇ ਆਧਾਰ ਉੱਤੇ ਹੋਵੇਗੀ। ਇੰਚਾਰਜਾਂ ਨੂੰ ਆਪਣੇ ਨਾਲ ਬਾਕੀ ਮੈਂਬਰ ਨਿਯੁਕਤ ਕਰਨ ਦਾ ਅਧਿਕਾਰ ਦਿੱਤਾ ਜਾਵੇਗਾ। ਅਜਿਹੇ ਢਾਂਚੇ ਦੀ ਚੋਣ ਬਾਰੇ ਮਨੀਸ਼ ਸਿਸੋਦੀਆ ਸੂਬੇ ਦੇ ਤਿੰਨ ਦਿਨਾਂ ਦੌਰੇ ਦੌਰਾਨ ਸਾਰੇ ਜ਼ਿਲ੍ਹਿਆਂ ਵਿਚ ਪਾਰਟੀ ਵਲੰਟੀਅਰਾਂ ਨਾਲ ਮੀਟਿੰਗਾਂ ਕਰਨਗੇ।



# ਆਮ ਆਦਮੀ ਪਾਰਟੀ ਨਕਸਲੀ ਪਿਛੋਕੜ ਵਾਲੀ: ਕੈਪਟਨ ਅਮਰਿੰਦਰ

**ਪਟਿਆਲਾ:** ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਨਕਸਲੀ ਪਿਛੋਕੜ ਵਾਲੀ ਪਾਰਟੀ ਹੈ ਜਿਸ ਕਰਕੇ ਲੋਕਾਂ, ਖਾਸ ਕਰਕੇ ਨੌਜਵਾਨ ਵਰਗ ਦਾ ਏਸ ਨਾਲ ਜੁੜਨਾ ਸਮਾਜ ਲਈ ਘਾਤਕ ਹੈ।

ਲੋਕ ਸਭਾ ਮੈਂਬਰ ਚੁਣੇ ਜਾਣ ਤੋਂ ਬਾਅਦ ਪਹਿਲੀ ਵਾਰ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਪ੍ਰੇਮ ਕ੍ਰਿਸ਼ਨ ਪੁਰੀ ਦੀ ਅਗਵਾਈ ਹੇਠ ਅਮਰ ਆਸ਼ਰਮ ਵਿਚ ਰੱਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਲਹਿਰ ਵਿਚੋਂ ਉੱਭਰੀ ਕੋਈ ਵੀ ਧਿਰ ਬਹੁਤੀ ਦੇਰ ਤੱਕ ਪੱਕੇ ਤੌਰ 'ਤੇ ਨਹੀਂ ਉਭਰ ਸਕਦੀ, ਸਥਿਰ ਨਹੀਂ ਰਹਿ ਸਕਦੀ। 'ਆਪ' ਨੂੰ ਵੀ ਇਸੇ ਕੜੀ ਦਾ ਹਿੱਸਾ ਗਰਦਾਨਦਿਆਂ, ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਆਖਿਆ ਕਿ ਇਸ ਦੇ ਬਹੁਤੇ ਆਗੂਆਂ ਦੀ ਸੀ.ਪੀ.ਐਮ ( ਐਲ) ਦੇ ਨਾਲ ਸਾਂਝ ਰਹੀ ਹੈ। ਇਸ ਬਾਰੇ ਉਨ੍ਹਾਂ ਨੇ ਬਾਕਾਇਦਾ ਪਟਿਆਲਾ ਤੋਂ ਐਮ.ਪੀ ਬਣੇ ਡਾਕਟਰ ਧਰਮਵੀਰ ਗਾਂਧੀ ਤੇ ਫਰੀਦਕੋਟ ਦੇ ਐਮ.ਪੀ ਪ੍ਰੋ. ਸਾਧੂ ਸਿੰਘ ਦਾ ਉਚੇਚਾ ਜ਼ਿਕਰ ਵੀ ਕੀਤਾ ਤੇ ਕਿਹਾ ਕਿ ਇਹ ਦੋਵੇਂ ਭਾਵੇਂ ਕਿ ਸਤਿਕਾਰਯੋਗ ਹਨ, ਪਰ ਦੋਵਾਂ ਦੀ ਪਹਿਲਾਂ ਸੀ.ਪੀ.ਐਮ (ਐਲ) ਨਾਲ ਸਾਂਝ ਰਹੀ ਹੈ। ਉਨ੍ਹਾਂ ਕਿਹਾ ਕਿ ਵਧੀਆ ਸੋਚ ਇਹੀ ਹੈ ਕਿ



ਲੋਕ ਸਥਿਰ ਪਾਰਟੀ ਨਾਲ ਜੁੜਨ। ਲੋਕਾਂ ਨੇ ਭਾਵੇਂ 'ਆਪ' ਦੇ ਚਾਰ ਉਮੀਦਵਾਰ ਜਿਤਾ ਵੀ ਦਿੱਤੇ, ਪਰ ਲੋਕ ਸਭਾ ਵਿਚ ਮਜ਼ਬੂਤ ਆਧਾਰ ਨਾ ਹੋਣ ਕਰਕੇ ਇਸ ਦਾ ਪੰਜਾਬ ਦੇ ਲੋਕਾਂ ਨੂੰ ਬਹੁਤਾ ਫਾਇਦਾ ਨਹੀਂ ਹੋਣਾ। ਇਸ ਬਾਰੇ ਉਨ੍ਹਾਂ ਨੇ ਅਕਾਲੀ ਦਲ (ਅ) ਦੀ ਉਦਾਹਰਨ ਦਿੰਦਿਆਂ ਕਿਹਾ ਕਿ ਲੋਕਾਂ ਨੇ ਸ੍ਰੀ ਸਿਮਰਨਜੀਤ ਸਿੰਘ ਮਾਨ ਨੂੰ ਰਿਕਾਰਡ ਵੋਟਾਂ ਨਾਲ ਜਿਤਾ ਕੇ ਭੇਜਿਆ ਸੀ, ਪਰ ਉਹ ਉਥੇ ਜਾ ਕੇ ਤਲਵਾਰ ਦੇ ਮਾਮਲੇ ਵਿਚ ਹੀ ਉਲਝ ਕੇ ਰਹਿ ਗਏ। ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਦੀਆਂ ਦੋਵੇਂ ਪ੍ਰਮੁੱਖ ਧਿਰਾਂ ਆਪਸ ਵਿਚ ਕੱਟੜ ਵਿਰੋਧੀ ਹੋਣ ਦੇ ਬਾਵਜੂਦ ਕਿਸੇ ਤੀਜੀ ਧਿਰ ਨੂੰ ਕੋਸ ਰਹੀਆਂ ਹਨ। ਹਾਲ ਹੀ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ 'ਆਪ' ਦਾ ਕੋਈ ਆਧਾਰ ਨਾ ਹਣ ਦੀ ਗੱਲ ਕਰਕੇ ਹਟੇ ਹਨ।

ਉਨ੍ਹਾਂ ਦੁਹਰਾਇਆ ਕਿ 'ਆਪ' ਦੇ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਤੇ ਪ੍ਰੋ. ਸਾਧੂ ਸਿੰਘ 1960 ਦੇ ਦਹਾਕੇ ਦੌਰਾਨ ਉੱਠੀ ਨਕਸਲਵਾਦੀ ਲਹਿਰ ਵਿਚ ਸਰਗਰਮ ਸਨ। ਉਨ੍ਹਾਂ ਨੇ 'ਆਪ' ਨੂੰ ਚੁਣੌਤੀ ਦਿੱਤੀ ਕਿ ਜੇਕਰ ਇਹ ਗੱਲ ਸਹੀ ਨਹੀਂ ਹੈ ਤਾਂ ਪਾਰਟੀ ਇਨ੍ਹਾਂ ਆਗੂਆਂ ਦੀ ਅੰਦੋਲਨ ਵਿਚ ਸ਼ਮੂਲੀਅਤ ਨਾ ਹੋਣ ਦੀ ਗੱਲ ਨੂੰ ਨਕਾਰੇ। ਸਾਬਕਾ ਮੁੱਖ ਮੰਤਰੀ ਨੇ ਸਪੱਸ਼ਟ ਕਿਹਾ ਹੈ ਕਿ ਉਨ੍ਹਾਂ ਨੇ ਅੰਮ੍ਰਿਤਸਰ ਦੇ ਡਾ. ਦਲਜੀਤ ਸਿੰਘ ਨੂੰ ਨਕਸਲੀ ਨਹੀਂ ਕਿਹਾ। ਪਟਿਆਲਾ ਤੋਂ ਐਮ.ਪੀ. ਡਾ. ਧਰਮਵੀਰ ਗਾਂਧੀ ਤੇ ਫ਼ਰੀਦਕੋਟ ਤੋਂ ਐਮ.ਪੀ. ਪ੍ਰੋ. ਸਾਧੂ ਸਿੰਘ ਸਮੇਤ ਹੁਣ ਪਟਿਆਲਾ ਵਿਧਾਨ ਸਭਾ ਸੀਟ ਤੋਂ ਜ਼ਿਮਨੀ ਚੋਣ ਲੜਨ ਦੀ ਯੋਜਨਾ ਬਣਾ ਰਹੇ ਡਾ. ਬਲਬੀਰ ਸਿੰਘ ਵੀ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਵਾਦੀ-ਲੈਨਿਨਵਾਦੀ) ਦੀਆਂ ਗਤੀਵਿਧੀਆਂ ਵਿਚ ਸ਼ਾਮਲ ਸਨ। ਉਹ ਜਾਣਕਾਰੀ ਇਕੱਤਰ ਕਰ ਰਹੇ ਹਨ ਤੇ ਜਲਦੀ ਹੋਰ ਖੁਲਾਸੇ ਵੀ ਕਰਨਗੇ। ਇਹ ਲੋਕ ਸੂਬੇ ਦੇ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਗਲਤ ਰਾਹ ਤੋਰਨ ਦਾ ਯਤਨ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਲੋਕ ਸਭਾ ਵਿਚ ਉਹ ਨਸ਼ਿਆਂ ਦਾ ਮਾਮਲਾ ਪ੍ਰਮੁੱਖਤਾ ਨਾਲ ਉਭਾਰਨਗੇ। ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਅਸਤੀਫੇ ਦੇ ਮਾਮਲੇ 'ਤੇ ਉਨ੍ਹਾਂ ਨੇ ਕਿਹਾ ਕਿ ਪਾਰਟੀ ਦੀ ਹੋਈ ਹਾਰ ਦੀ ਜ਼ਿੰਮੇਵਾਰੀ ਕਬੂਲਦਿਆਂ, ਉਨ੍ਹਾਂ ਨੂੰ ਨੈਤਿਕਤਾ ਦੇ ਆਧਾਰ 'ਤੇ ਅਸਤੀਫਾ ਦੇਣਾ ਚਾਹੀਦਾ ਹੈ। ਇਸੇ ਦੌਰਾਨ ਉਨ੍ਹਾਂ ਨੇ ਲੋਕਾਂ ਨੂੰ ਉਪ ਚੋਣ ਲਈ ਕਮਰਕਸੇ ਕਰਨ ਦਾ ਸੱਦਾ ਵੀ ਦਿੱਤਾ। ਹਾਰ ਤੋਂ ਬਾਅਦ ਸ੍ਰੀਮਤੀ ਪਰਨੀਤ ਕੌਰ ਵੀ ਸਿੱਧੇ ਤੌਰ 'ਤੇ ਪਹਿਲੀ ਵਾਰ ਲੋਕਾਂ ਦੇ ਸਨਮੁਖ ਹੋਏ।

## ਕੈਪਟਨ ਆਪਣਾ ਬਿਆਨ ਵਾਪਸ ਲਵੇ: 'ਆਪ'

'ਆਪ' ਆਗੂ ਪ੍ਰੋ. ਮਨਜੀਤ ਸਿੰਘ ਨੇ ਕਿਹਾ ਹੈ ਕਿ ਅਜਿਹੀ ਬਿਆਨਬਾਜ਼ੀ ਕਰ ਕੇ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਉਨ੍ਹਾਂ ਲੱਖਾਂ ਲੋਕਾਂ ਦੇ ਜਜ਼ਬਾਤ ਨੂੰ ਠੇਸ ਪਹੁੰਚਾਈ ਹੈ ਜਿਨ੍ਹਾਂ ਨੇ ਇਨ੍ਹਾਂ ਉਮੀਦਵਾਰਾਂ ਨੂੰ ਜਿਤਾ ਕੇ ਲੋਕ ਸਭਾ ਵਿਚ ਭੇਜਿਆ ਹੈ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਬਿਆਨ ਵਾਪਸ ਲੈਣ ਅਤੇ ਮੁਆਫ਼ੀ ਮੰਗਣ ਲਈ ਕਿਹਾ ਹੈ। ਉਧਰ, ਮਨਜੀਤ ਸਿੰਘ ਦੇ ਬਿਆਨ ਦਾ ਮੋੜਵਾਂ ਜਵਾਬ ਦਿੰਦਿਆਂ ਕੈਪਟਨ ਨੇ ਬਾਕਾਇਦਾ ਲਿਖਤੀ ਬਿਆਨ ਜਾਰੀ ਕਰਦਿਆਂ ਦੁਹਰਾਇਆ ਕਿ 'ਆਪ' ਦੇ ਇਹ ਦੋਵੇਂ ਆਗੂ ਨਕਸਲੀ ਲਹਿਰ ਵਿਚ ਸਰਗਰਮ ਰਹੇ ਹਨ।

## ਕੈਪਟਨ ਤੋਂ ਸਰਟੀਫਿਕੇਟ ਦੀ ਲੋੜ ਨਹੀਂ: ਗਾਂਧੀ

ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪ ਦੇ ਦੋ ਸੰਸਦ ਮੈਂਬਰਾਂ ਸਮੇਤ ਤਿੰਨ ਆਗੂਆਂ ਨੂੰ ਨਕਸਲੀ ਕਹਿਣ ਦਾ ਨੋਟਿਸ ਲੈਂਦਿਆਂ, ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੇ ਕਿਹਾ ਕਿ ਇਹ ਅਮਰਿੰਦਰ ਸਿੰਘ ਦੀ ਬੁਖਲਾਹਟ ਦੀ ਨਿਸ਼ਾਨੀ ਹੈ ਕਿਉਂਕਿ ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ ਨੂੰ ਉਨ੍ਹਾਂ ਕੋਲੋਂ ਹਾਰ ਮਿਲੀ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕੈਪਟਨ ਤੋਂ ਕਿਸੇ ਸਰਟੀਫਿਕੇਟ ਦੀ ਲੋੜ ਨਹੀਂ। ਉਂਝ ਵੀ ਕੈਪਟਨ ਅਮਰਿੰਦਰ ਸਿੰਘ ਅਜਿਹੀ ਬੇਤੁਕੀ ਬਿਆਨਬਾਜ਼ੀ ਕਰਨ ਦੇ ਆਦੀ ਹਨ ਅਤੇ ਗੈਰ-ਜ਼ਿੰਮੇਵਾਰ ਸ਼ਖਸ਼ ਹਨ।

# 84 ਦੇ ਘੱਲੂਘਾਰੇ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ

**ਐਲ ਸਬਰਾਂਟੇ (ਬਿਊਰੋ):** ਲੰਘੇ ਐਤਵਾਰ ਗੁਰਦੁਆਰਾ ਐਲ ਸਬਰਾਂਟੇ ਵਿਖੇ 'ਇੰਟਰਨੈਸ਼ਨਲ ਸਿੱਖ ਸਾਹਿਤ ਸਭਾ' ਵਲੋਂ ਜੂਨ 1984 ਦੇ ਸਮੂਹ ਕੌਮੀ ਸ਼ਹੀਦਾਂ ਦੀ ਯਾਦ ਵਿਚ ਅਤੇ 1947 ਤੋਂ ਲੈ ਕੇ ਹੁਣ ਤੱਕ ਹਿੰਦੋਸਤਾਨ 'ਚ ਜ਼ੁਲਮ ਦਾ ਸ਼ਿਕਾਰ ਹੋਏ ਸਿੱਖਾਂ ਨੂੰ ਸਮਰਪਿਤ ਇੱਕ ਸ਼ਹੀਦੀ ਕਵੀ ਦਰਬਾਰ ਕਰਵਾਇਆ ਗਿਆ।



ਗੁਰੂ ਘਰ ਦੀ ਪ੍ਰਧਾਨ ਬੀਬੀ ਇੰਦਰਜੀਤ ਕੌਰ ਨੇ ਕਵੀਆਂ ਨੂੰ ਜੀ ਆਇਆਂ ਕਹਿੰਦਿਆਂ ਸਟੇਜ 'ਕਵੀ ਸਭਾ' ਨੂੰ ਸੌਂਪੀ ਅਤੇ ਕਵੀ ਦਰਬਾਰ ਦੇ ਪ੍ਰੋਗਰਾਮ ਦੀ ਸ਼ੁਰੂਆਤ ਸਭਾ ਦੇ ਫਾਊਂਡਰ ਭਾਈ ਪਰਮਜੀਤ ਸਿੰਘ ਦਾਖਾ ਨੇ ਕੀਤੀ। ਉਪਰੰਤ ਸਟੇਜ ਸੰਭਾਲਦਿਆਂ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਆਪਣੀ ਰਚਨਾ 'ਸਾਲ 84 ਦਾ' ਸੰਗਤ ਨਾਲ ਸਾਂਝੀ ਕੀਤੀ। ਅਵਤਾਰ ਸਿੰਘ ਮਿਸ਼ਨਰੀ ਨੇ ਗੁਰਸਿੱਖ ਇਤਿਹਾਸ ਨਾਲ ਸਬੰਧਤ ਗੁਰੂ ਘਰਾਂ ਵਿਚ ਕਵੀ ਦਰਬਾਰਾਂ ਦੀ ਪਰੰਪਰਾ ਸਬੰਧੀ ਵਿਚਾਰ ਸਾਂਝੇ ਕੀਤੇ। ਸੁਖਵਿੰਦਰ ਸਿੰਘ ਤਲਵੰਡੀ ਨੇ ਆਪਣੇ ਸ਼ੇਅਰ ਸੁਣਾਏ। ਗੁਰਮੀਤ ਸਿੰਘ ਬਰਸਾਲ ਨੇ ਆਪਣੀ ਕਵਿਤਾ 'ਸਬਰ ਬਨਾਮ ਜਬਰ' ਪੇਸ਼ ਕੀਤੀ। ਦਵਿੰਦਰਪਾਲ ਸਿੰਘ ਭੱਟੀ ਨੇ ਆਪਣੀ ਰਚਨਾ ਗਾ ਕੇ ਹਾਜ਼ਰੀਨ ਨੂੰ ਸੰਵੇਦਨਸ਼ੀਲ ਬਣਾ ਦਿੱਤਾ। ਸੁਖਮਿੰਦਰ ਸਿੰਘ ਕੰਗਨੇ ਵਲੋਂ 'ਅੱਖੀਂ ਡਿੱਠਾ 84 ਦਾ ਹਾਲ' ਅਤੇ 'ਬਾਜਾਂ ਵਾਲੇ ਨੂੰ ਪੁਕਾਰ' ਗੀਤ ਪੇਸ਼ ਕੀਤਾ।

ਭਾਈ ਪਰਮਜੀਤ ਸਿੰਘ ਦਾਖਾ ਨੇ ਜੋਸ਼ੀਲੇ ਵਿਚਾਰ ਅਤੇ ਸ਼ੇਅਰ ਸੰਗਤਾਂ ਨਾਲ ਸਾਂਝੇ ਕੀਤੇ। ਸੰਗਤਾਂ ਜੋਸ਼ ਵਿਚ ਆ ਕੇ ਜੈਕਾਰੇ ਛੱਡ ਰਹੀਆਂ ਸਨ। ਕਵੀਜਨਾਂ ਨੂੰ ਗੁਰੂ ਘਰ ਦੀ ਤਰਫੋਂ ਕਥਾਵਾਚਕ ਭਾਈ ਪਰਮਜੀਤ ਸਿੰਘ ਨੇ ਸਿਰੋਪਾਓ ਦੀ ਬਖਸ਼ਿਸ਼ ਕੀਤੀ।

ਐਲ ਸਬਰਾਂਟੇ ਗੁਰਦੁਆਰਾ ਪ੍ਰਬੰਧਕ ਕਮੇਟੀ, ਇੰਟਰਨੈਸ਼ਨਲ ਸਿੱਖ ਸਾਹਿਤ ਸਭਾ, ਵਰਲਡ ਸਿੱਖ ਕੌਂਸਲ, ਦਲ ਖਾਲਸਾ ਅਲਾਇੰਸ, ਕੌਂਸਲ ਆਫ ਖਾਲਸਤਾਨ, ਦਾ ਸਿੱਖ ਐਜੂਕੇਸ਼ਨਲ ਟਰੱਸਟ ਕੈਨੇਡਾ, ਇੰਟਰਨੈਸ਼ਨਲ ਗਦਰ ਮੈਮੋਰੀਅਲ ਟਰੱਸਟ, ਬੇ-ਏਰੀਆ ਸਿੱਖ ਅਲਾਇੰਸ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ, ਗੋਲਡਨ ਪੰਜਾਬ ਕੱਲਬ-ਯੂ ਐਸ ਏ, ਵਰਲਡ ਸਿੱਖ ਫੈਡਰੇਸ਼ਨ, ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਯੂ ਐਸ ਏ ਆਦਿ ਪੰਥਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਜੂਨ 84 ਨੂੰ ਸਮਰਪਿਤ ਵਰਲਡ ਸਿੱਖ ਕੌਂਸਲ ਵਲੋਂ ਤਿਆਰ ਕੀਤਾ ਬਰਾਊਸ਼ਰ ਅਤੇ ਦਲ ਖਾਲਸਾ ਅਲਾਇੰਸ ਵਲੋਂ ਤਿਆਰ ਕੀਤੇ ਦੋ ਪੋਸਟਰ ਸਾਂਝੇ ਤੌਰ 'ਤੇ ਜਾਰੀ ਕੀਤੇ। ਉਪਰੰਤ 1984 ਨਾਲ ਸਬਧੰਤ ਸਾਹਿਤ ਸੰਗਤਾਂ ਨੂੰ ਮੁਫਤ ਵੰਡਿਆ ਗਿਆ। ਸਪਾਂਸਰਾਂ ਵਿਚ ਜੇ ਐਂਡ ਜੇ ਸਿੰਘ ਢਿਲੋਂ-ਬਰਕਲੇ, ਡਾ. ਦਲਜੀਤ ਸਿੰਘ ਮਾਛੀਵਾੜਾ, ਹਰਜੋਤਪਾਲ ਸਿੰਘ ਢਿਲੋਂ, ਸੁਦੇਸ਼ ਸਿੰਘ ਅਟਵਾਲ, ਦਰਸ਼ਨ ਸਿੰਘ ਔਜਲਾ, ਸੁਖਵਿੰਦਰ ਸਿੰਘ ਤਲਵੰਡੀ ਅਤੇ ਅਜੀਤ ਸਿੰਘ ਦਾਖਾ ਦੇ ਨਾਂ ਸ਼ਾਮਲ ਹਨ। ਹੋਰ ਜਾਣਕਾਰੀ ਲਈ ਭਾਈ ਪਰਮਜੀਤ ਸਿੰਘ ਦਾਖਾ ਫੋਨ 510-774-5909 ਅਤੇ ਸ. ਢੀਂਡਸਾ ਫੋਨ 510-676-4440 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਕੰਨਿਆ ਦੀ ਲੋੜ

ਸੈਣੀ ਵੈਸ਼ਨੂੰ, ਉਮਰ 25 ਸਾਲ, ਕੱਦ 5'-9" ਕੈਨੇਡੀਅਨ ਲੜਕੇ ਲਈ ਅਮਰੀਕਾ ਵਿਚ ਪੱਕੇ ਤੌਰ 'ਤੇ ਰਹਿ ਰਹੀ ਯੋਗ ਲੜਕੀ ਚਾਹੀਦੀ ਹੈ। ਸੰਪਰਕ ਕਰੋ: 443-889-2177

*21 to 24*

### ਵਰ ਦੀ ਲੋੜ

ਵਿਜ਼ਿਟਰ ਵੀਜ਼ੇ 'ਤੇ ਆਈ ਜੱਟ ਸਿੱਖ, ਉਮਰ 35 ਸਾਲ, ਕੱਦ 5'-5" ਕੁਆਰੀ ਲੜਕੀ ਲਈ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 510-305-4271, ਈਮੇਲ: dhaliwalrupinder18@yahoo.com

*20 to 23*

# ਗੁਰਦੁਆਰਾ ਅਨੰਦਗੜ ਸਾਹਿਬ 'ਚ ਸ਼ਹੀਦੀ ਸਮਾਗਮ

**ਫਰਿਜ਼ਨੋ (ਬਿਊਰੋ):** ਗੁਰਦੁਆਰਾ ਅਨੰਦਗੜ ਸਾਹਿਬ-ਕਰਮਨ ਵਿਚ ਸ਼ਹੀਦਾਂ ਦੇ ਸਿਰਤਾਜ ਅਤੇ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਅਤੇ ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਵਿਸ਼ੇਸ਼ ਸਮਾਗਮ ਕੀਤਾ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਭਾਈ ਹਰਪ੍ਰੀਤ ਸਿੰਘ ਦੇ ਜਥੇ ਨੇ ਗੁਰੂ ਸਾਹਿਬ ਦੀ ਜ਼ਿੰਦਗੀ ਉਤੇ ਸੰਖੇਪ ਵਿਆਖਿਆ ਕਰਦਿਆਂ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸ ਪਿਛੋਂ ਪ੍ਰਿੰਸੀਪਲ ਡਾ. ਦਵਿੰਦਰ ਕੌਰ ਸਿੱਧੂ ਨੇ ਆਪਣੀ ਤਕਰੀਰ ਵਿਚ ਗੁਰੂ ਜੀ ਦੀ ਜ਼ਿੰਦਗੀ ਅਤੇ ਸ਼ਹਾਦਤ ਨੂੰ ਵਿਰਾਗਮਈ ਢੰਗ ਨਾਲ ਸੰਗਤਾਂ ਦੇ ਸਨਮੁੱਖ ਰੱਖਦਿਆਂ ਕਿਹਾ ਕਿ ਸਾਨੂੰ ਆਪਣੇ ਧਰਮ ਅਤੇ ਉਸ ਦੇ ਸਿਧਾਤਾਂ ਦੇ ਅਨੁਸਾਰ ਚਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣਾ ਚਾਹੀਦਾ ਹੈ। ਉਨ੍ਹਾਂ ਧਰਮ ਦੀ ਰੱਖਿਆ ਲਈ ਜੂਨ 1984 ਵਿਚ ਸਿੱਖਾਂ ਵਲੋਂ ਦਿੱਤੀਆਂ ਸ਼ਹਾਦਤਾਂ ਅਤੇ ਉਨ੍ਹਾਂ ਦੀ ਬਹਾਦਰੀ ਦਾ ਜ਼ਿਕਰ ਵੀ ਕੀਤਾ।



ਸਮਾਗਮ ਦੌਰਾਨ ਪੰਜਾਬੀ ਸਕੂਲ ਦੇ ਧਾਰਮਿਕ ਸਿੱਖਿਆ ਵਾਲੇ ਬੱਚਿਆਂ ਨੇ ਵੱਖ-ਵੱਖ ਉਮਰ ਦੇ ਗਰੁਪਾਂ ਵਿਚ ਗੁਰਬਾਣੀ ਕੀਰਤਨ ਅਤੇ ਸ਼ਬਦ ਗਾਇਨ ਕੀਤੇ। ਗੁਰੂਘਰ ਦੇ ਸਕੱਤਰ ਗੁਰਤੇਜ ਸਿੰਘ ਧਾਲੀਵਾਲ ਨੇ ਸਿੱਖਾਂ ਦੀਆਂ ਲਾਸਾਨੀ ਕੁਰਬਾਨੀਆਂ ਦੀ ਗੱਲ ਕੀਤੀ। ਕੁਲਦੀਪ ਸਿੰਘ ਕਾਲੇਕਾ ਨੇ ਅਜਿਹੇ ਸਾਰੇ ਧਾਰਮਿਕ ਰਲ ਕੇ ਮਨਾਉਣ ਲਈ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ। ਫਰਿਜ਼ਨੋ ਕਾਊਂਟੀ ਤੋਂ ਆਪਣੀ ਚੋਣ ਮੁਹਿੰਮ ਦਾ ਪ੍ਰਚਾਰ ਕਰਨ ਆਏ ਮਿਸਟਰ ਚਾਰਲਸ ਮੁਗੇਲ ਨੇ ਆਪਣੇ ਚੋਣ ਮੁੱਦਿਆਂ ਦੀ ਗੱਲ ਕਰਦਿਆਂ ਸਮੁੱਚੇ ਭਾਈਚਾਰੇ ਦੇ ਹੱਕਾਂ ਦੀ ਰਾਖੀ ਦੀ ਗੱਲ ਕੀਤੀ।

# ਕਿਸਾਨੀ ਨੂੰ ਲਾਹੇਵੰਦ ਬਣਾਉਣ ਦੇ ਹੋਣਗੇ ਯਤਨ: ਹਰਸਿਮਰਤ

**ਅੰਮ੍ਰਿਤਸਰ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਆਖਿਆ ਕਿ ਕਿਸਾਨੀ ਧੰਦੇ ਨੂੰ ਲਾਹੇਵੰਦ ਬਣਾਉਣ ਲਈ ਸੂਬੇ ਵਿਚ ਫੂਡ ਪ੍ਰੋਸੈਸਿੰਗ ਸਨਅਤ ਨੂੰ ਉਤਸ਼ਾਹਿਤ ਕੀਤਾ ਜਾਵੇਗਾ, ਜਿਸ ਨਾਲ ਫਸਲੀ ਵਿਭਿੰਨਤਾ ਲਿਆਉਣ ਵਿਚ ਵੀ ਮਦਦ ਮਿਲੇਗੀ। ਸ੍ਰੀਮਤੀ ਬਾਦਲ ਇਥੇ ਨਵੀਂ ਬਣੀ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵਿਚ ਫੂਡ ਪ੍ਰੋਸੈਸਿੰਗ ਮੰਤਰੀ ਬਣਨ ਮਗਰੋਂ ਸ਼ੁਕਰਾਨੇ ਲਈ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਆਏ ਸਨ। ਇਸ ਮੌਕੇ ਉਨ੍ਹਾਂ ਆਖਿਆ ਕਿ ਉਹ ਸੂਬੇ ਵਿਚ ਆਪਣੇ ਮੰਤਰਾਲੇ ਦੀ ਮਦਦ ਨਾਲ ਫੂਡ ਪ੍ਰੋਸੈਸਿੰਗ ਸਨਅਤ ਨੂੰ ਉਤਸ਼ਾਹਿਤ ਕਰਨ ਦਾ ਯਤਨ ਕਰਨਗੇ, ਜਿਸ ਰਾਹੀਂ ਕਿਸਾਨਾਂ ਦਾ ਫਸਲੀ ਵਿਭਿੰਨਤਾ ਵੱਲ ਧਿਆਨ ਕੇਂਦਰਿਤ ਹੋਵੇਗਾ ਤੇ ਕਿਸਾਨੀ ਧੰਦੇ ਨੂੰ ਲਾਹੇਵੰਦ ਬਣਾਉਣ ਵਿਚ ਮਦਦ ਮਿਲੇਗੀ।

ਫੂਡ ਪ੍ਰੋਸੈਸਿੰਗ ਸਨਅਤਾਂ ਰਾਹੀਂ ਵਾਧੂ ਅਨਾਜ ਤੋਂ ਖਾਣਯੋਗ ਵਸਤਾਂ ਬਣਾਈਆਂ ਜਾ ਸਕਣਗੀਆਂ, ਜਿਸ ਨਾਲ ਕਿਸਾਨਾਂ ਦੀ ਆਮਦਨ ਵਧੇਗੀ ਤੇ ਲੋਕਾਂ ਨੂੰ ਖਾਣ ਪੀਣ ਵਾਲੀਆਂ ਵਸਤਾਂ ਰਿਆਇਤੀ ਦਰਾਂ 'ਤੇ ਮਿਲ ਸਕਣਗੀਆਂ। ਉਹ ਕਿਸਾਨਾਂ ਦੀਆਂ ਮੁਸ਼ਕਲਾਂ ਤੋਂ ਭਲੀ ਭਾਂਤ ਜਾਣੂ ਹਨ ਤੇ ਇਨ੍ਹਾਂ ਨੂੰ ਹੱਲ ਕਰਨ ਲਈ ਯੋਗ ਕਾਰਵਾਈ ਕਰਨਗੇ। ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਯਤਨ ਕਰਨ ਬਾਰੇ ਪੁੱਛੇ ਸਵਾਲ ਦਾ ਸਿੱਧਾ ਤੇ ਠੋਸ ਜਵਾਬ ਦੇਣ ਦੀ ਥਾਂ ਸ੍ਰੀਮਤੀ ਬਾਦਲ ਨੇ ਆਖਿਆ ਕਿ ਉਹ ਕਿਸੇ ਨੂੰ ਸਜ਼ਾਵਾਂ ਦਿਵਾਉਣ ਯੋਗ ਨਹੀਂ ਹਨ, ਸਗੋਂ ਇਹ ਸਜ਼ਾਵਾਂ ਪਰਮਾਤਮਾ ਵੱਲੋਂ ਹੀ ਉਨ੍ਹਾਂ ਨੂੰ ਦਿੱਤੀਆਂ ਜਾਣਗੀਆਂ।


## ਧਾਰਾ 370 ਬਾਰੇ ਕਾਹਲੀ ਨਾ ਕਰੇ ਮੋਦੀ: ਮਾਇਆਵਤੀ

**ਲਖਨਊ (ਬਿਊਰੋ):** ਬਸਪਾ ਸੁਪਰੀਮੋ ਮਾਇਆਵਤੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਨਤੀ ਕੀਤੀ ਹੈ ਕਿ ਉਹ ਧਾਰਾ 370 'ਤੇ ਕੋਈ ਫੈਸਲਾ ਜਲਦਬਾਜ਼ੀ ਵਿਚ ਨਾ ਲੈਣ ਕਿਉਂਕਿ ਇਸ ਨਾਲ ਦੇਸ਼ ਦੀ ਏਕਤਾ ਤੇ ਅਖੰਡਤਾ 'ਤੇ ਅਸਰ ਪੈ ਸਕਦਾ ਹੈ।

ਮਾਇਆਵਤੀ ਨੇ ਕਿਹਾ ਕਿ ਧਾਰਾ 370 ਦਾ ਮਸਲਾ ਫ਼ਿਰਕੇ ਤੇ ਧਰਮ ਦੇ ਆਧਾਰ 'ਤੇ ਲੋਕਾਂ ਵਿਚ ਵੰਡੀਆਂ ਪਾਉਣ ਲਈ ਉਛਾਲਿਆ ਜਾ ਰਿਹਾ ਹੈ। ਇਸ ਮਸਲੇ 'ਤੇ ਬਸਪਾ ਦਾ ਸਟੈਂਡ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਕੇਂਦਰ ਪਹਿਲਾਂ ਆਪਣੀ ਨੀਤੀ ਬਾਰੇ ਦੱਸੇ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
India Vacation tour package also available.

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 7 ਜੂਨ 2014*

## ਜੂਨ '84 ਦਾ ਸੱਚ

ਸ੍ਰੀ ਹਰਿਮੰਦਰ ਸਾਹਿਬ ਉਤੇ ਭਾਰਤੀ ਹਾਕਮਾਂ ਵੱਲੋਂ ਕੀਤੇ ਫੌਜੀ ਹੱਲੇ ਨੂੰ ਤੀਹ ਸਾਲ ਬੀਤ ਗਏ ਹਨ। ਤੀਹ ਸਾਲ ਪਹਿਲਾਂ ਤੱਕ ਪੰਜਾਬ ਦੇ ਲੋਕ, ਖਾਸ ਕਰ ਕੇ ਸਿੱਖ, ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ ਮੌਕੇ ਤਪਦੇ ਮੌਸਮ ਵਿਚ ਦਿਲਾਂ 'ਚ ਠੰਢਕ ਪਹੁੰਚਾਉਣ ਲਈ ਛਬੀਲਾਂ ਲਾਉਂਦੇ ਸਨ; ਵਕਤ ਦੇ ਹਾਕਮਾਂ ਨੇ ਉਨ੍ਹਾਂ ਨੂੰ ਜਿਸ ਤਰ੍ਹਾਂ ਤੱਤੀ ਤਵੀ ਉਤੇ ਬਿਠਾ ਕੇ ਅਤੇ ਉਤੋਂ ਜਲਦੀ/ਬਲਦੀ ਰੇਤ ਪਾ ਕੇ ਸ਼ਹੀਦ ਕੀਤਾ ਸੀ, ਲੋਕ ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਆਪ-ਮੁਹਾਰੇ ਇਹ ਸੇਵਾ ਕਰਦੇ ਸਨ। ਗੁਰੂ ਜੀ ਨੇ ਸੱਚ 'ਤੇ ਪਹਿਰਾ ਦਿੰਦਿਆਂ ਇਹ ਭਾਣਾ ਮੰਨਿਆ ਸੀ। ਤੀਹ ਸਾਲ ਪਹਿਲਾਂ ਹਾਕਮਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਕੱਢਣ ਦਾ ਬਹਾਨਾ ਬਣਾ ਕੇ ਫੌਜੀ ਕਾਰਵਾਈ ਕਰ ਦਿੱਤੀ। ਇਉਂ ਸ਼ਹੀਦੀ ਦਿਹਾੜੇ ਉਤੇ ਜੁੜੀ ਸੰਗਤ ਵੀ ਫੌਜ ਦੇ ਘੇਰੇ ਵਿਚ ਆ ਗਈ ਅਤੇ ਫਿਰ ਉਹ ਭਾਣਾ ਵਰਤਾਇਆ ਗਿਆ ਜਿਸ ਦੀ ਮਿਸਾਲ ਸ਼ਾਇਦ ਸੰਸਾਰ ਭਰ ਵਿਚ ਨਹੀਂ ਲੱਭਦੀ। ਸਿੱਖਾਂ ਦੇ ਸਰਬ-ਉਚ ਸਥਾਨ ਸ੍ਰੀ ਅਕਾਲ ਤਖਤ ਨੂੰ ਢਹਿ-ਢੇਰੀ ਕਰ ਦਿੱਤਾ ਗਿਆ। ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਵੀ ਸਿੱਖੀ ਵਿਚ ਸ਼ਹਾਦਤਾਂ ਹੋਈਆਂ, ਉਸ ਤੋਂ ਬਾਅਦ ਸਿੱਖ ਹਥਿਆਰਬੰਦ ਹੋਏ ਅਤੇ ਹਾਕਮਾਂ ਦੀਆਂ ਅੱਖਾਂ ਵਿਚ ਸਿੱਧਾ ਝਾਕਿਆ। ਗੁਰੂ ਅਰਜਨ ਦੇਵ ਦੀ ਸ਼ਹੀਦੀ ਤੋਂ ਬਾਅਦ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸੰਤ ਅਤੇ ਸਿਪਾਹੀ ਦਾ ਸੰਕਲਪ ਤੋਰਿਆ। ਇਸੇ ਤਰ੍ਹਾਂ ਨੌਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਹਥਿਆਰਬੰਦ ਕਰਨ ਲਈ ਵਿਧੀਵਤ ਢੰਗ ਨਾਲ ਖਾਲਸਾ ਪੰਥ ਸਾਜਿਆ ਅਤੇ ਹਾਕਮਾਂ ਨਾਲ ਟੱਕਰ ਲਈ। ਫਿਰ 20ਵੀਂ ਸਦੀ ਦੇ ਆਖਰੀ ਦਹਾਕਿਆਂ ਦੌਰਾਨ ਜਦੋਂ ਹਾਕਮਾਂ ਨੇ ਸ੍ਰੀ ਅਕਾਲ ਤਖਤ ਉਤੇ ਚੜ੍ਹਾਈ ਕੀਤੀ ਤਾਂ ਉਸ ਤੋਂ ਬਅਦ ਵੀ ਸਿੱਖ ਆਪ-ਮੁਹਾਰੇ ਹਥਿਆਰਬੰਦੀ ਵੱਲ ਧਾਏ। ਸ੍ਰੀ ਅਕਾਲ ਤਖਤ ਉਤੇ ਹੱਲੇ ਤੋਂ ਸਿਰਫ ਪੰਜ ਮਹੀਨੇ ਬਾਅਦ ਹੀ ਇਸ ਹੱਲੇ ਦੀ ਜ਼ਿੰਮੇਵਾਰ ਸਮਝੀ ਜਾਂਦੀ ਪ੍ਰਧਾਨ ਮੰਤਰੀ ਨੂੰ ਮਾਰ ਮੁਕਾ ਦਿੱਤਾ ਗਿਆ।

ਉਦੋਂ ਤੋਂ ਲੈ ਕੇ ਹੁਣ ਤੱਕ ਤਕਰੀਬਨ ਹਰ ਧਿਰ ਨੇ ਕਿਸੇ ਨਾ ਕਿਸੇ ਢੰਗ ਨਾਲ ਇਸ ਹੱਲੇ ਦਾ ਵਿਰੋਧ ਕੀਤਾ ਹੈ ਅਤੇ ਆਪਣਾ ਰੋਸ ਵੀ ਜ਼ਾਹਿਰ ਕੀਤਾ ਹੈ। ਹੁਣ ਤਾਂ ਤਕਰੀਬਨ ਸਾਰੇ ਮੰਨ ਚੁੱਕੇ ਹਨ ਕਿ ਸ੍ਰੀ ਅਕਾਲ ਤਖਤ ਉਤੇ ਹਮਲਾ ਹਾਕਮਾਂ ਦੀ ਸਭ ਤੋਂ ਵੱਡੀ ਭੁੱਲ ਸੀ। ਸਰਕਾਰ ਦੇ ਵੱਖ-ਵੱਖ ਅੰਗਾਂ ਵਿਚ ਉਚ ਅਹੁਦਿਆਂ ਉਤੇ ਤਾਇਨਾਤ ਬਹੁਤ ਸਾਰੇ ਅਫਸਰ ਤੱਥਾਂ ਸਮੇਤ ਦੱਸ ਚੁੱਕੇ ਹਨ ਕਿ ਕਿਸ ਤਰ੍ਹਾਂ ਇਕਪਾਸੜ ਕਾਰਵਾਈ ਕਰ ਕੇ ਪੰਜਾਬ ਅਤੇ ਸਿੱਖਾਂ ਨੂੰ ਬਲਦੀ ਦੇ ਬੂਥੇ ਧੱਕਿਆ ਗਿਆ। ਇਹ ਅਸਲ ਵਿਚ ਨਿਰਾ ਸਿਆਸੀ ਫੈਸਲਾ ਸੀ। ਬਹੁਤ ਸਾਰੇ ਸਿਆਸੀ ਮਾਹਿਰ ਅਤੇ ਕਾਲਮਨਵੀਸ ਵੀ ਇਹ ਖੁਲਾਸਾ ਕਰ ਚੁੱਕੇ ਹਨ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਜ਼ਿਹਨ ਵਿਚ ਨੇੜੇ ਢੁੱਕੀਆਂ ਲੋਕ ਸਭਾ ਚੋਣਾਂ ਖੌਰੂ ਪਾ ਰਹੀਆਂ ਸਨ। 1977 ਵਾਲੀ ਕਰਾਰੀ ਹਾਰ ਅਜੇ ਤੱਕ ਪ੍ਰਧਾਨ ਮੰਤਰੀ ਨੂੰ ਭੁੱਲੀ ਨਹੀਂ ਸੀ ਅਤੇ ਉਸ ਵਕਤ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਜੋ ਭੂਮਿਕਾ ਨਿਭਾਈ ਸੀ, ਉਸ ਤੋਂ ਪ੍ਰਧਾਨ ਮੰਤਰੀ ਬੜੀ ਔਖੀ ਸੀ। ਸਿਆਸੀ ਪਿੜ ਵਿਚੋਂ ਅਕਾਲੀਆਂ ਦੀ ਲਗਾਤਾਰ ਵਧ ਰਹੀ ਤਾਕਤ ਨੂੰ ਖੋਰਾ ਲਾਉਣ ਲਈ ਉਸ ਨੇ ਹਰ ਹੀਲਾ-ਵਸੀਲਾ ਕੀਤਾ। ਅੰਗਰੇਜ਼ ਸ਼ਾਸਕਾਂ ਨਾਲ ਜੁੜੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਨਾਲ ਪੰਜਾਬ ਉਤੇ ਵਾਰ-ਵਾਰ ਅਤੇ ਤਿੱਖੇ ਵਾਰ ਕੀਤੇ ਗਏ। ਇਨ੍ਹਾਂ ਵਾਰਾਂ ਦਾ ਸਿਖਰ ਸ੍ਰੀ ਅਕਾਲ ਤਖਤ ਉਤੇ ਹੱਲਾ ਹੋ ਨਿਬੜਿਆ ਅਤੇ ਇਸ ਦੇ ਨਾਲ ਹੀ ਇਤਿਹਾਸ ਦਾ ਸਭ ਤੋਂ ਭਿਅੰਕਰ ਸਫਾ ਪੰਜਾਬ ਅੱਗੇ ਖੁੱਲ੍ਹ ਗਿਆ। ਇਹੀ ਅਸਲ ਵਿਚ ਜੂਨ '84 ਦਾ ਸੱਚ ਹੈ ਜਿਸ ਦਾ ਕਹਿਰ ਪੰਜਾਬ ਦੇ ਲੋਕਾਂ ਨੇ ਲੰਮਾ ਸਮਾਂ ਆਪਣੇ ਪਿੰਡੇ ਉਤੇ ਹੰਢਾਇਆ।

ਜੂਨ '84 ਦੇ ਸੱਚ ਦਾ ਇਹੀ ਉਹ ਪ੍ਰਸੰਗ ਹੈ ਜਿਸ ਬਾਰੇ ਵੱਧ ਤੋਂ ਵੱਧ ਸੰਵਾਦ ਦੀ ਜ਼ਰੂਰਤ ਹੈ। ਪਹਿਲੇ ਪਾਤਿਸ਼ਾਹ ਬਾਬੇ ਨਾਨਕ ਨੇ ਆਪਣੀ ਬਾਣੀ ਵਿਚ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥' ਦਾ ਸੁਨੇਹਾ ਦਿੱਤਾ ਸੀ। ਸੰਵਾਦ ਦੀ ਇਹ ਲੜੀ ਬਾਬੇ ਨਾਨਕ ਦੀਆਂ ਉਦਾਸੀਆਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਵੱਲੋਂ ਮੁਗਲ ਬਾਦਸ਼ਾਹ ਨੂੰ ਲਿਖੇ ਜ਼ਫਰਨਾਮੇ ਤੱਕ ਫੈਲੀ ਹੋਈ ਹੈ। ਗੁਰੂ ਸਾਹਿਬਾਨ ਨੇ ਆਪਣੇ ਜਿਉੜਿਆਂ ਨੂੰ ਜੀਵਨ ਦਾ ਸਾਰ ਇਸ ਸੰਵਾਦ ਵਿਚੋਂ ਲੱਭਣ ਲਈ ਪ੍ਰੇਰਿਆ। ਅੱਜ ਸੰਸਾਰ ਭਰ ਵਿਚ ਇਸੇ ਸੰਵਾਦ ਦੀ ਲੜੀ ਵਿਚ ਜੂਨ '84 ਦੇ ਸੱਚ ਬਾਰੇ ਸੰਵਾਦ ਚੱਲਣਾ ਚਾਹੀਦਾ ਹੈ। ਇਸ ਸੰਵਾਦ ਵਿਚ ਮੀਰੀ ਅਤੇ ਪੀਰੀ ਦਾ ਸੰਕਲਪ ਬੇਹੱਦ ਅਹਿਮ ਹੈ। ਸੰਕਲਪ ਮੁਤਾਬਕ, ਮੀਰੀ ਨੇ ਸਦਾ ਪੀਰੀ ਦੇ ਹੇਠ ਰਹਿ ਕੇ ਚੱਲਣਾ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਸਿਆਸਤ ਉਤੇ ਧਰਮ ਦਾ ਕੁੰਡਾ ਸਦਾ ਲੱਗਿਆ ਰਹਿਣਾ ਚਾਹੀਦਾ ਹੈ ਪਰ ਪਿਛਲੇ ਕੁਝ ਸਮੇਂ ਤੋਂ ਸਿਆਸਤ ਧਰਮ ਉਤੇ ਭਾਰੂ ਹੀ ਨਹੀਂ ਹੋਈ, ਸਗੋਂ ਕੁਝ ਜ਼ਿਆਦਾ ਹੀ ਭਾਰੂ ਹੋ ਗਈ ਹੈ। ਨਤੀਜਾ ਇਹ ਨਿਕਲਿਆ ਹੈ ਕਿ ਸਿੱਖੀ ਨਾਲ ਜੁੜੀ ਤਕਰੀਬਨ ਹਰ ਸੰਸਥਾ ਵਿਚ ਮੂਲ ਸੰਕਲਪ ਪਛੜ ਗਿਆ ਹੈ ਅਤੇ ਨਿੱਜ ਭਾਰੂ ਪੈ ਗਿਆ ਹੈ। ਇਸ ਸਬੰਧ ਵਿਚ ਪੰਜਾਬ ਦੀ ਮਿਸਾਲ ਸਭ ਦੇ ਸਾਹਮਣੇ ਹੈ ਜਿਥੇ ਇਤਿਹਾਸਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਸਰਕਾਰ ਹੈ। ਧਰਮ ਦੇ ਮੁਕਾਬਲੇ ਸਿਆਸਤ ਦੀ ਚੜ੍ਹਤ ਹੋਣ ਕਰ ਕੇ ਸਭ ਕੁਝ ਹੀ ਉਲਟਾ-ਪੁਲਟਾ ਹੋ ਗਿਆ ਹੈ। ਹੋਰ ਤਾਂ ਹੋਰ 'ਪੰਚਾਂ ਵਿਚ ਪਰਮੇਸ਼ਰ' ਦਾ ਸੱਚਾ ਅਤੇ ਸੁੱਚਾ ਖਿਆਲ ਵੀ ਹਾਰ ਗਿਆ ਜਾਪਦਾ ਹੈ। ਸਿਆਸੀ ਜੋੜ-ਤੋੜਾਂ ਦੇ ਰੂਪ ਵਿਚ ਝੂਠ ਦੀ ਦੁਕਾਨ ਚੱਲ ਪਈ ਹੈ ਜਿਸ ਦੇ ਖਿਲਾਫ ਗੁਰੂ ਸਹਿਬਾਨ ਨੇ ਆਪਣੇ ਸਿੱਖਾਂ ਨੂੰ ਸੁਚੇਤ ਕੀਤਾ ਸੀ। ਇਸੇ ਕਰ ਕੇ ਅੱਜ ਦੇਸ-ਪਰਦੇਸ ਵਿਚ ਸੌੜੀ ਸਿਆਸਤ ਦੀ ਥਾਂ ਧਰਮ ਦੀ ਜੈ-ਜੈਕਾਰ ਕਰਨ ਦੀ ਬੇਲਾ ਹੈ। ਜੂਨ '84 ਦੇ ਸੱਚ ਦਾ ਵੀ ਇਹੀ ਸੁਨੇਹਾ ਹੈ। ਇਸ ਸੁਨੇਹੇ ਉਤੇ ਕੋਈ ਸਿਆਸਤ ਨਹੀਂ ਹੋਣੀ ਚਾਹੀਦੀ ਕਿਉਂਕਿ ਇਸ ਸੁਨੇਹੇ ਨਾਲ ਕਰੋੜਾਂ ਸਿੱਖ/ਪੰਜਾਬੀ ਜਿਉੜੇ ਜੁੜੇ ਹੋਏ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਆਪਣੇ ਜੱਸ ਦੀ ਖਾਤਰ!*

ਸੁਧਰੋ ਆਪ ਫਿਰ ਦੂਜੇ ਨੂੰ ਮੱਤ ਦੇਵੋ, ਬਾਣੀ ਬਾਬੇ ਦੀ ਸਾਫ ਇਹ ਦੱਸਦੀ ਏ।
ਗੱਲਾਂ 'ਭਾਰੀਆਂ' ਕਰਨ ਪਰ ਆਪ ਹਲਕੇ, ਪਰਜਾ ਐਸੀ 'ਚੰਗਿਆਈ' ਤੋਂ ਨੱਸਦੀ ਏ।
ਕਰਤਬ ਤੱਕ ਕੇ ਮੰਦੜੇ 'ਚੰਗਿਆਂ' ਦੇ, ਪਰਜਾ ਐਸੀ 'ਚੰਗਿਆਈ' ਤੋਂ ਨੱਸਦੀ ਏ।
ਹੁੰਦੇ ਕੈਦ ਨੇ ਨਿੱਜ ਦੀ ਲਾਲਸਾ ਵਿਚ, ਮੱਛੀ ਜਾਲ 'ਚ ਜਿਸ ਤਰ੍ਹਾਂ ਫੱਸਦੀ ਏ।
ਲਿਖਦੇ ਸਿਰਫ ਜੋ ਨਾਂ ਚਮਕੌਣ ਦੇ ਲਈ ਸਮਝੋ ਹਉਮੈ ਦੀ 'ਸੱਪਣੀ' ਡੱਸਦੀ ਏ।
ਕਰਨਾ ਅਸਰ ਕੀ ਉਨ੍ਹਾਂ ਦੀ ਲੇਖਣੀ ਨੇ ਚਿੰਤਾ ਜਿਨ੍ਹਾਂ ਨੂੰ 'ਆਪਣੇ ਜੱਸ' ਦੀ ਏ!

## ਸਾਕਾ ਨੀਲਾ ਤਾਰਾ

# ਲਮਹੋਂ ਨੇ ਖ਼ਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ

***ਸਾਕਾ ਨੀਲਾ ਤਾਰਾ ਅਜਿਹੀ ਭੁੱਲ ਸੀ ਜਿਹੜੀ ਸਦੀਆਂ ਤੱਕ ਚੇਤੇ ਰੱਖੀ ਜਾਏਗੀ। ਇੰਦਰਾ ਗਾਂਧੀ ਨੂੰ ਲੋਕਾਂ ਦੀ ਵਾਹ-ਵਾਹ ਖੱਟਣ ਦੀ ਆਦਤ ਪੈ ਗਈ ਸੀ। ਉਨ੍ਹਾਂ ਦਿਨਾਂ ਵਿਚ ਹੀ ਲੇਖ ਲਿਖਿਆ ਸੀ-ਕ੍ਰਿਸ਼ਮੇ ਦੀ ਰਾਜਨੀਤੀ ਮੁੜ ਕਾਮਯਾਬ ਹੋਈ। ਰਾਸ਼ਟਰਪਤੀ ਦੀ ਚੋਣ ਲਈ ਪਾਰਟੀ ਵੱਲੋਂ ਨਾਮਜ਼ਦ ਕੀਤੇ ਉਮੀਦਵਾਰ ਨੀਲਮ ਸੰਜੀਵਾ ਰੈਡੀ ਦੇ ਮੁਕਾਬਲੇ ਆਪਣੀ ਪਸੰਦ ਦੇ ਬੰਦੇ ਵੀ.ਵੀ. ਗਿਰੀ ਨੂੰ ਜੇਤੂ ਬਣਾ ਕੇ ਉਸ ਨੇ ਕ੍ਰਿਸ਼ਮਾ ਕੀਤਾ। 1971 ਵਿਚ ਪਾਕਿਸਤਾਨ ਨਾਲ ਜੰਗ ਕਰ ਕੇ ਉਸ ਦੇ ਦੋ ਟੁਕੜੇ ਕਰ ਦੇਣ ਨਾਲ ਉਸ ਨੂੰ ਭਰੋਸਾ ਹੋ ਗਿਆ ਕਿ ਉਹ ਕ੍ਰਿਸ਼ਮੇ ਦੀ ਰਾਜਨੀਤੀ ਦੀ ਮਾਹਿਰ ਹੈ। ਸਾਕਾ ਨੀਲਾ ਤਾਰਾ ਰੂਪੀ ਇਕ ਹੋਰ ਕ੍ਰਿਸ਼ਮਾ ਕਰ ਕੇ ਉਹ ਚੋਣਾਂ ਲਈ ਰਾਹ ਪੱਧਰਾ ਕਰਨਾ ਚਾਹੁੰਦੀ ਸੀ। ਸਾਕਾ ਨੀਲਾ ਤਾਰਾ ਵੇਲੇ ਇੰਦਰਾ ਗਾਂਧੀ ਨੂੰ ਬੜੀ ਵਾਹ-ਵਾਹ ਮਿਲੀ ਪਰ ਪਿੱਛੋਂ ਜੋ ਵਿਚਾਰ ਪ੍ਰਗਟਾਏ ਗਏ, ਉਨ੍ਹਾਂ ਵਿਚ ਸਾਕਾ ਨੀਲਾ ਤਾਰਾ ਨੂੰ ਨਾਸਮਝੀ ਭਰਿਆ ਕਦਮ ਕਿਹਾ ਗਿਆ।***

ਸਾਕਾ ਨੀਲਾ ਤਾਰਾ ਨੂੰ ਵਾਪਰਿਆਂ 30 ਵਰ੍ਹੇ ਹੋ ਚੁੱਕੇ ਹਨ। ਸਿਆਸੀ ਚਾਲਾਂ ਤੇ ਸੱਤਾ ਦੀ ਭੁੱਖ ਮਨੁੱਖ ਕੋਲੋਂ ਕਿਹੋ ਜਿਹੇ ਕਾਰੇ ਕਰਾਉਂਦੀ ਹੈ, ਸਾਕਾ ਨੀਲਾ ਤਾਰਾ ਇਸ ਦੀ ਵੱਡੀ ਮਿਸਾਲ ਹੈ। ਇਤਿਹਾਸ ਵਿਚ ਅਜਿਹੀਆਂ ਗੱਲਾਂ ਪਹਿਲਾਂ ਵੀ ਵਾਪਰੀਆਂ ਹਨ। ਦੂਰ ਤੱਕ ਨਾ ਵੇਖ ਸਕਣ ਦੀ ਸਮਰੱਥਾ ਤੋਂ ਵਾਂਝਾ, ਹਕੂਮਤ ਦੇ ਨਸ਼ੇ ਵਿਚ ਚੂਰ ਬੰਦਾ ਕਿਸੇ ਜਨੂੰਨ ਵਿਚ ਆ ਕੇ ਕਈ ਵਾਰ ਅਜਿਹੇ

**ਮਹੀਪ ਸਿੰਘ**

ਕੰਮ ਕਰ ਜਾਂਦਾ ਹੈ ਜਿਸ ਨੂੰ ਉਹ ਆਪਣੇ ਵੇਲੇ ਆਪਣੀ ਵੱਡੀ ਪ੍ਰਾਪਤੀ ਮੰਨ ਲੈਂਦਾ ਹੈ, ਪਰ ਉਸ ਕਾਰੇ ਦੇ ਨਤੀਜੇ ਲੋਕੀਂ ਸਦੀਆਂ ਤੱਕ ਭੁਗਤਦੇ ਰਹਿੰਦੇ ਹਨ।


ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵੀ ਚਾਰ ਸਦੀਆਂ ਪਹਿਲਾਂ ਇਨ੍ਹਾਂ ਦਿਨਾਂ ਵਿਚ ਹੀ ਹੋਈ ਸੀ। ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਹਕੂਮਤ (ਅਤੇ ਸ਼ਰਾਬ) ਦੇ ਨਸ਼ੇ ਵਿਚ ਚੂਰ ਹੋ ਕੇ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਸੀ। ਪਿੱਛੋਂ ਮੁਗ਼ਲ ਰਾਜ ਦਾ ਪਤਨ ਸ਼ੁਰੂ ਹੋ ਗਿਆ।

ਸਾਕਾ ਨੀਲਾ ਤਾਰਾ ਵੀ ਅਜਿਹੀ ਭੁੱਲ ਸੀ ਜਿਹੜੀ ਸਦੀਆਂ ਤੱਕ ਚੇਤੇ ਰੱਖੀ ਜਾਏਗੀ। ਇੰਦਰਾ ਗਾਂਧੀ ਨੂੰ ਲੋਕਾਂ ਦੀ ਵਾਹ-ਵਾਹ ਜਿੱਤਣ ਦੀ ਆਦਤ ਪੈ ਗਈ ਸੀ। ਉਨ੍ਹਾਂ ਦਿਨਾਂ ਵਿਚ ਹੀ ਮੈਂ ਲੇਖ ਲਿਖਿਆ ਸੀ-ਕ੍ਰਿਸ਼ਮੇ ਦੀ ਰਾਜਨੀਤੀ ਮੁੜ ਕਾਮਯਾਬ ਹੋਈ। ਮੁਲਕ ਦੇ ਰਾਸ਼ਟਰਪਤੀ ਦੀ ਚੋਣ ਲਈ ਆਪਣੀ ਪਾਰਟੀ ਵੱਲੋਂ ਨਾਮਜ਼ਦ ਕੀਤੇ ਗਏ ਉਮੀਦਵਾਰ ਨੀਲਮ ਸੰਜੀਵਾ ਰੈਡੀ ਦੇ ਮੁਕਾਬਲੇ ਆਪਣੇ ਪਸੰਦ ਦੇ ਬੰਦੇ ਵੀ.ਵੀ. ਗਿਰੀ ਨੂੰ ਜੇਤੂ ਬਣਾ ਕੇ ਉਸ ਨੇ ਕ੍ਰਿਸ਼ਮਾ ਕੀਤਾ ਸੀ। 1971 ਵਿਚ ਹੋਈ ਪਾਕਿਸਤਾਨ ਨਾਲ ਜੰਗ ਕਰ ਕੇ ਉਸ ਦੇ ਦੋ ਟੁਕੜੇ ਕਰ ਦੇਣ ਨਾਲ ਉਸ ਨੂੰ ਇਹ ਭਰੋਸਾ ਹੋ ਗਿਆ ਸੀ ਕਿ ਉਹ ਕ੍ਰਿਸ਼ਮੇ ਦੀ ਰਾਜਨੀਤੀ ਦੀ ਮਾਹਿਰ ਬਣ ਗਈ ਹੈ। ਸਾਕਾ ਨੀਲਾ ਤਾਰਾ ਰੂਪੀ ਇਕ ਹੋਰ ਕ੍ਰਿਸ਼ਮਾ ਕਰ ਕੇ ਉਹ ਅਗਲੀਆਂ ਚੋਣਾਂ ਲਈ ਰਾਹ ਪੱਧਰਾ ਕਰਨਾ ਚਾਹੁੰਦੀ ਸੀ।

ਸਾਕਾ ਨੀਲਾ ਤਾਰਾ ਵੇਲੇ ਇੰਦਰਾ ਗਾਂਧੀ ਨੂੰ ਬੜੀ ਵਾਹ-ਵਾਹੀ ਮਿਲੀ ਸੀ ਪਰ ਉਸ ਸਾਕੇ ਪਿੱਛੋਂ ਉਸ ਬਾਰੇ ਜੋ ਵਿਚਾਰ ਪ੍ਰਗਟਾਏ ਗਏ, ਅਧਿਐਨ ਕੀਤੇ ਗਏ, ਕਿਤਾਬਾਂ ਲਿਖੀਆਂ ਗਈਆਂ; ਉਨ੍ਹਾਂ ਵਿਚ ਲਗਾਤਾਰ ਇਹ ਕਿਹਾ ਗਿਆ ਕਿ ਸਾਕਾ ਨੀਲਾ ਤਾਰਾ ਬੜਾ ਨਾਸਮਝੀ ਭਰਿਆ ਕਦਮ ਸੀ।

ਬ੍ਰਿਗੇਡੀਅਰ (ਸੇਵਾ-ਮੁਕਤ) ਐਚ.ਐਸ. ਸੋਢੀ ਦੀ ਕਿਤਾਬ ਛਪੀ ਸੀ-'ਭਾਰਤੀ ਸੈਨਾ ਦੀਆਂ ਮਸ਼ਹੂਰ ਲੜਾਈਆਂ' (ਫੇਮਸ ਬੈਟਲਜ਼ ਆਫ ਇੰਡੀਅਨ ਆਰਮੀ)। ਆਪਣੀ ਕਿਤਾਬ ਵਿਚ ਲੇਖਕ ਨੇ ਲਿਖਿਆ ਹੈ ਕਿ ਜੇ ਉਸ ਵੇਲੇ ਦੀ ਸਰਕਾਰ ਨੇ ਥੋੜ੍ਹੀ ਸੂਝ-ਬੂਝ ਤੋਂ ਕੰਮ ਲਿਆ ਹੁੰਦਾ ਤਾਂ ਸਾਕਾ ਨੀਲਾ ਤਾਰਾ ਵਰਗਾ ਲਹੂ ਭਿਜਿਆ ਸਾਕਾ ਰੋਕਿਆ ਜਾ ਸਕਦਾ ਸੀ। ਲੈਫਟੀਨੈਂਟ ਜਨਰਲ ਸਿਨਹਾ ਉਸ ਵੇਲੇ ਭਾਰਤੀ ਫ਼ੌਜ ਦੀ ਪੱਛਮੀ ਕਮਾਂਡ ਦੇ ਮੁਖੀ ਸਨ। ਉਹ ਪਿੱਛੋਂ ਜੰਮੂ ਕਸ਼ਮੀਰ ਦੇ ਰਾਜਪਾਲ ਵੀ ਰਹੇ। ਉਨ੍ਹਾਂ ਨੇ ਸਰਕਾਰ ਦੇ ਸਾਹਮਣੇ ਇਕ ਤਜਵੀਜ਼ ਰੱਖੀ ਸੀ। ਉਨ੍ਹਾਂ ਦੀ ਤਜਵੀਜ਼ ਮੁਤਾਬਿਕ ਫ਼ੌਜ, ਦਰਬਾਰ ਸਾਹਿਬ ਦੇ ਚਹੁੰ ਪਾਸੇ ਘੇਰਾ ਪਾ ਲਵੇ। ਲਾਊਡ ਸਪੀਕਰ ਰਾਹੀਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਵਾਰ-ਵਾਰ ਇਹ ਕਿਹਾ ਜਾਏ ਕਿ ਉਹ ਆਪਣੇ ਸਾਥੀਆਂ ਸਮੇਤ ਬਾਹਰ ਆ ਜਾਣ। ਇਸ ਕੰਮ ਲਈ ਉਨ੍ਹਾਂ ਨੂੰ ਤਿੰਨ-ਚਾਰ ਦਿਨਾਂ ਦਾ ਸਮਾਂ ਦਿੱਤਾ ਜਾਏ। ਜੇ ਸਫਲਤਾ ਨਾ ਮਿਲੇ ਤਾਂ ਕੁਝ ਚਿਰ ਪਿੱਛੋਂ ਦਰਬਾਰ ਸਾਹਿਬ ਖੇਤਰ ਦੀ ਬਿਜਲੀ-ਪਾਣੀ ਦੀ ਸਪਲਾਈ ਰੋਕ ਦਿੱਤੀ ਜਾਏ। ਜਦੋਂ ਕੋਈ ਵੀ ਉਪਾਅ ਕਾਮਯਾਬ ਨਾ ਹੋਵੇ ਤਾਂ ਫ਼ੌਜੀ ਟੁਕੜੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਅੰਦਰ ਵੜਨ। ਲੈਫਟੀਨੈਂਟ ਜਨਰਲ ਸਿਨਹਾ ਨੇ ਪਿੱਛੋਂ ਦੱਸਿਆ ਕਿ ਉਨ੍ਹਾਂ ਦੀਆਂ ਤਜਵੀਜ਼ਾਂ ਵੱਲ ਸਰਕਾਰ ਨੇ ਧਿਆਨ ਨਹੀਂ ਦਿੱਤਾ। ਉਨ੍ਹਾਂ ਦੀ ਬਦਲੀ ਹੋ ਗਈ। ਉਨ੍ਹਾਂ ਦੀ ਥਾਂ ਲੈਫਟੀਨੈਂਟ ਜਨਰਲ ਕੇ. ਸੁੰਦਰਜੀ ਪੱਛਮੀ ਕਮਾਂਡ ਦੇ ਮੁਖੀ ਬਣ ਗਏ।

ਪੰਜਾਬ ਦੀ ਹਾਲਤ ਵਿਗਾੜਨ ਅਤੇ



ਖਾੜਕੂਵਾਦ ਨੂੰ ਉਭਾਰਨ ਵਿਚ ਪੰਜਾਬ ਦੇ ਦੋ ਲੀਡਰਾਂ-ਸ. ਦਰਬਾਰਾ ਸਿੰਘ ਤੇ ਗਿਆਨੀ ਜ਼ੈਲ ਸਿੰਘ ਦੀ ਆਪਸੀ ਰੰਜਿਸ਼ ਤੇ ਖਹਿਬੜ ਕਿੰਨੀ ਜ਼ਿੰਮੇਵਾਰ ਸੀ, ਇਸ ਬਾਰੇ ਸਾਬਕਾ ਪੁਲਿਸ ਮੁਖੀ ਬੀਰਬਲ ਦਾਸ ਨੇ ਵੀ ਕਿਤਾਬ ਲਿਖੀ ਹੈ। ਉਸ ਨੇ ਅਜਿਹੇ ਲੀਡਰਾਂ ਦੀ ਕਾਰਗੁਜ਼ਾਰੀ ਤੋਂ ਤੰਗ ਆ ਕੇ ਪੁਲਿਸ ਮੁਖੀ ਦੇ ਅਹੁਦੇ ਤੋਂ ਆਪਣੀ ਬਦਲੀ ਮੰਗ ਲਈ ਸੀ।

ਕਿਸੇ ਵੀ ਦੇਸ਼ ਦੀ ਫ਼ੌਜ ਦੀ ਵੱਡੀ ਕਾਮਯਾਬੀ ਇਸ ਗੱਲ ਵਿਚ ਮੰਨੀ ਜਾਂਦੀ ਹੈ ਕਿ ਉਹ ਆਪਣੀ ਦੁਸ਼ਮਣ ਫ਼ੌਜ ਨਾਲ ਕਿੰਨੀ ਕੁ ਬਹਾਦਰੀ ਨਾਲ ਲੜਦੀ ਹੈ ਅਤੇ ਜਿੱਤ ਪ੍ਰਾਪਤ ਕਰਦੀ ਹੈ, ਪਰ ਫ਼ੌਜ ਦੀ ਕਾਮਯਾਬੀ ਬੜੀ ਹੱਦ ਤੱਕ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਥੋਂ ਦੇ ਆਮ ਲੋਕੀਂ ਉਸ ਨੂੰ ਕਿੰਨੀ ਹੱਲਾਸ਼ੇਰੀ ਦਿੰਦੇ ਹਨ, ਉਸ ਦੀ ਕਿੰਨੀ ਮਦਦ ਕਰਦੇ ਹਨ, ਉਸ ਨੂੰ ਰਸਦ-ਪਾਣੀ ਪਹੁੰਚਾਉਣ ਵਿਚ ਕਿੰਨਾ ਸਹਿਯੋਗ ਦਿੰਦੇ ਹਨ। ਸਾਕਾ ਨੀਲਾ ਤਾਰਾ ਦਾ ਸਭ ਤੋਂ ਭੈੜਾ ਅਸਰ ਇਹ ਹੋਇਆ ਕਿ ਆਮ ਪੰਜਾਬੀਆਂ, ਖਾਸ ਤੌਰ 'ਤੇ ਸਿੱਖਾਂ ਵਿਚ ਉਸ ਦਾ ਅਕਸ ਦੁਸ਼ਮਣ ਦੀ ਫ਼ੌਜ ਵਰਗਾ ਬਣ ਗਿਆ। ਉਸ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ। ਅਣਗਿਣਤ ਲੋਕੀਂ, ਆਪਣੇ ਪਿੰਡਾਂ ਤੋਂ ਸ਼ਹੀਦੀ ਪੁਰਬ ਮਨਾਉਣ ਲਈ ਸ੍ਰੀ ਦਰਬਾਰ ਸਾਹਿਬ ਆਏ ਹੋਏ ਸਨ। ਭਾਰਤੀ ਫ਼ੌਜ ਨੇ ਅਜਿਹੇ ਯਾਤਰੀਆਂ ਨਾਲ ਵਿਦੇਸ਼ੀ ਫ਼ੌਜ ਵਰਗਾ ਸਲੂਕ ਕੀਤਾ। ਕਿੰਨੇ ਨਿਰਦੋਸ਼ ਲੋਕਾਂ ਦੇ ਹੱਥ-ਪੈਰ ਬੰਨ੍ਹ ਕੇ ਉਨ੍ਹਾਂ ਨੂੰ ਗੋਲੀਆਂ ਮਾਰੀਆਂ ਗਈਆਂ। ਕਿੰਨੇ ਲੋਕੀਂ ਗੁਰੂ ਰਾਮਦਾਸ ਸਰਾਂ ਵਿਚ ਕੈਦ ਹੋ ਗਏ ਤੇ ਤ੍ਰਿਹਾਏ ਮਰ ਗਏ। ਫ਼ੌਜ ਨੇ ਇਹ ਪਛਾਣ ਨਾ ਕੀਤੀ ਕਿ ਕੌਣ ਕਿਸ ਮੰਤਵ ਲਈ ਉਥੇ ਆਇਆ ਹੋਇਆ ਸੀ। ਸ੍ਰੀ ਦਰਬਾਰ ਸਾਹਿਬ ਵਿਚ ਮੱਥਾ ਟੇਕਣ ਆਏ ਹਜ਼ਾਰਾਂ ਨਿਹੱਥੇ ਬੰਦੇ ਮਾਰੇ ਗਏ।

ਪੰਜਾਬ ਦੇ ਸਾਬਕਾ ਗਵਰਨਰ ਲੈਫਟੀਨੈਂਟ ਜਨਰਲ ਬੀ.ਕੇ. ਐਨ. ਛਿੱਬਰ ਨੇ ਕਿਹਾ ਸੀ ਕਿ ਸਾਕਾ ਨੀਲਾ ਤਾਰਾ ਦਾ ਸਭ ਤੋਂ ਮਾੜਾ ਅਸਰ ਪੰਜਾਬ ਦੇ ਪੇਂਡੂ ਲੋਕਾਂ ਵਿਚ ਭਾਰਤੀ ਫ਼ੌਜ ਦੇ ਅਕਸ ਦਾ ਵਿਗੜ ਜਾਣਾ ਹੈ। ਉਨ੍ਹਾਂ ਨੇ ਬੜੇ ਦੁੱਖ ਨਾਲ ਇਹ ਗੱਲ ਸਵੀਕਾਰ ਕੀਤੀ ਕਿ ਜਿਸ ਤਰ੍ਹਾਂ ਨਾਲ ਭਾਰਤੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ ਵਿਚ ਕਾਰਵਾਈ ਕੀਤੀ ਸੀ, ਤੇ ਬੇਗੁਨਾਹ ਲੋਕਾਂ ਨੂੰ ਬੇਦਰਦੀ ਨਾਲ ਤਸੀਹੇ ਦਿੱਤੇ ਤੇ ਮਾਰਿਆ, ਉਸ ਨਾਲ ਪੰਜਾਬ ਵਿਚ ਭਾਰਤੀ ਫ਼ੌਜ ਦੇ ਅਕਸ 'ਤੇ ਬੜਾ ਬੁਰਾ ਅਸਰ ਪਿਆ। ਉਨ੍ਹਾਂ ਇਸ ਗੱਲ ਨੂੰ ਵੀ ਚੇਤੇ ਕੀਤਾ ਕਿ ਆਜ਼ਾਦੀ ਦੇ ਬਾਅਦ ਭਾਰਤ ਨੇ ਜਿੰਨੀਆਂ ਵੀ ਜੰਗਾਂ ਲੜੀਆਂ, ਉਸ ਵਿਚ ਪੰਜਾਬ ਦੇ ਆਮ ਲੋਕਾਂ ਨੇ ਬੜਾ ਵਡਮੁੱਲਾ ਹਿੱਸਾ ਪਾਇਆ ਸੀ। 1965 ਤੇ 1971 ਵਿਚ ਪਾਕਿਸਤਾਨ ਨਾਲ ਹੋਈਆਂ ਜੰਗਾਂ ਵੇਲੇ ਭਾਰਤੀ ਫ਼ੌਜਾਂ ਨੂੰ ਰਸਦ ਪਹੁੰਚਾਉਣ, ਫ਼ੌਜੀਆਂ ਨੂੰ ਖਾਣਾ ਖੁਆਉਣ, ਉਨ੍ਹਾਂ ਦੀ ਸੇਵਾ ਕਰਨ ਵਿਚ ਪੰਜਾਬੀਆਂ, ਖਾਸ ਤੌਰ 'ਤੇ ਪੇਂਡੂ ਖੇਤਰਾਂ ਦੇ ਲੋਕਾਂ ਨੇ ਜੋ ਕੰਮ ਕੀਤੇ ਸਨ, ਉਸ ਨਾਲ ਫ਼ੌਜ ਦਾ ਹੌਸਲਾ ਬਹੁਤ ਵਧ ਗਿਆ ਸੀ, ਪਰ ਸਾਕਾ ਨੀਲਾ ਤਾਰਾ ਵੇਲੇ ਫ਼ੌਜੀਆਂ ਨੇ ਜੋ ਕੁਝ ਕੀਤਾ, ਉਸ ਨਾਲ ਪੇਂਡੂ ਲੋਕਾਂ ਵਿਚ ਉਨ੍ਹਾਂ ਬਾਰੇ ਨਫ਼ਰਤ ਤੇ ਡੂੰਘਾ ਰੋਸ ਪੈਦਾ ਹੋਇਆ। ਨਤੀਜਾ ਇਹ ਨਿਕਲਿਆ ਕਿ ਵੱਡੇ ਅਫਸਰਾਂ ਵੱਲੋਂ ਆਮ ਫ਼ੌਜੀਆਂ ਨੂੰ ਇਹ ਹੁਕਮ ਦਿੱਤਾ ਗਿਆ ਕਿ ਇਕੱਲੇ-ਦੁਕੱਲੇ ਫ਼ੌਜੀ ਪਿੰਡਾਂ ਵਿਚ ਨਾ ਜਾਣ। ਅਜਿਹੀ ਕੋਈ ਵੀ ਕਾਰਵਾਈ ਜਿਹੜੀ ਆਪਣੇ ਮੁਲਕ ਦੇ ਫ਼ੌਜੀਆਂ ਲਈ ਆਪਣੇ ਹੀ ਮੁਲਕ ਦੇ ਲੋਕਾਂ ਵਿਚ ਰੋਸ ਤੇ ਨਫ਼ਰਤ ਪੈਦਾ ਕਰ ਦੇਵੇ, ਮੁਲਕ ਦੇ ਹੁਕਮਰਾਨਾਂ ਦੀ ਵੱਡੀ ਨਾਸਮਝੀ ਦਾ ਸਬੂਤ ਹੈ। ਸਾਕਾ ਨੀਲਾ ਤਾਰਾ ਵੇਲੇ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ ਨਾਲ ਢਹਿ-ਢੇਰੀ ਕੀਤੇ ਜਾਣ ਦੀ ਖ਼ਬਰ ਸੁਣ ਕੇ ਇਕ ਸਿੱਖ ਰੈਜੀਮੈਂਟ ਦਾ ਬਾਗੀ ਹੋ ਜਾਣਾ ਵੀ ਇਸ ਗੱਲ ਦਾ ਸਬੂਤ ਹੈ ਕਿ ਉਸ ਵੇਲੇ ਦੀ ਸਰਕਾਰ ਇਸ ਗੱਲ ਦਾ ਅੰਦਾਜ਼ਾ ਨਹੀਂ ਲਗਾ ਸਕੀ ਸੀ ਕਿ ਅਜਿਹੀ ਕਾਰਵਾਈ ਦੇ ਨਤੀਜੇ ਕੀ ਹੋਣਗੇ।

ਇਕ ਸ਼ੇਅਰ ਯਾਦ ਆ ਰਿਹਾ ਹੈ...
*ਤਾਰੀਖ਼ ਕੀ ਨਜ਼ਰੋਂ ਨੇ ਵੋ ਮੰਜ਼ਰ ਭੀ ਦੇਖੇ ਹੈਂ,*
*ਲਮਹੋਂ ਨੇ ਖ਼ਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।*

***ਪੰਜਾਬ ਦੇ ਸਾਬਕਾ ਗਵਰਨਰ, ਲੈਫਟੀਨੈਂਟ ਜਨਰਲ ਬੀ.ਕੇ. ਐਨ. ਛਿੱਬਰ ਨੇ ਕਿਹਾ ਸੀ ਕਿ ਸਾਕਾ ਨੀਲਾ ਤਾਰਾ ਦਾ ਸਭ ਤੋਂ ਮਾੜਾ ਅਸਰ ਪੰਜਾਬ ਦੇ ਪੇਂਡੂ ਲੋਕਾਂ ਵਿਚ ਭਾਰਤੀ ਫ਼ੌਜ ਦੇ ਅਕਸ ਦਾ ਵਿਗੜ ਜਾਣਾ ਹੈ। ਉਨ੍ਹਾਂ ਇਹ ਗੱਲ ਸਵੀਕਾਰ ਕੀਤੀ ਕਿ ਜਿਸ ਤਰ੍ਹਾਂ ਨਾਲ ਭਾਰਤੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ ਵਿਚ ਕਾਰਵਾਈ ਕੀਤੀ, ਤੇ ਬੇਗੁਨਾਹਾਂ ਨੂੰ ਤਸੀਹੇ ਦਿੱਤੇ ਤੇ ਮਾਰਿਆ, ਉਸ ਨਾਲ ਪੰਜਾਬ ਵਿਚ ਭਾਰਤੀ ਫ਼ੌਜ ਦੇ ਅਕਸ 'ਤੇ ਬੜਾ ਬੁਰਾ ਅਸਰ ਪਿਆ।***

# ਲਿੰਗਕ ਦਹਿਸ਼ਤਗਰਦੀ ਦੀ ਰਾਜਧਾਨੀ ਬਣਿਆ ਭਾਰਤ

*ਇਸ ਪੂਰੇ ਵਰਤਾਰੇ ਅੰਦਰ ਦਰਦ-ਕਹਾਣੀ ਦੀ ਕੇਂਦਰੀ ਤੰਦ ਸਾਂਝੀ ਹੈ। ਇਹ ਸਾਰੀਆਂ ਹੀ ਕੁੜੀਆਂ ਦਲਿਤ ਪਰਿਵਾਰਾਂ ਦੀਆਂ ਹਨ। ਇਥੇ ਸਵਾਲ ਮਹਿਜ਼ ਮਰਦ ਦਰਿੰਦਗੀ ਦਾ ਨਹੀਂ ਹੈ। ਇਸ ਜ਼ੁਲਮ ਦੀ ਤਹਿ ਹੇਠ ਇਨਸਾਨ ਦੀ ਸਮਾਜੀ ਹੈਸੀਅਤ ਅਤੇ ਤਾਕਤ ਤੇ ਵਸੀਲਿਆਂ ਦੀ ਅਣਹੋਂਦ ਦਾ ਸਵਾਲ ਇਸ ਤੋਂ ਵੀ ਵੱਡਾ ਹੈ। ਬੁਨਿਆਦੀ ਸਵਾਲ ਇਹ ਹੈ ਕਿ ਸਮਾਜ ਦੇ ਕਿਸੇ ਮਰਦ ਜਾਂ ਰਾਜ ਦੇ ਮਰਦ ਅਧਿਕਾਰੀਆਂ-ਕਰਿੰਦਿਆਂ ਵਿਚ ਕਿਸੇ ਔਰਤ ਦੇ ਸਵੈਮਾਨ 'ਤੇ ਬੇਖੌਫ਼ ਹੋ ਕੇ ਝਪਟਣ ਦੀ ਦਲੇਰੀ ਕੀ ਸਖ਼ਤ ਕਾਨੂੰਨ ਨਾ ਹੋਣ ਕਾਰਨ ਆਉਂਦੀ ਹੈ, ਜਾਂ ਔਰਤ ਦੀ ਨੀਵੀਂ, ਨਿਤਾਣੀ ਹੈਸੀਅਤ ਅਤੇ ਸਮਾਜ ਦੇ ਮਰਦ-ਹੰਕਾਰ ਨਾਲ ਡੰਗੇ ਰਵੱਈਏ ਕਾਰਨ?*

ਦਸੰਬਰ 2012 'ਚ ਦਿੱਲੀ ਵਿਚ ਵਾਪਰੇ 'ਦਾਮਨੀ' ਕਾਂਡ ਨਾਲ ਭੜਕੇ ਜਜ਼ਬਾਤ ਦੇ ਵਹਿਣ ਵਿਚ ਵਹਿ ਕੇ ਹਿੰਦੁਸਤਾਨ ਦੇ ਜਿਹੜੇ ਲੋਕ ਜਬਰ-ਜਨਾਹ ਦੇ ਗੁਨਾਹਗਾਰਾਂ ਨੂੰ ਸਜ਼ਾ-ਏ-ਮੌਤ ਦੇਣ ਅਤੇ ਔਰਤਾਂ ਉਪਰ ਜ਼ੁਲਮ ਕਰਨ ਵਾਲਿਆਂ ਨਾਲ ਕਰੜੇ ਹੱਥੀਂ ਨਜਿੱਠਣ ਲਈ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਏ ਜਾਣ ਦੀ ਦੁਹਾਈ ਦੇ ਰਹੇ ਸਨ ਅਤੇ ਮਹਿਜ਼ ਇਸ ਸੰਵਿਧਾਨਕ ਉਪਾਅ ਵਿਚੋਂ ਹੀ ਲਿੰਗਕ ਹਿੰਸਾ ਦਾ ਪੱਕਾ ਹੱਲ ਤਲਾਸ਼ ਲੈਣ ਦਾ ਭਰਮ ਪਾਲੀ ਬੈਠੇ ਸਨ, ਉਨ੍ਹਾਂ ਲਈ ਹੁਣ ਇਸ ਸਵਾਲ ਦੀਆਂ ਮਹਿਦੂਦ ਕਾਨੂੰਨੀ ਪਹਿਲੂ ਤੋਂ ਵਧੇਰੇ ਅਹਿਮ ਸਮਾਜੀ-ਸਿਆਸੀ ਪਰਤਾਂ ਬਾਰੇ ਗੰਭੀਰਤਾ ਨਾਲ ਸੋਚ-ਵਿਚਾਰ ਕਰਨ ਦਾ ਵੇਲਾ ਹੈ। ਸਖ਼ਤ ਕਾਨੂੰਨ ਬਣਨ ਦੇ ਬਾਵਜੂਦ ਇਸ ਮੁਲਕ ਵਿਚ ਹਰ 22 ਮਿੰਟ ਬਾਅਦ ਕੋਈ ਨਾ ਕੋਈ ਔਰਤ ਨਾਲ ਜਬਰ-ਜਨਾਹ ਦਾ ਸ਼ਿਕਾਰ ਹੋ ਰਹੀ ਹੈ। ਹਾਲ ਵਿਚ ਹੀ ਮੀਡੀਆ ਵਿਚ ਸੁਰਖ਼ੀਆਂ ਬਣ ਕੇ ਉਭਰੀਆਂ ਅਜਿਹੀਆਂ ਵਾਰਦਾਤਾਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਹਨ। ਬੇਸ਼ੱਕ, ਇਹ ਹਿੰਦੁਸਤਾਨੀ ਸਮਾਜ ਵਿਚ ਔਰਤਾਂ ਉਪਰ ਨਿੱਤ

**ਬੂਟਾ ਸਿੰਘ**
**ਫ਼ੋਨ: 91-94634-74342**

ਹੋ ਰਹੇ ਵਿਆਪਕ ਜ਼ੁਲਮਾਂ, ਖ਼ਾਸ ਕਰ ਕੇ ਜਬਰ-ਜਨਾਹਾਂ ਦਾ ਦਹਿ-ਹਜ਼ਾਰਵਾਂ ਹਿੱਸਾ ਵੀ ਨਹੀਂ। ਕਿਉਂਕਿ ਮਹਿਜ਼ 10 ਫ਼ੀਸਦੀ ਮਾਮਲੇ ਹੀ ਨਸ਼ਰ ਹੁੰਦੇ ਹਨ ਜਦਕਿ ਅਜਿਹੇ 90 ਫ਼ੀਸਦੀ ਮਾਮਲੇ ਇੱਜ਼ਤ ਦਾ ਵਾਸਤਾ ਪਾ ਕੇ ਜਾਂ ਡਰਾ-ਧਮਕਾ ਅੰਦਰੋ-ਅੰਦਰੀ ਦਫ਼ਨਾ ਦਿੱਤੇ ਜਾਂਦੇ ਹਨ। ਜ਼ਿਆਦਾਤਰ ਔਰਤਾਂ ਅਤੇ ਉਨ੍ਹਾਂ ਦੇ ਪਰਿਵਾਰ ਸਮਾਜੀ ਨਮੋਸ਼ੀ, ਬਦਨਾਮੀ ਅਤੇ ਨਿਆਂ ਦੀ ਨਾ-ਉਮੀਦੀ ਕਾਰਨ ਆਪਣੇ ਉਪਰ ਹੋਏ ਇਹ ਘੋਰ ਜ਼ੁਲਮ ਅੰਦਰੋ-ਅੰਦਰੀ ਪੀ ਜਾਂਦੇ ਹਨ। 21ਵੀਂ ਸਦੀ ਵਿਚ ਵੀ ਹਿੰਦੁਸਤਾਨ ਦੀ ਇਕ ਗਿੱਠ ਧਰਤੀ ਵੀ ਐਸੀ ਨਹੀਂ ਜੋ ਔਰਤ ਲਈ ਮਹਿਫੂਜ਼ ਹੋਵੇ। ਇਸੇ ਨੂੰ ਦੇਖ ਕੇ ਪਿੱਛੇ ਜਿਹੇ ਇੰਗਲੈਂਡ ਅਤੇ ਫਰਾਂਸ ਦੀਆਂ ਹਕੂਮਤਾਂ ਵਲੋਂ ਸੈਰ-ਸਪਾਟੇ ਲਈ ਹਿੰਦੁਸਤਾਨ ਜਾਣ ਵਾਲੀਆਂ ਆਪਣੀਆਂ ਸੈਲਾਨੀ ਔਰਤਾਂ ਨੂੰ ਹਿੰਦੁਸਤਾਨ ਨਾ ਜਾਣ ਦੀ ਨਸੀਹਤ ਕੀਤੀ ਗਈ ਹੈ।

ਇਹ ਇਸ ਮੁਲਕ ਵਿਚ ਔਰਤਾਂ ਤੇ ਦਲਿਤਾਂ ਦੀ ਬੇਵਸ, ਗੈਰ-ਮਹਿਫੂਜ਼ ਅਤੇ ਦਰਦਨਾਕ ਹਾਲਤ ਦਾ ਸੱਜਰਾ ਸਬੂਤ ਹੈ। ਚਾਰ ਦਹਾਕਿਆਂ (1971 ਤੋਂ 2012) ਵਿਚ ਜਬਰ-ਜਨਾਹਾਂ ਦੇ ਉਨ੍ਹਾਂ ਮਾਮਲਿਆਂ ਵਿਚ 10 ਗੁਣਾਂ ਇਜ਼ਾਫ਼ੇ ਦੀ ਹੁਕਮਰਾਨਾਂ ਨੂੰ ਕੋਈ ਚਿੰਤਾ ਨਹੀਂ ਜੋ ਕਿਸੇ ਨਾ ਕਿਸੇ ਤਰ੍ਹਾਂ ਸਾਹਮਣੇ ਆ ਜਾਂਦੇ ਹਨ। ਹੁਕਮਰਾਨਾਂ ਮੁਤਾਬਕ ਮੁਲਕ ਦੀ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਤਾਂ ਉਹ ਮਾਓਵਾਦੀ ਬਾਗ਼ੀ ਹਨ ਜੋ ਨੰਗੇ ਅਨਿਆਂ, ਨਾਬਰਾਬਰੀ, ਦਾਬੇ ਅਤੇ ਲੁੱਟਮਾਰ ਦਾ ਰਾਜ ਖ਼ਤਮ ਕਰ ਕੇ ਦੱਬੇਕੁਚਲੇ ਅਵਾਮ ਦੀ ਸੁਰੱਖਿਆ ਤੇ ਮਾਣ-ਸਨਮਾਨ ਵਾਲੀ ਜ਼ਿੰਦਗੀ ਦੀ ਲੜਾਈ ਲੜ ਰਹੇ ਹਨ; ਜਾਂ ਉਹ ਬੁੱਧੀਜੀਵੀ ਸਭ ਤੋਂ ਵੱਡਾ ਖ਼ਤਰਾ ਹਨ ਜੋ ਆਪਣੇ ਹੀ ਲੋਕਾਂ ਖ਼ਿਲਾਫ਼ ਵਿੱਢੀ ਪੂਰੀ ਤਰ੍ਹਾਂ ਨਹੱਕੀ ਜੰਗ ਦਾ ਵਿਰੋਧ ਕਰ ਰਹੇ ਹਨ।

ਹਰਿਆਣਾ ਦੇ ਪਿੰਡ ਭਗਾਣਾ (ਹਿਸਾਰ) ਦੇ ਦਲਿਤ ਡੇਢ ਮਹੀਨਾ ਦਿੱਲੀ ਵਿਚ ਡੇਰੇ ਲਾਈ ਬੈਠੇ ਰਹੇ ਪਰ ਇਨਸਾਫ਼ ਨਹੀਂ ਮਿਲਿਆ। ਇਨ੍ਹਾਂ ਦੀਆਂ ਚਾਰ ਬੱਚੀਆਂ ਜਦੋਂ 25 ਮਾਰਚ ਦੀ ਸ਼ਾਮ ਨੂੰ ਖੇਤਾਂ 'ਚ ਜੰਗਲ-ਪਾਣੀ ਗਈਆਂ ਤਾਂ ਹੰਕਾਰੇ ਹੋਏ ਜਾਟ ਉਨ੍ਹਾਂ ਨੂੰ ਅਗਵਾ ਕਰ ਕੇ ਲੈ ਗਏ ਸਨ ਤੇ ਫਿਰ ਰਾਤ ਭਰ ਸਮੂਹਿਕ ਜਬਰ-ਜਨਾਹ ਕਰ ਕੇ ਬਠਿੰਡਾ ਰੇਲਵੇ ਸਟੇਸ਼ਨ ਲਾਗੇ ਸੁੱਟ ਗਏ ਸਨ। ਇਹ ਵਾਰਦਾਤਾਂ ਨਾ ਸਿਰਫ਼ ਕਿਸੇ ਕੜੇ-ਕਾਨੂੰਨ ਤੋਂ ਬੇਪ੍ਰਵਾਹ ਲਿੰਗਕ ਜੁਰਮ ਕਰਨ ਵਾਲਿਆਂ ਦੀ ਬੇਖ਼ੌਫ਼ ਜ਼ਿਹਨੀਅਤ ਨੂੰ ਦਰਸਾਉਂਦੀਆਂ ਹਨ ਸਗੋਂ ਇਹ ਵੀ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਇਸ ਰਾਜ-ਢਾਂਚੇ ਵਿਚ ਅਜਿਹੇ ਘਿਣਾਉਣੇ ਜੁਰਮ ਕਰ ਕੇ ਵੀ ਉਹ ਆਪਣੀ ਸਮਾਜੀ ਹੈਸੀਅਤ ਅਤੇ ਸਿਆਸੀ ਪੁੱਗਤ ਨਾਲ ਸਜ਼ਾ ਤੋਂ ਸਾਫ਼ ਬਚ ਜਾਣਗੇ, ਕਾਨੂੰਨ ਚਾਹੇ ਕਿੰਨੇ ਵੀ 'ਸਖ਼ਤ' ਕਿਉਂ ਨਾ ਹੋਣ। ਇਸ ਮੁਲਕ ਵਿਚ ਸ਼ਿਵ ਸੈਨਾ ਵਰਗੀਆਂ ਫਾਸ਼ੀਵਾਦੀ ਤਾਕਤਾਂ ਲਈ ਦਲਿਤਾਂ ਉਪਰ ਜ਼ੁਲਮ ਰੋਕਣ ਲਈ ਬਣੇ ਕਾਨੂੰਨਾਂ ਨੂੰ ਬੇਅਸਰ ਬਣਾਉਣਾ ਕਿੰਨਾ ਸੁਖਾਲਾ ਹੈ, ਇਸ ਦੀ ਗਵਾਹੀ ਇਹ ਤੱਥ ਹੈ ਕਿ ਸ਼ਿਵ ਸੈਨਾ ਨੇ ਦਲਿਤ ਲਹਿਰ ਦੀ ਜੰਮਣ-ਭੋਇੰ ਮਹਾਰਾਸ਼ਟਰ ਵਿਚ 1995 ਦੀ ਚੋਣ ਇਸ ਕਾਨੂੰਨ ਨੂੰ ਖ਼ਤਮ ਕੀਤੇ ਜਾਣ ਨੂੰ ਇਕ ਮੁੱਖ ਮੁੱਦਾ ਬਣਾ ਕੇ ਲੜੀ ਸੀ। ਤੇ ਫਿਰ ਮਹਾਰਾਸ਼ਟਰ ਸਰਕਾਰ ਨੇ ਇਸ ਕਾਨੂੰਨ ਤਹਿਤ ਦਰਜ 1100 ਕੇਸ ਇੱਕੋ ਹੱਲੇ ਵਾਪਸ ਲੈ ਲਏ ਸਨ। ਪਿੱਛੇ ਜਿਹੇ ਬਿਹਾਰ ਅਤੇ ਆਂਧਰਾ ਦੀਆਂ ਉੱਚ ਅਦਾਲਤਾਂ ਵਲੋਂ ਰਣਬੀਰ ਸੈਨਾ ਵਰਗੇ ਉਚ ਜਾਤੀ ਗਰੋਹਾਂ ਦੇ ਸਰਗਨਿਆਂ ਨੂੰ ਸਾਫ਼ ਬਰੀ ਕੀਤੇ ਜਾਣ ਤੋਂ ਸਟੇਟ ਦਾ ਰਵੱਈਆ ਸਾਫ਼ ਜ਼ਾਹਿਰ ਹੈ ਜੋ ਅਜਿਹੇ ਜੁਰਮਾਂ ਲਈ ਹਰੀ ਝੰਡੀ ਹੋ ਨਿੱਬੜਦਾ ਹੈ। ਇਸ ਦਾ ਸਿੱਟਾ ਆਏ ਦਿਨ ਨਵੇਂ ਕਾਂਡਾਂ ਨੂੰ ਅੰਜਾਮ ਦਿੱਤੇ ਜਾਣ ਵਿਚ ਨਿਕਲਦਾ ਹੈ।

ਯੂ.ਪੀ. ਦੇ ਪਿੰਡ ਬਦਾਯੂੰ ਦੀਆਂ ਦੋ ਨਾਬਾਲਗ ਭੈਣਾਂ (ਉਮਰ 14 ਅਤੇ 15 ਸਾਲ) 27 ਮਈ ਦੀ ਸ਼ਾਮ ਨੂੰ ਖੇਤਾਂ ਵਿਚ ਜੰਗਲ-ਪਾਣੀ ਗਈਆਂ ਵਾਪਸ ਨਹੀਂ ਮੁੜੀਆਂ। ਅਗਲੇ ਦਿਨ ਸਵੇਰੇ ਉਨ੍ਹਾਂ ਦੀਆਂ ਲਾਸ਼ਾਂ ਕਟੜਾ ਸ਼ਹਾਦਤਗੰਜ ਪਿੰਡ ਵਿਚ ਅੰਬ ਦੇ ਰੁੱਖ ਨਾਲ ਲਟਕਦੀਆਂ ਮਿਲੀਆਂ। ਸਮੂਹਿਕ ਜਬਰ-ਜਨਾਹ ਪਿੱਛੋਂ ਦਰਿੰਦਿਆਂ ਨੇ ਦੋਵੇਂ ਬੱਚੀਆਂ ਗਲ ਘੁੱਟ ਕੇ ਕਤਲ ਕਰ ਦਿੱਤੀਆਂ, ਤਾਂ ਜੋ ਲੋਕ ਇਸ ਨੂੰ ਖ਼ੁਦਕੁਸ਼ੀ ਦਾ ਮਾਮਲਾ ਸਮਝਣ। ਇਨ੍ਹਾਂ ਸੱਤ ਦਰਿੰਦਿਆਂ ਵਿਚ ਤਿੰਨ 'ਕਾਨੂੰਨ ਦੇ ਰਾਖੇ' ਪੁਲਸੀਏ ਹਨ। ਸਿਆਸਤਦਾਨ ਨਿਆਂ ਦੀ ਬਜਾਏ ਮੁਆਵਜ਼ੇ ਦੇ ਐਲਾਨ ਕਰ ਰਹੇ ਹਨ। ਇਹ ਮਾਮਲਾ ਅਜੇ ਕਿਸੇ ਤਣ-ਪੱਤਣ ਨਹੀਂ ਲੱਗਿਆ ਕਿ ਯੂ.ਪੀ.ਦੇ ਆਜ਼ਮਗੜ੍ਹ ਜ਼ਿਲ੍ਹੇ ਵਿਚ ਚਾਰ ਦਰਿੰਦਿਆਂ ਵਲੋਂ ਇਕ ਹੋਰ ਦਲਿਤ ਕੁੜੀ ਨਾਲ ਜਬਰ-ਜਨਾਹ ਦੀ ਖ਼ਬਰ ਆ ਗਈ। ਯੂ.ਪੀ. ਵਿਚ ਉਪਰੋਥਲੀ ਜਬਰ-ਜਨਾਹਾਂ ਦੇ ਹਾਲੀਆ ਛੇ ਮਾਮਲੇ ਕੰਬਣੀ ਛੇੜਨ ਵਾਲੇ ਹਨ। ਇਹ ਉਹ ਸੂਬਾ ਹੈ ਜਿਥੇ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ ਦੇ ਇਕ ਇੰਸਪੈਕਟਰ ਜਨਰਲ ਅਨੁਸਾਰ ਜਬਰ-ਜਨਾਹਾਂ ਦੇ ਘੱਟੋ-ਘੱਟ 10 ਪਰਚੇ ਨਿੱਤ ਦਰਜ ਹੁੰਦੇ ਹਨ। ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਉਥੇ ਸਮਾਜੀ ਬਦਨਾਮੀ ਅਤੇ ਡਾਢਿਆਂ ਦੀ ਧਮਕੀ ਦੇ ਡਰੋਂ ਜਬਰ-ਜਨਾਹਾਂ ਬਾਰੇ ਚੁੱਪ ਵੱਟ ਜਾਣ ਦੇ ਮਾਮਲੇ ਕਿੰਨੀ ਵੱਡੀ ਤਾਦਾਦ 'ਚ ਹੋਣਗੇ! ਉਥੋਂ ਦੇ ਸੀਨੀਅਰ ਸਿਆਸਤਦਾਨ ਮੁਲਾਇਮ ਸਿੰਘ ਯਾਦਵ ਨੇ ਜਬਰ-ਜਨਾਹ ਦੇ ਮੁਜਰਮਾਂ ਨੂੰ ਸਜ਼ਾ ਦੇਣ ਬਾਰੇ ਜੋ ਪ੍ਰਤੀਕਰਮ ਲੰਘੀਆਂ ਚੋਣਾਂ ਵਿਚ ਦਿੱਤਾ, ਉਹ ਇਸ ਸਮਾਜ ਦੀ ਜ਼ਿਹਨੀਅਤ ਦਾ ਸ਼ੀਸ਼ਾ ਹੈ। ਉਸ ਨੇ ਜਬਰ-ਜਨਾਹ ਕਰਨ ਵਾਲਿਆਂ ਦੀ ਪਿੱਠ ਥਾਪਣਦਿਆਂ ਕਿਹਾ ਸੀ- 'ਮੁੰਡੇ ਆਖ਼ਿਰ ਮੁੰਡੇ ਹਨ, ਉਨ੍ਹਾਂ ਨੇ ਗ਼ਲਤੀਆਂ ਤਾਂ ਕਰਨੀਆਂ ਹੀ ਹੋਈਆਂ। ਉਨ੍ਹਾਂ ਨੂੰ ਫਾਹੇ ਕਿਉਂ ਲਾਇਆ ਜਾਵੇ!'

ਜਨਵਰੀ 2014 ਵਿਚ ਪੰਜਾਬ ਵਿਚ 'ਨੰਨੀ ਛਾਂ' ਦੀ ਸਿਆਸੀ ਡਰਾਮੇਬਾਜ਼ੀ ਕਰਨ ਵਾਲੇ ਬਾਦਲਕਿਆਂ ਦੇ ਐਨ ਨੱਕ ਹੇਠ ਮੁਕਤਸਰ ਜ਼ਿਲ੍ਹੇ ਦੇ ਪਿੰਡ ਗੰਧੜ ਦੀ ਨਾਬਾਲਗ ਦਲਿਤ ਕੁੜੀ ਨਾਲ ਜਬਰ-ਜਨਾਹ ਕਰਨ ਵਾਲੇ ਮੁੱਖ ਮੁਜਰਮ ਨੂੰ ਗ੍ਰਿਫ਼ਤਾਰ ਕਰਾਉਣ ਲਈ ਜਮਹੂਰੀ ਜਥੇਬੰਦੀਆਂ ਨੂੰ ਲੰਮਾ ਸੰਘਰਸ਼ ਕਰਨਾ ਪਿਆ, ਕਿਉਂਕਿ ਫ਼ਰੀਦਕੋਟ ਦੇ ਸ਼ਰੂਤੀ ਅਗਵਾ ਮਾਮਲੇ ਵਾਂਗ ਹੀ 'ਪੰਥਕ' ਹਕੂਮਤ ਪੂਰੀ ਬੇਹਯਾਈ ਨਾਲ ਉਸ ਦੀ ਸਿਆਸੀ ਪੁਸ਼ਤ-ਪਨਾਹੀ ਕਰ ਰਹੀ ਹੈ। ਉਲਟਾ ਇਨਸਾਫ਼ ਲਈ ਲੜ ਰਹੀਆਂ ਜਮਹੂਰੀ ਜਥੇਬੰਦੀਆਂ ਦੇ ਅੰਦੋਲਨਕਾਰੀ ਸੈਂਕੜੇ ਮਰਦਾਂ-ਔਰਤਾਂ ਨੂੰ ਪੁਲਿਸ ਗ੍ਰਿਫ਼ਤਾਰ ਕਰ ਕੇ ਥਾਣੇ ਬੰਦ ਕਰਦੀ ਰਹੀ। ਉਪਰੋਂ ਸਿਤਮ-ਜ਼ਰੀਫ਼ੀ ਇਹ ਕਿ ਕੁੜੀ ਦੇ ਬਾਪ ਨੂੰ ਵੀ ਦੋ ਵਾਰ ਗ੍ਰਿਫ਼ਤਾਰ ਕਰ ਕੇ ਹਵਾਲਾਤ ਵਿਚ ਬੰਦ ਕੀਤਾ ਗਿਆ। ਲੋਕ ਸੰਘਰਸ਼ ਦੇ ਦਬਾਅ ਹੇਠ ਉਸ ਨੂੰ 2 ਜੂਨ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਇਨ੍ਹਾਂ ਮਾਮਲਿਆਂ ਦਾ ਇਕ ਖ਼ਾਸ ਪਹਿਲੂ ਜ਼ਿਆਦਾ ਕਾਬਲੇ-ਗੌਰ ਹੈ। ਸਰਕਾਰੀ ਅਧਿਕਾਰੀ ਮੰਨਦੇ ਹਨ ਕਿ 60-65 ਫ਼ੀ ਸਦੀ ਜਬਰ-ਜਨਾਹ ਖੇਤਾਂ ਵਿਚ ਜੰਗਲ-ਪਾਣੀ ਗਈਆਂ ਗਰੀਬ ਤੇ ਦਲਿਤ ਔਰਤਾਂ ਨਾਲ ਹੁੰਦੇ ਹਨ। 'ਸਭ ਤੋਂ ਵੱਡੀ ਜਮਹੂਰੀਅਤ' 'ਚ 6 ਕਰੋੜ ਲੋਕਾਂ (ਸਰਕਾਰੀ ਅੰਕੜਿਆਂ ਅਨੁਸਾਰ) ਕੋਲ ਆਜ਼ਾਦੀ ਦੇ 67 ਸਾਲਾਂ ਬਾਅਦ ਵੀ ਨਿੱਜੀ ਜਾਂ ਜਨਤਕ ਪਖਾਨਿਆਂ ਦੀ ਸਹੂਲਤ ਨਹੀਂ ਹੈ। ਉਹ ਖੇਤਾਂ ਵਿਚ ਜੰਗਲ-ਪਾਣੀ ਜਾਣ ਲਈ ਮਜਬੂਰ ਹਨ। ਗਰੀਬ ਤੇ ਦਲਿਤ ਔਰਤਾਂ ਦੀ ਇਹ ਮਜਬੂਰੀ ਸਾਰੀ ਜ਼ਿੰਦਗੀ ਉਨ੍ਹਾਂ ਦੀ ਜਿੰਦ ਨੂੰ ਮਾਨਸਿਕ ਤਸੀਹਿਆਂ ਨਾਲ ਪਿੰਜਦੇ ਰਹਿਣ ਵਾਲਾ ਅਝੁੱਲ ਸੰਤਾਪ ਬਣ ਜਾਂਦੀ ਹੈ।

ਇਸ ਪੂਰੇ ਵਰਤਾਰੇ ਅੰਦਰ ਦਰਦ-ਕਹਾਣੀ ਦੀ ਕੇਂਦਰੀ ਤੰਦ ਸਾਂਝੀ ਹੈ। ਇਹ ਸਾਰੀਆਂ ਹੀ ਕੁੜੀਆਂ ਦਲਿਤ ਪਰਿਵਾਰਾਂ ਦੀਆਂ ਹਨ। ਇਥੇ ਸਵਾਲ ਮਹਿਜ਼ ਮਰਦ ਦਰਿੰਦਗੀ ਦਾ ਨਹੀਂ ਹੈ। ਇਸ ਜ਼ੁਲਮ ਦੀ ਤਹਿ ਹੇਠ ਇਨਸਾਨ ਦੀ ਸਮਾਜੀ ਹੈਸੀਅਤ ਅਤੇ ਤਾਕਤ ਤੇ ਵਸੀਲਿਆਂ ਦੀ ਅਣਹੋਂਦ ਦਾ ਸਵਾਲ ਇਸ ਤੋਂ ਵੀ ਵੱਡਾ ਹੈ। ਬੁਨਿਆਦੀ ਸਵਾਲ ਇਹ ਹੈ ਕਿ ਸਮਾਜ ਦੇ ਕਿਸੇ ਮਰਦ ਜਾਂ ਰਾਜ ਦੇ ਮਰਦ ਅਧਿਕਾਰੀਆਂ-ਕਰਿੰਦਿਆਂ ਵਿਚ ਕਿਸੇ ਔਰਤ ਦੇ ਸਵੈਮਾਨ 'ਤੇ ਬੇਖ਼ੌਫ਼ ਹੋ ਕੇ ਝਪਟਣ ਦੀ ਦਲੇਰੀ ਕੀ ਸਖ਼ਤ ਕਾਨੂੰਨ ਨਾ ਹੋਣ ਕਾਰਨ ਆਉਂਦੀ ਹੈ, ਜਾਂ ਔਰਤ ਦੀ ਨੀਵੀਂ, ਨਿਤਾਣੀ ਹੈਸੀਅਤ ਅਤੇ ਸਮਾਜ ਦੇ ਮਰਦ-ਹੰਕਾਰ ਨਾਲ ਡੰਗੇ ਰਵੱਈਏ ਕਾਰਨ? ਨਿਸ਼ਚੇ ਹੀ ਦੱਬੇ-ਕੁਚਲੇ ਤੇ ਸਮਾਜ ਦੇ ਹਾਸ਼ੀਏ 'ਤੇ ਧੱਕੇ ਹਿੱਸਿਆਂ ਦੀਆਂ ਔਰਤਾਂ ਦੀ ਹਾਲਤ ਤਾਂ ਹੋਰ ਵੀ ਨਿਤਾਣੀ ਤੇ ਬੇਵਸੀ ਵਾਲੀ ਹੈ। ਪੂਰੇ ਭਾਈਚਾਰੇ ਦੀ ਹੱਕ-ਜਤਾਈ ਤੇ ਨਾਬਰੀ ਦੀ ਸਜ਼ਾ ਉਨ੍ਹਾਂ ਦੀਆਂ ਔਰਤਾਂ ਦੇ ਸਵੈਮਾਨ ਨੂੰ ਕੁਚਲ ਕੇ ਅਤੇ ਉਨ੍ਹਾਂ ਨੂੰ ਬੇਪੱਤ ਕਰ ਕੇ ਦੇਣਾ ਡਾਢਿਆਂ ਲਈ ਸੁਗਲ ਹੈ।

ਭਗਾਣਾ ਪਿੰਡ ਦੀ ਸ਼ਾਮਲਾਟ ਦੀ ਜ਼ਮੀਨ ਵਿਚ ਖੇਡ ਮੈਦਾਨ ਬਣਾਏ ਜਾਣ ਦੀ ਦਲਿਤਾਂ ਦੀ ਹੱਕ-ਜਤਾਈ ਧੌਂਸਬਾਜ਼ ਜਾਟਾਂ ਲਈ ਇਸ ਕਦਰ ਵੰਗਾਰ ਤੇ ਵੱਕਾਰ ਦਾ ਸਵਾਲ ਬਣ ਜਾਂਦੀ ਹੈ ਕਿ ਉੱਚ ਜਾਤਾਂ ਦੀ ਖਾਪ-ਕਚਹਿਰੀ ਪਿੰਡ ਦੇ ਦਲਿਤਾਂ ਨੂੰ ਉਨ੍ਹਾਂ ਦੇ ਇਸ 'ਗੁਨਾਹ' ਦੀ ਸਜ਼ਾ ਪਿੰਡ ਛੱਡ ਜਾਣ ਲਈ ਮਜਬੂਰ ਕਰ ਕੇ ਅਤੇ ਫਿਰ ਚਾਰ ਬੱਚੀਆਂ ਦੀਆਂ ਜ਼ਿੰਦਗੀਆਂ ਬਰਬਾਦ ਕਰ ਕੇ ਦਿੰਦੀ ਹੈ। ਹਰਿਆਣੇ ਦੀ ਸਰਹੱਦ ਨਾਲ ਲੱਗਦੇ ਪੰਜਾਬ ਦੇ ਪਿੰਡ ਬਾਊਪੁਰ ਦੇ ਦਲਿਤਾਂ ਦੇ 15 ਮਈ ਤੋਂ ਚਲ ਰਹੇ ਸਮਾਜੀ ਬਾਈਕਾਟ ਦੀ ਮੁੱਖ ਵਜ੍ਹਾ ਵੀ ਉਨ੍ਹਾਂ ਦੀ ਨਿਤਾਣੀ ਹੈਸੀਅਤ ਹੈ ਜਿਨ੍ਹਾਂ ਨੇ ਪਿੰਡ ਦੀ 81 ਏਕੜ ਪੰਚਾਇਤੀ ਜ਼ਮੀਨ ਵਿਚੋਂ ਆਪਣਾ 27 ਏਕੜ ਕਾਨੂੰਨੀ ਹਿੱਸਾ ਖੁੱਲ੍ਹੀ ਬੋਲੀ ਰਾਹੀਂ ਠੇਕੇ 'ਤੇ ਲੈਣ ਲਈ ਹੱਕ ਜਤਾਇਆ ਤਾਂ ਜੱਟਵਾਦ, ਸਿੱਖੀ ਦਾ ਨਕਾਬ ਲਾਹ ਕੇ ਸਮਾਜਕ ਬਾਈਕਾਟ ਦੀ ਸ਼ਕਲ 'ਚ ਸਾਹਮਣੇ ਆ ਗਿਆ, ਪਰ ਸਥਾਪਤੀ ਤੇ ਇਸ ਦੀ ਮੁੱਖਧਾਰਾ ਸਿਆਸਤ ਦੀਆਂ ਨਜ਼ਰਾਂ ਵਿਚ ਇਹ 'ਅਤਿਵਾਦ' ਨਹੀਂ ਹੈ।

ਇਸੇ ਦੌਰਾਨ ਖ਼ਬਰ ਹੈ ਕਿ ਅਜੀਤ ਡੋਵਾਲ ਨੇ ਇਸ ਮੁਲਕ ਉਪਰ ਨਵੀਂ ਥੋਪੀ ਕਾਰਪੋਰੇਟਾਂ ਦੀ ਚਹੇਤੀ ਵਜ਼ੀਰ-ਮੰਡਲੀ ਦੀ ਕੌਮੀ ਸੁਰੱਖਿਆ ਸਲਾਹਕਾਰ ਦਾ ਅਹੁਦਾ ਸੰਭਾਲ ਲਿਆ ਹੈ। ਉਸ ਬਾਰੇ ਮਸ਼ਹੂਰ ਹੈ ਕਿ ਉਹ ਵਾਜਪਾਈ ਹਕੂਮਤ ਦੇ ਜ਼ਮਾਨੇ ਵਿਚ ਕੰਧਾਰ ਹਵਾਈ-ਜਹਾਜ਼ ਅਗਵਾ ਕਾਂਡ ਦੇ ਸੰਕਟ ਨੂੰ ਸੁਲਝਾਉਣ, ਖ਼ਾਲਸਤਾਨੀਆਂ ਵਲੋਂ ਅਗਵਾ ਕੀਤੇ ਰੋਮਾਨੀਆ ਦੇ ਸਫ਼ੀਰ ਲਿਵਿਊ ਰਾਡੂ ਦੀ ਜਾਨ ਬਚਾਉਣ, ਮਿਜ਼ੋਰਮ ਦੀ ਹਥਿਆਰਬੰਦ ਲਹਿਰ ਨੂੰ ਖ਼ਤਮ ਕਰ ਕੇ ਲਾਲਡੇਂਗਾ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਉਣ ਅਤੇ ਕਸ਼ਮੀਰ ਦੀ ਖਾੜਕੂ ਲਹਿਰ ਦਾ ਲੱਕ ਤੋੜਨ ਵਰਗੇ ਮੁਲਕ ਦੀ 'ਅੰਦਰੂਨੀ ਸੁਰੱਖਿਆ ਦੇ ਜਾਂਬਾਜ਼ ਕਾਰਨਾਮਿਆਂ' ਨੂੰ ਅੰਜਾਮ ਦੇਣ ਵਾਲਾ ਬੇਜੋੜ ਅੰਦਰੂਨੀ ਸੁਰੱਖਿਆ ਮਾਹਰ ਹੈ।

ਕੀ ਸ੍ਰੀਮਾਨ ਡੋਵਾਲ ਅਤੇ ਉਸ ਦੀ ਨਿਯੁਕਤੀ ਕਰਨ ਵਾਲੇ ਹੁਕਮਰਾਨ ਜਵਾਬ ਦੇਣਗੇ ਕਿ ਇਸ ਸਰਜ਼ਮੀਨ ਦੀਆਂ ਇਨ੍ਹਾਂ ਬੇਵਸ ਧੀਆਂ ਦੀ ਉਨ੍ਹਾਂ 'ਦਹਿਸ਼ਤਗਰਦਾਂ' ਤੋਂ ਇੱਜ਼ਤ ਬਚਾਉਣ ਬਾਰੇ ਹੁਕਮਰਾਨ ਲਾਣੇ ਦਾ ਕੀ ਖ਼ਿਆਲ ਹੈ ਜੋ ਆਪਣੀ ਸਮਾਜੀ ਹੈਸੀਅਤ ਅਤੇ ਧੌਂਸ ਦੇ ਜ਼ੋਰ ਇਥੇ ਨਿੱਤ ਲਿੰਗਕ ਤੇ ਜਾਤਪਾਤੀ ਅਤਿਵਾਦ ਦੀਆਂ ਥੋਕ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ ਤੇ ਸਿਆਸੀ ਪੁਸ਼ਤ-ਪਨਾਹੀ ਮਾਣਦੇ ਹਨ? ਜਿਸ ਦੱਬੇ-ਕੁਚਲੇ ਅਵਾਮ ਦੀ ਆਪਣੀ ਸੁਰੱਖਿਆ ਨੂੰ ਖ਼ਤਰਾ ਹੈ, ਉਸ ਅੱਗੇ ਅਖੌਤੀ 'ਅੰਦਰੂਨੀ ਸੁਰੱਖਿਆ ਲਈ ਖ਼ਤਰਾ' ਬਣ ਜਾਣ ਦਾ ਰਾਹ ਅਖ਼ਤਿਆਰ ਕਰਨ ਤੋਂ ਸਿਵਾਏ ਕੀ ਚਾਰਾ ਹੈ?

# ਨਵਾਜ਼ ਸ਼ਰੀਫ ਦੀ ਦਿੱਲੀ ਫੇਰੀ

ਪ੍ਰਧਾਨ ਮੰਤਰੀ ਮੀਆਂ ਨਵਾਜ਼ ਸ਼ਰੀਫ ਦੀ ਭਾਰਤ ਯਾਤਰਾ ਬਾਰੇ ਪਾਕਿਸਤਾਨ ਵਿਚ ਮਿਲੀ-ਜੁਲੀ ਰਾਏ ਹੈ। ਇਕ ਵੱਡਾ ਵਰਗ ਤਾਂ ਨਵਾਜ਼ ਸ਼ਰੀਫ ਦੇ ਦਿੱਲੀ ਜਾਣ ਦੇ ਵਿਰੁੱਧ ਸੀ ਅਤੇ ਦਲੀਲ ਇਹ ਸੀ ਕਿ ਜਦੋਂ ਤਕ ਕਸ਼ਮੀਰ ਦੇ ਲੋਕਾਂ ਨੂੰ ਆਪਣੀ ਮਰਜ਼ੀ ਨਾਲ ਫੈਸਲਾ ਕਰਨ ਦਾ ਹੱਕ ਨਹੀਂ ਦਿੱਤਾ ਜਾਂਦਾ; ਭਾਰਤ ਨਾਲ ਪਾਣੀ, ਸਿਆਚਿਨ, ਸਰਕ੍ਰੀਕ ਦੇ ਮੁੱਦਿਆਂ 'ਤੇ ਫੈਸਲਾ ਨਹੀਂ ਹੋ ਜਾਂਦਾ, ਉਦੋਂ ਤਕ ਪਾਕਿਸਤਾਨ ਦੇ ਪ੍ਰਧਾਨ

**ਮਹਿਮੂਦ ਸ਼ਾਮ**

ਮੰਤਰੀ ਦੇ ਭਾਰਤ ਜਾਣ ਦਾ ਕੋਈ ਫਾਇਦਾ ਨਹੀਂ। ਕੁਝ ਸਮੀਖਿਅਕਾਂ ਦਾ ਕਹਿਣਾ ਸੀ ਕਿ ਵਿਦੇਸ਼ ਮੰਤਰੀ ਨੂੰ ਭਾਰਤ ਭੇਜ ਦਿੱਤਾ ਜਾਂਦਾ, ਪਰ ਇਹ ਅਹੁਦਾ ਵੀ ਤਾਂ ਨਵਾਜ਼ ਸ਼ਰੀਫ ਕੋਲ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਪ੍ਰਧਾਨ ਮੰਤਰੀ ਡਟ ਕੇ 'ਹੋਮ ਵਰਕ' ਕਰਨ। ਇਹ ਵੀ ਵਾਰ-ਵਾਰ ਕਿਹਾ ਗਿਆ ਕਿ ਭਾਰਤੀ ਪ੍ਰਧਾਨ ਮੰਤਰੀ ਤਾਂ ਪਾਕਿਸਤਾਨ ਨਹੀਂ ਆਉਂਦੇ, ਜਦਕਿ ਸਾਡੇ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਭੱਜੇ-ਭੱਜੇ ਦਿੱਲੀ ਜਾਂਦੇ ਹਨ।

ਮੀਆਂ ਨਵਾਜ਼ ਸ਼ਰੀਫ ਨੇ ਆਪਣੇ ਸਹੁੰ-ਚੁੱਕ ਸਮਾਗਮ ਵਿਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸੱਦਾ ਦਿੱਤਾ ਸੀ ਪਰ ਉਨ੍ਹਾਂ ਨੇ ਕਬੂਲ ਨਹੀਂ ਕੀਤਾ। ਸ਼ਾਇਦ ਸੋਨੀਆ ਗਾਂਧੀ ਨੇ ਮਨ੍ਹਾ ਕਰ ਦਿੱਤਾ ਜਾਂ ਵਿਦੇਸ਼ ਮੰਤਰਾਲੇ ਨੇ ਉਨ੍ਹਾਂ ਨੂੰ ਨਹੀਂ ਆਉਣ ਦਿੱਤਾ। ਇਸ ਤੋਂ ਪਹਿਲਾਂ ਪਰਵੇਜ਼ ਮੁਸ਼ੱਰਫ ਵੀ ਮਨਮੋਹਨ ਸਿੰਘ ਨੂੰ ਸੱਦਾ ਦੇ ਚੁੱਕਾ ਸੀ ਪਰ ਮਨਮੋਹਨ ਸਿੰਘ ਪਾਕਿਸਤਾਨ ਨਹੀਂ ਆਏ। ਹਾਂ, ਸ੍ਰੀ ਵਾਜਪਾਈ ਦੋ ਵਾਰ ਜ਼ਰੂਰ ਆਏ- ਪਹਿਲਾਂ ਬੱਸ ਰਾਹੀਂ ਲਾਹੌਰ ਅਤੇ ਫਿਰ ਇਸਲਾਮਾਬਾਦ।

ਪਹਿਲਾਂ ਰਾਸ਼ਟਰਪਤੀ ਜ਼ਰਦਾਰੀ ਭਾਰਤ ਗਏ ਅਤੇ ਫਿਰ ਪ੍ਰਧਾਨ ਮੰਤਰੀ ਗਿਲਾਨੀ, ਪਰ ਭਾਰਤ ਵਲੋਂ ਕੋਈ ਵੀ ਪਾਕਿਸਤਾਨ ਨਹੀਂ ਪੁੱਜਿਆ। ਲੋਕਤੰਤਰ ਦੇ ਯੁੱਗ ਵਿਚ ਭਾਰਤੀ ਪ੍ਰਧਾਨ ਮੰਤਰੀ ਦੇ ਆਉਣ ਦੀ ਪ੍ਰੰਪਰਾ ਬਹੁਤ ਘੱਟ ਹੈ। ਸਿਰਫ ਰਾਜੀਵ ਗਾਂਧੀ ਹੀ ਬੇਨਜ਼ੀਰ ਭੁੱਟੋ ਦੇ ਪਹਿਲੇ ਸ਼ਾਸਨਕਾਲ ਵਿਚ ਆਏ ਸਨ। ਭਾਰਤ-ਪਾਕਿਸਤਾਨ ਅਧਿਕਾਰੀਆਂ ਵਿਚਾਲੇ ਜਦੋਂ ਵੀ ਮੁਲਾਕਾਤ ਹੁੰਦੀ ਹੈ ਤਾਂ ਦੋਹਾਂ ਦੇਸ਼ਾਂ ਵਿਚਕਾਰ ਬਹੁਤ ਉਮੀਦਾਂ ਬੱਝ ਜਾਂਦੀਆਂ ਹਨ ਅਤੇ ਵੰਡੇ ਹੋਏ ਪਰਿਵਾਰ ਸੋਚਣ ਲੱਗਦੇ ਹਨ ਕਿ ਹੁਣ ਆਉਣ-ਜਾਣ ਵਿਚ ਆਸਾਨੀ ਹੋਵੇਗੀ, ਵੀਜ਼ਾ ਪਾਬੰਦੀਆਂ ਨਰਮ ਕੀਤੀਆਂ ਜਾਣਗੀਆਂ, ਆਪਸੀ ਕਾਰੋਬਾਰ ਖੁੱਲ੍ਹ ਜਾਵੇਗਾ।

ਉਂਝ, ਨਵਾਜ਼ ਸ਼ਰੀਫ ਨੇ ਦਿੱਲੀ ਜਾ ਕੇ ਚੰਗਾ ਕਦਮ ਚੁੱਕਿਆ ਹੈ। ਇਕ ਗੰਭੀਰ ਵਰਗ ਭਾਰਤ





ਦੇ ਨਵੇਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਿਆਸੀ ਜ਼ਿੰਦਗੀ ਦੇ ਵੇਰਵੇ ਤੋਂ ਜਾਣੂ ਹੈ ਅਤੇ ਇਹ ਵੀ ਜਾਣਦਾ ਹੈ ਕਿ ਮੋਦੀ ਨੂੰ ਇਹ ਅਹੁਦਾ ਅਚਾਨਕ ਨਹੀਂ ਮਿਲ ਗਿਆ; ਇਸ ਪਿੱਛੇ ਲੰਮੀ ਅਤੇ ਗੰਭੀਰ ਕਹਾਣੀ ਹੈ। ਅਮਰੀਕਾ ਨੇ ਉਸ ਦਾ ਵਿਰੋਧ ਕੀਤਾ ਅਤੇ ਉਸ ਨੂੰ ਵੀਜ਼ਾ ਦੇਣ ਤੋਂ ਵੀ ਨਾਂਹ ਕੀਤੀ। ਇਸ ਨੂੰ ਧਿਆਨ ਵਿਚ ਰੱਖਦਿਆਂ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਵਿਦੇਸ਼ੀ ਦਬਾਅ 'ਚ ਨਹੀਂ ਆਉਣਗੇ ਅਤੇ ਪਾਕਿਸਤਾਨ ਬਾਰੇ ਵੀ ਉਨ੍ਹਾਂ ਦੀ ਨੀਤੀ ਆਜ਼ਾਦ ਹੋਵੇਗੀ। ਇਹ ਵੀ ਕਿਹਾ ਜਾ ਰਿਹਾ ਹੈ ਕਿ ਮੋਦੀ, ਮਨਮੋਹਨ ਸਿੰਘ ਵਾਂਗ ਪਾਰਟੀ ਲੀਡਰਸ਼ਿਪ ਦੇ ਦਬਾਅ ਹੇਠ ਵੀ ਨਹੀਂ ਆਉਣਗੇ। ਆਰ.ਐਸ.ਐਸ. ਨਾਲ ਉਨ੍ਹਾਂ ਦਾ ਸੰਬੰਧ ਜ਼ਰੂਰ ਹੈ ਪਰ ਆਪਣੇ ਫੈਸਲਿਆਂ ਨਾਲ ਉਨ੍ਹਾਂ ਦਾ ਕੱਦ ਇੰਨਾ ਵਧ ਗਿਆ ਹੈ ਕਿ ਉਨ੍ਹਾਂ 'ਤੇ ਕੋਈ ਧੌਂਸ ਨਹੀਂ ਜਮਾ ਸਕਦਾ।

ਅੱਜ ਕੱਲ੍ਹ ਕਾਰੋਬਾਰ ਦਾ ਦੌਰ ਹੈ ਅਤੇ ਸਿਆਸਤ 'ਤੇ ਵੀ ਇਕਨਾਮਿਕਸ ਛਾਈ ਹੋਈ ਹੈ। ਮੋਦੀ ਨਾਲ ਕਾਰੋਬਾਰੀ ਸਮੂਹ ਜੁੜੇ ਹੋਏ ਹਨ। ਇਸ ਲਈ ਨਾ ਸਿਰਫ ਭਾਰਤ ਦੀ ਅਰਥ-ਵਿਵਸਥਾ ਮਜ਼ਬੂਤ ਹੋਵੇਗੀ, ਸਗੋਂ ਇਸ ਨਾਲ ਪੂਰੇ ਖੇਤਰ ਨੂੰ ਫਾਇਦਾ ਹੋਵੇਗਾ। ਪਾਕਿਸਤਾਨ ਵਿਚ ਇਸ ਸਮੇਂ ਇਹ ਮਾਮਲਾ ਬਹੁਤ ਅਹਿਮ ਬਣ ਗਿਆ ਹੈ ਕਿ ਤਾਲਿਬਾਨ ਵਿਚ ਫੁੱਟ ਪੈ ਗਈ ਹੈ। ਸਰਕਾਰ ਨੂੰ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਇਲਾਕਿਆਂ ਵਿਚ ਫੌਜੀ ਕਾਰਵਾਈਆਂ ਬੰਦ ਕੀਤੀਆਂ ਜਾਣ, ਉਹ ਸ਼ਾਂਤੀ ਚਾਹੁੰਦੇ ਹਨ। ਫੌਜੀ ਕਾਰਵਾਈ ਆਸਾਨੀ ਨਾਲ ਹੋ ਸਕਦੀ ਹੈ ਕਿਉਂਕਿ ਮੌਸਮ ਚੰਗਾ ਹੈ। ਇਸ ਲਈ ਇਹ ਖਿਆਲ ਰੱਖਿਆ ਜਾ ਰਿਹਾ ਹੈ ਕਿ ਅਤਿਵਾਦੀ ਕੁਝ ਮੋਹਲਤ ਲੈਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਕਿ ਸਰਕਾਰ ਨਾਲ ਗੱਲਬਾਤ ਦਾ ਬਹਾਨਾ ਬਣਾ ਕੇ ਆਪਣੀਆਂ ਤਿਆਰੀਆਂ ਪੂਰੀਆਂ ਕਰ ਸਕਣ। ਫੌਜ ਕੋਲ ਵੀ ਇਹੋ ਕੁਝ ਮਹੀਨੇ ਹਨ- ਜੂਨ, ਜੁਲਾਈ ਅਤੇ ਅਗਸਤ, ਫਿਰ ਸਤੰਬਰ ਵਿਚ ਸਰਦੀ ਸ਼ੁਰੂ ਹੋ ਜਾਂਦੀ ਹੈ। ਰਮਜ਼ਾਨ ਦਾ ਪਵਿੱਤਰ ਮਹੀਨਾ ਵੀ ਆ ਰਿਹਾ ਹੈ। ਉਸ ਵਿਚ ਵੀ ਆਮ ਤੌਰ 'ਤੇ ਕੋਈ ਫੌਜੀ ਆਪ੍ਰੇਸ਼ਨ ਨਹੀਂ ਹੁੰਦਾ।

ਪਾਕਿਸਤਾਨ ਵਿਚ ਇਸ ਸਮੇਂ ਸਿਆਸੀ ਤਣਾਅ ਵਧ ਰਿਹਾ ਹੈ। ਇਮਰਾਨ ਖਾਨ ਦੇ ਵੱਡੇ-ਵੱਡੇ ਜਲਸੇ ਹੋ ਰਹੇ ਹਨ। ਮੀਆਂ ਨਵਾਜ਼ ਸ਼ਰੀਫ ਦੇ ਗੜ੍ਹ ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਇਮਰਾਨ ਖਾਨ ਆਪਣੀ ਸਿਆਸੀ ਤਾਕਤ ਦਾ ਚੰਗਾ ਪ੍ਰਦਰਸ਼ਨ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਪ੍ਰਸਿੱਧੀ ਮਿਲ ਰਹੀ ਹੈ। ਨਵਾਜ਼ ਸਰਕਾਰ ਇਸ ਨਾਲ ਕਿੰਨੇ ਦਬਾਅ ਵਿਚ ਆਉਂਦੀ ਹੈ, ਇਹ ਬਜਟ ਸਮਾਗਮ ਦੌਰਾਨ ਹੀ ਪਤਾ ਲੱਗੇਗਾ।

# ਸਾਧ, ਸੰਗਤ ਤੇ ਸੰਪਟ ਪਾਠ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

"ਦੋਸਤੋ, ਭਲਾ ਸੰਪਟ ਪਾਠ ਕੀ ਹੁੰਦਾ ਹੈ ਅਤੇ ਇਹ ਕਿਵੇਂ ਕੀਤਾ ਜਾਂਦਾ ਹੈ? ਕਿਸੇ ਭੈਣ-ਭਾਈ ਤੋਂ ਮੈਨੂੰ ਇਸ ਨਵੇਂ ਪਾਠ ਬਾਰੇ ਪਤਾ ਲੱਗਾ ਹੈ। ਇਸ ਤੋਂ ਪਹਿਲਾਂ ਮੈਂ ਇਹ ਨਾਂ ਕਦੇ ਨਹੀਂ ਸੀ ਸੁਣਿਆ। ਕੀ ਕੋਈ ਵੀਰ-ਭੈਣ ਇਸ ਪਾਠ ਬਾਬਤ ਮੈਨੂੰ ਤਫ਼ਸੀਲੀ ਜਾਣਕਾਰੀ ਦੇ ਸਕਦਾ ਹੈ?"

'ਫੇਸਬੁੱਕ' ਉਤੇ ਇਕ ਲੇਖਕ ਬੀਬੀ ਵੱਲੋਂ ਕੀਤੇ ਗਏ ਇਹ ਸਵਾਲ ਪੜ੍ਹ ਕੇ ਮੈਂ ਜੱਕੋ-ਤੱਕੀ ਵਿਚ ਪੈ ਗਿਆ ਕਿ ਜਵਾਬ ਵਜੋਂ ਕੁਝ ਲਿਖਾਂ ਜਾਂ ਕੰਨੀਂ ਖਿਸਕਾ ਲਵਾਂ; ਕਿਉਂ ਜੋ ਫੇਸਬੁੱਕ ਰਾਹੀਂ ਲੰਬੇ ਵਿਸਥਾਰ ਵਾਲੇ ਹਵਾਲੇ ਲਿਖਣੇ ਔਖੇ ਨੇ। ਇਹਦੇ ਬਾਰੇ 'ਹਾਂ' ਜਾਂ 'ਨਾਂਹ' ਵਰਗੀ ਦੋ-ਟੁੱਕ ਗੱਲ ਵੀ ਨਹੀਂ ਕੀਤੀ ਜਾ ਸਕਦੀ। ਹਾਲੇ ਮੈਂ ਇਸੇ ਸੋਚ-ਵਿਚਾਰ ਵਿਚ ਹੀ ਉਲਝਿਆ ਹੋਇਆ ਸਾਂ ਕਿ ਕਿਸੇ ਵੀਰ ਨੇ ਜਵਾਬ ਦਿੰਦੇ ਹੋਏ ਲਿਖਿਆ ਕਿ ਸੰਪਟ ਪਾਠ ਸੱਤਾਂ ਦਿਨਾਂ ਵਿਚ ਸੰਪੂਰਨ ਕੀਤਾ ਜਾਂਦਾ ਹੈ। ਅੱਧ-ਪਚੱਧੀ ਜਿਹੀ ਜਾਣਕਾਰੀ ਵਾਲੇ ਇਸ ਜਵਾਬ ਤੋਂ ਬਾਅਦ ਅੰਧ-ਵਿਸ਼ਵਾਸ ਨਾਲ ਨੱਕੋ-ਨੱਕ ਭਰੇ ਪਏ ਕਿਸੇ ਹੋਰ ਸੱਜਣ ਨੇ ਸਵਾਲ ਕਰਨ ਵਾਲੀ ਲੇਖਕਾ ਨੂੰ ਨਸੀਹਤ ਦਿੱਤੀ, "ਪੁੱਛੀਦਾ ਨਹੀਂ ਹੁੰਦਾ ਬੀਬੀ ਜੀ, (ਪਾਠ) ਕਰਨ ਲੱਗ ਜਾਈਦਾ ਹੈ!"

ਇਹ ਦੋਵੇਂ ਕੱਚੇ ਜਿਹੇ ਜਵਾਬ ਪੜ੍ਹ ਕੇ ਮੈਂ ਸੰਕੋਚਵੇਂ ਜਿਹੇ ਸ਼ਬਦਾਂ ਵਿਚ ਲਿਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਦੋ ਤਰ੍ਹਾਂ ਦੇ ਪਾਠ ਹੀ ਪੰਥਕ ਤੌਰ 'ਤੇ ਪ੍ਰਵਾਨਿਤ ਹਨ- ਸਹਿਜ ਪਾਠ ਜਾਂ ਅਖੰਡ ਪਾਠ। ਇਨ੍ਹਾਂ ਦੋਹਾਂ ਤੋਂ ਇਲਾਵਾ ਹੋਰ ਕਿਸੇ ਕਿਸਮ ਦੇ ਕੀਤੇ ਜਾਂ ਕਰਵਾਏ ਜਾਂਦੇ ਪਾਠ, ਸਾਧ ਬਾਬਿਆਂ ਦੇ ਆਪਣੇ ਹੀ ਈਜਾਦ ਕੀਤੇ ਹੋਏ ਨੇ। ਮੈਂ ਇਹ ਵੀ ਲਿਖਿਆ ਕਿ ਵੀਹ ਕੁ ਸਾਲ ਪਹਿਲਾਂ ਮੈਂ ਖੁਦ ਦੋ-ਚਾਰ ਕੁ ਸੰਪਟ ਪਾਠਾਂ ਵਿਚ ਸ਼ਾਮਲ ਹੋਇਆ ਸਾਂ। ਫੇਸਬੁੱਕੀ ਬਹਿਸ ਵਿਚ ਸ਼ਾਮਲ ਇਕ ਜਾਣੂ ਨੇ ਮੇਰੇ ਇੰਨੇ ਕੁ ਸ਼ਬਦ ਪੜ੍ਹ ਕੇ ਮੈਨੂੰ ਫੋਨ ਕੀਤਾ। ਫੋਨ 'ਤੇ ਮਿਲੀ ਸਲਾਹ ਮੁਤਾਬਿਕ ਹੀ ਹਥਲਾ ਲੇਖ ਲਿਖ ਰਿਹਾ ਹਾਂ।

ਸੰਪਟ ਪਾਠ ਬਾਰੇ ਕਿਸੇ ਗ੍ਰੰਥ ਦਾ ਹਵਾਲਾ ਦੇਣ ਤੋਂ ਪਹਿਲਾਂ ਇਹ ਦੱਸਣਾ ਠੀਕ ਰਹੇਗਾ ਕਿ ਸੰਪਟ ਸ਼ਬਦ ਦਾ ਅਰਥ ਕੀ ਹੁੰਦਾ ਹੈ ਤੇ ਸੰਪਟ ਪਾਠ ਕਿਵੇਂ ਕੀਤਾ ਜਾਂਦਾ ਹੈ। ਮਹਾਨਕੋਸ਼ ਅਨੁਸਾਰ ਸੰਪਟ ਜਾਂ ਸੰਪੁਟ ਦੇ ਅਰਥ ਹਨ- 1. ਪੁਟ (ਢਕਣ) ਦੀ ਕ੍ਰਿਆ 2. ਡੱਬਾ 3. ਸੰਦੂਕ 4. ਪੜਦਾ ਆਵਰਣ 5. ਮੰਤਰ ਦੇ ਆਦਿ ਅਤੇ ਅੰਤ, ਕਿਸੇ ਪਦ ਦੇ ਜੋੜਨ ਦੀ ਕ੍ਰਿਆ- ਜੈਸੇ ਓਅੰ ਵਾਹਗੁਰੂ ਓਅੰ। ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਦਿੱਤੇ ਗਏ ਇਹ ਸ਼ਾਬਦਿਕ ਅਰਥ ਸ਼ਾਇਦ ਪੂਰੀ ਘੁੰਡੀ ਨਾ ਖੋਲ੍ਹ ਸਕਣ। ਇਸ ਲਈ ਸੰਪਟ ਪਾਠ ਦੇ ਢੰਗ-ਤਰੀਕੇ ਦੀ ਗੱਲ ਕਰਦੇ ਹਾਂ।

ਪਹਿਲਾਂ ਹੀ ਦੱਸਿਆ ਹੈ ਕਿ ਗੁਰਬਾਣੀ ਦੇ ਕੇਵਲ ਦੋ ਤਰ੍ਹਾਂ ਦੇ ਪਾਠ ਹੀ ਪ੍ਰਵਾਨਿਤ ਮਰਿਆਦਾ ਅਨੁਸਾਰ ਕੀਤੇ ਜਾਂਦੇ ਹਨ, ਪਰ ਸਿੱਖ ਜਗਤ ਵਿਚ ਸੰਤਾਂ-ਸਾਧਾਂ ਵੱਲੋਂ ਇਹ ਧਾਰਨਾ ਪ੍ਰਚਲਿਤ ਕਰ ਦਿੱਤੀ ਹੈ ਕਿ ਸਹਿਜ ਪਾਠ ਨਾਲੋਂ ਅਖੰਡ ਪਾਠ ਦਾ ਮਹਾਤਮ ਜ਼ਿਆਦਾ ਹੁੰਦਾ ਹੈ। ਆਪਣੇ ਕੋਲੋਂ ਹੀ ਵਿਧੀ-ਵਿਧਾਨ ਘੜ ਕੇ, ਸੰਪਟ ਪਾਠ ਬਾਰੇ ਵੀ ਇਹੀ ਪ੍ਰਚਾਰਿਆ ਜਾਂਦਾ ਹੈ; ਅਖੇ, ਜਿਹੜਾ ਕੋਈ ਅੜਿਆ-ਥੁੜਿਆ ਕੰਮ, ਸਹਿਜ ਪਾਠ ਜਾਂ ਅਖੰਡ ਪਾਠ ਕਰਾਇਆਂ ਵੀ ਸਿਰੇ ਨਾ ਚੜ੍ਹੇ, ਉਹ ਸੰਪਟ ਪਾਠ ਕਰਾਉਣ ਨਾਲ ਸ਼ਰਤੀਆ ਪੂਰਾ ਹੋ ਜਾਂਦਾ ਹੈ। ਭੋਲੇ-ਭਾਲੇ ਸ਼ਰਧਾਲੂਆਂ ਦੇ ਮਨਾਂ ਵਿਚ ਇਹ ਵਿਚਾਰ ਭਰ ਦਿੱਤਾ ਗਿਆ ਕਿ ਜੇ ਪੂਰੀ ਵਿਧੀ ਨਾਲ ਸੰਪਟ ਪਾਠ ਕਰਵਾਇਆ ਜਾਵੇ ਤਾਂ ਹਰ ਸੰਕਟ ਦਾ ਸਮਾਧਾਨ ਅਵੱਸ਼ ਹੋ ਜਾਂਦਾ ਹੈ। ਖਾਸ ਕਰ ਕੇ ਝੂਠੇ-ਸੱਚੇ ਮੁਕੱਦਮਿਆਂ ਦੀ ਜਿੱਤ ਲਈ ਸੰਪਟ ਪਾਠ ਨੂੰ ਸੰਕਟ ਮੋਚਨ ਵਜੋਂ ਪ੍ਰਚਾਰਿਆ ਜਾਂਦਾ ਹੈ।

ਗੁਰਮਤਿ ਅਸੂਲਾਂ ਅਤੇ ਸਿੱਖ ਮਤਿ ਦੀਆਂ ਪਰੰਪਰਾਵਾਂ ਦੀ ਵਿਆਖਿਆ ਹਿਤ ਲਿਖੇ ਗਏ ਮਹਾਨ ਗ੍ਰੰਥ 'ਗੁਰਮਤਿ ਮਾਰਤੰਡ' (ਭਾਗ ਦੂਜਾ) ਦੇ ਸਫਾ 421-22 'ਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਸੰਪਟ ਪਾਠ ਸਬੰਧੀ ਸਪਸ਼ਟ ਨਿਰਣਾ ਦਿੱਤਾ ਹੋਇਆ ਹੈ,

6. ਉਜਰਤ ਦੇ ਕੇ ਪਾਠ ਕਰਾਉਣਾ, ਤੰਤ੍ਰ ਸ਼ਾਸਤਰ ਦੀ ਦੱਸੀ ਰੀਤਿ ਅਨੁਸਾਰ ਜਪ, ਵਰਣੀਆਂ, ਸਪਤਾਹ ਪਾਠ, ਸੰਪੁਟ ਪਾਠ, ਖਾਸ (ਸਪਤਾਹ, ਸੰਪਟ ਪਾਠ) ਵੇਲੇ (ਭਾਵ ਨਿਸ਼ਚਿਤ ਕੀਤੇ ਗਏ ਸਮੇਂ) ਸਿਰ ਪਾਠ ਦੀ ਸਮਾਪਤੀ, ਨਲੇਰ, ਕਲਸ, ਦਿਨੇ ਦੀਵਾ ਆਦਿ ਸਭ ਕਰਮ ਹਿੰਦੂ ਰੀਤਿ ਦੀ ਨਕਲ ਹੈਨ...।

ਇਸੇ ਇਬਾਰਤ ਦੇ ਹੇਠਾਂ ਫੁੱਟ-ਨੋਟ ਨੰਬਰ 2 ਵਿਚ ਭਾਈ ਨਾਭਾ ਹੋਰ ਲਿਖਦੇ ਨੇ,

2. ਕਿਸੇ ਤੁਕ ਨੂੰ ਭਾਵਨਾ ਅਨੁਸਾਰ ਫਲ ਦੇਣ ਵਾਲੀ ਮੰਨ ਕੇ, ਹਰ ਸ਼ਬਦ ਅਤੇ ਪਉੜੀ-ਸਲੋਕ ਦੇ ਆਦਿ ਅੰਤ ਦੇ ਕੇ ਪਾਠ ਕਰਨਾ ਸੰਪੁਟ ਪਾਠ ਹੈ। ਜਿਵੇਂ ਸਗਲ ਮਨੋਰਥ ਪੂਰੇ॥... ਆਦਿ ਸਚ ਜੁਗਾਦਿ ਸਚ॥ ਹੈ ਭੀ ਸਚ ਨਾਨਕ ਹੋਸੀ ਭੀ ਸਚ॥... ਸਗਲ ਮਨੋਰਥ ਪੂਰੇ॥...

ਖੁਦ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਭ ਤੋਂ ਵੱਧ ਸਤਿਕਾਰ ਕਰਨ ਵਾਲੇ ਅਤੇ ਗੁਰਮਤਿ ਪ੍ਰਚਾਰ ਦੇ ਅਲੰਬਰਦਾਰ ਕਹਾਉਂਦੇ ਡੇਰੇਦਾਰ ਸਾਧ ਬਾਬੇ ਕਿਵੇਂ ਸਿੱਖ ਸ਼ਰਧਾਲੂਆਂ ਨੂੰ ਵਹਿਮਾਂ-ਭਰਮਾਂ ਵਿਚ ਫਸਾਉਂਦੇ ਹਨ, ਕਿਵੇਂ ਸੰਪਟ ਪਾਠ ਦੇ ਕਰਮ-ਕਾਂਡ ਵਿਚ ਉਲਝਾ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕਰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਲੜੀਵਾਰ ਇਕਸਾਰਤਾ ਵਿਚ ਕਿਵੇਂ ਮਨ ਮਰਜ਼ੀ ਨਾਲ ਇੱਧਰੋਂ-ਉੱਧਰੋਂ ਚੁੱਕ ਕੇ ਸ਼ਬਦ ਫਿੱਟ ਕਰਦੇ ਨੇ, ਇਹ ਸਾਰਾ ਵੇਰਵਾ ਆਪਣੀ ਹੱਡਬੀਤੀ ਰਾਹੀਂ ਬਿਆਨ ਕਰ ਰਿਹਾ ਹਾਂ।

1980 ਤੋਂ ਬਾਅਦ ਦੇ ਕਿਸੇ ਵਰ੍ਹੇ ਦੀ ਗੱਲ ਹੈ। ਬਲਾਚੌਰ ਲਾਗੇ ਪਿੰਡ ਸਿਆਣੇ ਦਾ ਮੇਰਾ ਦੋਸਤ ਕਰਨੈਲ ਸਿੰਘ ਮੈਨੂੰ ਮੇਰੇ ਪਿੰਡ ਆ ਕੇ ਕਹਿਣ ਲੱਗਾ ਕਿ ਮੈਨੂੰ ਅਚਾਨਕ ਕਿਸੇ ਕੰਮ ਯੂ.ਪੀ. ਜਾਣਾ ਪੈ ਗਿਆ ਹੈ, ਤੁਸੀਂ ਮੇਰੀ ਜਗ੍ਹਾ ਲੁਧਿਆਣੇ ਹੋਣ ਵਾਲੇ ਸੰਪਟ ਪਾਠ ਵਿਚ ਸ਼ਾਮਲ ਹੋਵੋ। ਜਦੋਂ ਮੈਂ ਉਸ ਨੂੰ ਸੰਪਟ ਪਾਠ ਦੇ ਦੱਸੇ ਜਾਂਦੇ ਵਿਧੀ-ਵਿਧਾਨ ਤੋਂ ਅਣਜਾਣਤਾ ਦੀ ਗੱਲ ਦੱਸੀ ਤਾਂ ਉਹ ਮੈਨੂੰ ਉਸੇ ਵੇਲੇ ਸਾਡੇ ਪਿੰਡ ਦੇ ਗੁਰਦੁਆਰੇ ਲੈ ਗਿਆ ਅਤੇ ਸਾਰਾ ਕੁਝ ਸਮਝਾ ਦਿੱਤਾ। ਨਾਲ ਹੀ ਉਸ ਨੇ ਜਵੱਦੀ ਵਾਲੇ (ਸਵਰਗੀ) ਸੰਤ ਸੁੱਚਾ ਸਿੰਘ ਦੇ ਨਾਂ ਚਿੱਠੀ ਲਿਖ ਕੇ ਵੀ ਮੈਨੂੰ ਦੇ ਦਿੱਤੀ ਜਿਸ ਵਿਚ ਉਸ ਨੇ ਆਪਣੀ ਨਾ ਆਉਣ ਦੀ ਮਜਬੂਰੀ ਦੇ ਨਾਲ ਮੇਰੇ ਬਾਰੇ ਵੀ ਦੱਸਿਆ ਹੋਇਆ ਸੀ।

ਮਿਥੇ ਹੋਏ ਪ੍ਰੋਗਰਾਮ ਮੁਤਾਬਕ ਮੈਂ ਸਮੇਂ ਸਿਰ ਲੁਧਿਆਣਾ ਦੇ ਜਵੱਦੀ ਡੇਰੇ ਪਹੁੰਚ ਗਿਆ। ਉਥੋਂ ਹੀ ਸਾਨੂੰ ਇਕ ਸਰਦਾਰ ਜੀ ਗੱਡੀ 'ਚ ਲੈਣ ਆ ਗਏ। ਫਿਰੋਜ਼ਪੁਰ ਰੋਡ 'ਤੇ ਸਥਿਤ ਸਾਨੂੰ ਆਪਣੇ ਘਰੇ ਉਤਾਰਨ ਤੋਂ ਬਾਅਦ ਉਹ ਜਵੱਦੀ ਡੇਰੇ ਤੋਂ ਹੀ ਗੁਰੂ ਮਹਾਰਾਜ ਦਾ ਸਰੂਪ ਲੈਣ ਫਿਰ ਮੁੜ ਆਇਆ; ਹਾਲਾਂਕਿ ਉਨ੍ਹਾਂ ਦੇ ਮੁਹੱਲੇ ਦਾ ਗੁਰਦੁਆਰਾ ਨਜ਼ਦੀਕ ਹੀ ਸੀ। ਉਸ ਗੁਰਦੁਆਰੇ ਤੋਂ ਮਹਾਰਾਜ ਦਾ ਸਰੂਪ ਨਾ ਲੈਣ ਦਾ ਕਾਰਨ ਚੜ੍ਹਾਵੇ ਦਾ ਲਾਲਚ ਹੀ ਹੋਵੇਗਾ!

ਜਿਸ ਘਰ ਵਿਚ ਸੰਪਟ ਪਾਠ ਅਰੰਭ ਕਰਨਾ ਸੀ, ਉਥੇ ਸਿਰਫ ਪੰਜ ਮੈਂਬਰ ਸਨ-ਘਰ ਦਾ ਮੁਖੀਆ ਸਰਦਾਰ ਜੀ ਤੇ ਉਸ ਦੀ ਪਤਨੀ, ਉਨ੍ਹਾਂ ਦੇ ਨੂੰਹ-ਪੁੱਤਰ ਅਤੇ ਉਨ੍ਹਾਂ ਦੀ ਭਰ ਜਵਾਨ ਲੜਕੀ। ਜਦੋਂ ਸੰਤ ਜਵੱਦੀ ਵਾਲੇ ਉਨ੍ਹਾਂ ਦੇ ਘਰ ਪਹੁੰਚੇ ਤਾਂ ਸਾਰੇ ਟੱਬਰ ਨੂੰ ਲਾਲੀਆਂ ਚੜ੍ਹ ਗਈਆਂ। ਪੰਜ ਪਾਠੀ, ਪੰਜ ਧੂਫੀਏ ਅਤੇ ਪੰਜੇ ਪਹਿਰੂਆਂ ਨੂੰ ਵਧੀਆ ਕੱਪੜੇ ਦੇ ਦੋ-ਦੋ ਚੋਲੇ, ਦੋ-ਦੋ ਕਛਹਿਰੇ, ਦੋ-ਦੋ ਪੱਗਾਂ ਅਤੇ ਇਸ਼ਨਾਨ ਲਈ ਇਕ-ਇਕ ਤੌਲੀਆ ਦਿੱਤਾ ਗਿਆ। ਇਕ ਕਮਰੇ ਵਿਚ ਗੁਦ-ਗੁਦੇ ਗੱਦੇ ਵਿਛਾ ਕੇ ਸਾਡਾ ਪੰਦਰਾਂ ਜਣਿਆਂ ਦੀ 'ਫੌਜ' ਲਈ ਸੌਣ-ਪੈਣ ਦਾ ਪ੍ਰਬੰਧ ਕੀਤਾ ਗਿਆ।

ਸੰਪਟ ਪਾਠ ਅਰੰਭ ਕਰਨ ਤੋਂ ਪਹਿਲਾਂ ਸੰਤ ਜੀ ਨੇ ਗੰਭੀਰ ਹੁੰਦਿਆਂ ਸਾਨੂੰ ਚਿਤਾਵਨੀ ਭਰੇ ਲਹਿਜੇ ਵਿਚ ਕਿਹਾ ਕਿ ਇਸ ਘਰ ਵਿਚ ਕਿਸੇ ਪਲੀਤ ਰੂਹ ਦਾ ਪਹਿਰਾ ਹੈ ਜੋ ਇਸ ਪਰਿਵਾਰ ਦੀ ਲੜਕੀ ਨੂੰ ਬਹੁਤ ਤੰਗ ਕਰਦੀ ਹੈ। ਤੁਸੀਂ ਸਾਰਿਆਂ ਨੇ ਬਹੁਤ ਸਾਵਧਾਨ ਰਹਿਣਾ ਹੈ। ਉਹ ਰੂਹ ਤੁਹਾਡੇ 'ਚੋਂ ਵੀ ਕਿਸੇ ਉਤੇ ਵਾਰ ਕਰ ਸਕਦੀ ਹੈ। ਸਾਡੇ ਸਾਰਿਆਂ 'ਤੇ ਪਾਠ ਦੀ ਸਮਾਪਤੀ ਤੱਕ ਘਰ ਦਾ ਦਰਵਾਜ਼ਾ ਵੀ ਨਾ ਟੱਪਣ ਦੀ ਸਖ਼ਤ ਹਦਾਇਤ ਲਾਗੂ ਕਰ ਦਿੱਤੀ ਗਈ। ਸਾਡੇ ਪੰਦਰਾਂ ਮੈਂਬਰੀ ਸਟਾਫ ਦੇ ਨਾਲ-ਨਾਲ ਘਰ ਦੇ ਜੀਆਂ ਉਤੇ ਵੀ ਇਹ ਪਾਬੰਦੀ ਆਇਦ ਕਰ ਦਿੱਤੀ ਗਈ। ਸੰਤ ਜੀ ਦੀ ਦੇਖ-ਰੇਖ ਹੇਠ ਦੋ ਕੁ ਪੋਟਿਆਂ ਜਿੱਡਾ ਗੱਤੇ ਦਾ ਤਿਕੋਣਾ ਟਿੱਕਾ ਜਿਹਾ ਕੱਟਿਆ ਗਿਆ। ਸਖ਼ਤ ਜਿਹੇ ਗੱਤੇ ਉਪਰ ਸੰਤਾਂ ਨੇ ਗੁਰਬਾਣੀ ਦਾ ਸ਼ਬਦ ਲਿਖਾਇਆ। ਸ਼ਬਦ ਦੇ ਥੱਲੇ ਜਾਪ ਸਾਹਿਬ ਵਿਚੋਂ ਚਾਚਰੀ ਛੰਦ ਦੀਆਂ ਸਤਰਾਂ ਵੀ ਲਿਖਾਈਆਂ। ਅਰਦਾਸ ਕਰ ਕੇ ਸੰਪਟ ਪਾਠ ਅਰੰਭ ਹੋ ਗਿਆ। ਪਹਿਲਾਂ ਮੂਲ ਮੰਤਰ ਪੜ੍ਹ ਕੇ ਪਾਠੀ ਸਿੰਘ ਨੇ ਫੁਰਤੀ ਨਾਲ ਤਿਕੋਣਾ ਟਿੱਕਾ 'ਗੁਰਪ੍ਰਸਾਦਿ॥' ਦੇ ਨਾਲ ਟਿਕਾ ਦਿੱਤਾ। ਦੂਜੇ ਹੱਥ ਨਾਲ ਸ਼ਬਦ ਵਾਲਾ ਗੱਤਾ ਚੁੱਕ ਲਿਆ, ਗੁਰੂ ਗ੍ਰੰਥ ਸਾਹਿਬ ਦੇ ਪੱਤਰਿਆਂ ਤੋਂ ਧਿਆਨ ਹਟਾ ਕੇ ਗੱਤੇ ਉਪਰ ਲਿਖਿਆ ਸ਼ਬਦ ਪੜ੍ਹਨਾ ਸ਼ੁਰੂ ਕਰਿਆ,

ਗਉੜੀ ਮਹਲਾ ੫॥ ਤਾਪ ਗਏ ਪਾਈ ਪ੍ਰਭਿ ਸਾਂਤਿ॥ ਸੀਤਲ ਭਏ ਕੀਨੀ ਪ੍ਰਭ ਦਾਤਿ॥ ਪ੍ਰਭ ਕਿਰਪਾ ਤੇ ਭਏ ਸੁਹੇਲੇ॥ ਜਨਮ ਜਨਮ ਕੇ ਬਿਛੁਰੇ ਮੇਲੇ॥੧॥ਰਹਾਉ॥ ਸਿਮਰਤ ਸਿਮਰਤ ਪ੍ਰਭ ਕਾ ਨਾਉ॥ ਸਗਲ ਰੋਗ ਕਾ ਬਿਨਸਿਆ ਥਾਉ॥੨॥ ਸਹਿਜ ਸੁਭਾਇ ਬੋਲੈ ਹਰਿ ਬਾਣੀ॥ ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ॥੩॥ ਦੂਖ ਦਰਦ ਜਮੁ ਨੇੜਿ ਨ ਆਵੈ॥ ਕਹੁ ਨਾਨਕ ਜੋ ਹਰਿ ਗੁਨ ਗਾਵੈ॥

ਦਸਵੇਂ ਗੁਰੂ ਜੀ ਨੇ ਸਾਬੋ ਕੀ ਤਲਵੰਡੀ ਵਿਖੇ ਭਾਈ ਮਨੀ ਸਿੰਘ ਪਾਸੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਾਉਣ ਵੇਲੇ, ਆਪਣੀ ਰਚਨਾ ਦੀ ਇਕ ਵੀ ਸਤਰ ਇਸ ਵਿਚ ਸ਼ਾਮਲ ਨਹੀਂ ਸੀ ਕੀਤੀ, ਪਰ ਇਹ ਦੇਖ ਕੇ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਇਸ ਸੰਪਟ ਪਾਠ ਵਿਚ ਉਤਲੇ ਸ਼ਬਦ ਦੇ ਨਾਲ ਹੀ ਜਾਪ ਸਾਹਿਬ ਦਾ ਇਕ ਛੰਦ ਵੀ ਗੁਰਬਾਣੀ ਵਿਚ ਰਲਾ ਕੇ ਪੜ੍ਹਿਆ ਜਾ ਰਿਹਾ ਸੀ,

ਚਾਚਰੀ ਛੰਦ॥ ਤ੍ਵ ਪ੍ਰਸਾਦਿ॥ ਗੁਬਿੰਦੇ॥ ਮੁਕੰਦੇ॥ ਉਦਾਰੇ॥ ਅਪਾਰੇ॥ ਹਰੀਅੰ॥ ਕਰੀਅੰ॥ ਨ੍ਰਿਨਾਮੇ॥ ਅਕਾਮੇ॥

ਸ਼ਾਇਦ ਦਸਾਂ-ਬਾਰਾਂ ਦਿਨਾਂ ਵਿਚ ਸੰਪਟ ਪਾਠ ਦਾ ਭੋਗ ਪਿਆ। ਦੂਜੇ ਜਾਂ ਤੀਜੇ ਦਿਨ ਹਾਸੋ-ਹੀਣੀ ਘਟਨਾ ਵਾਪਰ ਗਈ। ਘਰ ਦਾ ਲੈਟਰੀਨ ਸਿਸਟਮ ਅਚਾਨਕ ਸਟੱਕ ਹੋ ਗਿਆ। ਵਹਿਮ-ਭਰਮ ਦੇ ਪੱਟੇ ਹੋਏ ਇਸ ਘਰ ਵਾਲੇ, ਸੰਤਾਂ ਦੇ ਡੇਰੇ ਨੂੰ ਦੌੜੇ ਗਏ! ਅਖੇ ਜੀ, ਬੇ-ਗਤੀ ਬਦਰੂਹ ਨੇ ਇਹ ਅੜਿੱਕਾ ਪਾਇਆ ਹੈ! ਅੰਨ੍ਹੇ ਸ਼ਰਧਾਲੂ ਇੰਨੀ ਗੱਲ ਵੀ ਨਹੀਂ ਸਮਝ ਸਕੇ ਕਿ ਪੰਜ ਜੀਆਂ ਦੇ ਟੱਬਰ ਲਈ ਬਣੀ ਹੋਈ ਲੈਟਰੀਨ ਵੀਹ ਜਣੇ ਵਰਤਣ ਲੱਗ ਪੈਣ ਤਾਂ ਇਹੋ ਕੁਝ ਹੋਣਾ ਸੀ!

ਉਸ ਪਰਿਵਾਰ ਦੀ ਵਰ ਪ੍ਰਾਪਤ ਕੁੜੀ ਦਾ ਵਿਆਹ ਹੋਣ ਤੋਂ ਬਾਅਦ ਕਿਸੇ ਬਦਰੂਹ ਨੇ ਆਪੇ ਈ ਖਹਿੜਾ ਛੱਡ ਦਿੱਤਾ ਹੋਵੇਗਾ ਪਰ ਡੇਰਿਆਂ ਵਾਲਿਆਂ ਦੇ ਲਾਈਲੱਗ ਲੋਕ ਸ਼ਾਇਦ ਸਿੱਖ ਰਹਿਤ ਮਰਿਆਦਾ ਕਦੇ ਦੇਖਦੇ ਹੀ ਨਹੀਂ। ਉਨ੍ਹਾਂ ਨੂੰ ਦੇਹਧਾਰੀਆਂ ਦੀ ਖੁਰਾਕ ਬਣ ਕੇ ਹੀ ਅਨੰਦ ਆਉਂਦਾ ਹੈ। ਗੁਰੂ ਸਾਹਿਬਾਨ ਨੇ ਕਰੀਬ ਢਾਈ ਸਦੀਆਂ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਹੀਂ ਮਨੁੱਖਤਾ ਨੂੰ ਸਾਫ-ਸੁਥਰਾ, ਸਾਵਾਂ-ਪੱਧਰਾ ਅਤੇ ਨਿਰਭਉ-ਨਿਰਵੈਰ ਜੀਵਨ ਫਲਸਫਾ ਬਖ਼ਸ਼ਿਆ ਪਰ ਸ਼ਬਦ-ਗੁਰੂ ਤੋਂ ਮੁਨਕਰ ਲੋਕਾਂ ਨੇ ਇਸ ਨੂੰ ਅਖੰਡ ਪਾਠਾਂ ਦੀਆਂ ਲੜੀਆਂ ਅਤੇ ਸੰਪਟ ਪਾਠਾਂ ਤੱਕ ਹੀ ਸੀਮਤ ਸਮਝਿਆ ਹੋਇਆ ਹੈ।

# ਗਰੀਬ ਨਹੀਂ, ਅਜੀਬ ਬਿਆਨ

ਉਰਦੂ, ਪੰਜਾਬੀ, ਹਿੰਦੀ ਵਿਚ ਕੁਝ ਮੁਹਾਵਰੇ ਅਜਿਹੇ ਹਨ ਜਿਨ੍ਹਾਂ ਦਾ ਕੋਈ ਪਿਛੋਕੜ ਜ਼ਰੂਰ ਹੋਵੇਗਾ ਪਰ ਹੁਣ ਪਤਾ ਨਹੀਂ, ਜਿਵੇਂ 'ਫੱਟੇ ਚੱਕ ਦਿੱਤੇ', ਮਾਇਨੇ ਕਮਾਲ ਕਰ ਦਿੱਤੀ, ਪਰ ਫੱਟੇ ਕਿਸ ਨੇ, ਕਿਸ ਦੇ, ਕਿਹੜੇ ਚੱਕੇ ਸਨ, ਕਿਥੇ ਚੱਕੇ ਸਨ, ਕਦੋਂ ਚੱਕੇ ਸਨ, ਪਤਾ ਨਹੀਂ। ਇਸੇ ਤਰ੍ਹਾਂ 'ਪੱਤੇ ਤੋੜ ਗਿਆ' ਦਾ ਮਤਲਬ ਹੈ ਭੱਜ ਗਿਆ ਪਰ ਪੱਤਿਆਂ ਦਾ ਭੱਜਣ ਨਾਲ ਕੀ ਸਬੰਧ ਹੋਇਆ? ਇਕ ਮੁਹਾਵਰਾ ਹੈ 'ਨੌਂ ਦੋ ਗਿਆਰਾਂ ਹੋ ਗਏ', ਯਾਨਿ ਭੱਜ ਗਏ। ਨੌਂ ਦੋ ਗਿਆਰਾਂ ਦਾ ਭੱਜਣ ਨਾਲ ਕੀ ਤਅਲੁਕ? ਅੱਟੇ-ਸੱਟੇ ਨਹੀਂ ਲਾਉਣੇ। ਜਿਸ ਨੂੰ ਇਨ੍ਹਾਂ ਮੁਹਾਵਰਿਆਂ ਦੇ ਪਿਛੋਕੜ ਦਾ ਪਤਾ ਹੈ, ਜ਼ਰੂਰ ਪੰਜਾਬੀ ਪਾਠਕਾਂ ਨੂੰ ਦੱਸੇ। 'ਦੋ ਟੁਕ ਜਵਾਬ ਦੇਹ', ਦੋ ਟੁਕ, ਮਾਇਨੇ ਹਾਂ ਜਾਂ ਨਾਂਹ। ਵਿਚਕਾਰਲਾ ਨਹੀਂ।

ਪ੍ਰੋਫੈਸਰ ਜੀ.ਐਸ. ਰਿਆਲ ਇਹੋ ਜਿਹੇ ਸਵਾਲਾਂ ਦਾ ਜਵਾਬ ਲੱਭ ਲਿਆ ਕਰਦੇ ਸਨ, ਹੁਣ ਉਨ੍ਹਾਂ ਦੀ ਥਾਂ ਬਲਜੀਤ ਬਾਸੀ ਫਰਜ਼ ਨਿਭਾ ਰਹੇ ਹਨ। ਪਿਛਲੇ ਦਿਨੀਂ ਖ਼ਬਰਾਂ ਪੜ੍ਹੀਆਂ, ਕਈ ਸਿੱਖ ਜਥੇਬੰਦੀਆਂ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਹੈ ਕਿ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਅਸਤੀਫਾ ਦੇਣ। ਕਾਰਨ ਇਹ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਕੰਟੇਨਰਾਂ ਵਿਚ ਭੇਜਣ ਦਾ ਫੈਸਲਾ ਕਿਉਂ ਕੀਤਾ? ਦੇਸਾਂ-ਪਰਦੇਸਾਂ ਵਿਚ ਗੁਰੂ ਗ੍ਰੰਥ ਦਾ ਪ੍ਰਕਾਸ਼ ਹੋਵੇ, ਹਰ ਸਿੱਖ ਦੀ ਇੱਛਾ ਹੈ। ਗੁਰੂ ਗ੍ਰੰਥ ਦੇ ਸਰੂਪ ਬਾਹਰ ਕਿਵੇਂ ਲਿਜਾਏ ਜਾਣ? ਧਨਾਢਾਂ ਨੇ ਤਰੀਕਾ ਕੱਢਿਆ। ਹਵਾਈ ਜਹਾਜ਼ ਦੀ ਇਕ ਸੀਟ ਉਤੇ ਬੀੜ ਸੁਸ਼ੋਭਤ ਕਰ ਕੇ ਲੈ ਜਾਓ। ਪੰਜ ਬੀੜਾਂ ਲਿਜਾਣੀਆਂ ਹਨ, ਪੰਜ ਸੀਟਾਂ ਬੁੱਕ ਕਰੋ। ਅੱਜ ਅਮਰੀਕਾ ਕੈਨੇਡਾ ਆਸਟ੍ਰੇਲੀਆ ਜਾਣ ਵਾਸਤੇ ਆਮ ਸੀਟ 70, 80 ਹਜ਼ਾਰ ਰੁਪਏ ਦੀ ਹੈ। ਇਥੇ ਵੀ ਇਕ ਘੁਣਤਰ ਹੋਰ ਬੈਠੀ ਹੈ। ਵੀ.ਆਈ.ਪੀ. ਸੀਟ ਸਵਾ ਲੱਖ ਦੀ ਹੈ। ਵੀ.ਆਈ.ਪੀ ਸੀਟ 'ਤੇ ਬੰਦੇ ਬੈਠੇ ਹੋਣ ਤੇ ਗੁਰੂ ਗ੍ਰੰਥ ਸਾਹਿਬ ਆਮ ਸੀਟ ਉਪਰ, ਇਹ ਵੀ ਬੇਅਦਬੀ ਹੋਈ। ਇਸ ਬਾਰੇ ਕਿਸੇ ਨੇ ਅਜੇ ਬਿਆਨ ਨਹੀਂ ਦਿੱਤਾ। ਮਹਾਰਾਜ ਦਾ ਸਰੂਪ ਕੰਟੇਨਰਾਂ ਵਿਚ ਜਾਵੇ, ਇਹ ਫੈਸਲਾ ਪੰਜ ਸਿੰਘ ਸਾਹਿਬਾਨ ਦਾ ਹੈ। ਇਸ ਨੂੰ ਪ੍ਰੈਸ ਵਿਚ ਵੰਗਾਰਨਾ ਕਿਸ ਪਾਸੇ ਦੀ ਸਿੱਖੀ ਹੋਈ?

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੀ ਹਥਿਆਰਬੰਦ ਟੁਕੜੀ ਨਾਲ ਦਰਬਾਰ ਸਾਹਿਬ ਮੱਥਾ ਟੇਕਣ ਜਾਇਆ ਕਰਦੇ ਸਨ। ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਨੇ ਪਰਿਕਰਮਾ ਵਿਚ ਹਥਿਆਰ ਲਿਜਾਣ ਖਿਲਾਫ ਹੁਕਮਨਾਮਾ ਜਾਰੀ ਕਰ ਦਿੱਤਾ। ਪ੍ਰੈਸ ਨੇ ਸੰਤ ਜੀ ਤੋਂ ਪ੍ਰਤੀਕਰਮ ਲਿਆ। ਸੰਤ ਜੀ ਨੇ ਕਿਹਾ-ਮੈਂ ਸਿੰਘ ਸਾਹਿਬ ਨੂੰ ਦੱਸਾਂਗਾ ਕਿ ਗੁਰੂ ਹਰਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸ਼ਸਤਰਧਾਰੀ ਸਿੰਘਾਂ ਨੂੰ ਪਸੰਦ ਕਰਦੇ ਸਨ, ਸ਼ਸਤਰ ਸਜਾਉਣ ਲਈ ਕਹਿੰਦੇ ਸਨ ਪਰ ਜੇ ਇਹ ਹੁਕਮਨਾਮਾ ਵਾਪਸ ਨਹੀਂ ਲੈਂਦੇ ਤਾਂ ਮੰਨਾਂਗਾ, ਕਿਉਂਕਿ ਹੁਕਮ ਅਕਾਲ ਤਖਤ ਸਾਹਿਬ ਦਾ ਹੈ, ਸਿੰਘ ਸਾਹਿਬ ਦਾ ਹੈ।... ਇਨ੍ਹਾਂ ਜਥੇਬੰਦੀਆਂ ਦੀ ਕੋਈ ਆਚਾਰ ਸੰਘਿਤਾ ਨਹੀਂ?

ਬ੍ਰਾਹਮਣਵਾਦ ਦਾ ਬ੍ਰਾਹਮਣ ਜਾਤੀ ਨਾਲ ਕੋਈ ਸਬੰਧ ਨਹੀਂ। ਮੇਰਾ ਵਾਹ ਬਹੁਤ ਸਾਰੇ ਬ੍ਰਾਹਮਣਾਂ ਨਾਲ ਪਿਆ ਹੈ ਜਿਹੜੇ ਬ੍ਰਾਹਮਣਵਾਦ ਦੇ ਸਖਤ ਖਿਲਾਫ ਹਨ। ਉਨ੍ਹਾਂ ਵਿਚੋਂ ਇਕ ਹਿਮਾਦਰੀ ਬੈਨਰਜੀ ਵੀ ਹਨ। ਪਹਿਲੋਂ ਇੰਦੂ ਭੂਸ਼ਨ ਬੈਨਰਜੀ, ਫਿਰ ਏ.ਸੀ. ਬੈਨਰਜੀ, ਹੁਣ ਹਿਮਾਦਰੀ ਬੈਨਰਜੀ ਨੇ ਸਿੱਖ ਧਰਮ ਦੀ ਵਿਆਖਿਆਕਾਰੀ ਵਿਚ ਉਮਰਾਂ ਲੇਖੇ ਲਾ ਦਿੱਤੀਆਂ। ਉਨ੍ਹਾਂ ਨੂੰ ਸਿੱਖ ਧਰਮ ਇਸ ਕਰ ਕੇ ਚੰਗਾ ਲੱਗਿਆ, ਕਿਉਂਕਿ ਇਸ ਵਿਚ ਬ੍ਰਾਹਮਣਵਾਦ ਨਹੀਂ ਹੈ। ਹਿਮਾਦਰੀ ਜੀ ਕਦੀ-ਕਦੀ ਇਸ ਤਰ੍ਹਾਂ ਦੀ ਗੱਲ ਵੀ ਕਰ ਦਿਆ ਕਰਦੇ ਹਨ-ਪੰਨੂ ਸਾਹਿਬ, ਦਰਬਾਰ ਸਾਹਿਬ ਉਪਰ ਜੂਨ 1984 ਮੇਂ ਸੈਨਿਕ ਹਮਲਾ ਹੂਆ। ਮੈਨੇ ਯੇ ਹਮਲਾ ਨਹੀਂ ਕਰਵਾਇਆ, ਮੈਂ ਇਸ ਹਮਲੇ ਮੇਂ ਸ਼ਾਮਿਲ ਨਹੀਂ, ਮੈਂ ਇਸ ਹਮਲੇ ਕੇ ਖਿਲਾਫ ਹੂੰ। ਤੋ ਭੀ ਕਿਉਂਕਿ ਮੈਂ ਹਿੰਦੂ ਹੂੰ, ਇਸ ਲੀਏ ਇਸ ਹਮਲੇ ਕੀ ਸ਼ਰਮਿੰਦਗੀ ਕਾ ਅਪਨੇ ਹਿੱਸੇ ਕਾ ਭਾਰ ਤੋ ਮੁਝੇ ਭੀ ਉਠਾਨਾ ਪੜਾ, ਉਠਾਨਾ ਪੜੇਗਾ। ਮੈਂ ਇਤਿਹਾਸਕਾਰ ਹੂੰ, ਸਿੱਖ ਮੁਝ ਸੇ ਪੂਛਤੇ ਹੈਂ, ਮੈਨੇ ਯੇ ਹਮਲਾ ਕਯੂੰ ਕੀਆ।

ਗੱਲ ਹੋ ਰਹੀ ਸੀ ਗੁਰੂ ਗ੍ਰੰਥ ਸਾਹਿਬ ਨੂੰ ਕੰਟੇਨਰਾਂ ਵਿਚ ਲਿਜਾਣ ਦੀ। ਅਰਦਾਸ ਕਰ ਕੇ ਮਹਾਰਾਜ ਦੇ ਸਰੂਪ ਜੇ ਕੰਟੇਨਰਾਂ ਵਿਚ ਸਜਾ ਦਿੱਤੇ ਜਾਣ ਤੇ ਪੁੱਜਣ ਉਪਰੰਤ ਸ਼ੁਕਰਾਨੇ ਦੀ ਅਰਦਾਸ ਕੀਤੀ ਜਾਵੇ ਤਾਂ ਇਸ ਵਿਚ ਕੀ ਹਰਜ? ਅਸੀਂ ਬਾਣੀ ਨੂੰ ਪਹੁੰਚ ਦੇ ਨੇੜੇ ਰੱਖਣਾ ਹੈ ਕਿ ਦੂਰ ਲਿਜਾਣਾ ਹੈ? ਇਹੋ ਜਿਹੇ ਬਿਆਨਾਂ ਕਰ ਕੇ ਅਮਰੀਕਾ ਦੇ ਇਕ ਪ੍ਰਕਾਸ਼ਨ ਘਰ ਨੇ ਫੈਸਲਾ ਕੀਤਾ ਸੀ ਕਿ ਅਸੀਂ ਉਥੇ ਆਪੇ ਗੁਰੂ ਜੀ ਦੀਆਂ ਬੀੜਾਂ ਛਾਪ ਲਿਆ ਕਰਾਂਗੇ।

ਇਸ ਵੇਲੇ ਦੁਨੀਆਂ ਅੰਦਰ ਸਿੱਖ ਧਰਮ ਤੋਂ ਵਡੇਰੀ ਗਿਣਤੀ ਵਿਚ ਈਸਾਈ, ਮੁਸਲਮਾਨ ਅਤੇ ਹਿੰਦੂ ਹਨ। ਬਾਈਬਲ, ਕੁਰਾਨ ਤੇ ਗੀਤਾ ਬਾਰੇ ਕਦੀ ਇਸ ਤਰ੍ਹਾਂ ਦਾ ਤੂਫਾਨ ਨਹੀਂ ਉਠਿਆ ਕਿ ਇਹ ਧਰਮ ਗ੍ਰੰਥ ਕਿਵੇਂ ਲਿਜਾਏ ਜਾਣ। ਸਿੱਖ ਕਿਸ ਵਹਿਮ ਤੋਂ ਡਰੇ ਹੋਏ ਹਨ? ਗੁਰੂ ਗ੍ਰੰਥ ਦੀ ਛਪਾਈ ਵੇਲੇ ਇਕ-ਇਕ ਅੱਖਰ ਜੁੜਦਾ, ਫਿਰ ਛਪਦਾ, ਫਿਰ ਜਿਲਦਬੰਦੀ ਹੁੰਦੀ ਹੈ। ਇਹ ਕੰਮ ਵੀ ਬੇਅਦਬੀ ਪੂਰਨ ਲੱਗ ਸਕਦਾ ਹੈ, ਕਿਉਂਕਿ ਵਹਿਮ ਦੀ ਕੋਈ ਹੱਦ ਨਹੀਂ। ਇਹ ਵੀ ਮੰਗ ਹੋ ਸਕਦੀ ਹੈ ਕਿ ਹਵਾਈ ਜਹਾਜ਼ ਵਿਚ ਇਕ-ਇਕ ਸਰੂਪ ਨਾਲ ਪੰਜ-ਪੰਜ ਸਿੰਘ, ਸੇਵਾਦਾਰਾਂ ਵਜੋਂ ਜਾਣੇ ਚਾਹੀਦੇ ਹਨ ਤਾਂ ਕਿ ਗੁਰੂ ਬਾਬਾ ਜੀ ਗੁਰਦੁਆਰੇ ਸੁਸ਼ੋਭਿਤ ਹੋ ਜਾਣ ਤੇ ਸੇਵਾਦਾਰ ਕਬੂਤਰ ਬਣ ਕੇ ਉਡ ਜਾਣ। ਬਾਹਰਲੇ ਦੇਸਾਂ ਵਿਚ ਜਾਣ ਲਈ ਸ਼ਰਮਨਾਕ ਕਿਸਮ ਦੇ ਤਰੀਕੇ ਵਰਤੀਦੇ ਦੇਖ ਚੁੱਕੇ ਹਾਂ।

30 ਮਈ ਨੂੰ ਫਤਿਹਗੜ੍ਹ ਸਾਹਿਬ ਤੋਂ ਖ਼ਬਰ ਛਪੀ ਹੈ-ਦੋ ਅਧਿਆਪਕਾਵਾਂ ਨੂੰ ਮਾਲਤੀ ਦੇਵੀ ਪੁਰਸਕਾਰ। ਖ਼ਬਰ ਵਿਚ ਦੱਸਿਆ ਹੈ ਕਿ ਇਸ ਜ਼ਿਲੇ ਦੀਆਂ ਦੋ ਅਧਿਆਪਕਾਵਾਂ ਨੂੰ ਉਕਤ ਪੁਰਸਕਾਰ ਮਿਲਿਆ ਹੈ। ਪੁਰਸਕਾਰ ਦੀ ਰਾਸ਼ੀ, ਮਾਣ ਪੱਤਰ ਤੇ ਦੇਣ ਵਾਲਿਆਂ ਦੇ ਨਾਮ ਛਪੇ ਹਨ। ਦਿੱਲੀ ਵਿਚ ਇਹ ਇਨਾਮ ਕਿਸ ਥਾਂ ਦਿੱਤਾ ਗਿਆ, ਇਹ ਵੀ ਪਤਾ ਲੱਗ ਗਿਆ। ਖ਼ਬਰ ਵਿਚ ਇਹ ਨਹੀਂ ਲਿਖਿਆ ਕਿ ਕਰਮਾ ਵਾਲਿਆਂ ਇਹ ਸਨਮਾਨਿਤ ਮਾਸਟਰਨੀਆਂ ਹੈਣ ਕੌਣ? ਢੋਲ ਢਮੱਕੇ ਨਾਲ ਗੱਜ-ਵੱਜ ਕੇ ਬਰਾਤ ਜਾ ਰਹੀ ਹੈ, ਲਾੜਾ-ਲਾੜੀ ਗੈਰ-ਹਾਜ਼ਰ ਹਨ।

ਇਕ ਵਾਰੀ ਕਿਸੇ ਕਾਲਜ ਵਿਚ ਇਹੋ ਕੁਝ ਹੋਇਆ ਸੀ। ਇਕ ਅਧਿਆਪਕ ਨੂੰ ਰਿਟਾਇਰਮੈਂਟ ਵੇਲੇ ਚਾਹ ਪਾਰਟੀ ਦਿੱਤੀ ਗਈ। ਸ਼ਬਦਾਂ ਦੇ ਹੰਝੂ ਵਹਾਏ ਗਏ, ਜਜ਼ਬਾਤੀ ਲੱਛੇਦਾਰ ਤਕਰੀਰਾਂ ਹੋਈਆਂ, ਫਿਰ ਚਾਹ-ਪੀਣ ਦੀ ਬੇਨਤੀ ਹੋਈ। ਸਾਰੇ ਚਾਹ ਸਮੋਸਿਆਂ ਉਪਰ ਟੁੱਟ ਕੇ ਪੈ ਗਏ। ਜਿਸ ਅਧਿਆਪਕ ਵਾਸਤੇ ਵਿਦਾਇਗੀ ਪਾਰਟੀ ਦਾ ਇੰਤਜ਼ਾਮ ਕੀਤਾ ਗਿਆ, ਉਸ ਦੇ ਖਾਣ ਲਈ ਨਾ ਸਮੋਸਾ ਬਚਿਆ, ਨਾ ਚਾਹ ਦਾ ਕੱਪ। ਚਲੋ ਤਾਂ ਕੀ ਹੋਇਆ, ਜੇ ਭੁੱਖ ਲੱਗੀ ਹੈ ਤਾਂ ਦਸ ਰੁਪਏ ਖਰਚ ਕੇ ਰਸਤੇ ਵਿਚੋਂ ਖਾ ਲਏ।

ਇਨ੍ਹਾਂ ਬਿਆਨਾਂ, ਖ਼ਬਰਾਂ, ਘਟਨਾਵਾਂ ਨੂੰ ਅਜੀਬੋ-ਗਰੀਬ ਕਿਹਾ ਜਾਂਦਾ ਹੈ। ਇਹ ਅਜੀਬ ਤਾਂ ਹਨ, ਗਰੀਬ ਬਿਲਕੁਲ ਨਹੀਂ। ਫਿਰ ਇਹ ਮੁਹਾਵਰਾ ਕਿਵੇਂ ਬਣ ਗਿਆ? ਅਜੀਬੋ-ਗਰੀਬ ਵਿਚ ਗਰੀਬ ਸ਼ਬਦ ਨੂੰ ਕਿਉਂ ਬਦਨਾਮ ਕੀਤਾ ਜਾ ਰਿਹੈ? ਗਰੀਬਾਂ ਦੀ ਬੇਇਜ਼ਤੀ ਕਰਨ ਦੇ ਹੋਰ ਬਥੇਰੇ ਢੰਗ ਹਨ। ਇਬਨੇ ਇੰਸ਼ਾ ਲਿਖਦਾ ਹੈ-ਪਹਿਲਾਂ ਅਸੀਂ ਅੰਗਰੇਜ਼ਾਂ ਦੇ ਗੁਲਾਮ ਸਾਂ, ਹੁਣ ਆਜ਼ਾਦ ਹਾਂ। ਪਹਿਲਾਂ ਬੇਰੁਜ਼ਗਾਰੀ, ਬੇਈਮਾਨੀ ਬੜੀ ਹੁੰਦੀ ਸੀ, ਹੁਣ ਨਾ ਕੋਈ ਬੇਰੁਜ਼ਗਾਰ ਹੈ ਨਾ ਬੇਈਮਾਨ। ਪਹਿਲਾਂ ਗਰੀਬਾਂ ਦੀ ਕੋਈ ਪੁੱਛ-ਪ੍ਰਤੀਤ ਨਹੀਂ ਸੀ। ਹੁਣ ਗਰੀਬਾਂ ਦੀ ਪੁੱਛ-ਪ੍ਰਤੀਤ ਇੰਨੀ ਵਧ ਗਈ ਹੈ ਕਿ ਉਹ ਤੰਗ ਆਏ ਕਹਿੰਦੇ ਹਨ-ਸਾਡਾ ਖਹਿੜਾ ਛੱਡੋ, ਹੁਣ ਅਮੀਰਾਂ ਦੀ ਪੁੱਛ-ਪ੍ਰਤੀਤ ਕਰੋ।

*-ਹਰਪਾਲ ਸਿੰਘ ਪੰਨੂ*

## ਹਾਇਕੂ

ਹੜਤਾਲ ਤੋਂ ਪਹਿਲਾਂ
ਕਾਮਰੇਡ ਕਰੇ ਅਰਦਾਸ
'ਹੇ ਵਾਖਰੂ' ਇੱਜ਼ਤ ਰੱਖੀਂ।

ਬਾਂਗਾਂ ਦੇ ਦੇ ਕੇ
ਕਸਾਈ ਨੂੰ ਉਠਾਵੇ
ਭੁੱਖੇ ਰਜਾਵੇ।

ਨਕਲੀ ਨੋਟ
ਚੱਲ ਗਿਆ ਤੜਕੇ
ਗੁਰਦੁਆਰੇ।

*-ਜਨਮੇਜਾ ਸਿੰਘ ਜੌਹਲ*

# ਮੋਦੀ ਸਰਕਾਰ ਦੇ ਆਗਾਜ਼ ਦੇ ਦਿਨਾਂ ਤੋਂ ਮਿਲਦੇ ਪ੍ਰਭਾਵ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

26 ਮਈ ਦੇ ਦਿਨ ਇੱਕ ਸ਼ਾਹੀ ਦਰਬਾਰ ਸਜਾ ਕੇ ਇਸ ਦੇਸ਼ ਦੀ ਕਮਾਨ ਸਾਂਭੀ ਹੈ ਭਾਰਤੀ ਜਨਤਾ ਪਾਰਟੀ ਦੇ ਆਗੂ ਨਰਿੰਦਰ ਮੋਦੀ ਨੇ। ਉਸ ਨੂੰ ਪ੍ਰਧਾਨ ਮੰਤਰੀ ਬਣਾਉਣ ਬਾਰੇ ਕੋਈ ਵਿਵਾਦ ਨਹੀਂ ਛਿੜਿਆ, ਕਿਉਂਕਿ ਇਸ ਮਾਮਲੇ ਵਿਚ ਬਣਦਾ ਹੋਮ-ਵਰਕ ਪਿਛਲੇ ਸਾਲ ਉਦੋਂ ਹੀ ਭਾਜਪਾ ਨੇ ਨਿਬੇੜ ਲਿਆ ਸੀ, ਜਦੋਂ ਮੋਦੀ ਨੂੰ ਇਸ ਅਹੁਦੇ ਲਈ ਬਾ-ਕਾਇਦਾ ਉਮੀਦਵਾਰ ਐਲਾਨ ਕਰ ਦਿੱਤਾ ਸੀ। ਜਿਨ੍ਹਾਂ ਦੇ ਮੂੰਹ ਵਿੰਗੇ ਹੋਣੇ ਸਨ, ਉਹ ਉਦੋਂ ਹੀ ਹੋ ਹਟੇ ਸਨ ਤੇ ਹੁਣ ਮਾੜਾ-ਮੋਟਾ ਇੱਕ ਜਾਂ ਦੂਸਰੀ ਦਾ ਵਜ਼ੀਰੀ ਰੋਸਾ ਹੀ ਰਹਿ ਗਿਆ ਸੀ, ਬਾਕੀ ਸਭ ਮੈਦਾਨ ਸਾਫ ਸੀ। ਜਦੋਂ ਵੀ ਨਵੀਂ ਸਰਕਾਰ ਆਵੇ, ਉਸ ਦੇ ਬਾਰੇ ਖੜੇ ਪੈਰ ਠਾਹ-ਸੋਟਾ ਵਰਗੇ ਪ੍ਰਤੀਕਰਮ ਦੇਣ ਦੀ ਥਾਂ ਕੁਝ ਸੋਚਣਾ ਚਾਹੀਦਾ ਹੈ ਤੇ ਉਸ ਦੇ ਪਿਛਲੇ ਰਾਜਨੀਤਕ ਬਿਆਨਾਂ ਦੇ ਆਧਾਰ ਉਤੇ ਚੀਰ-ਪਾੜ ਸ਼ੁਰੂ ਨਹੀਂ ਕਰ ਦੇਣੀ ਚਾਹੀਦੀ। ਇਹ ਲਿਖਤ ਲਿਖਣ ਵੇਲੇ ਨਵੀਂ ਸਰਕਾਰ ਨੂੰ ਬਣਿਆਂ ਹਾਲੇ ਚਾਰ ਦਿਨ ਲੰਘੇ ਤੇ ਪੰਜਵਾਂ ਸ਼ੁਰੂ ਹੋਇਆ ਹੈ, ਪਰ ਲਿਖਣ ਲਈ ਹੁਣੇ ਹੀ ਬਥੇਰਾ ਕੁਝ ਮਿਲ ਗਿਆ ਹੈ, ਜਿਸ ਵਿਚ ਚੰਗਾ ਵੀ ਹੈ, ਮਾੜਾ ਵੀ। ਸਰਕਾਰ ਕਿੱਦਾਂ ਦੀ ਰਹੇਗੀ, ਚਾਰ ਦਿਨਾਂ ਨਾਲ ਸਾਰਾ ਪਤਾ ਨਹੀਂ ਲੱਗ ਸਕਦਾ, ਪਰ ਕੁਝ ਸੰਕੇਤ ਸਮਝਣ ਵਿਚ ਮਦਦ ਮਿਲ ਸਕਦੀ ਹੈ।

ਸਰਕਾਰ ਦੇ ਸਹੁੰ-ਚੁੱਕ ਸਮਾਗਮ ਵਿਚ ਗਵਾਂਢ ਦੇ ਦੇਸ਼ਾਂ ਦੇ ਮੁਖੀਆਂ ਨੂੰ ਸੱਦਾ ਦੇਣ ਦਾ ਕਈ ਪਾਸਿਓਂ ਵਿਰੋਧ ਹੋਇਆ ਸੀ ਤੇ ਕਈ ਪਾਸਿਆਂ ਤੋਂ ਸਵਾਗਤ ਵੀ। ਅਸੀਂ ਸਮਝਦੇ ਸਾਂ ਕਿ ਕੋਈ ਗਲਤ ਨਹੀਂ ਕੀਤਾ। ਜਿਨ੍ਹਾਂ ਨੇ ਵਿਰੋਧ ਕੀਤਾ, ਉਨ੍ਹਾਂ ਵਿਚ ਸ਼ਿਵ ਸੈਨਾ ਤੇ ਤਾਮਿਲ ਨਾਡੂ ਦੀ ਐਮ ਡੀ ਐਮ ਕੇ ਪਾਰਟੀ ਵਾਲੇ ਬਹੁਤੇ ਲੋਕ ਨਵੀਂ ਸਰਕਾਰ ਦੇ ਆਪਣੇ ਸਨ, ਵਿਰੋਧੀ ਧਿਰ ਵਿਚੋਂ ਵਿਰੋਧ ਦੀਆਂ ਸੁਰਾਂ ਘੱਟ ਉਠੀਆਂ ਸਨ। ਮਥਰਾ ਨੇੜੇ ਇੱਕ ਪਿੰਡ ਵਿਚ ਬੈਠੀ ਹੇਮ ਰਾਜ ਦੀ ਪਤਨੀ ਦਾ ਵਿਰੋਧ ਸਭ ਤੋਂ ਹਕੀਕੀ ਸੀ, ਜਿਸ ਦੇ ਪਤੀ ਦਾ ਸਿਰ ਪਾਕਿਸਤਾਨੀ ਫੌਜੀ ਲਾਹ ਕੇ ਲੈ ਗਏ ਸਨ ਤੇ ਚੋਣਾਂ ਦੌਰਾਨ ਉਸ ਦੇ ਸ਼ਹਿਰ ਜਾ ਕੇ ਨਰਿੰਦਰ ਮੋਦੀ ਸਾਹਿਬ ਨੇ ਤਕਰੀਰ ਕਰਦਿਆਂ ਕਿਹਾ ਸੀ ਕਿ ਮੇਰੀ ਸਰਕਾਰ ਹੇਮ ਰਾਜ ਦੀ ਸ਼ਹੀਦੀ ਨੂੰ ਭੁਲਾਵੇਗੀ ਨਹੀਂ। ਨਵਾਜ਼ ਸ਼ਰੀਫ ਨੂੰ ਸੱਦਣ ਬਾਰੇ ਸੁਣ ਕੇ ਉਸ ਬੀਬੀ ਨੇ ਕਿਹਾ, ਬਿਨਾਂ ਸ਼ੱਕ ਸੱਦ ਲਵੋ, ਪਰ ਉਸ ਦਾ ਸਵਾਗਤ ਕਰਨ ਤੋਂ ਪਹਿਲਾਂ ਮੇਰੇ ਪਤੀ ਦਾ ਸਿਰ ਵਾਪਸ ਮੰਗਣ ਦੀ ਜੁਰਅੱਤ ਤਾਂ ਦਿਖਾਓ। ਉਸ ਬੀਬੀ ਨੇ ਸਹੁੰ-ਚੁੱਕ ਸਮਾਗਮ ਵਾਲੇ ਦਿਨ ਭੁੱਖ-ਹੜਤਾਲ ਰੱਖੀ ਤੇ ਨਵਾਜ਼ ਸ਼ਰੀਫ ਦੇ ਵਾਪਸ ਪਰਤਣ ਤੱਕ ਭੁੱਖੀ ਰਹੀ ਸੀ। ਹਰ ਭਾਰਤੀ ਨੂੰ ਉਸ ਬੀਬੀ ਨਾਲ ਹਕੀਕੀ ਹਮਦਰਦੀ ਹੋਣੀ ਚਾਹੀਦੀ ਹੈ।

ਬੀਬੀ ਦਾ ਦੁੱਖ ਆਪਣੀ ਥਾਂ, ਸਰਕਾਰ ਉਸ ਨੂੰ ਨਜ਼ਰ-ਅੰਦਾਜ਼ ਕਰ ਸਕਦੀ ਹੈ, ਪਰ ਨਵਾਜ਼ ਸ਼ਰੀਫ ਦੇ ਨਾਲ ਨਵੇਂ ਪ੍ਰਧਾਨ ਮੰਤਰੀ ਦੀ ਮੀਟਿੰਗ ਦੇ ਵਿਵਾਦ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੀ। ਮੀਟਿੰਗ ਦਾ ਸਾਰਾ ਪ੍ਰਭਾਵ ਬਹੁਤ ਸੁਲੱਖਣਾ ਦਿੱਤਾ ਗਿਆ ਸੀ, ਪਰ ਇੱਕ ਗੱਲ ਇਸ ਤੋਂ ਪਿੱਛੋਂ ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਕਹਿ ਦਿੱਤੀ ਗਈ ਕਿ ਸਾਡੇ ਪ੍ਰਧਾਨ ਮੰਤਰੀ ਨੇ ਸਭ ਕੁਝ ਕਹਿ ਦਿੱਤਾ ਹੈ ਤੇ ਨਵਾਜ਼ ਸ਼ਰੀਫ ਨੇ ਇਸ ਵਾਰੀ ਕਸ਼ਮੀਰ ਦੀ ਗੱਲ ਵੀ ਨਹੀਂ ਸੀ ਛੇੜੀ, ਜਿਸ ਨੂੰ ਹੁਣ ਤੱਕ ਪਾਕਿਸਤਾਨ ਦੇ ਆਗੂ ਪਹਿਲਾ ਏਜੰਡਾ ਰੱਖਿਆ ਕਰਦੇ ਸਨ। ਇਸ ਗੱਲ ਦੇ ਬਾਹਰ ਆਉਣ ਨਾਲ ਕਿਸੇ ਨੇ ਇਹ ਨਹੀਂ ਸੀ ਪੁੱਛਣਾ ਕਿ ਗੱਲ ਸੱਚੀ ਹੈ ਜਾਂ ਨਹੀਂ, ਨਵਾਜ਼ ਸ਼ਰੀਫ ਨੂੰ ਪਾਕਿਸਤਾਨ ਦੇ ਲੋਕਾਂ ਕੋਲ ਸਫਾਈ ਦੇਣੀ ਪੈਣੀ ਸੀ ਤੇ ਉਹ ਪੈ ਗਈ। ਉਸ ਦੇ ਸੁਰੱਖਿਆ ਸਲਾਹਕਾਰ ਨੇ ਕਹਿ ਦਿੱਤਾ ਕਿ ਨਵਾਜ਼ ਸ਼ਰੀਫ ਨੇ ਉਥੇ ਜਾ ਕੇ ਨਰਿੰਦਰ ਮੋਦੀ ਨਾਲ ਮੀਟਿੰਗ ਵਿਚ ਕਸ਼ਮੀਰ ਦਾ ਮੁੱਦਾ ਉਠਾਇਆ ਸੀ ਅਤੇ ਪੂਰੀ ਗੰਭੀਰਤਾ ਨਾਲ ਉਠਾਇਆ ਸੀ। ਇਸ ਦੇ ਪਿੱਛੋਂ ਭਾਰਤ ਸਰਕਾਰ ਦਾ ਬੁਲਾਰਾ ਨਹੀਂ ਬੋਲਿਆ। ਪਾਕਿਸਤਾਨ ਦੇ ਲੋਕਾਂ ਦਾ ਦਿਲ ਏਨੇ ਬਿਆਨ ਨਾਲ ਸਾਫ ਹੋਇਆ ਜਾਂ ਨਹੀਂ, ਇਹ ਉਹ ਜਾਣਦੇ ਹੋਣਗੇ। ਭਾਰਤ ਵਿਚ ਇਸ ਚਰਚਾ ਦਾ ਆਧਾਰ ਬਣ ਗਿਆ ਹੈ ਕਿ ਇਸ ਬਾਰੇ ਪਾਕਿਸਤਾਨ ਦਾ ਬੁਲਾਰਾ ਸੱਚ ਕਹਿੰਦਾ ਹੈ ਕਿ ਸੱਚ ਹਾਲੇ ਵੀ ਉਹੋ ਹੈ, ਜੋ ਪਹਿਲਾਂ ਭਾਰਤ ਵੱਲੋਂ ਕਿਹਾ ਗਿਆ ਸੀ? ਇਧਰੋਂ ਉਕਾਈ ਹੋਈ ਜਾਂ ਓਧਰੋਂ ਚੁਸਤੀ ਖੇਡੀ ਗਈ, ਲੋਕਾਂ ਨੂੰ ਸਥਿਤੀ ਤਾਂ ਸਪੱਸ਼ਟ ਹੋਣੀ ਚਾਹੀਦੀ ਹੈ।

ਕੁਝ ਗੱਲਾਂ ਇਸ ਸਰਕਾਰ ਨੇ ਆਣ ਕੇ ਚੰਗੀਆਂ ਕੀਤੀਆਂ ਹਨ, ਜਿਨ੍ਹਾਂ ਨੂੰ ਗੁਣ-ਦੋਸ਼ ਦੀ ਪਰਖ ਦੇ ਹਿਸਾਬ ਨਾਲ ਠੀਕ ਕਹਿਣ ਵਿਚ ਸ਼ਾਇਦ ਕਿਸੇ ਨੂੰ ਵੀ ਝਿਜਕ ਨਹੀਂ ਹੋਣੀ ਚਾਹੀਦੀ।

ਪਹਿਲੀ ਇਹ ਕਿ ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ ਵੀ ਕੇ ਸਿੰਘ ਨੂੰ ਮੰਤਰੀ ਭਾਵੇਂ ਬਣਾ ਦਿੱਤਾ, ਪਰ ਨਾਲ ਉਸ ਨੂੰ ਹੋਸ਼ ਨਾਲ ਚੱਲਣ ਦਾ ਸੰਕੇਤ ਦੇ ਦਿੱਤਾ। ਪ੍ਰਚਾਰ ਇਹ ਹੁੰਦਾ ਰਿਹਾ ਕਿ ਉਸ ਨੂੰ ਨਵਾਂ ਰੱਖਿਆ ਮੰਤਰੀ ਬਣਾਇਆ ਜਾਣਾ ਹੈ, ਪਰ ਉਸ ਨੂੰ ਰਾਜ ਮੰਤਰੀ ਦੇ ਦਰਜੇ ਨਾਲ ਉਤਰ ਪੂਰਬ ਦੇ ਵਿਕਾਸ ਲਈ ਤੋਰ ਦਿੱਤਾ ਗਿਆ ਹੈ। ਸਭ ਤੋਂ ਵੱਡੀ ਗੱਲ ਇਹ ਕਿ ਫੌਜ ਦਾ ਨਵਾਂ ਮੁਖੀ ਲਾਉਣ ਦੇ ਵਿਰੁਧ ਉਸ ਨੇ ਜਿਹੜੀ ਰੱਟ ਲਾਈ ਸੀ, ਤੇ ਚੋਣਾਂ ਦੇ ਅੰਤਲੇ ਦਿਨਾਂ ਵਿਚ ਇਹ ਕਹਿੰਦਾ ਸੀ ਕਿ ਨਵੀਂ ਸਰਕਾਰ ਬਦਲਣ ਪਿੱਛੋਂ ਮੌਜੂਦਾ ਸਰਕਾਰ ਦਾ ਫੈਸਲਾ ਬਦਲਿਆ ਜਾ ਸਕਦਾ ਹੈ, ਉਸ ਦੀ ਥਾਂ ਨਵੇਂ ਰੱਖਿਆ ਮੰਤਰੀ ਅਰੁਣ ਜੇਤਲੀ ਨੇ ਸਾਫ ਕਰ ਦਿੱਤਾ ਹੈ ਕਿ ਬਣਾ ਦਿੱਤਾ ਤਾਂ ਬਣਾ ਦਿੱਤਾ, ਉਸ ਨਿਯੁਕਤੀ ਵਿਚ ਕੋਈ ਦਖਲ ਨਹੀਂ ਦੇਣਾ। ਜਨਰਲ ਵੀ ਕੇ ਸਿੰਘ ਦਾ ਵਿਰੋਧ ਭਾਰਤੀ ਫੌਜ ਦੇ ਹੁਣ ਵਾਲੇ ਮੁਖੀ ਜਨਰਲ ਬਿਕਰਮ ਸਿੰਘ ਨਾਲ ਵੀ ਨਿੱਜੀ ਸੀ, ਨਵੇਂ ਬਣ ਰਹੇ ਮੁਖੀ ਦਲਬੀਰ ਸਿੰਘ ਸੁਹਾਗ ਨਾਲ ਪਹਿਲਾਂ ਦੀਆਂ ਨਿੱਜੀ ਕਿੜਾਂ ਸਨ ਤੇ ਵਿਰੋਧ ਦਾ ਇਕ ਕਾਰਨ ਵੀ ਕੇ ਸਿੰਘ ਦੀ ਇੱਕ ਨਿੱਜੀ ਲੋੜ ਸੀ। ਨਵਾਂ ਚੁਣਿਆ ਮੁਖੀ ਜਨਰਲ ਦਲਬੀਰ ਸਿੰਘ ਸੁਹਾਗ ਜੇ ਪਾਸੇ ਧੱਕ ਦਿੱਤਾ ਜਾਵੇ ਤਾਂ ਅਗਲਾ ਸਭ ਤੋਂ ਸੀਨੀਅਰ ਅਫਸਰ ਜਨਰਲ ਵੀ ਕੇ ਸਿੰਘ ਦਾ ਕੁੜਮ ਹੈ ਤੇ ਸਾਰੇ ਜਾਣਦੇ ਸਨ ਕਿ ਜਨਰਲ ਵੀ ਕੇ ਸਿੰਘ ਆਪਣੀ ਸਰਕਾਰ ਬਣੀ ਦਾ ਲਾਭ ਉਠਾ ਕੇ ਉਸ ਕੁੜਮ ਨੂੰ ਕਲਗੀ ਲਵਾਉਣਾ ਚਾਹੁੰਦਾ ਸੀ, ਜਿਹੜੀ ਲਾਈ ਨਹੀਂ ਗਈ। ਨਵੀਂ ਸਰਕਾਰ ਨੇ ਇਹ ਕੰਮ ਠੀਕ ਕੀਤਾ ਹੈ।

ਦੂਸਰੀ ਚੰਗੀ ਗੱਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਪਣੇ ਮੰਤਰੀਆਂ ਨੂੰ ਇਹ ਹਦਾਇਤ ਦੇਣ ਵਾਲੀ ਹੈ ਕਿ ਆਪਣੇ ਰਿਸ਼ਤੇਦਾਰਾਂ ਨੂੰ ਆਪਣੇ ਮੰਤਰਾਲਿਆਂ ਵਿਚ ਅੱਡੇ ਨਹੀਂ ਲਾਉਣ ਦੇਣੇ। ਪਿਛਲੀਆਂ ਸਰਕਾਰਾਂ ਦੌਰਾਨ ਇਹ ਇੱਕ ਰੀਤ ਹੀ ਬਣ ਗਈ ਸੀ। ਵਾਜਪਾਈ ਸਰਕਾਰ ਵਿਚ ਵੀ ਇਹੋ ਕੁਝ ਹੁੰਦਾ ਆਇਆ ਸੀ, ਮਨਮੋਹਨ ਸਿੰਘ ਵੇਲੇ ਵੀ ਮੰਤਰੀਆਂ ਦਾ ਕੰਮ ਉਨ੍ਹਾਂ ਦੇ ਪੁੱਤਰ, ਭਤੀਜੇ ਤੇ ਭਾਣਜੇ ਕਰਦੇ ਸਨ ਤੇ ਹੁਣ ਵੀ ਕਈਆਂ ਨੇ ਤਿਆਰੀ ਕੀਤੀ ਪਈ ਸੀ ਕਿ ਜਿਹੜਾ ਕੰਮ ਸਾਬਕਾ ਰੇਲਵੇ ਮੰਤਰੀ ਪਵਨ ਕੁਮਾਰ ਬਾਂਸਲ ਦਾ ਭਾਣਜਾ ਕਰਦਾ ਸੀ, ਉਹ ਹੁਣ ਆਪਾਂ ਉਥੇ ਜਾ ਕੇ ਕਰਿਆ ਕਰਾਂਗੇ। ਬਾਂਸਲ ਦੀ ਚੰਡੀਗੜ੍ਹ ਵਾਲੀ ਕੋਠੀ ਵਿਚ ਮਾਮੇ ਦੇ ਰੇਲ ਮੰਤਰਾਲੇ ਦੇ ਅਹੁਦਿਆਂ ਦੀ ਸੇਲ ਲਾਈ ਬੈਠਾ ਉਸ ਦਾ ਭਾਣਜਾ ਨੱਬੇ ਲੱਖ ਰੁਪਏ ਲੈਂਦਾ ਫੜਿਆ ਗਿਆ ਸੀ। ਇਹ ਕੰਮ ਹੁਣ ਸਿਰਫ ਮੰਤਰੀਆਂ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ। ਪਿਛਲੀ ਪਾਰਲੀਮੈਂਟ ਵਿਚ ਕਈ ਮੈਂਬਰਾਂ ਨੇ ਘਰ ਦੇ ਜੀਅ ਨਿੱਜੀ ਸਹਾਇਕ ਬਣਾ ਰੱਖੇ ਸਨ। ਬਹੁਤਿਆਂ ਨੇ ਪੁੱਤਰ, ਧੀ, ਜਵਾਈ ਜਾਂ ਹੋਰ ਨੂੰ ਪੀ ਏ ਲਾਇਆ ਸੀ। ਕੁਝ ਮੈਂਬਰਾਂ ਨੇ ਪਤਨੀ ਨੂੰ ਬਣਾ ਲਿਆ ਤੇ ਕੁਝ ਬੀਬੀਆਂ ਇਹੋ ਜਿਹੀਆਂ ਸਨ, ਜਿਨ੍ਹਾਂ ਨੇ ਸਰਕਾਰੀ ਖਾਤੇ ਵਿਚ ਆਪਣੇ ਪਤੀ ਨੂੰ ਆਪਣਾ ਨਿੱਜੀ ਕਾਰਿੰਦਾ ਲਿਖਵਾ ਕੇ ਉਸ ਦੇ ਨਾਂ ਉਤੇ ਤਨਖਾਹਾਂ, ਭੱਤੇ ਅਤੇ ਹੋਰ ਸਹੂਲਤਾਂ ਲਈਆਂ ਹੋਈਆਂ ਸਨ। ਨਰਿੰਦਰ ਮੋਦੀ ਨੂੰ ਮੰਤਰੀਆਂ ਵਾਲੀ ਇਹੋ ਹਦਾਇਤ ਪਾਰਲੀਮੈਂਟ ਦੇ ਸਪੀਕਰ ਤੇ ਰਾਜ ਸਭਾ ਦੇ ਚੇਅਰਮੈਨ ਤੋਂ ਵੀ ਜਾਰੀ ਕਰਵਾ ਦੇਣੀ ਚਾਹੀਦੀ ਹੈ।

ਵਿਵਾਦਾਂ ਦਾ ਮੁੱਢ ਇਸ ਸਰਕਾਰ ਦੇ ਪਹਿਲੇ ਦੋ ਦਿਨਾਂ ਵਿਚ ਇਸ ਗੱਲ ਨਾਲ ਬੱਝ ਗਿਆ ਕਿ ਮਨੁੱਖੀ ਵਸੀਲੇ ਵਿਕਸਤ ਕਰਨ ਵਾਲੇ ਵਿਭਾਗ ਦੀ ਮੰਤਰੀ ਸਿਮਰਤੀ ਇਰਾਨੀ ਨੂੰ ਬਣਾ ਦਿੱਤਾ ਗਿਆ। ਸਿਮਰਤੀ ਇਰਾਨੀ ਇੱਕ ਟੀ ਵੀ ਸੀਰੀਅਲ ਵਿਚ ਦੇਸੀ ਬਹੂ ਵਜੋਂ ਬਹੁਤ ਸੋਹਣੀ ਕਲਾਕਾਰੀ ਕਰ ਕੇ ਪ੍ਰਸਿੱਧੀ ਪ੍ਰਾਪਤ ਕਰ ਗਈ ਤੇ ਇਸ ਤੋਂ ਅੱਗੇ ਦੀ ਕਲਾਕਾਰੀ ਉਸ ਨੇ ਇਹ ਕੀਤੀ ਕਿ ਸੋਨੀਆ ਗਾਂਧੀ ਦੇ ਵਿਦੇਸ਼ੀ ਮੂਲ ਦਾ ਮੁੱਦਾ ਚਰਚਾ ਵਿਚ ਹੋਣ ਕਾਰਨ ਭਾਜਪਾ ਆਗੂਆਂ ਰਾਹੀਂ ਰਾਜਨੀਤੀ ਵਿਚ ਦੇਸੀ ਬਹੂ ਦਾ ਮੰਚ ਮੱਲਣ ਤੁਰ ਪਈ। ਇੱਕ ਚੋਣ ਉਸ ਨੇ ਇਸੇ ਮੁੱਦੇ ਉਤੇ ਦਿੱਲੀ ਦੇ ਚਾਂਦਨੀ ਚੌਕ ਤੋਂ ਲੜੀ ਤੇ ਹਾਰ ਗਈ, ਪਰ ਭਾਜਪਾ ਦੀ ਆਗੂ ਬਣ ਕੇ ਰਾਜ ਸਭਾ ਵਿਚ ਆਉਣ ਵਿਚ ਕਾਮਯਾਬ ਹੋ ਗਈ। ਇਸ ਵਾਰੀ ਉਸ ਨੇ ਰਾਹੁਲ ਗਾਂਧੀ ਨੂੰ ਅਮੇਠੀ ਜਾ ਕੇ ਚੁਣੌਤੀ ਦਿੱਤੀ ਅਤੇ ਪਹਿਲਾਂ ਤੋਂ ਚੁਣੌਤੀ ਦੇ ਰਹੇ ਆਮ ਆਦਮੀ ਪਾਰਟੀ ਦੇ ਕੁਮਾਰ ਵਿਸ਼ਵਾਸ ਨੂੰ ਪਿੱਛੇ ਧੱਕ ਕੇ ਮੁੱਖ ਵਿਰੋਧੀ ਬਣ ਜਾਣ ਦੀ ਚੜ੍ਹਤ ਤੋਂ ਕੈਬਨਿਟ ਮੰਤਰੀ ਦੀ ਕਲਗੀ ਲਾ ਕੇ ਮਨੁੱਖੀ ਵਸੀਲਿਆਂ ਦੇ ਵਿਕਾਸ ਦੀ ਮੰਤਰੀ ਆਣ ਬਣੀ। ਅਗਲੇ ਦਿਨ ਕਾਂਗਰਸ ਪਾਰਟੀ ਨੇ ਇਸ ਬੀਬੀ ਦੀ ਵਿਦਿਅਕ ਯੋਗਤਾ ਦਾ ਮੁੱਦਾ ਉਠਾ ਦਿੱਤਾ, ਜਿਹੜਾ ਇਸ ਸਰਕਾਰ ਦਾ ਪਹਿਲਾ ਵਿਵਾਦ ਬਣ ਗਿਆ।

ਸਿਮਰਤੀ ਇਰਾਨੀ ਦੇ ਵਿਵਾਦ ਦੇ ਤਿੰਨ ਨੁਕਤੇ ਵਿਚਾਰਨ ਵਾਲੇ ਹਨ। ਪਹਿਲਾ ਇਹ ਕਿ ਜਦੋਂ ਸੰਵਿਧਾਨ ਵਿਚ ਮੰਤਰੀ ਦੀ ਵਿਦਿਅਕ ਯੋਗਤਾ ਦਰਜ ਹੀ ਨਹੀਂ ਤਾਂ ਇਹ ਮੁੱਦਾ ਕਾਂਗਰਸ ਨੂੰ ਪੇਸ਼ ਕਰਨ ਦੀ ਕੀ ਲੋੜ ਸੀ? ਜਦੋਂ ਉਹ ਸਿਮਰਤੀ ਇਰਾਨੀ ਦੀ ਵਿਦਿਅਕ ਯੋਗਤਾ ਪੁੱਛਣਗੇ ਤਾਂ ਕੋਈ ਇੰਦਰਾ ਗਾਂਧੀ ਦੀ ਵਿਦਿਅਕ ਯੋਗਤਾ ਵੀ ਪੁੱਛ ਲਵੇਗਾ ਤੇ ਉਹ ਵੀ ਲੱਗਭੱਗ ਏਨੀ ਕੁ ਹੈ। ਦੋਵਾਂ ਨੇ ਗਰੈਜੂਏਸ਼ਨ ਪਾਸ ਨਹੀਂ ਸੀ ਕੀਤੀ। ਦੂਸਰਾ ਨੁਕਤਾ ਇਹ ਕਿ ਇਸ ਬੀਬੀ ਨੇ ਚਾਂਦਨੀ ਚੌਕ ਦੀ ਚੋਣ ਵਿਚ ਖੁਦ ਨੂੰ ਬੀ ਏ ਪਾਸ ਲਿਖਿਆ ਅਤੇ ਅਮੇਠੀ ਜਾ ਕੇ ਕਾਗਜ਼ ਭਰਨ ਵੇਲੇ ਬੀ ਕਾਮ ਲਿਖ ਦਿੱਤਾ, ਜਦ ਕਿ ਨਾ ਉਹ ਬੀ ਏ ਪਾਸ ਸੀ ਅਤੇ ਨਾ ਬੀ ਕਾਮ ਹੈ, ਪਰ ਇਹ ਸਵਾਲ ਕਾਂਗਰਸੀਆਂ ਨੂੰ ਹੁਣ ਯਾਦ ਕਿਉਂ ਆਇਆ ਹੈ? ਉਸ ਦੇ ਇਹ ਦੋਵੇਂ ਝੂਠੇ ਐਫੀਡੇਵਿਟ ਉਦੋਂ ਅਮੇਠੀ ਦੇ ਲੋਕਾਂ ਸਾਹਮਣੇ ਰੱਖ ਕੇ ਕਹਿਣਾ ਬਣਦਾ ਸੀ ਕਿ ਇਹ ਬੀਬੀ ਆਪਣੀ ਚੋਣ ਦਾ ਮੁੱਢ ਹੀ ਝੂਠ ਬੋਲ ਕੇ ਬੰਨ੍ਹ ਰਹੀ ਹੈ। ਸੱਪ ਨਿਕਲ ਜਾਣ ਤੋਂ ਬਾਅਦ ਲਕੀਰ ਨੂੰ ਸੋਟੇ ਮਾਰਨ ਵਾਂਗ ਹੁਣ ਕਾਂਗਰਸੀਆਂ ਨੂੰ ਉਸ ਦੀ ਵਿਦਿਅਕ ਯੋਗਤਾ ਯਾਦ ਆਈ ਹੈ।

ਪੰਜਾਬੀ ਮੁਹਾਵਰਾ ਹੈ ਕਿ 'ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ' ਹੁੰਦੀਆਂ ਹਨ। ਕਾਂਗਰਸੀ ਇਹੋ ਕੰਮ ਕਰਦੇ ਹਨ। ਤੀਸਰਾ ਨੁਕਤਾ ਬੀਬੀ ਸਿਮਰਤੀ ਇਰਾਨੀ ਦਾ ਹੈ, ਜਿਹੜੀ ਕਹਿੰਦੀ ਹੈ ਕਿ ਉਸ ਦਾ ਕੰਮ ਵੇਖਣਾ ਚਾਹੀਦਾ ਹੈ, ਸਰਟੀਫਿਕੇਟਾਂ ਬਾਰੇ ਪੁੱਛਣਾ ਫਜ਼ੂਲ ਹੈ। ਜਵਾਬ ਏਨਾ ਦਰੁਸਤ ਹੈ ਕਿ 'ਕੌਨ ਬਨੇਗਾ ਕਰੋੜਪਤੀ' ਦਾ ਮੁਕਾਬਲਾ ਜਿੱਤ ਸਕਦਾ ਹੈ, ਪਰ ਬੀਬੀ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਇਹੋ ਜਿਹਾ ਝੂਠ ਬੋਲ ਕੇ ਚੋਣ ਲੜਨਾ ਭਾਰਤ ਦੇ ਲੋਕ ਪ੍ਰਤੀਨਿਧਤਾ ਐਕਟ ਮੁਤਾਬਕ ਵੀ ਜੁਰਮ ਹੈ ਤੇ ਝੂਠਾ ਐਫੀਡੇਵਿਟ ਕਿਸੇ ਥਾਂ ਦਾਖਲ ਕਰਨਾ ਵੀ ਉਹ ਸਜ਼ਾ ਯੋਗ ਅਪਰਾਧ ਹੈ, ਜਿਸ ਦੇ ਬਦਲੇ ਆਮ ਬੰਦੇ ਨੂੰ ਕਿਸੇ ਵੀ ਪੱਧਰ ਦਾ ਜੱਜ ਕੁਝ ਦਿਨਾਂ ਲਈ ਜੇਲ੍ਹ ਭੇਜਣ ਦਾ ਹੁਕਮ ਦੇ ਸਕਦਾ ਹੈ। ਜੇ ਇਸ ਮੁੱਦੇ ਨੂੰ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿਚ ਕੱਲ੍ਹ ਨੂੰ ਕੋਈ ਲੈ ਗਿਆ, ਉਥੇ ਜਾ ਕੇ ਦੇਸੀ ਬਹੂ ਦੇ ਦੇਸੀ ਨੁਸਖੇ ਨਹੀਂ ਚੱਲਣੇ।

ਉਂਜ ਅਸੀਂ ਇਹ ਦੱਸ ਦੇਈਏ ਕਿ ਇਸ ਸਰਕਾਰ ਵਿਚ ਪੜ੍ਹਾਈ ਦੇ ਸਰਟੀਫਿਕੇਟਾਂ ਦਾ ਵਿਵਾਦ ਸਿਰਫ ਇਸ ਬੀਬੀ ਤੱਕ ਸੀਮਤ ਨਹੀਂ। ਇੱਕ ਮੰਤਰੀ ਦਾ ਨਾਂ ਗੋਪੀ ਨਾਥ ਮੁੰਡੇ ਹੈ। ਵਾਜਪਾਈ ਸਰਕਾਰ ਵਿਚ ਜਿਹੜਾ ਧੜੱਲੇਦਾਰ ਮੰਤਰੀ ਪ੍ਰਮੋਦ ਮਹਾਜਨ ਹੁੰਦਾ ਸੀ ਤੇ ਜਿਸ ਨੂੰ ਬਾਅਦ ਵਿਚ ਉਸ ਦੇ ਸਕੇ ਛੋਟੇ ਭਰਾ ਪ੍ਰਵੀਨ ਮਹਾਜਨ ਨੇ ਕਤਲ ਕਰ ਦਿੱਤਾ ਸੀ, ਇਹ ਗੋਪੀ ਨਾਥ ਮੁੰਡੇ ਉਸ ਪ੍ਰਮੋਦ ਮਹਾਜਨ ਦਾ ਜੀਜਾ ਹੈ। ਮੁੰਡੇ ਦੀ ਵਿੱਦਿਆ ਬਾਰੇ ਇਹ ਗੱਲ ਸਾਹਮਣੇ ਆਈ ਹੈ ਕਿ ਉਸ ਦਾ ਕਾਨੂੰਨ ਦੀ ਪੜ੍ਹਾਈ ਦਾ ਸਰਟੀਫਿਕੇਟ ਵੀ ਝੂਠਾ ਹੈ। ਉਹ ਇਹ ਕਹਿੰਦਾ ਹੈ ਕਿ ਉਸ ਨੇ ਪੂਣੇ ਦੇ ਇੱਕ ਕਾਲਜ ਤੋਂ 1976 ਵਿਚ ਕਾਨੂੰਨ ਦੀ ਡਿਗਰੀ ਲਈ ਸੀ, ਪਰ ਉਸ ਕਾਲਜ ਦੀ ਵੈਬਸਾਈਟ ਉਤੇ ਦਰਜ ਹੈ ਕਿ ਕਾਲਜ 1978 ਵਿਚ ਚਾਲੂ ਹੋਇਆ ਸੀ। ਜਿਹੜਾ ਕਾਲਜ 1978 ਵਿਚ ਚਾਲੂ ਕੀਤਾ ਗਿਆ, ਉਸ ਕਾਲਜ ਤੋਂ ਦੋ ਸਾਲ ਪਹਿਲਾਂ 1976 ਵਿਚ ਗੋਪੀ ਨਾਥ ਮੁੰਡੇ ਨੇ ਡਿਗਰੀ ਕਿਵੇਂ ਲੈ ਲਈ, ਵਿਵਾਦ ਇਸ ਗੱਲ ਦਾ ਵੀ ਹੈ।

ਜਿਹੜੀ ਗੱਲ ਸਾਡੇ ਲਈ ਹੈਰਾਨੀ ਵਾਲੀ ਹੈ, ਉਹ ਵੀ ਸਿਮਰਤੀ ਇਰਾਨੀ ਦੇ ਕੈਬਨਿਟ ਮੰਤਰੀ ਬਣਾਏ ਜਾਣ ਨਾਲ ਸਬੰਧਤ ਹੈ, ਪਰ ਇਸ ਦੀ ਤੰਦ ਉਸ ਦੇ ਸਰਟੀਫਿਕੇਟਾਂ ਦੀ ਬਜਾਏ ਉਸ ਦੀ ਰਾਜਨੀਤੀ ਨਾਲ ਜੋੜ ਕੇ ਵੇਖੀ ਜਾ ਸਕਦੀ ਹੈ। 'ਸਿਮਰਤੀ' ਦਾ ਅਰਥ ਯਾਦਦਾਸ਼ਤ ਹੁੰਦਾ ਹੈ। ਇਸ ਸਿਮਰਤੀ ਨੂੰ ਆਪਣੀਆਂ 'ਸਿਮਰਤੀਆਂ', ਯਾਦਾਂ ਦੇ ਝਰੋਖੇ ਵਿਚੋਂ ਕੁਝ ਯਾਦ ਆਵੇ ਜਾਂ ਨਾ, ਹੋਰ ਲੋਕਾਂ ਨੂੰ ਯਾਦ ਆ ਸਕਦਾ ਹੈ। ਜਦੋਂ 'ਇੰਡੀਆ ਸ਼ਾਈਨਿੰਗ' ਦੇ ਸਾਰੇ ਢੋਲ-ਢਮੱਕੇ ਦੇ ਬਾਵਜੂਦ ਵਾਜਪਾਈ ਸਾਹਿਬ ਦੀ ਸਰਕਾਰ ਨੂੰ ਜਿੱਤ ਨਸੀਬ ਨਹੀਂ ਸੀ ਹੋ ਸਕੀ, ਉਸ ਦੇ ਕੁਝ ਦਿਨਾਂ ਪਿੱਛੋਂ ਇਸੇ ਸਿਮਰਤੀ ਇਰਾਨੀ ਦਾ ਇੱਕ ਬਿਆਨ ਆਇਆ ਸੀ ਕਿ ਗੁਜਰਾਤ ਦੇ ਦੰਗਿਆਂ ਨੇ ਭਾਜਪਾ ਦੇ ਭਾਂਡੇ ਮੂਧੇ ਮਰਵਾ ਦਿੱਤੇ ਹਨ ਤੇ ਜੇ ਨਰਿੰਦਰ ਮੋਦੀ ਨੇ ਅਸਤੀਫਾ ਨਾ ਦਿੱਤਾ, ਮੈਂ ਮਰਨ ਵਰਤ ਰੱਖਾਂਗੀ। ਸਾਰੇ ਦੇਸ਼ ਵਿਚ ਉਸ ਦੇ ਇਸ ਬਿਆਨ ਨਾਲ ਸਨਸਨੀ ਫੈਲ ਗਈ। ਸਿਰਫ ਦੋ ਦਿਨ ਬਾਅਦ ਕਿਸੇ ਥਾਂ ਸ਼ੂਟਿੰਗ ਕਰਨ ਰੁੱਝੀ ਹੋਈ ਸਿਮਰਤੀ ਨੂੰ ਬਾਹਰ ਸੱਦ ਕੇ ਲਿਖਿਆ ਹੋਇਆ ਮੁਆਫੀਨਾਮਾ ਦਿੱਤਾ ਗਿਆ ਅਤੇ ਟੀ ਵੀ ਚੈਨਲਾਂ ਦੇ ਕੈਮਰਿਆਂ ਅੱਗੇ ਪੜ੍ਹਨ ਨੂੰ ਕਿਹਾ ਗਿਆ ਸੀ।

ਕਮਾਲ ਦੀ ਗੱਲ ਹੈ ਕਿ ਜਿਹੜੀ ਬੀਬੀ ਪਹਿਲਾਂ ਨਰਿੰਦਰ ਮੋਦੀ ਦਾ ਅਸਤੀਫਾ ਮੰਗਣ ਲਈ ਮਰਨ-ਵਰਤ ਰੱਖਣ ਦਾ ਐਲਾਨ ਕਰਦੀ ਸੀ, ਫਿਰ ਮੋਦੀ ਸਾਹਿਬ ਦੇ ਇਨੇ ਭਰੋਸੇ ਦੀ ਪਾਤਰ ਬਣ ਗਈ ਕਿ ਪਾਰਲੀਮੈਂਟ ਦੇ ਉਤਲੇ ਸਦਨ ਰਾਜ ਸਭਾ ਵਿਚ ਜਾਣ ਲਈ ਉਮੀਦਵਾਰ ਵਜੋਂ ਉਸ ਦਾ ਨਾਂ ਨਰਿੰਦਰ ਮੋਦੀ ਨੇ ਆਪ ਪੇਸ਼ ਕੀਤਾ। ਅਮੇਠੀ ਤੋਂ ਉਮੀਦਵਾਰ ਵੀ ਉਹ ਮੋਦੀ ਦੇ ਕਹੇ ਉਤੇ ਬਣੀ। ਕੈਬਨਿਟ ਵਿਚ ਵੀ ਉਸ ਨੂੰ ਇਨਾ ਮਹੱਤਵ ਓਸੇ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਕਾਰਨ ਮਿਲ ਸਕਿਆ, ਜਿਸ ਦਾ ਮੁੱਖ ਮੰਤਰੀ ਰਹਿਣਾ ਉਸ ਨੂੰ ਪਸੰਦ ਨਹੀਂ ਸੀ ਤੇ ਮਰਨ-ਵਰਤ ਰੱਖਣ ਤੁਰ ਪਈ ਸੀ। ਕੁਝ ਲੋਕ ਆਖਦੇ ਹਨ ਕਿ ਉਹ ਭਾਜਪਾ ਦੀ ਦੂਸਰੀ ਸੁਸ਼ਮਾ ਸਵਰਾਜ ਹੈ। ਇਦਾਂ ਹੋ ਵੀ ਸਕਦਾ ਹੈ। ਸੁਸ਼ਮਾ ਸਵਰਾਜ ਵੀ ਡਿਸਾਈ ਸਰਕਾਰ ਦੇ ਟੁੱਟਣ ਪਿੱਛੋਂ ਜਨਤਾ ਪਾਰਟੀ ਵਿਚ ਰਹਿ ਕੇ ਨਵੀਂ ਬਣ ਰਹੀ ਭਾਜਪਾ ਅਤੇ ਇਸ ਦੇ ਪਿੱਛੇ ਖੜੇ ਆਰ ਐਸ ਐਸ ਦੇ ਵਿਰੁਧ ਝੰਡਾ ਚੁੱਕਣ ਵਾਲਿਆਂ ਨਾਲ ਖੜੀ ਸੀ, ਪਰ ਪਿੱਛੋਂ ਇਸੇ ਭਾਰਤੀ ਜਨਤਾ ਪਾਰਟੀ ਦੀ ਆਗੂ ਆ ਬਣੀ ਸੀ। ਸਿਮਰਤੀ ਦੂਸਰੀ ਸੁਸ਼ਮਾ ਸਵਰਾਜ ਬਣੇ ਜਾਂ ਨਾ ਬਣੇ, ਰਾਜਨੀਤੀ ਦੇ ਖੇਤਰ ਵਿਚ ਸੱਚਮੁੱਚ ਕਮਾਲ ਦੀ ਕਲਾਕਾਰ ਨਿਕਲੀ ਹੈ 'ਦੇਸੀ ਬਹੂ'।




ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ
ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

*24/7 Customer Service Available*
*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਸੰਤ ਜਗਜੀਤ ਸਿੰਘ ਲੋਪੋਂ ਨੇ ਰੱਖਿਆ ਗੁਰਦੁਆਰਾ ਦਸ਼ਮੇਸ਼ ਦਰਬਾਰ ਦੇ ਲੰਗਰ ਹਾਲ ਦਾ ਨੀਂਹ ਪੱਥਰ

**ਬੇਕਰਜ਼ਫੀਲਡ (ਬਿਊਰੋ):** ਦਰਬਾਰ ਸੰਪਰਦਾਇ ਲੋਪੋਂ ਵਲੋਂ ਗੁਰਦੁਆਰਾ ਦਸ਼ਮੇਸ਼ ਦਰਬਾਰ-ਬੇਕਰਜ਼ਫੀਲਡ ਤੋਂ ਦੀਵਾਨ ਲਗਾ ਕੇ





ਲੜੀ ਸ਼ੁਰੂ ਕਰਦਿਆਂ ਸੰਤ ਜਗਜੀਤ ਸਿੰਘ ਨੇ ਸੰਗਤਾਂ ਨੂੰ ਕਥਾ ਸਰਬਣ ਕਰਵਾਉਣ ਪਿਛੋਂ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਦੀ ਬਿਲਡਿੰਗ ਦਾ ਨੀਂਹ ਪੱਥਰ ਰੱਖਿਆ। ਦਰਬਾਰ ਸੰਪਰਦਾਇ ਲੋਪੋਂ ਦੀ ਸੰਗਤ ਵਲੋਂ ਸੰਤ ਜਗਜੀਤ ਸਿੰਘ ਲੋਪੋਂ ਨੇ ਲੰਗਰ ਹਾਲ ਦੀ ਬਿਲਡਿੰਗ ਦੀ ਉਸਾਰੀ ਦੀ ਲਈ 5,000 ਡਾਲਰ ਗੁਰਦੁਆਰਾ ਸਾਹਿਬ ਦੀ ਕਮੇਟੀ ਨੂੰ ਭੇਟ ਕੀਤੇ ਅਤੇ ਦੀਵਾਨਾਂ ਦੀ ਇਕੱਤਰ ਹੋਈ ਸਾਰੀ ਰਾਸ਼ੀ ਵੀ ਗੁਰਦੁਆਰਾ ਸਾਹਿਬ ਦੀ ਕਮੇਟੀ ਨੂੰ ਭੇਟ ਕੀਤੀ। ਦੀਵਾਨਾਂ ਵਿਚ ਸੰਗਤਾਂ ਦਾ ਭਾਰੀ ਇਕੱਠ ਹੋਇਆ।

ਆਪਣੇ ਧਾਰਮਿਕ ਦੀਵਾਨ ਦੌਰਾਨ ਸੰਤ ਜਗਜੀਤ ਸਿੰਘ ਨੇ ਸੰਗਤਾਂ ਨੂੰ ਨਾਮ ਸਿਮਰਨ, ਗੁਰਦੁਆਰਾ ਸਾਹਿਬਾਨ ਅਤੇ ਸਮਾਜ ਭਲਾਈ ਦੇ ਕੰਮਾਂ ਲਈ ਵਧ ਤੋਂ ਵਧ ਦਸਵੰਧ ਕਢਣ ਲਈ ਪ੍ਰੇਰਿਆ। ਗੁਰਦੁਆਰਾ ਕਮੇਟੀ ਵਲੋਂ ਸੰਤ ਜਗਜੀਤ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਦਰਬਾਰ ਸੰਪਰਦਾਇ ਲੋਪੋਂ ਨੇ ਹਮੇਸ਼ਾ ਸਮਾਜਿਕ ਅਤੇ ਧਾਰਮਿਕ ਸੇਵਾ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ ਜਿਸ ਦੌਰਾਨ ਹਜ਼ਾਰਾਂ ਕਿਲੋਮੀਟਰ ਪਿੰਡਾਂ ਤੇ ਸ਼ਹਿਰਾਂ ਦੇ ਰਸਤਿਆਂ ਦਾ ਨਿਰਮਾਣ ਕਰਨਾ, ਸੇਮ ਦੀ ਮਾਰ ਹੇਠ ਆਏ ਇਲਾਕਿਆਂ ਵਿਚ ਡਰੇਨਾਂ ਦੀ ਖੁਦਾਈ, ਪਿੰਡਾਂ ਨੂੰ ਬਿਜਲੀ ਸਪਲਾਈ, ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲਾਂ ਦੀਆਂ 50 ਇਮਾਰਤਾਂ ਦੀ ਸੇਵਾ, ਦੋ ਵੱਡੀਆਂ ਗਊਸ਼ਾਲਾਵਾਂ, ਲੋਪੋਂ ਵਿਖੇ ਲੜਕੀਆਂ ਲਈ ਦੋ ਵੱਡੇ ਕਾਲਜ ਅਤੇ ਹਸਪਤਾਲ ਬਣਾਉਣਾ, ਇਤਿਹਾਸਕ ਗੁਰਦੁਆਰੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਤਖ਼ਤੂਪੁਰਾ ਸਾਹਿਬ, ਛੇਵੇਂ ਪਾਤਸ਼ਾਹ ਦੀ ਯਾਦ ਵਿਚ ਲੋਪੋਂ, ਭਾਈਕੀ ਡਰੋਲੀ, ਪਿੰਡ ਸੁਧਾਰ ਕੀਰਤਪੁਰ ਸਾਹਿਬ ਪਤਾਲਪੁਰੀ, ਦਸਵੇਂ ਪਾਤਸ਼ਾਹ ਦੀ ਯਾਦ ਵਿਚ ਸ੍ਰੀ ਚਮਕੌਰ ਸਾਹਿਬ ਆਦਿ ਗੁਰਦੁਆਰਿਆਂ ਦੀਆਂ ਇਮਾਰਤਾਂ ਅਤੇ ਸਰੋਵਰ ਦੀ ਸੇਵਾ ਦਰਬਾਰ ਸੰਪਰਦਾਇ ਲੋਪੋਂ ਨੇ ਕਾਰਵਾਈ।



ਜ਼ਿਕਰਯੋਗ ਹੈ ਕਿ ਸੰਤ ਜਗਜੀਤ ਸਿੰਘ ਲੋਪੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਬਾਣੀ ਦਾ ਸੰਦੇਸ਼, ਗੁਰਮਤਿ ਵਿਚਾਰਧਾਰਾ, ਨਾਮ ਸਿਮਰਨ, ਕਥਾ-ਵਿਚਾਰ ਲਈ ਸੰਗਤਾਂ ਦੇ ਸੱਦੇ 'ਤੇ ਅਮਰੀਕਾ ਪਹੁੰਚੇ ਹੋਏ ਹਨ। ਇਥੇ ਉਨ੍ਹਾਂ ਦਾ ਸੰਗਤਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ।

ਲਖਬੀਰ ਸਿੰਘ ਬੇਕਰਜ਼ਫੀਲਡ ਅਤੇ ਦਲਜੀਤ ਸਿੰਘ ਢੰਡਾ ਅਨੁਸਾਰ ਸੰਤ ਜਗਜੀਤ ਸਿੰਘ 4 ਜੂਨ ਤੱਕ ਬੇਕਰਜ਼ਫੀਲਡ ਦੇ ਵੱਖ ਵੱਖ ਗੁਰੂਘਰਾਂ 'ਚ ਸ਼ਾਮ ਨੂੰ ਦੀਵਾਨ ਸਜਾਉਣਗੇ। ਇਸ ਤੋਂ ਇਲਾਵਾ ਸੰਤ ਜਗਜੀਤ ਸਿੰਘ 5 ਅਤੇ 6 ਜੂਨ ਨੂੰ ਸ਼ਾਮ ਸਮੇਂ ਗੁਰਦੁਆਰਾ ਨਾਨਕਸਰ ਕਰਨੀਲਿਆ ਐਵੇਨਿਊ-ਫਰਿਜ਼ਨੋ ਅਤੇ 7 ਜੂਨ, ਸਨਿਚਰਵਾਰ ਨੂੰ ਸਵੇਰੇ 11 ਵਜੇ ਗੁਰਦੁਆਰਾ ਨਾਨਕਸਰ ਡੈਲਹਾਈ ਵਿਖੇ ਸੰਤ ਦਰਬਾਰਾ ਸਿੰਘ ਲੋਪੋਂ ਵਾਲਿਆਂ ਦੀ ਯਾਦ ਵਿਚ ਹੋ ਰਹੇ ਮਹਾਨ ਗੁਰਮਤਿ ਸਮਾਗਮ ਵਿਚ ਧਾਰਮਿਕ ਦੀਵਾਨ ਸਜਾਉਣਗੇ। ਉਹ 7 ਜੂਨ ਨੂੰ ਸ਼ਾਮ 7 ਵਜੇ ਗੁਰਦੁਆਰਾ ਪੀ ਸਟ੍ਰੀਟ ਬੇਕਰਜ਼ਫੀਲਡ ਵਿਖੇ ਦੀਵਾਨ ਸਜਾਉਣਗੇ ਜਦਕਿ 8 ਜੂਨ ਸਵੇਰੇ 11 ਵਜੇ ਗੁਰਦੁਆਰਾ ਸੱਚਖੰਡ ਈਸ਼ਰ ਦਰਬਾਰ-ਸੈਕਰਾਮੈਂਟੋ ਅਤੇ 11 ਜੂਨ ਨੂੰ ਸੈਨ ਹੋਜ਼ੇ ਵਿਚ ਗੁਰਬਾਣੀ ਦੀ ਵਿਆਖਿਆ ਕਰਨਗੇ।

ਹੋਰ ਜਾਣਕਾਰੀ ਲਈ ਲਖਬੀਰ ਸਿੰਘ ਬੇਕਰਜ਼ਫੀਲਡ 661-444-6271, ਸੁਖਰਾਜ ਸਿੰਘ ਸੈਕਰਾਮੈਂਟੋ 916-826-4241, ਰਣਜੀਤ ਸਿੰਘ ਫਰਿਜ਼ਨੋ 559-375-9800, ਤੇ ਬਾਬਾ ਬਲਵਿੰਦਰ ਸਿੰਘ ਕੁਰਾਲੀ ਵਾਲੇ (ਨਾਨਕਸਰ ਡੈਲਹਾਈ) 916-753-4928 ਨਾਲ ਸੰਪਰਕ ਕੀਤਾ ਜਾ ਸਕਦਾ ਹੈ।





# ਗਿਆਨੀ ਗੁਰਬਚਨ ਸਿੰਘ ਨੂੰ ਜਥੇਦਾਰੀ ਤੋਂ ਹਟਾਉਣ ਲਈ ਅਰਦਾਸ

**ਅੰਮ੍ਰਿਤਸਰ:** ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਕੰਨਟੇਨਰਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਵਿਦੇਸ਼ ਭੇਜਣ ਦੀ ਆਗਿਆ ਦੇ ਕੇ ਪਾਵਨ ਸਰੂਪਾਂ ਦੀ ਬੇਅਦਬੀ ਕਰਨ ਦਾ 'ਦੋਸ਼ੀ' ਠਹਿਰਾਇਆ ਤੇ ਇਸ ਬਾਰੇ ਅਕਾਲ ਤਖ਼ਤ ਦੇ ਸਨਮੁਖ ਅਰਦਾਸ ਕਰ ਕੇ ਅਪੀਲ ਕੀਤੀ ਕਿ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਹੁਦੇ ਤੋਂ ਹਟਾਇਆ ਜਾਵੇ।

ਇਸ ਬਾਰੇ ਸਿੱਖ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਦੇ ਨਾਂਅ ਇਕ ਖੁੱਲ੍ਹਾ ਪੱਤਰ ਵੀ ਜਾਰੀ ਕੀਤਾ ਗਿਆ ਹੈ। ਇਨ੍ਹਾਂ ਜਥੇਬੰਦੀਆਂ ਵਿਚ ਆਲ ਇੰਡੀਆ ਸਿੱਖ ਕਾਨਫਰੰਸ ਦੇ ਪ੍ਰਧਾਨ ਗੁਰਚਰਨ ਸਿੰਘ ਬੱਬਰ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਦੇ ਸੁਖਵਿੰਦਰ ਸਿੰਘ ਖ਼ਾਲਸਾ, ਦਮਦਮੀ ਟਕਸਾਲ (ਅਜਨਾਲਾ) ਦੇ ਅਮਰੀਕ ਸਿੰਘ ਅਜਨਾਲਾ, ਯੂਨਾਈਟਿਡ ਸਿੱਖ ਮਿਸ਼ਨ ਦੇ ਹਰਜਿੰਦਰ ਸਿੰਘ, ਤਰਲੋਚਨ ਸਿੰਘ ਤੇ ਅਕਾਲੀ ਆਗੂ ਬਲਦੇਵ ਸਿੰਘ ਸਿਰਸਾ ਆਦਿ ਸ਼ਾਮਲ ਸਨ। ਇਨ੍ਹਾਂ ਨੇ ਅਕਾਲ ਤਖ਼ਤ ਦੇ ਸਨਮੁਖ ਅਰਦਾਸ ਕੀਤੀ। ਇਹ ਅਰਦਾਸ ਭਾਈ ਅਮਰੀਕ ਸਿੰਘ ਅਜਨਾਲਾ ਵੱਲੋਂ ਕੀਤੀ ਗਈ। ਮਗਰੋਂ ਪੱਤਰਕਾਰ ਸੰਮੇਲਨ ਵਿਚ ਗੁਰਚਰਨ ਸਿੰਘ ਬੱਬਰ ਤੇ ਹੋਰਨਾਂ ਨੇ ਦੋਸ਼ ਲਾਇਆ ਕਿ 2009 ਵਿਚ ਹੁਕਮਨਾਮਾ ਜਾਰੀ ਕਰਕੇ ਕੰਨਟੇਨਰਾਂ ਰਾਹੀਂ ਪਾਵਨ ਸਰੂਪ ਵਿਦੇਸ਼ ਭੇਜਣ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸੇ ਵਿਧੀ ਤਹਿਤ ਅਪਰੈਲ ਵਿਚ ਇਕ ਕੰਨਟੇਨਰ ਦਿੱਲੀ ਤੋਂ ਵਿਦੇਸ਼ ਭੇਜਿਆ ਜਾ ਰਿਹਾ ਸੀ ਜਿਸ ਵਿਚ ਤਕਰੀਬਨ 150 ਪਾਵਨ ਸਰੂਪ ਰੱਖੇ ਹੋਏ ਸਨ। ਜਦੋਂ ਇਸ ਬਾਰੇ ਜਾਣਕਾਰੀ ਕੁਝ ਸਿੱਖ ਨੌਜਵਾਨਾਂ ਨੂੰ ਮਿਲੀ ਤਾਂ ਉਨ੍ਹਾਂ ਨੇ ਇਸ 'ਤੇ ਇਤਰਾਜ਼ ਕੀਤਾ ਤੇ ਕੰਨਟੇਨਰ ਨੂੰ ਗੁਰਦੁਆਰਾ ਰਕਾਬਗੰਜ ਵਿਖੇ ਲੈ ਗਏ, ਜਿਥੇ ਪਾਵਨ ਸਰੂਪ ਉਤਾਰਨੇ ਸ਼ੁਰੂ ਕਰ ਦਿੱਤੇ। ਇਸ ਦੀ ਸੂਚਨਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੂੰ ਮਿਲੀ ਤਾਂ ਉਨ੍ਹਾਂ ਨੇ ਸਿੱਖ ਨੌਜਵਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਸਿੱਖ ਨੌਜਵਾਨ ਇਸ ਕੰਨਟੇਨਰ ਨੂੰ ਦਿੱਲੀ ਦੇ ਯਮੁਨਾ ਪਾਰ ਇਲਾਕੇ ਦੇ ਗੁਰਦੁਆਰੇ ਵਿਚ ਲੈ ਗਏ, ਜਿਥੇ ਬਾਕੀ ਸਰੂਪ ਸਨਮਾਨ ਸਹਿਤ ਰੱਖੇ ਗਏ। ਉਨ੍ਹਾਂ ਦੋਸ਼ ਲਾਇਆ ਕਿ ਇਸ ਸਮੁੱਚੀ ਪ੍ਰਕਿਰਿਆ ਲਈ ਪ੍ਰਵਾਨਗੀ ਦੇਣ ਲਈ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਜ਼ਿੰਮੇਵਾਰ ਹਨ, ਇਸ ਲਈ ਉਨ੍ਹਾਂ ਨੂੰ ਇਸ ਅਹੁਦੇ ਤੋਂ ਹਟਾ ਕੇ ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਹੁਣ ਇਸ ਮਾਮਲੇ ਬਾਰੇ ਸਰਬੱਤ ਖ਼ਾਲਸਾ ਸੱਦਿਆ ਜਾਣਾ ਚਾਹੀਦਾ ਹੈ ਤਾਂ ਜੋ ਜਥੇਦਾਰਾਂ ਦੀ ਚੋਣ ਪ੍ਰਕਿਰਿਆ ਨੂੰ ਸ਼੍ਰੋਮਣੀ ਕਮੇਟੀ ਦੇ ਸ਼ਿਕੰਜੇ ਵਿਚੋਂ ਕੱਢਿਆ ਜਾ ਸਕੇ।

## ਪੰਜ ਸਿੰਘ ਸਾਹਿਬਾਨ ਦਾ ਸੀ ਫੈਸਲਾ: ਜਥੇਦਾਰ

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ 2009 ਵਿਚ ਕੰਨਟੇਨਰ ਰਾਹੀਂ ਪਾਵਨ ਸਰੂਪ ਵਿਦੇਸ਼ ਭੇਜਣ ਬਾਰੇ ਫੈਸਲਾ ਉਨ੍ਹਾਂ ਇਕੱਲਿਆਂ ਨਹੀਂ ਸਗੋਂ ਪੰਜ ਸਿੰਘ ਸਾਹਿਬਾਨ ਵੱਲੋਂ ਕੀਤਾ ਗਿਆ ਸੀ।

ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਕੀਤੀ ਗਈ ਸਿਫਾਰਸ਼ ਦੇ ਆਧਾਰ 'ਤੇ ਕੀਤਾ ਗਿਆ ਸੀ। ਪਹਿਲਾਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਮਾਮਲੇ ਨੂੰ ਵਿਚਾਰਿਆ ਸੀ ਤੇ ਅਗਲੀ ਪ੍ਰਵਾਨਗੀ ਲਈ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਮਾਮਲਾ ਵਿਚਾਰਿਆ ਗਿਆ ਸੀ।

## ਪਾਕਿ 'ਚ ਮੰਦਰਾਂ 'ਤੇ ਹਮਲੇ

**ਕਰਾਚੀ:** ਪਾਕਿਸਤਾਨ ਦੇ ਸਿੰਧ ਸੂਬੇ ਦੇ ਮੀਰਪੁਰਖਾਸ ਨੇੜੇ ਕੋਟ ਗੁਲਾਮ ਮੁਹੰਮਦ ਖੇਤਰ ਵਿਚ ਅਣਪਛਾਤੇ ਵਿਅਕਤੀਆਂ ਨੇ ਤਿੰਨ ਮੰਦਰਾਂ ਅੰਦਰ ਦਾਖਲ ਹੋ ਕੇ ਭੰਨ-ਤੋੜ ਤੇ ਬੇਅਦਬੀ ਕੀਤੀ। ਪੁਲਿਸ ਨੇ ਇਸ ਬਾਰੇ ਪੰਜ ਵਿਅਕਤੀ ਗ੍ਰਿਫਤਾਰ ਕੀਤੇ ਹਨ।

## ਅਮਰੀਕਾ 'ਚ ਹਵਾਈ ਹਾਦਸੇ ਦੌਰਾਨ ਦੋ ਪੰਜਾਬੀਆਂ ਦੀ ਮੌਤ

**ਜਲੰਧਰ:** ਅਮਰੀਕਾ ਵਿਚ ਵਾਪਰੇ ਇਕ ਹਵਾਈ ਹਾਦਸੇ ਵਿਚ ਦੋ ਪੰਜਾਬੀਆਂ ਦੀ ਮੌਤ ਹੋ ਗਈ। ਅੰਮ੍ਰਿਤਪਾਲ ਸਿੰਘ ਨਾਂ ਦਾ ਪੰਜਾਬੀ ਆਪਣੇ ਦੋਸਤ ਨੂੰ ਆਪਣੇ ਦੋ ਸੀਟਾਂ ਵਾਲੇ ਜਹਾਜ਼ 'ਤੇ ਝੂਟੇ ਦੇਣ ਨਿਕਲਿਆ ਸੀ। ਉਹ ਵੀ ਇਸ ਹਾਦਸੇ ਵਿਚ ਮਾਰਿਆ ਗਿਆ। ਦੂਜੇ ਮ੍ਰਿਤਕ ਦੀ ਪਛਾਣ ਜਤਿੰਦਰ ਸਿੰਘ ਵਾਸੀ ਜਲੰਧਰ ਵਜੋਂ ਹੋਈ। ਇਸ ਹਾਦਸੇ ਦਾ ਕਾਰਨ ਸੰਘਣੀ ਧੁੰਦ ਦੱਸਿਆ ਜਾ ਰਿਹਾ ਹੈ। ਇਸ ਹਾਦਸੇ ਦੀ ਜਾਂਚ ਅਮਰੀਕਾ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ।

ਹਾਦਸਾ ਡੈਨਵਰ ਦੇ ਫਰੰਟ ਰੇਂਜ ਏਅਰਪੋਰਟ ਤੋਂ ਤਿੰਨ ਕਿਲੋਮੀਟਰ ਦੂਰ ਵਾਪਰਿਆ। ਜਾਣਕਾਰੀ ਮੁਤਾਬਕ ਡੈਨਵਰ ਵਾਸੀ ਅੰਮ੍ਰਿਤਪਾਲ ਸਿੰਘ ਨੇ ਆਪਣਾ ਜਹਾਜ਼ ਰਾਤ ਸਾਢੇ ਬਾਰਾਂ ਵਜੇ ਹਵਾਈ ਅੱਡੇ ਤੋਂ ਉਡਾਇਆ। ਇਸ ਦੋ ਸੀਟਾਂ ਵਾਲੇ ਜਹਾਜ਼ ਵਿਚ ਉਸ ਦਾ ਦੋਸਤ ਜਤਿੰਦਰ ਸਿੰਘ ਵੀ ਉਸ ਦੇ ਨਾਲ ਸੀ।




# ਖੂਬ ਭਰਿਆ ਪੰਜਾਬੀ ਅਮਰੀਕਨ ਵਿਰਾਸਤ ਸਭਾ ਦਾ ਪੰਜਾਬੀ ਮੇਲਾ

**ਯੂਬਾ ਸਿਟੀ (ਬਿਊਰੋ):** ਸਥਾਨਕ ਪੰਜਾਬੀ ਅਮਰੀਕਨ ਵਿਰਾਸਤ ਸਭਾ ਵਲੋਂ ਇਥੇ ਪਿਛਲੇ ਦਿਨੀਂ ਫੇਅਰ ਗਰਾਊਂਡ ਵਿਚ ਕਰਵਾਏ ਗਏ ਪੰਜਾਬੀ ਮੇਲੇ ਵਿਚ ਗਾਇਕ ਬੱਬੂ ਮਾਨ ਨੇ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ। ਮੈਮੋਰੀਅਲ ਡੇਅ 'ਤੇ ਕਰਵਾਇਆ ਗਿਆ ਸੰਸਥਾ ਦਾ ਇਹ 20ਵਾਂ ਪੰਜਾਬੀ ਮੇਲਾ ਸੀ ਜਿਸ ਵਿਚ ਵਖ ਵਖ ਵਰਗਾਂ ਨਾਲ ਸਬੰਧਤ ਹਜ਼ਾਰਾਂ ਲੋਕਾਂ ਨੇ ਸ਼ਿਰਕਤ ਕਰਕੇ ਮੇਲੇ ਦਾ ਭਰਪੂਰ ਅਨੰਦ ਮਾਣਿਆ।






ਪੰਜਾਬ ਦੇ ਕਿਸੇ ਸਭਿਆਚਾਰਕ ਮੇਲੇ ਦਾ ਭੁਲੇਖਾ ਪਾ ਰਹੇ ਇਸ ਮੇਲੇ ਵਿਚ ਲੋਕਾਂ ਨੇ ਬੱਬੂ ਮਾਨ ਦੀ ਗਾਇਕੀ ਨੂੰ ਤਾਂ ਮਾਣਿਆ ਹੀ ਸਗੋਂ ਅਨੇਕਾਂ ਸਥਾਨਕ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਨੇ ਵੀ ਚੰਗਾ ਸਮਾਂ ਬੰਨਿਆ ਅਤੇ ਲੋਕਾਂ ਦੀ ਦਾਦ ਹਾਸਲ ਕੀਤੀ। ਸਾਊਂਡ ਟੀਮ ਦੇਰ ਨਾਲ ਆਉਣ ਕਰਕੇ ਮੇਲਾ ਇਕ ਘੰਟਾ ਪੱਛੜ ਕੇ ਸ਼ੁਰੂ ਹੋਇਆ ਪਰ ਬੱਬੂ ਮਾਨ ਦੀ ਪੇਸ਼ਕਾਰੀ ਸਦਕਾ ਮੇਲਾ ਸ਼ਾਮ 8:30 ਵਜੇ ਤੱਕ ਪੂਰੀ ਗਹਿਮਾ ਗਹਿਮੀ ਨਾਲ ਜਾਰੀ ਰਿਹਾ। ਗਰਮੀ ਹੋਣ ਦੇ ਬਾਵਜੂਦ ਦਰਸ਼ਕਾਂ ਨੇ ਪੂਰੇ ਉਤਸ਼ਾਹ ਨਾਲ ਮੇਲੇ ਦਾ ਅਨੰਦ ਮਾਣਿਆ।



***ਸਭਾ ਦੇ ਅਹੁਦੇਦਾਰ, ਮੈਂਬਰ ਅਤੇ ਸਹਿਯੋਗੀ ਨਿਰਦੇਸ਼ਕ ਸਮਾਂਥਾ ਚੈਂਗ ਨਾਲ***

ਇਸ ਤੋਂ ਇਲਾਵਾ ਪੰਜਾਬੀ ਪੁਸ਼ਾਕਾਂ ਅਤੇ ਭਾਂਤ-ਭਾਂਤ ਦੇ ਸਵਾਦਿਸ਼ਟ ਭੋਜ ਪਦਾਰਥਾਂ ਦਾ ਸਵਾਦ ਮਾਣਦਿਆਂ ਹਾਜ਼ਰੀਨ ਨੇ ਮੇਲੇ ਨੂੰ ਕਾਮਯਾਬੀ ਦੀ ਬੁਲੰਦੀ 'ਤੇ ਪਹੁੰਚਾਇਆ। ਮੇਲੇ ਵਿਚ ਹੋਰਨਾਂ ਸ਼ਹਿਰਾਂ ਤੋਂ ਵੀ ਲੋਕ ਹੁਮ ਹੁਮਾ ਕੇ ਪਹੁੰਚੇ। ਮੇਲੇ ਦੇ ਦਰਸ਼ਕਾਂ ਵਿਚ ਸੱਤਰ ਫੀਸਦੀ ਔਰਤਾਂ ਅਤੇ ਬੱਚਿਆਂ ਦੀ ਗਿਣਤੀ ਕਰਕੇ ਇਹ ਮੇਲਾ ਪਰਿਵਾਰਕ ਮੇਲਾ ਹੋ ਨਿਬੜਿਆ।

ਮੇਲੇ ਦੌਰਾਨ ਦਲੀਪ ਸਿੰਘ ਸੋਂਧ ਬਾਰੇ ਡਾਕੂਮੈਂਟਰੀ ਵੀ ਖਿੱਚ ਦਾ ਕੇਂਦਰ ਰਹੀ। ਇਹ ਇਕ ਉਸ ਇਨਸਾਨ ਦੀ ਬੇਹੱਦ ਪ੍ਰੇਰਨਾਦਾਇਕ ਅਤੇ ਜਜ਼ਬਾਤੀ ਕਹਾਣੀ ਹੈ ਜੋ ਨਸਲੀ ਵਿਤਕਰੇ ਨਾਲ ਲੜਦਾ ਹੋਇਆ ਪਹਿਲਾ ਏਸ਼ੀਅਨ, ਪਹਿਲਾ ਭਾਰਤੀ ਅਤੇ ਪਹਿਲਾ ਸਿੱਖ ਸੀ ਜੋ ਅਮਰੀਕਾ ਵਿਚ ਹਾਊਸ ਆਫ ਰਿਪ੍ਰਜ਼ੈਂਟੇਟਿਵ ਚੁਣਿਆ ਗਿਆ। ਇਸ ਡਾਕੂਮੈਂਟਰੀ ਦੀ ਨਿਰਦੇਸ਼ਕਾ ਸਮਾਂਥਾ ਚੈਂਗ ਦਾ ਸੰਸਥਾ ਵਲੋਂ ਸਨਮਾਨ ਕੀਤਾ ਗਿਆ।

ਮੇਲੇ ਵਿਚ ਸ਼ਿਰਕਤ ਕਰਨ ਲਈ ਕਈ ਸਥਾਨਕ ਸਿਆਸੀ ਆਗੂ-ਕਾਂਗਰਸਮੈਨ ਜੌਨ ਗਰਮੈਂਡੀ, ਅਸੈਂਬਲੀਮੈਨ ਡੈਨ ਲੂਗ, ਜ਼ਿਲ੍ਹੇ ਦੇ ਸੁਪਰਵਾਈਜ਼ਰ, ਸਿਟੀ ਕੌਂਸਲਮੈਨ ਅਤੇ ਹੋਰ ਸਿਆਸੀ ਉਮੀਦਵਾਰ ਉਚੇਚਾ ਪਹੁੰਚੇ ਜਦੋਂਕਿ ਕਈ ਪ੍ਰਮੁੱਖ ਸਥਾਨਕ ਸੰਸਥਾਵਾਂ ਆਪਣੇ ਬੂਥ ਲਗਾ ਕੇ ਯੂਬਾ ਸਿਟੀ ਦੇ ਵਸਨੀਕਾਂ ਦੇ ਰੂਬਰੂ ਹੋਈਆਂ।

ਮੇਲੇ ਦੌਰਾਨ ਟੀ ਵੀ ਪੱਤਰਕਾਰ ਹਰਵਿੰਦਰ ਰਿਆੜ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਇਹ ਸਨਮਾਨ ਜਸ ਟੀ ਵੀ ਦੇ ਪ੍ਰੋਗਰਾਮ 'ਅੱਜ ਦਾ ਮੁੱਦਾ' ਵਿਚ ਬਿਹਤਰੀਨ ਪੱਤਰਕਾਰੀ ਲਈ ਦਿੱਤਾ ਗਿਆ। ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਪੜ੍ਹਾਈ ਵੱਲ ਪ੍ਰੇਰਿਤ ਕਰਨ ਲਈ ਸਥਾਨਕ ਹਾਈ ਸਕੂਲ ਦੇ ਪੰਜ ਸੀਨੀਅਰ ਹੋਣਹਾਰ ਅਤੇ ਪੜ੍ਹਾਈ ਵਿਚ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਭਾ ਵਲੋਂ ਨਕਦ ਵਜ਼ੀਫੇ ਪ੍ਰਦਾਨ ਕੀਤੇ ਗਏ।

ਦਰਸ਼ਕ ਉਦੋਂ ਭਾਵੁਕ ਹੋ ਗਏ ਜਦੋਂ ਸਟੇਜ ਤੋਂ ਸ਼ਹੀਦ ਕੁਲਜੀਤ ਸਿੰਘ ਢੱਟ ਦੀ ਭੈਣ ਸ੍ਰੀਮਤੀ ਨਰਿੰਦਰ ਕੌਰ ਢਿੱਲੋਂ ਨੇ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ।

ਸੰਸਥਾ ਦੇ ਪ੍ਰਧਾਨ ਸ੍ਰੀ ਸਤਨਾਮ ਸਿੰਘ ਤਾਤਲਾ ਨੇ ਪਹੁੰਚੇ ਮੇਲੀਆਂ ਅਤੇ ਮੇਲੇ ਦੀ ਕਾਮਯਾਬੀ ਵਿਚ ਭਰਪੂਰ ਯੋਗਦਾਨ ਪਾਉਣ ਵਾਲਿਆਂ ਦਾ ਉਚੇਚਾ ਧੰਨਵਾਦ ਕੀਤਾ। ਮੇਲੇ ਨੂੰ ਕਾਮਯਾਬ ਕਰਨ ਲਈ ਸੰਸਥਾ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਨਿੱਠ ਕੇ ਕੰਮ ਕੀਤਾ।

ਜ਼ਿਕਰਯੋਗ ਹੈ ਕਿ 1993 ਵਿਚ ਸਥਾਪਿਤ ਹੋਈ ਪੰਜਾਬੀ ਅਮਰੀਕਨ ਵਿਰਾਸਤ ਸਭਾ ਵਲੋਂ ਕਰਵਾਏ ਇਸ ਮੇਲੇ ਦਾ ਮੰਤਵ ਨਾ ਸਿਰਫ ਪੰਜਾਬੀ ਬੱਚਿਆਂ ਨੂੰ ਆਪਣੇ ਅਮੀਰ ਸਭਿਆਚਾਰ ਨਾਲ ਜੋੜਨਾ ਹੈ, ਬਲਕਿ ਮੁੱਖ ਧਾਰਾ ਦੇ ਵਸਨੀਕਾਂ ਨੂੰ ਪੰਜਾਬੀ ਕਦਰਾਂ ਕੀਮਤਾਂ ਨਾਲ ਜਾਣੂ ਕਰਵਾਉਣਾ ਤੇ ਭਾਈਚਾਰਕ ਸਾਂਝ ਨੂੰ ਉਜਾਗਰ ਕਰਨਾ ਵੀ ਹੈ।



Broker Associate
BRE Lic. #01462579
NMLS #358820

Harmit Toor
Professional Real Estate Services
For a Real Estate Broker with an in-depth knowledge of both the area and market, contact Harmit Toor!
925.202.7027 hdtoor@gmail.com
WWW.MissionPeakBrokers.Com
For Buying/Selling Home, Business & Loans
550 Credit Scores FHA Purchase Loans Available
Serving Bay Area and Central Valley Over 10 Years!








The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody


INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇ
# ਸ਼ਹੀਦੀ ਗੁਰਪੁਰਬ ਮਨਾਉਂਦੇ ਹੋਏ 1984
# ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿ



"ਇਤਿਹਾਸ ਵਰਤਮਾਨ ਤੇ ਅਤੀਤ ਵਿਚਕਾਰ ਇਕ ਨਿਰੰਤਰ ਵਾਰਤਾਲਾਪ ਹੈ-ਅਤੀਤ ਨੂੰ ਅਸੀਂ ਵਰਤਮਾਨ ਦੀ ਰੋਸ਼ਨੀ 'ਚ ਹੀ ਸਮਝ ਸਕਦੇ ਹਾਂ ਅਤੇ ਵਰਤਮਾਨ ਨੂੰ ਵੱਧ ਬੀਤੇ ਦੀ ਰੋਸ਼ਨੀ 'ਚ ਹੀ ਸਮਝਿਆ ਜਾ ਸਕਦਾ ਹੈ। ਮਨੁੱਖ ਨੂੰ ਬੀਤੇ ਸਮਾਜ ਨੂੰ ਸਮਝਣ ਦੇ ਸਮਰੱਥ ਬਣਾਉਣਾ ਅਤੇ ਉਸ ਦੀ ਮੌਜੂਦਾ ਸਮਾਜ ਉਤੇ ਮੁਹਾਰਤ ਵਿਚ ਵਾਧਾ ਕਰਨਾ, ਇਤਿਹਾਸ ਦਾ ਦੋਹਰਾ ਕਾਰਜ ਹੈ।

ਇਤਿਹਾਸ ਤੋਂ ਸਿੱਖਣ ਦਾ ਕਰਮ ਇਕ-ਪਾਸੜ ਅਮਲ ਨਹੀਂ ਹੈ। ਅਤੀਤ ਦੀ ਰੋਸ਼ਨੀ ਵਿਚ ਵਰਤਮਾਨ ਨੂੰ ਸਮਝਣ ਦਾ ਅਰਥ, ਵਰਤਮਾਨ ਦੀ ਰੋਸ਼ਨੀ ਵਿਚ ਬੀਤੇ ਨੂੰ ਸਮਝਣਾ ਵੀ ਹੈ। ਇਤਿਹਾਸ ਦਾ ਕਾਰਜ ਅਤੀਤ ਤੇ ਵਰਤਮਾਨ ਦੇ ਅੰਤਰ-ਸੰਬਧਾਂ ਦੇ ਜ਼ਰੀਏ, ਦੋਨਾਂ ਬਾਰੇ ਹੀ ਗੂੜ੍ਹ ਸਮਝ ਹਾਸਲ ਕਰਨਾ ਹੈ।"

-ਈ.ਐਚ. ਕਾਰ

## ਮਹਾਨ ਨਗਰ ਕੀ

### ਸਥਾਨ: ਸੈਨ ਫਰਾਂਸਿਸਕੋ ਡਾਊ
### 8 ਜੂਨ 2014, ਐਤਵਾਰ ਸਵੇ

*ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ*

ਸਤਿਕਾਰਯੋਗ ਸਾਧ ਸੰਗਤ ਜੀਉ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਜਿਹੜੀਆਂ ਕੌਮਾਂ ਆਪਣੇ ਇਤਿਹਾਸਕ ਵਿਰਸੇ ਦੇ ਸ਼ਹੀਦਾਂ ਤੇ ਸ਼ਹੀਦੀ ਸਾਕਿਆਂ ਨੂੰ ਭੁੱਲ ਜਾਂ
ਤੋਂ ਸਦਾ ਵਾਸਤੇ ਖਤਮ ਹੋ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦੀ ਚੜ੍ਹਦੀ
ਸਾਹਿਬਾਨ ਤੇ ਉਨ੍ਹਾਂ ਦੇ ਲੱਖਾਂ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲ
ਡਾਊਨ ਟਾਊਨ ਵਿਚ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋ ਕੇ ਸਿਵਿਕ ਸੈਂਟਰ
ਨਗਰ ਕੀਰਤਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ ਆਪ ਸਭ ਨੂੰ ਸ਼ਾਮਲ ਹੋਣ ਲਈ ਹਾ

*ਸੰਗਤਾਂ ਕੇਸਰੀ ਦਸਤਾਰਾਂ-ਦੁੱਪਟੇ-ਪਟਕੇ ਸਜਾ ਕੇ ਆਉਣ ਜੀ।

*ਸਿਵਿਕ ਸੈਂਟਰ ਵਿਚ ਸਜ ਰਹੇ ਦੀਵਾਨ ਅਤੇ ਨਗਰ ਕੀਰਤਨ ਦੌਰਾਨ ਕੀਰਤਨੀ ਜਥੇ ਗੁਰ
ਸੰਗਤਾਂ ਨੂੰ ਢਾਡੀ ਤੇ ਵੀਰ-ਰਸੀ ਵਾਰਾਂ ਰਾਹੀਂ ਨਿਹਾਲ ਕਰਨਗੇ।

*ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ।

*ਇਹ ਨਗਰ ਕੀਰਤਨ ਵੱਡੇ ਬੱਚਿਆਂ ਤੇ ਨੌਜਵਾਨਾਂ ਲਈ ਸਿੱਖ ਇਤਿਹਾਸ ਦੀ ਵਡਮੁੱਲੀ ਜ

*ਗਤਕੇ ਦੇ ਸ਼ਾਨਦਾਰ ਜੌਹਰ ਵਿਖਾਏ ਜਾਣਗੇ। *ਲੰਗਰ ਅਤੁੱਟ ਵਰਤਣਗੇ।

*ਨਗਰ ਕੀਰਤਨ ਦੇ ਸ਼ੁਰੂ ਹੋਣ ਵਾਲੀ ਥਾਂ ਪਹੁੰਚਣ ਲਈ ਕਿਤੋਂ ਵੀ ਬਾਰਟ ਰਾਹੀਂ ਮੋਂਟਗੁਮਰੀ
ਲਈ ਸਿਵਿਕ ਸੈਂਟਰ ਤੋਂ ਬਾਰਟ ਦਾ ਪ੍ਰਬੰਧ ਹੈ। ਸਭ ਗੁਰਦੁਆਰਿਆਂ ਤੋਂ ਬੱਸਾਂ ਦਾ ਵੀ ਪ੍ਰਬੰਧ ਕੀਤਾ
ਦੇ ਗੁਰਦੁਆਰਿਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਪ੍ਰੋਗਰਾਮ

ਨਗਰ ਕੀਰਤਨ ਅਰੰਭ: ਸਵੇਰੇ 11 ਵਜੇ, ਸਥਾਨ: 2nd ST
ਨਗਰ ਕੀਰਤਨ ਸਮਾਪਤੀ: ਬਾਅਦ ਦੁਪਹਿਰ 1 ਵਜੇ, ਸਥਾ
ਦੀਵਾਨ ਅਤੇ ਢਾਡੀ ਵਾਰਾਂ: ਬਾਅਦ ਦੁਪਹਿਰ 1:30 ਵਜੇ, ਸ
ਸਮਾਪਤੀ ਦੀਵਾਨ: ਬਾਅਦ ਦੁਪਹਿਰ 4 ਵਜੇ

**Directions:** **From Bay Bridge:** Continue on I-80 W to Fremont St. Take the Fremont St exit from I
Fremont St, Turn left onto Howard St. **From US-101:** Get on US-101 N from E 4th Ave, Follow US-1
the Fourth Street exit from I-80 E, Drive to 2nd St, Turn left onto Bryant St., Take the 2nd left onto 2nd

# ਵ ਜੀ ਦੇ
# ਦੇ ਸਿੱਖ
# ਠ



# ਰਤਨ

## ਨ ਟਾਊਨ

ਰੇ 11 ਤੋਂ 4 ਵਜੇ ਤੱਕ

*-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ*





ਈਆਂ ਨੇ, ਉਹ ਇਤਿਹਾਸ ਦੇ ਪੰਨਿਆਂ
ਕਲਾ ਤੇ ਸਰਬੱਤ ਦੇ ਭਲੇ ਲਈ ਗੁਰੂ
ਨੀ ਭੇਟ ਕਰਨ ਲਈ ਸੈਨ ਫਰਾਂਸਿਸਕੋ
ਏ ਸ਼ਾਨਦਾਰ ਮੈਦਾਨ ਤੱਕ ਇਕ ਮਹਾਨ
ਰਦਿਕ ਬੇਨਤੀ ਕੀਤੀ ਜਾਂਦੀ ਹੈ।

ਸ਼ਬਦ ਅਤੇ ਢਾਡੀ ਤੇ ਕਵੀਸ਼ਰੀ ਜਥੇ

ਣਕਾਰੀ ਨਾਲ ਭਰਪੂਰ ਹੋਵੇਗਾ।

ਸਟੇਸ਼ਨ 'ਤੇ ਉਤਰਨਾ ਹੈ ਤੇ ਵਾਪਸੀ
ਗਿਆ ਹੈ, ਜਿਸ ਲਈ ਆਪਣੇ ਸ਼ਹਿਰ

**ਅਤੇ Howard ST**
**ਨ: Civic Center Plaza**
**ਥਾਨ: Civic Center Plaza**

-80 W, Drive to Howard St, Merge onto
01 N to Bryant St. in San Francisco. Take
l St.

## ਹੋਰ ਜਾਣਕਾਰੀ ਲਈ ਸੰਪਰਕ ਕਰੋ:

**209-513-0508, 650-391-4408, 916-765-8885**
**559-859-0471, 209-373-7000, 415-533-6086**
**209-404-7795, 209-918-6659**

**ਬੇਨਤੀ ਕਰਤਾ:** ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਗੁਰਦੁਆਰਾ ਸਾਹਿਬ ਐਲ ਸਬਰਾਂਟੇ, ਗੁਰਦੁਆਰਾ ਸਾਹਿਬ ਸਟਾਕਟਨ, ਗੁਰਦੁਆਰਾ ਸਾਹਿਬ ਟਰਲਕ, ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟਿਕਾ, ਗੁਰਦੁਆਰਾ ਸਿੰਘ ਸਭਾ ਮਿਲਪੀਟਸ, ਗੁਰਦੁਆਰਾ ਸਾਹਿਬ ਬਰਾਡਸ਼ਾਅ ਸੈਕਰਾਮੈਂਟੋ, ਗੁਰਦੁਆਰਾ ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ, ਗੁਰਦੁਆਰਾ ਸਾਹਿਬ ਹੇਵਰਡ, ਗੁਰਦੁਆਰਾ ਸਾਹਿਬ ਸਾਊਥ ਸੈਨ ਫਰਾਂਸਿਸਕੋ, ਗੁਰਦੁਆਰਾ ਸਾਹਿਬ ਟਰੇਸੀ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ, ਗੁਰਦੁਆਰਾ ਦਸ਼ਮੇਸ਼ ਦਰਬਾਰ ਲੋਡਾਈ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਗੁਰਦੁਆਰਾ ਸਾਹਿਬ ਯੂਬਾ ਸਿਟੀ, ਗੁਰਦੁਆਰਾ ਸਾਹਿਬ ਸੈਨ ਮਟੀਓ, ਗੁਰਦੁਆਰਾ ਸਾਹਿਬ ਫੇਅਰਫੀਲਡ, ਗੁਰਦੁਆਰਾ ਸਾਹਿਬ ਮਾਡੈਸਟੋ, ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ, ਗੁਰਦੁਆਰਾ ਸਾਹਿਬ ਰਿਵਰਸਾਈਡ ਅਤੇ ਪੰਥਕ ਜਥੇਬੰਦੀਆਂ।

### ਕਾਰ ਪਾਰਕਿੰਗ ਲਈ ਸੂਚਨਾ

**Mission St. 'ਤੇ 4 ਅਤੇ 5 ਸਟਰੀਟਾਂ ਵਿਚਕਾਰ ਵੱਡਾ ਕਾਰ ਪਾਰਕਿੰਗ ਹੈ, ਜਿਸ ਦਾ ਸਿਰਨਾਵਾਂ ਹੈ: 821 Mission St. San Francisco**

## ਬੰਗਾਲ ਦਾ ਸੁਰੀਲਾ ਜਾਦੂ

# ਟੀਨਾ ਸਾਨੀ



**ਕਲਾ ਪਰਿਕਰਮਾ**

ਗੱਲ 1980 ਦੀ ਹੈ। ਟੀ.ਵੀ. ਉਤੇ ਨਿਰਮਾਤਾ ਇਸ਼ਰਤ ਅਨਸਾਰੀ ਦਾ ਪਾਪੂਲਰ ਸ਼ੋਅ ਆਉਂਦਾ ਹੁੰਦਾ ਸੀ- ਤਰੰਗ। ਨੌਜਵਾਨ ਗਵੱਈਆਂ ਦਾ ਇਹ ਖਾਸ ਪ੍ਰੋਗਰਾਮ, ਪੌਪ ਗਾਇਕ ਆਲਮਗੀਰ ਪੇਸ਼ ਕਰਦਾ ਸੀ। ਇਕ ਦਿਨ ਇਸੇ ਪ੍ਰੋਗਰਾਮ ਵਿਚ ਇਸ਼ਰਤ ਅਨਸਾਰੀ ਨੇ ਟੀਨਾ ਸਾਨੀ ਨੂੰ ਪੇਸ਼ ਕੀਤਾ। ਇਹ ਨਾਂ ਬਹੁਤੇ ਲੋਕਾਂ ਨੇ ਪਹਿਲਾਂ ਘੱਟ ਹੀ ਸੁਣਿਆ ਸੀ, ਪਰ ਜਦੋਂ ਉਸ ਨੇ ਸੁਰਾਂ ਦੀ ਛਹਿਬਰ ਲਾਈ ਤਾਂ ਟੀਨਾ ਬਾਰੇ ਗੱਲਾਂ ਤੁਰ ਪਈਆਂ।... ਟੀਨਾ ਸਾਨੀ ਦਾ ਜਨਮ ਪੂਰਬੀ ਪਾਕਿਸਤਾਨ (ਹੁਣ ਬੰਗਲਾ ਦੇਸ਼) ਦੇ ਢਾਕਾ ਸ਼ਹਿਰ ਵਿਚ ਹੋਇਆ। ਉਸ ਦਾ ਅੱਬਾ ਨਾਸਿਰ ਸਾਨੀ ਤੇਲ ਕੰਪਨੀ ਦਾ ਮੁਲਾਜ਼ਮ ਸੀ। ਕਦੀ ਕਿਸੇ ਥਾਂ ਮੁਲਾਜ਼ਮਤ, ਕਦੀ ਕਿਸੇ ਥਾਂ। ਕੁਝ ਸਮਾਂ ਉਹ ਕਾਬੁਲ ਵੀ ਰਹੇ ਅਤੇ ਫਿਰ ਟੱਬਰ ਨੇ ਕਰਾਚੀ ਜਾ ਡੇਰੇ ਲਾਏ। ਗਰੈਜੂਏਸ਼ਨ ਉਹਨੇ ਕਰਾਚੀ ਅਮੈਰਿਕਨ ਸਕੂਲ ਤੋਂ ਹੀ ਕੀਤੀ। ਉਹਨੇ ਉਸਤਾਦ ਨਿਜ਼ਾਮ-ਉਦ-ਦੀਨ ਖਾਨ ਜੋ ਦਿੱਲੀ ਘਰਾਣੇ ਦੇ ਉਸਤਾਦ ਰਮਜ਼ਾਨ ਖਾਨ ਦੇ ਪੁੱਤਰ ਸਨ, ਅਤੇ ਉਸਤਾਦ ਚਾਂਦ ਅਮਰੋਹਵੀ ਤੋਂ ਸੰਗੀਤ ਦੀ ਸਿੱਖਿਆ ਲਈ। ਗਜ਼ਲ ਗਾਇਕ ਮਹਿਦੀ ਹਸਨ ਤੋਂ ਸਿਖਲਾਈ ਹਾਸਲ ਕਰਨ ਦਾ ਮੌਕਾ ਵੀ ਉਹਨੂੰ ਮਿਲਿਆ।

1977 ਵਿਚ ਟੀਨਾ ਨੂੰ ਇਸ਼ਤਿਹਾਰ ਕੰਪਨੀ ਵਿਚ ਕੰਮ ਮਿਲਿਆ। ਇਸ ਕੰਪਨੀ ਵਿਚ ਉਸ ਦਾ ਕੰਮ ਇਸ਼ਤਿਹਾਰੀ ਕਾਰੋਬਾਰ ਦੇ ਸਭ ਸਿਰਜਣਾਤਮਕ ਪੱਖਾਂ, ਸਣੇ ਸੰਗੀਤ ਦੇ, ਬਾਰੇ ਨਿਗ੍ਹਾ ਰੱਖਣੀ ਹੁੰਦਾ ਸੀ। ਸਾਰਾ-ਸਾਰਾ ਦਿਨ ਇਸ਼ਤਿਹਾਰ ਦਾ ਸੰਗੀਤ ਸੁਣਦਿਆਂ ਲੰਘ ਜਾਂਦਾ ਪਰ ਉਸ ਦੀ ਕੰਮ ਕਰਨ ਦੀ ਲਗਨ ਬੇਮਿਸਾਲ ਸੀ, ਐਨ ਰਿਆਜ਼ ਵਾਂਗ। 'ਤਰੰਗ' ਵਿਚ ਪੇਸ਼ਕਾਰੀ ਤੋਂ ਬਾਅਦ ਉਸ ਲਈ ਸੰਗੀਤ ਦੀ ਦੁਨੀਆਂ ਦੇ ਦਰਵਾਜ਼ੇ ਚੁਪੱਟ ਖੁੱਲ੍ਹ ਗਏ। ਫਿਰ ਉਸ ਨੇ ਫੈਜ਼ ਅਹਿਮਦ ਫੈਜ਼ ਦੀਆਂ 'ਬਹਾਰ ਆਈ' ਅਤੇ 'ਬੋਲ ਕਿ ਲਬ ਆਜ਼ਾਦ ਹੈਂ" ਵਰਗੀਆਂ ਰਚਨਾਵਾਂ ਨੂੰ ਆਪਣੀ ਆਵਾਜ਼ ਦਿੱਤੀ ਅਤੇ ਪ੍ਰਸ਼ੰਸਾ ਖੱਟੀ। ਇਹੀ ਨਹੀਂ, ਉਸ ਨੇ ਜ਼ੌਕ, ਗਾਲਿਬ ਅਤੇ ਮੀਰ ਤਕੀ ਮੀਰ ਦੀਆਂ ਅਮਰ ਰਚਨਾਵਾਂ ਵੀ ਗੰਵੀਆਂ। ਇਕਬਾਲ ਦੀ ਰਚਨਾ 'ਸ਼ਿਕਵਾ ਜਵਾਬ-ਏ-ਸ਼ਿਕਵਾ' ਨਾਲ ਉਸ ਦੀਆਂ ਹੋਰ ਵੀ ਧੁੰਮਾਂ ਪੈ ਗਈਆਂ। ਇਹ ਉਦੋਂ ਤੱਕ ਦੀ ਸਭ ਤੋਂ ਲੰਮੀ ਰਚਨਾ ਸੀ ਜੋ ਟੀਨਾ ਨੇ ਗੰਵੀ ਸੀ।

ਨਫਾਸਤ-ਪਸੰਦ ਟੀਨਾ ਸਾਨੀ ਆਪਣੇ ਘਰ ਨੂੰ ਵੀ ਆਪਣੀਆਂ ਗ਼ਜ਼ਲਾਂ ਵਾਂਗ ਸਜਾ ਕੇ ਰੱਖਦੀ ਹੈ। ਉਸ ਦੇ ਘਰ ਜਾਓ ਤਾਂ ਇਹ ਫੈਸਲਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਇਹ ਘਰ ਕਿਤੇ ਕਿਸੇ ਇੰਟੀਰੀਅਰ ਡਿਜ਼ਾਇਨਰ ਦਾ ਤਾਂ ਨਹੀਂ ਹੈ? ਉਸ ਦੀ ਬੈਠਕ ਵਿਚ ਸਾਜ਼ ਇਕ ਖੂੰਜੇ ਵਿਚ ਸਜੇ ਪਏ ਹੁੰਦੇ ਹਨ ਅਤੇ ਸਜੀ ਹੋਈ ਬੈਠਕ, ਮਾਨੋ ਸਾਜ਼ ਵਾਂਗ ਟੁਣਕ ਰਹੀ ਹੁੰਦੀ ਹੈ। ਘਰ ਦੇ ਹਰ ਕੋਨੇ ਵਿਚ ਸੰਗੀਤ ਦੀ ਸਰਗਮ ਮਹਿਸੂਸ ਹੁੰਦੀ ਹੈ।

> ***ਨਫਾਸਤ-ਪਸੰਦ ਟੀਨਾ ਸਾਨੀ ਆਪਣੇ ਘਰ ਨੂੰ ਵੀ ਆਪਣੀਆਂ .ਗਜ਼ਲਾਂ ਵਾਂਗ ਸਜਾ ਕੇ ਰੱਖਦੀ ਹੈ। ਬੈਠਕ ਵਿਚ ਸਾਜ਼ ਇਕ ਖੂੰਜੇ ਵਿਚ ਸਜੇ ਪਏ ਹੁੰਦੇ ਹਨ ਅਤੇ ਸਜੀ ਹੋਈ ਬੈਠਕ, ਮਾਨੋ ਸਾਜ਼ ਵਾਂਗ ਟੁਣਕ ਰਹੀ ਹੁੰਦੀ ਹੈ। ਘਰ ਦੇ ਹਰ ਕੋਨੇ ਵਿਚ ਸੰਗੀਤ ਦੀ ਸਰਗਮ ਮਹਿਸੂਸ ਹੁੰਦੀ ਹੈ।***

ਰਿਆਜ਼ ਬਾਰੇ ਟੀਨਾ ਸਾਨੀ ਬਹੁਤ ਪਾਬੰਦ ਹੈ। ਰਿਆਜ਼ ਤਾਂ ਉਸ ਲਈ ਉਵੇਂ ਹੀ ਹੈ ਜਿਵੇਂ ਕਿਸੇ ਪੌਦੇ ਦੇ ਵਾਧੇ ਲਈ ਪੌਣ ਅਤੇ ਪਾਣੀ ਹੋਣ। ਪੁੱਛਣ 'ਤੇ ਉਹ ਸ਼ਬਦਾਂ ਦੇ ਘੁੰਗਰੂ ਖਣਕਾਉਂਦੀ ਹੈ- "ਹਰ ਰਿਆਜ਼ ਤੋਂ ਬਾਅਦ ਮੈਨੂੰ ਜਾਪਦਾ ਹੈ ਕਿ ਮੇਰੇ ਅੰਦਰ ਕੁਝ ਨਵੇਂ ਅਹਿਸਾਸ ਭਰ ਗਏ ਹਨ। ਇਹ ਅਮਲ ਲਗਾਤਾਰ ਚਲਦਾ ਹੈ। ਸੋ, ਰਿਆਜ਼ ਤੋਂ ਵੱਧ ਅਨੰਦਮਈ ਇਸ ਜਹਾਨ ਉਤੇ ਹੋਰ ਕੀ ਹੋ ਸਕਦਾ ਹੈ।" 2008 ਵਿਚ ਉਸ ਨੇ ਲਾਹੌਰ ਵਿਚ ਟੈਲੀਵਿਜ਼ਨ ਉਪਰ ਹੀ ਭਾਰਤੀ ਗਾਇਕਾ ਸ਼ੁਭਾ ਮੁਦਗਿਲ ਨਾਲ ਖੂਬ ਰੰਗ ਬੰਨ੍ਹਿਆ। ਸ਼ੁਭਾ ਨੂੰ ਉਹ ਦਿੱਲੀ ਫੇਰੀ ਦੌਰਾਨ ਮਿਲੀ ਸੀ। ਲਾਹੌਰ ਵਾਲੇ ਪ੍ਰੋਗਰਾਮ ਵਿਚ ਦੋਹਾਂ ਨੇ ਸਰੋਤਿਆਂ ਨੂੰ ਰਜਾ ਦਿੱਤਾ ਸੀ।

ਪਾਕਿਸਤਾਨ ਵਿਚ ਅਕਸਰ ਚਰਚਾ ਵਿਚ ਰਹਿੰਦੇ, ਹਿੰਦੀ ਫਿਲਮਾਂ ਦੇ ਸੰਗੀਤ ਬਾਰੇ ਟੀਨਾ ਬਹੁਤ ਸਪਸ਼ਟ ਹੈ। ਉਸ ਦਾ ਕਹਿਣਾ ਹੈ ਕਿ ਹਿੰਦੀ ਫਿਲਮਾਂ ਦਾ ਗਾਇਨ ਮੁੱਖ ਰੂਪ ਵਿਚ ਵਪਾਰ ਨਾਲ ਜੁੜਿਆ ਹੋਇਆ ਹੈ। ਫਿਲਮਾਂ ਵਾਲਿਆਂ ਨੂੰ ਦਰਸ਼ਕਾਂ/ਸਰੋਤਿਆਂ ਦੀ ਨਬਜ਼ ਦਾ ਖੂਬ ਪਤਾ ਹੈ ਅਤੇ ਉਹ ਇਸੇ ਹਿਸਾਬ ਨਾਲ ਗੀਤ-ਸੰਗੀਤ ਤਿਆਰ ਕਰਦੇ/ਕਰਵਾਉਂਦੇ ਹਨ। ਜ਼ਾਹਿਰ ਹੈ ਕਿ ਇਸ ਸੰਗੀਤ ਦਾ ਮੁੱਖ ਮਕਸਦ ਮਨੋਰੰਜਨ ਹੁੰਦਾ ਹੈ। ਫਿਰ ਵੀ ਕਈ ਗੀਤ ਅਜਿਹੇ ਹੁੰਦੇ ਹਨ ਜੋ ਚਿਰਾਂ ਤੱਕ ਯਾਦ ਵੀ ਰਹਿੰਦੇ ਹਨ। ਉਸ ਨੂੰ ਹਿੰਦੀ ਫਿਲਮਾਂ ਦੇ ਸੈਮੀ-ਕਲਾਸੀਕਲ ਗਾਣੇ ਬੜੇ ਪਸੰਦ ਹਨ।

ਸੂਫੀ ਪਰੰਪਰਾ ਨੂੰ ਟੀਨਾ ਬਹੁਤ ਉਚੇ ਥਾਂ ਰੱਖਦੀ ਹੈ। ਉਸ ਮੁਤਾਬਿਕ ਇਹ ਵਰਤਾਰਾ ਸਿਰਫ਼ ਸੰਗੀਤ ਨਾਲ ਹੀ ਨਹੀਂ, ਬਲਕਿ ਜ਼ਿੰਦਗੀ ਦੀ ਖੂਬਸੂਰਤੀ ਨਾਲ ਜੁੜਿਆ ਹੋਇਆ ਹੈ। ਸੂਫੀ ਸੰਤਾਂ ਬਾਰੇ ਗੱਲ ਕਰਦੀ-ਕਰਦੀ ਉਹ ਬਾਬਾ ਬੁੱਲੇ ਸ਼ਾਹ, ਸ਼ਾਹ ਹੁਸੈਨ, ਸ਼ਾਹ ਲਤੀਫ ਭੱਟਈ, ਖਾਨ ਖਟਕ ਦਾ ਨਾਂ ਬੜੇ ਚਾਅ ਨਾਲ ਲੈਂਦੀ ਹੈ। ਉਹ ਆਖਦੀ ਹੈ ਕਿ ਸੂਫੀ ਸੰਗੀਤ ਨੇ ਮਨੁੱਖ ਜਾਤੀ ਨੂੰ ਇਕ ਤਰ੍ਹਾਂ ਨਾਲ ਲੀਹ 'ਤੇ ਪਾਉਣ ਦਾ ਰਾਹ ਖੋਲ੍ਹਿਆ ਹੈ। ਧਰਮ ਨਾਲ ਜੁੜ ਗਈ ਹਿੰਸਾ ਬਾਰੇ ਉਹ ਡਾਢਾ ਫਿਕਰ ਜ਼ਾਹਿਰ ਕਰਦੀ ਹੈ। ਉਸ ਮੁਤਾਬਿਕ ਸੂਫੀ ਸੰਤ ਹਰ ਤਰ੍ਹਾਂ ਦੀ ਹਿੰਸਾ ਦੇ ਖ਼ਿਲਾਫ਼ ਡਟੇ ਸਨ ਅਤੇ ਸੰਗੀਤ ਵੀ ਇਸ ਦੀ ਆਗਿਆ ਨਹੀਂ ਦਿੰਦਾ। ਉਹ ਆਖਦੀ ਹੈ- "ਸੰਗੀਤ ਜ਼ਖਮ ਦਿੰਦਾ ਨਹੀਂ, ਸਗੋਂ ਭਰਦਾ ਹੈ।" ਇਹ ਆਖ ਕੇ ਉਹ ਅੱਖਾਂ ਵਿਚ ਇਉਂ ਤੱਕਦੀ ਹੈ ਜਿਵੇਂ ਸਾਰੀਆਂ ਗੱਲਾਂ ਮੁਕਾ ਦਿੱਤੀਆਂ ਹੋਣ!

***-ਸੂਫੀ ਸਜਾਵਲ (ਕਰਾਚੀ)***



### ਸੁਰਾਂ ਦੀ ਛਹਿਬਰ...

ਟੀਨਾ ਸਾਨੀ ਦੀਆਂ ਅਹਿਮ ਗਜ਼ਲਾਂ: ***ਆਂਖੋਂ ਮੇਂ ਕਿਸੀ ਯਾਦ ਕਾ, ਛੋਟੀ ਸੀ ਗਲਤਫਹਿਮੀ, ਦਸ਼ਤ-ਏ-ਤਨਹਾਈ ਮੇਂ, ਦਿਆਰੇ-ਏ-ਨੂਰ ਮੇਂ, ਕੋਈ ਬਾਤ ਕਰੋ, ਗਰ ਮੁਝੇ ਉਸ ਕਾ ਯਕੀਨ ਹੋਤਾ, ਬਹਾਰ ਆਈ ਤੋ ਜੈਸੇ, ਜਬ ਰੰਗ ਮੇਂ, ਅਨੋਖਾ ਲਾਡਲਾ, ਗਰਮ ਸੂਰਜ ਕੀ ਤਪਸ਼ ਆਈ, ਨਏ ਮੌਸਮ ਖੁਲੀ ਆਖੋਂ ਮੇਂ, ਬੋਲ ਕਿ ਲਬ ਆਜ਼ਾਦ ਹੈ ਤੇਰੇ, ਲਰਜ਼ਿਸ਼ ਲਹੂ ਕੋ ਦਰਦ ਕੀ, ਮੇਰੀ ਪਲਕੋਂ ਕੋ ਮਤ ਦੇਖੋ, ਤੇਰੀ ਨਜ਼ਰ ਹੈ ਮੇਰਾ ਦਿਲ ਹੈ, ਯੇ ਹਸੀਨ ਸ਼ਾਮ ਅਪਨੀ, ਅੱਖਾਂ ਛਮ-ਛਮ ਵੱਸੀਆਂ।***

# ਆਖ ਤਸਵੀਰਾਂ ਬੋਲਦੀਆਂ


ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਜੂਨ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-120



***ਘਰੇ ਗਰੀਬਾਂ ਜਨਮ ਲਿਆ ਹੈ ਦੁੱਖਾਂ ਹਾਰ ਪਰੋਇ।
ਜੰਮਦਿਆਂ ਹੀ ਕੰਮ 'ਤੇ ਲਾਏ ਸਾਡਾ ਦਰਦ ਨਾ ਜਾਣੇ ਕੋਇ!***

## ਕੈਪਸ਼ਨ ਮੁਕਾਬਲਾ-118



ਕੋਠੇ ਉਪਰ ਮੰਜੇ ਡਾਹ ਕੇ,
ਮੱਛਰਦਾਨੀ ਲਾਈ।
ਮੰਮੀ ਸੌਂ ਗਈ ਥੱਕੀ ਹਾਰੀ,
ਮੈਨੂੰ ਨੀਂਦ ਨਾ ਆਈ।
ਪੱਖੇ ਵੱਲ ਨੂੰ ਝਾਕੀ ਜਾਵਾਂ,
ਬਿਜਲੀ ਦੇ'ਗੀ ਚੋਰ ਭਲਾਈ।
'ਚੌਵੀ ਘੰਟੇ ਚਾਨਣ ਹੋਊ',
ਲੀਡਰ ਐਵੇਂ ਕਰਨ ਭਕਾਈ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਕੋਠੇ ਚੜ੍ਹ ਲਾਈ ਮੱਛਰਦਾਨੀ
ਚੜ੍ਹਦੀ ਗਰਮੀ ਰੁੱਤੇ।
ਪਾਪਾ, ਮੰਮੀ ਅਤੇ ਪੱਪੂ ਹੋਰੀਂ
ਬਚ ਮੱਛਰਾਂ ਤੋਂ ਸੁੱਤੇ।
ਸਾਝਰੇ ਜਾਗ ਪਿਆ ਬੀਬਾ ਰਾਣਾ
ਪਰ ਮੰਮੀ-ਡੈਡੀ ਹਾਲੇ ਸੁੱਤੇ।
ਕਿੰਜ ਜਗਾਵਾਂ, ਡਰ ਝਿੜਕਾਂ ਦਾ
ਹੁਣ ਇਸ ਨੂੰ ਕੁਝ ਨਾ ਸੁੱਝੇ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਸਾਰੀਆਂ ਸਰਕਾਰਾਂ ਦੇ ਇਕੋ ਵਾਅਦੇ
ਅਤੇ ਇਕੋ ਹੀ ਨਾਅਰੇ।
24 ਘੰਟੇ ਆਵੇਗੀ ਬਿਜਲੀ,
ਪਿੰਡ-ਸ਼ਹਿਰ ਚਮਕਣਗੇ ਸਾਰੇ।
ਭੋਲੇ ਲੋਕਾਂ ਨੂੰ ਖਬਰ ਨਾ ਹੋਈ,
ਇਹ ਤਾਂ ਸਦਾ ਲਾਉਂਦੇ ਨੇ ਲਾਰੇ।
ਬੰਦ ਪਏ ਪੱਖੇ ਵੱਲ ਵੇਖ ਕੇ ਇਹ ਛੋਟਾ ਸਿੰਘ,
ਸੋਚਦਾ ਹੋਣਾ ਵਿਚਾਰਾ।
ਫਿਰ ਕਿਉਂ ਸਾਰੇ ਇਹ ਕਹਿੰਦੇ ਨੇ,
ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ।
ਲਾ ਕੇ ਮੱਛਰਦਾਨੀ ਸੌਂ ਜਾ ਪੁੱਤਰਾ,
ਕਰ ਲੈ ਇਵੇਂ ਹੀ ਗੁਜ਼ਾਰਾ।

***-ਗੋਰਾ ਪ੍ਰਜਾਪਤ***
***ਫੋਨ: 718-690-8403***

## ਕੈਪਸ਼ਨ ਮੁਕਾਬਲਾ-117

ਲੰਮੀਆਂ ਵਾਟਾਂ, ਸਿਖਰ ਦੁਪਹਿਰ,
ਵਗਦੀ ਲੂ ਵਰਤਾਇਆ ਕਹਿਰ।
ਰਲ ਬੱਚਿਆਂ ਜੁਗਾੜ ਬਣਾਇਆ,
ਹੁਣ ਨ੍ਹੀਂ ਗਰਮੀ ਸਕਦੀ ਠਹਿਰ।

***-ਗੁਰਦੇਵ ਸਿੰਘ ਵਿਰਦੀ***
***ਓਂਟਾਰੀਓ, ਕੈਨੇਡਾ।***

## ਲਾਪਤਾ ਜਹਾਜ਼ਾਂ ਦਾ ਮਲਬਾ ਤੇ ਪਾਇਲਟਾਂ ਦੇ ਪਿੰਜਰ ਮਿਲੇ

**ਵੈਨਕੂਵਰ:** ਦੂਜੀ ਵਿਸ਼ਵ ਜੰਗ ਦੌਰਾਨ ਗਾਇਬ ਹੋਏ ਕੈਨੇਡਾ ਦੇ ਦੋ ਲੜਾਕੂ ਜਹਾਜ਼ਾਂ ਦਾ ਮਲਬਾ ਤੇ ਚਾਰ ਪਾਇਲਟਾਂ ਦੇ ਕੰਕਾਲ ਮਿਲ ਗਏ ਹਨ। ਇਹ ਸਾਰਾ ਕੁਝ ਕੈਨੇਡਾ ਦੇ ਤੱਟੀ ਖੇਤਰ ਰੈਨਫਰਿਊ ਤੱਟ ਵਿਚੋਂ ਕਿਸੇ ਹੋਰ ਖੋਜ ਦੌਰਾਨ ਮਿਲਿਆ ਹੈ।

ਇਸ ਬਾਰੇ ਕੋਰੋਨਰ ਸਰਵਿਸ ਦੇ ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਜਹਾਜ਼ਾਂ ਨੇ 30 ਅਕਤੂਬਰ 1942 ਨੂੰ ਵੈਨਕੂਵਰ ਟਾਪੂ ਦੇ ਏਅਰ ਬੇਸ ਤੋਂ ਉਡਾਨ ਭਰੀ ਸੀ ਤੇ ਕੁਝ ਦੇਰ ਬਾਰ ਹੀ ਲਾਪਤਾ ਹੋ ਗਏ ਸਨ। ਇਨ੍ਹਾਂ ਦੀ ਕਾਫੀ ਭਾਲ ਕੀਤੀ ਗਈ, ਪਰ ਐਨੇ ਸਾਲਾਂ ਵਿਚ ਇਨ੍ਹਾਂ ਦਾ ਕੋਈ ਥਹੁ ਪਤਾ ਨਾ ਲੱਗਾ। ਇਨ੍ਹਾਂ ਜਹਾਜ਼ਾਂ ਵਿਚ ਦੋ-ਦੋ ਪਾਇਲਟ ਸਨ, ਜਿਨ੍ਹਾਂ ਵਿਚੋਂ ਇਕ ਸੀਨੀਅਰ ਅਫ਼ਸਰ ਰਾਇਲ ਕੈਨੇਡੀਅਨ ਏਅਰ ਫੋਰਸ ਦਾ ਤੇ ਤਿੰਨ ਪਾਇਲਟ ਬਰਤਾਨਵੀ ਹਵਾਈ ਫੌਜ ਨਾਲ ਸਬੰਧਤ ਸਨ।

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਮਨਾਉਂਦੇ ਹੋਏ 1984 ਦੇ ਸਿੱਖ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ




# ਮਹਾਨ ਨਗਰ ਕੀਰਤਨ

## ਸਥਾਨ: ਸੈਨ ਫਰਾਂਸਿਸਕੋ ਡਾਊਨ ਟਾਊਨ

## 8 ਜੂਨ 2014, ਐਤਵਾਰ ਸਵੇਰੇ 11 ਤੋਂ 4 ਵਜੇ ਤੱਕ

*ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ*



"ਇਤਿਹਾਸ ਵਰਤਮਾਨ ਤੇ ਅਤੀਤ ਵਿਚਕਾਰ ਇਕ ਨਿਰੰਤਰ ਵਾਰਤਾਲਾਪ ਹੈ- ਅਤੀਤ ਨੂੰ ਅਸੀਂ ਵਰਤਮਾਨ ਦੀ ਰੋਸ਼ਨੀ 'ਚ ਹੀ ਸਮਝ ਸਕਦੇ ਹਾਂ ਅਤੇ ਵਰਤਮਾਨ ਨੂੰ ਵੱਧ ਬੀਤੇ ਦੀ ਰੋਸ਼ਨੀ 'ਚ ਹੀ ਸਮਝਿਆ ਜਾ ਸਕਦਾ ਹੈ। ਮਨੁੱਖ ਨੂੰ ਬੀਤੇ ਸਮਾਜ ਨੂੰ ਸਮਝਣ ਦੇ ਸਮਰੱਥ ਬਣਾਉਣਾ ਅਤੇ ਉਸ ਦੀ ਮੌਜੂਦਾ ਸਮਾਜ ਉਤੇ ਮੁਹਾਰਤ ਵਿਚ ਵਾਧਾ ਕਰਨਾ, ਇਤਿਹਾਸ ਦਾ ਦੋਹਰਾ ਕਾਰਜ ਹੈ।

ਇਤਿਹਾਸ ਤੋਂ ਸਿੱਖਣ ਦਾ ਕਰਮ ਇਕ-ਪਾਸੜ ਅਮਲ ਨਹੀਂ ਹੈ। ਅਤੀਤ ਦੀ ਰੋਸ਼ਨੀ ਵਿਚ ਵਰਤਮਾਨ ਨੂੰ ਸਮਝਣ ਦਾ ਅਰਥ, ਵਰਤਮਾਨ ਦੀ ਰੋਸ਼ਨੀ ਵਿਚ ਬੀਤੇ ਨੂੰ ਸਮਝਣਾ ਵੀ ਹੈ। ਇਤਿਹਾਸ ਦਾ ਕਾਰਜ ਅਤੀਤ ਤੇ ਵਰਤਮਾਨ ਦੇ ਅੰਤਰ-ਸੰਬਧਾਂ ਦੇ ਜ਼ਰੀਏ, ਦੋਨਾਂ ਬਾਰੇ ਹੀ ਗੂੜ੍ਹ ਸਮਝ ਹਾਸਲ ਕਰਨਾ ਹੈ।"

-ਈ.ਐਚ. ਕਾਰ

ਸਤਿਕਾਰਯੋਗ ਸਾਧ ਸੰਗਤ ਜੀਉ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਜਿਹੜੀਆਂ ਕੌਮਾਂ ਆਪਣੇ ਇਤਿਹਾਸਕ ਵਿਰਸੇ ਦੇ ਸ਼ਹੀਦਾਂ ਤੇ ਸ਼ਹੀਦੀ ਸਾਕਿਆਂ ਨੂੰ ਭੁੱਲ ਜਾਂਦੀਆਂ ਨੇ, ਉਹ ਇਤਿਹਾਸ ਦੇ ਪੰਨਿਆਂ ਤੋਂ ਸਦਾ ਵਾਸਤੇ ਖਤਮ ਹੋ ਜਾਂਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਲੱਖਾਂ ਸਿੱਖਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸੈਨ ਫਰਾਂਸਿਸਕੋ ਡਾਊਨ ਟਾਊਨ ਵਿਚ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋ ਕੇ ਸਿਵਿਕ ਸੈਂਟਰ ਦੇ ਸ਼ਾਨਦਾਰ ਮੈਦਾਨ ਤੱਕ ਇਕ ਮਹਾਨ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ ਆਪ ਸਭ ਨੂੰ ਸ਼ਾਮਲ ਹੋਣ ਲਈ ਹਾਰਦਿਕ ਬੇਨਤੀ ਕੀਤੀ ਜਾਂਦੀ ਹੈ।



*ਸੰਤ ਜਰਨੈਲ ਸਿੰਘ ਭਿੰਡਰਾਂਵਾਲੇ*

*ਸੰਗਤਾਂ ਕੇਸਰੀ ਦਸਤਾਰਾਂ-ਦੁੱਪਟੇ-ਪਟਕੇ ਸਜਾ ਕੇ ਆਉਣ ਜੀ।

*ਸਿਵਿਕ ਸੈਂਟਰ ਵਿਚ ਸਜ ਰਹੇ ਦੀਵਾਨ ਅਤੇ ਨਗਰ ਕੀਰਤਨ ਦੌਰਾਨ ਕੀਰਤਨੀ ਜਥੇ ਗੁਰ ਸ਼ਬਦ ਅਤੇ ਢਾਡੀ ਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਢਾਡੀ ਤੇ ਵੀਰ-ਰਸੀ ਵਾਰਾਂ ਰਾਹੀਂ ਨਿਹਾਲ ਕਰਨਗੇ।

*ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ।

*ਇਹ ਨਗਰ ਕੀਰਤਨ ਵੱਡੇ ਬੱਚਿਆਂ ਤੇ ਨੌਜਵਾਨਾਂ ਲਈ ਸਿੱਖ ਇਤਿਹਾਸ ਦੀ ਵਡਮੁੱਲੀ ਜਾਣਕਾਰੀ ਨਾਲ ਭਰਪੂਰ ਹੋਵੇਗਾ।

*ਗਤਕੇ ਦੇ ਸ਼ਾਨਦਾਰ ਜੌਹਰ ਵਿਖਾਏ ਜਾਣਗੇ। *ਲੰਗਰ ਅਤੁੱਟ ਵਰਤਣਗੇ।

*ਨਗਰ ਕੀਰਤਨ ਦੇ ਸ਼ੁਰੂ ਹੋਣ ਵਾਲੀ ਥਾਂ ਪਹੁੰਚਣ ਲਈ ਕਿਤੋਂ ਵੀ ਬਾਰਟ ਰਾਹੀਂ ਮੋਂਟਗੁਮਰੀ ਸਟੇਸ਼ਨ 'ਤੇ ਉਤਰਨਾ ਹੈ ਤੇ ਵਾਪਸੀ ਲਈ ਸਿਵਿਕ ਸੈਂਟਰ ਤੋਂ ਬਾਰਟ ਦਾ ਪ੍ਰਬੰਧ ਹੈ। ਸਭ ਗੁਰਦੁਆਰਿਆਂ ਤੋਂ ਬੱਸਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ, ਜਿਸ ਲਈ ਆਪਣੇ ਸ਼ਹਿਰ ਦੇ ਗੁਰਦੁਆਰਿਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਕੈਲੀਫੋਰਨੀਆ ਵੱਸਦੇ ਸਮੂਹ ਖਾਲਸਾ ਪੰਥ ਨੂੰ ਬੇਨਤੀ ਹੈ ਕਿ ਇਸ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਹਾਸਲ ਕਰਨ।**

**ਬੇਨਤੀ ਕਰਤਾ: ਭਾਈ ਦਲਜੀਤ ਸਿੰਘ ਖੈਰਾ, ਭਾਈ ਈਸ਼ਰ ਸਿੰਘ**

**ਫੋਨ: 209-456-6045, 209-992-8109**

# ਧਰਿਆ-ਧਰਾਇਆ ਰਹਿ ਗਿਆ ਸਰਕਾਰ ਦਾ ਕਰ ਵਸੂਲੀ ਬਾਰੇ ਟੀਚਾ

**ਚੰਡੀਗੜ੍ਹ:** ਪੰਜਾਬ ਸਰਕਾਰ ਦਾ ਕਰ ਵਸੂਲੀ ਬਾਰੇ ਮਿਥਿਆ ਟੀਚਾ ਆਸ ਤੋਂ ਕਿਤੇ ਪਰੇ ਰਿਹਾ ਹੈ। ਵਿੱਤੀ ਸੰਕਟ ਵਿਚੋਂ ਲੰਘ ਰਹੀ ਸੂਬਾ ਸਰਕਾਰ ਨੂੰ ਖੇਤੀਬਾੜੀ, ਪੈਟਰੋਲੀਅਮ ਪਦਾਰਥਾਂ ਤੇ ਵਾਹਨਾਂ ਦੀ ਵਿਕਰੀ ਤੋਂ ਕਰਾਂ ਦੀ ਵਸੂਲੀ ਦੇ ਘਾਟੇ ਨੇ ਵੱਡਾ ਝਟਕਾ ਦਿੱਤਾ ਹੈ। ਕਰ ਤੇ ਆਬਕਾਰੀ ਵਿਭਾਗ ਤੋਂ ਮਿਲੀ ਜਾਣਕਾਰੀ ਮੁਤਾਬਕ ਪੈਟਰੋਲ ਤੇ ਡੀਜ਼ਲ ਦੀ ਵਿਕਰੀ ਤੋਂ ਪਿਛਲੇ ਸਾਲ 11.8 ਫੀਸਦੀ ਦੇ ਵਾਧੇ ਨਾਲ ਕਰਾਂ ਦੀ ਵਸੂਲੀ ਹੋਈ ਜਦੋਂ ਕਿ ਪਹਿਲੇ ਸਾਲਾਂ ਦਾ ਰਿਕਾਰਡ 35 ਤੋਂ 40 ਫੀਸਦੀ ਤੱਕ ਦੇ ਵਾਧੇ ਦਾ ਰਿਹਾ ਹੈ।

ਇਸੇ ਤਰ੍ਹਾਂ ਕਣਕ ਤੇ ਝੋਨੇ ਤੋਂ ਆਮ ਤੌਰ 'ਤੇ 30 ਤੋਂ 40 ਫੀਸਦੀ ਦੇ ਵਾਧੇ ਨਾਲ ਹਰ ਸਾਲ ਮਾਲੀਆ ਆਉਂਦਾ ਸੀ ਪਰ ਲੰਘੇ ਮਾਲੀ ਸਾਲ ਦੌਰਾਨ ਇਸ ਖੇਤਰ ਵਿਚੋਂ ਮਾਲੀਆ ਸਾਲ 2012-13 ਦੇ ਮੁਕਾਬਲੇ 0.2 ਫੀਸਦੀ ਘੱਟ ਆਇਆ। ਵਾਹਨਾਂ ਦੀ ਵਿਕਰੀ ਤੋਂ 2.4 ਫੀਸਦੀ ਘਟੀ। ਸਰਕਾਰ ਨੂੰ ਲੰਘੇ ਸਾਲ (2013-2014) ਦੌਰਾਨ ਕਰਾਂ ਦੀ ਕੁੱਲ ਵਸੂਲੀ 16341.16 ਕਰੋੜ ਰੁਪਏ ਹੋਈ ਹੈ ਜੋ ਕਿ ਸਾਲ 2012-13 ਦੌਰਾਨ 14554.39 ਕਰੋੜ ਰੁਪਏ



ਸੀ। ਇਹ ਵਾਧਾ 12.3 ਫੀਸਦੀ ਬਣਦਾ ਹੈ। ਸਰਕਾਰ ਵੱਲੋਂ 17 ਫੀਸਦੀ ਤੋਂ ਉੱਪਰ ਵਾਧੇ ਦਾ ਟੀਚਾ ਮਿਥਿਆ ਗਿਆ ਸੀ। ਚਲੰਤ ਮਾਲੀ ਸਾਲ ਦੌਰਾਨ ਮਾਲੀ ਫਰੰਟ 'ਤੇ ਸਰਕਾਰ ਲਈ ਹੋਰ ਚੁਣੌਤੀਆਂ ਵਧ ਸਕਦੀਆਂ ਹਨ। ਕਰ ਤੇ ਆਬਕਾਰੀ ਵਿਭਾਗ ਮੁਤਾਬਕ ਜਿਣਸਾਂ ਦੀ ਖਰੀਦ ਤੋਂ ਸਾਲ 2012-13 ਦੌਰਾਨ 1762.11 ਕਰੋੜ ਰੁਪਏ ਦਾ ਟੈਕਸ ਆਇਆ ਸੀ ਜੋ ਲੰਘੇ ਮਾਲੀ ਸਾਲ 2013-14 ਦੌਰਾਨ ਘਟ ਕੇ 1758.72 ਕਰੋੜ ਰੁਪਏ ਰਹਿ ਗਿਆ। ਇਸੇ ਤਰ੍ਹਾਂ ਵਾਹਨਾਂ ਦੀ ਵਿਕਰੀ ਤੋਂ ਸਾਲ 2012-13 ਦੌਰਾਨ 1573.45 ਕਰੋੜ ਰੁਪਏ ਦੀ ਵਸੂਲੀ ਹੋਈ ਸੀ ਜੋ ਪਿਛਲੇ ਮਾਲੀ ਸਾਲ ਦੌਰਾਨ 1535.91 ਕਰੋੜ ਰੁਪਏ ਰਹਿ ਗਈ। ਡੀਜ਼ਲ ਦੀ ਕੀਮਤ ਹਰ ਮਹੀਨੇ ਵਧ ਰਹੀ ਹੈ ਤੇ ਪੈਟਰੋਲ ਦੀ ਕੀਮਤ ਵਿਚ ਵੀ ਸਾਲ 2012-13 ਦੇ ਮੁਕਾਬਲੇ ਵਾਧਾ ਹੋਇਆ ਹੈ। ਪੈਟਰੋਲ ਤੇ ਡੀਜ਼ਲ ਦੀ ਵਿਕਰੀ ਤੋਂ ਵਾਧਾ ਆਮ ਤੌਰ 'ਤੇ 35 ਫੀਸਦੀ ਤੋਂ ਵਧੇਰੇ ਹੀ ਹੁੰਦਾ ਹੈ। ਇਸ ਤਰ੍ਹਾਂ ਨਾਲ ਇਨ੍ਹਾਂ ਤਿੰਨਾਂ ਖੇਤਰਾਂ ਵਿਚ ਵਾਧਾ ਪੰਜ ਫੀਸਦੀ ਹੈ ਜੋ ਖ਼ਤਰੇ ਦੀ ਘੰਟੀ ਹੈ।

## ਚਲੰਤ ਮਾਲੀ ਸਾਲ ਤੋਂ ਵੀ ਘੱਟ ਹੀ ਆਸ

ਕਰ ਤੇ ਆਬਕਾਰੀ ਵਿਭਾਗ ਨੂੰ ਚਲੰਤ ਮਾਲੀ ਸਾਲ ਦੌਰਾਨ ਕਰਾਂ ਦੀ ਵਸੂਲੀ ਦੇ ਮਾਮਲੇ ਵਿਚ ਜ਼ਿਆਦਾ ਸੁਧਾਰ ਆਉਣ ਦੀ ਉਮੀਦ ਨਹੀਂ ਹੈ। ਇਸ ਲਈ ਸਰਕਾਰ ਲਈ ਚਲੰਤ ਮਾਲੀ ਸਾਲ ਸੰਕਟ ਭਰਪੂਰ ਮੰਨਿਆ ਜਾ ਰਿਹਾ ਹੈ। ਸਰਕਾਰ ਵੱਲੋਂ ਪਿਛਲੇ ਦੋ ਸਾਲਾਂ ਤੋਂ ਮੁਲਾਜ਼ਮਾਂ ਦੇ ਸੇਵਾ ਮੁਕਤੀ ਕਾਲ ਵਿਚ ਦੋ ਸਾਲ ਦਾ ਵਾਧਾ ਕਰਕੇ ਸੇਵਾ ਮੁਕਤੀ ਭੱਤਿਆਂ ਦੀ ਅਦਾਇਗੀ ਮੁਲਤਵੀ ਕਰਕੇ ਸੰਕਟ ਟਾਲਿਆ ਜਾ ਰਿਹਾ ਹੈ।

ਇਸ ਸਾਲ 31 ਅਕਤੂਬਰ ਤੋਂ ਜਿਹੜੇ ਮੁਲਾਜ਼ਮਾਂ ਦੀ ਉਮਰ 60 ਸਾਲ ਹੋ ਜਾਵੇਗੀ ਉਨ੍ਹਾਂ ਨੂੰ ਸੇਵਾ ਮੁਕਤ ਕਰਕੇ ਸੇਵਾ ਮੁਕਤੀ ਲਾਭ ਦੇਣੇ ਹਨ। ਸੂਬਾ ਸਰਕਾਰ ਇਸ ਤਰ੍ਹਾਂ ਦੇ ਤਰੀਕੇ ਨਾਲ ਸਾਲਾਨਾ ਇਕ ਹਜ਼ਾਰ ਕਰੋੜ ਰੁਪਏ ਦਾ ਮਾਲੀ ਸੰਕਟ ਮੁਲਤਵੀ ਕਰਦੀ ਆ ਰਹੀ ਸੀ। ਇਸ ਸਾਲ 500 ਕਰੋੜ ਰੁਪਏ ਦੀਆਂ ਇਹ ਦੇਣਦਾਰੀਆਂ ਵਧ ਜਾਣੀਆਂ ਹਨ। ਸਰਕਾਰ ਦੇ ਮਾਲੀ ਖ਼ਰਚਿਆਂ ਵਿਚ ਵੀ 10 ਤੋਂ 12 ਫੀਸਦੀ ਦਾ ਵਾਧਾ ਹੋ ਰਿਹਾ ਹੈ। ਪੰਜਾਬ ਸਰਕਾਰ ਨੇ ਕਰ ਤੇ ਆਬਕਾਰੀ ਵਿਭਾਗ ਨੂੰ 17 ਫੀਸਦੀ ਤੱਕ ਵੈਟ ਦੇ ਵਾਧੇ ਦਾ ਟੀਚਾ ਦਿੱਤਾ ਸੀ ਪਰ ਵਿਭਾਗ ਪਿਛਲੇ ਸਾਲ ਦੇ ਪਹਿਲੀ ਤਿਮਾਹੀ ਦੇ ਬਰਾਬਰ ਵੀ ਨਹੀਂ ਪਹੁੰਚ ਸਕਿਆ ਹੈ। ਪਿਛਲੇ ਮਾਲੀ ਸਾਲ ਦੌਰਾਨ ਇਨ੍ਹਾਂ ਮਹੀਨਿਆਂ ਦੌਰਾਨ ਵੈਟ ਵਿਚ 12 ਫੀਸਦੀ ਵਾਧਾ ਹੋਇਆ ਸੀ ਪਰ ਇਸ ਸਾਲ 11 ਫੀਸਦੀ ਦਾ ਵਾਧਾ ਹੀ ਹੋਇਆ ਹੈ।

# ਦਾਗੀ ਪੁਲਿਸ ਅਫਸਰਾਂ 'ਤੇ ਮਿਹਰਬਾਨ ਹੋਈ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਦੇ ਦਾਗ਼ੀ ਪੁਲਿਸ ਅਫਸਰਾਂ 'ਤੇ ਪੂਰੀ ਤਰ੍ਹਾਂ ਮਿਹਰਬਾਨ ਹੈ। ਸਰਕਾਰ ਦੀ ਇਸ ਮਿਹਰਬਾਨੀ ਸਦਕਾ ਹੀ ਵਿਭਾਗੀ ਕਾਰਵਾਈ ਦਾ ਸਾਹਮਣਾ ਕਰ ਰਹੇ ਪੁਲਿਸ ਅਫਸਰ ਤਰੱਕੀਆਂ ਪਾਉਣ ਵਿਚ ਸਫਲ ਹੋਏ ਹਨ। ਪੰਜਾਬ ਸਰਕਾਰ ਨੇ 24 ਜੁਲਾਈ 2013 ਨੂੰ 39 ਡੀ.ਐਸ.ਪੀਜ਼ ਨੂੰ ਆਰਜ਼ੀ ਤਰੱਕੀ ਦੇ ਕੇ ਐਸ.ਪੀ ਬਣਾਇਆ ਸੀ। ਇਸੇ ਤਰ੍ਹਾਂ 119 ਇੰਸਪੈਕਟਰਾਂ ਨੂੰ ਆਰਜ਼ੀ ਡੀ.ਐਸ.ਪੀ ਬਣਾਇਆ ਸੀ। ਉਸ ਵੇਲੇ ਤਰੱਕੀ ਦਾ ਆਧਾਰ ਵਧੀਆ ਸੇਵਾਵਾਂ ਨੂੰ ਰੱਖਿਆ ਗਿਆ ਸੀ ਪਰ ਤਰੱਕੀਆਂ ਪਾਉਣ ਵਾਲੇ ਜ਼ਿਆਦਾਤਰ ਪੁਲਿਸ ਅਫਸਰ ਵਿਭਾਗੀ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ। ਕਈ ਜ਼ਿਲ੍ਹਿਆਂ ਦੇ ਐਸ.ਐਸ.ਪੀਜ਼ ਵੱਲੋਂ ਆਰ.ਟੀ.ਆਈ ਤਹਿਤ ਜੋ ਸੂਚਨਾ ਦਿੱਤੀ ਗਈ ਹੈ ਉਸ ਤੋਂ ਕਈ ਭੇਤ ਖੁੱਲ੍ਹੇ ਹਨ।

ਜ਼ਿਲ੍ਹਾ ਮੋਗਾ ਵਿਚ 16 ਹੌਲਦਾਰਾਂ ਨੂੰ ਸਹਾਇਕ ਥਾਣੇਦਾਰ, 11 ਏ.ਐਸ.ਆਈ ਨੂੰ ਸਬ ਇੰਸਪੈਕਟਰ, ਇਕ ਡੀ.ਐਸ.ਪੀ ਨੂੰ ਐਸ.ਪੀ, ਇਕ ਇੰਸਪੈਕਟਰ ਨੂੰ ਡੀ.ਐਸ.ਪੀ ਤੇ ਚਾਰ ਸਬ ਇੰਸਪੈਕਟਰਾਂ ਨੂੰ ਇੰਸਪੈਕਟਰ ਬਣਾਇਆ ਗਿਆ ਸੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਜਲੰਧਰ ਵਿਚ ਆਪ ਇਨ੍ਹਾਂ ਮੁਲਾਜ਼ਮਾਂ ਤੇ ਅਫ਼ਸਰਾਂ ਦੇ ਸਟਾਰ ਲਗਾਏ ਸਨ। ਐਸ.ਐਸ.ਪੀ ਮੋਗਾ ਦੀ ਸਰਕਾਰੀ ਸੂਚਨਾ ਮੁਤਾਬਕ ਮੋਗਾ ਜ਼ਿਲ੍ਹੇ ਵਿਚ 11 ਉਨ੍ਹਾਂ ਥਾਣੇਦਾਰਾਂ ਨੂੰ ਤਰੱਕੀ ਮਿਲੀ ਹੈ ਜਿਨ੍ਹਾਂ ਨੂੰ ਮਹਿਕਮੇ ਨੇ ਸਜ਼ਾ ਦਿੱਤੀ ਹੋਈ ਸੀ।

ਮੋਗਾ ਦੇ ਐਸ.ਆਈ ਸ਼ਿਵ ਚੰਦ ਨੂੰ ਤਰੱਕੀ ਦੇ ਕੇ ਇੰਸਪੈਕਟਰ ਬਣਾਇਆ ਗਿਆ ਹੈ। ਉਸ ਵਿਰੁੱਧ ਤਿੰਨ ਵਰ੍ਹਿਆਂ ਵਿਚ 17 ਵਿਭਾਗੀ ਪੜਤਾਲਾਂ ਸ਼ੁਰੂ ਹੋਈਆਂ ਸਨ। ਸਾਲ 2009 ਵਿਚ ਉਸ ਖ਼ਿਲਾਫ਼ 10 ਵਿਭਾਗੀ ਪੜਤਾਲਾਂ ਸ਼ੁਰੂ ਹੋਈਆਂ। ਚਾਰ ਪੜਤਾਲਾਂ ਵਿਚ ਤਾਂ ਮਹਿਕਮੇ ਨੇ ਉਸ ਨੂੰ ਸਜ਼ਾ (ਨਿਖੇਧੀ) ਵੀ ਦਿੱਤੀ ਸੀ। ਇਵੇਂ ਹੀ ਏ.ਐਸ.ਆਈ ਹਰਪਾਲ ਸਿੰਘ ਖ਼ਿਲਾਫ਼ ਨੌਂ ਵਿਭਾਗੀ ਪੜਤਾਲਾਂ ਹੋਈਆਂ ਸਨ। ਇੰਸਪੈਕਟਰ ਗੋਪਾਲ ਚੰਦ ਖ਼ਿਲਾਫ਼ ਛੇ ਵਿਭਾਗੀ ਪੜਤਾਲਾਂ ਹੋਈਆਂ ਜਿਨ੍ਹਾਂ ਨੂੰ ਮਗਰੋਂ ਦਫ਼ਤਰ ਦਾਖ਼ਲ ਕੀਤਾ ਗਿਆ। ਏ.ਐਸ.ਆਈ ਕਸ਼ਮੀਰ ਸਿੰਘ ਦੀਆਂ ਦੋ ਵਿਭਾਗੀ ਪੜਤਾਲਾਂ ਹੋਈਆਂ ਜਿਸ ਵਿਚ ਮਹਿਕਮੇ ਨੇ ਉਸ ਦੀ ਦੀ ਪੰਜ ਸਾਲ ਦੀ ਨੌਕਰੀ ਪੱਕੇ ਤੌਰ 'ਤੇ ਇੰਕਰੀਮੈਂਟਾਂ ਲਈ ਜ਼ਬਤ ਕੀਤੀ।

ਜ਼ਿਲ੍ਹਾ ਮੁਕਤਸਰ ਦੇ 72 ਥਾਣੇਦਾਰਾਂ ਤੇ ਮੁਲਾਜ਼ਮਾਂ ਨੂੰ ਆਰਜ਼ੀ ਤਰੱਕੀ ਦਿੱਤੀ ਗਈ ਸੀ ਤੇ ਇਨ੍ਹਾਂ ਵਿਚੋਂ 19 ਥਾਣੇਦਾਰਾਂ ਤੇ ਮੁਲਾਜ਼ਮਾਂ ਖ਼ਿਲਾਫ਼ ਵਿਭਾਗੀ ਪੜਤਾਲਾਂ ਚੱਲ ਰਹੀਆਂ ਹਨ। ਨਵਾਂ ਸ਼ਹਿਰ ਦੀ ਸਰਕਾਰੀ ਸੂਚਨਾ ਮੁਤਾਬਕ ਇਸ ਜ਼ਿਲ੍ਹੇ ਦੇ 22 ਥਾਣੇਦਾਰਾਂ ਤੇ ਮੁਲਾਜ਼ਮਾਂ ਨੂੰ ਆਰਜ਼ੀ ਤਰੱਕੀ ਦਿੱਤੀ ਗਈ ਜਿਨ੍ਹਾਂ ਵਿਚੋਂ ਸਿਰਫ਼ ਇਕ ਮੁਲਾਜ਼ਮ ਅਜਿਹਾ ਹੈ ਜਿਸ ਖ਼ਿਲਾਫ਼ ਕਦੇ ਕੋਈ ਵਿਭਾਗੀ ਕਾਰਵਾਈ ਨਹੀਂ ਹੋਈ ਹੈ। ਇਸ ਜ਼ਿਲ੍ਹੇ ਵਿਚ ਅਸ਼ੋਕ ਕੁਮਾਰ ਨੂੰ ਏ.ਐਸ.ਆਈ ਬਣਾਇਆ ਗਿਆ ਹੈ ਜਿਸ ਦੀਆਂ ਚਾਰ ਵਿਭਾਗੀ ਪੜਤਾਲਾਂ ਹੋਈਆਂ ਤੇ ਛੇ ਦਫ਼ਾ ਮਹਿਕਮੇ ਨੇ ਵਿਭਾਗੀ ਸਜ਼ਾ ਦਿੱਤੀ ਸੀ। ਪ੍ਰਸ਼ੋਤਮ ਲਾਲ ਨੂੰ ਇੰਸਪੈਕਟਰ ਬਣਾਇਆ ਗਿਆ ਜਿਸ ਖ਼ਿਲਾਫ਼ ਪੰਜ ਵਿਭਾਗੀ ਪੜਤਾਲਾਂ ਹੋਈਆਂ ਤੇ ਚਾਰ ਦਫ਼ਾ ਮਹਿਕਮੇ ਨੇ ਸਜ਼ਾ ਦਿੱਤੀ ਸੀ। ਇੰਸਪੈਕਟਰ ਦਿਲਬਾਗ ਸਿੰਘ ਨੂੰ ਵਿਭਾਗ ਨੇ ਤਿੰਨ ਦਫ਼ਾ ਸਜ਼ਾ ਦਿੱਤੀ ਸੀ। 11 ਅਜਿਹੇ ਥਾਣੇਦਾਰ ਹਨ ਜਿਨ੍ਹਾਂ ਨੂੰ ਮਹਿਕਮੇ ਨੇ ਸਜ਼ਾ ਦਿੱਤੀ ਸੀ ਤੇ ਉਨ੍ਹਾਂ ਨੂੰ ਸਰਕਾਰ ਨੇ ਤਰੱਕੀ ਦਿੱਤੀ ਹੈ।

ਇਸੇ ਤਰ੍ਹਾਂ ਬਰਨਾਲਾ ਜ਼ਿਲ੍ਹੇ ਦੇ ਇਕ ਸਹਾਇਕ ਥਾਣੇਦਾਰ ਬਲਵੰਤ ਸਿੰਘ ਨੂੰ ਵਿਭਾਗ ਨੇ ਇਕ ਮਾਮਲੇ ਵਿਚ ਸਜ਼ਾ ਦਿੱਤੀ ਸੀ ਪਰ ਉਸ ਨੂੰ ਤਰੱਕੀ ਮਿਲੀ ਹੈ। ਜ਼ਿਲ੍ਹਾ ਹੁਸ਼ਿਆਰਪੁਰ ਵਿਚ 20 ਅਜਿਹੇ ਥਾਣੇਦਾਰ ਤੇ ਮੁਲਾਜ਼ਮ ਹਨ ਜਿਨ੍ਹਾਂ ਦੀਆਂ ਵਿਭਾਗੀ ਪੜਤਾਲਾਂ ਹੋਈਆਂ ਤੇ ਉਨ੍ਹਾਂ ਨੂੰ ਸਰਕਾਰ ਨੇ ਤਰੱਕੀ ਦਿੱਤੀ ਹੈ। ਇਸ ਜ਼ਿਲ੍ਹੇ ਦੇ ਇੰਸਪੈਕਟਰ ਸੁਖਵਿੰਦਰ ਸਿੰਘ ਨੂੰ ਵਿਭਾਗ ਨੇ ਲਗਾਤਾਰ ਤਿੰਨ ਵਰ੍ਹੇ ਵਿਭਾਗੀ ਸਜ਼ਾ ਦਿੱਤੀ ਪਰ ਉਸ ਦੀ ਤਰੱਕੀ ਵੀ ਕੀਤੀ ਗਈ ਹੈ। ਦੋ ਇੰਸਪੈਕਟਰਾਂ ਨੂੰ ਵੀ ਵਿਭਾਗੀ ਸਜ਼ਾ ਮਿਲੀ ਸੀ ਤੇ ਉਹ ਵੀ ਤਰੱਕੀ ਲੈ ਗਏ ਹਨ। ਦੋ ਐਸ.ਆਈਜ਼ ਨੂੰ ਦੋ-ਦੋ ਦਫ਼ਾ ਵਿਭਾਗੀ ਸਜ਼ਾ ਮਿਲੀ ਸੀ ਪਰ ਉਸ ਨੂੰ ਵੀ ਨਜ਼ਰ-ਅੰਦਾਜ਼ ਕੀਤਾ ਗਿਆ ਹੈ।

ਬਠਿੰਡਾ ਜ਼ਿਲ੍ਹੇ ਵਿਚ ਇਕ ਅਜਿਹੇ ਇੰਸਪੈਕਟਰ ਨੂੰ ਤਰੱਕੀ ਦਿੱਤੀ ਗਈ ਹੈ ਜੋ ਡਿਸਮਿਸ ਵੀ ਹੋ ਚੁੱਕਾ ਸੀ ਤੇ ਉਸ ਦੀ ਸਰਵਿਸ ਵੀ ਸਜ਼ਾ ਵਜੋਂ ਕੱਟੀ ਗਈ ਸੀ। ਉਹ ਇਕ ਸਾਲ ਗ਼ੈਰਹਾਜ਼ਰ ਰਿਹਾ ਸੀ। ਇਸ ਦੇ ਬਾਵਜੂਦ ਉਸ ਨੂੰ ਤਰੱਕੀ ਦਿੱਤੀ ਗਈ। ਇਕ ਹੋਰ ਇੰਸਪੈਕਟਰ ਤਕਰੀਬਨ ਇਕ ਸਾਲ ਗ਼ੈਰਹਾਜ਼ਰ ਰਿਹਾ ਸੀ ਪਰ ਉਸ ਨੂੰ ਵੀ ਤਰੱਕੀ ਦਿੱਤੀ ਗਈ ਹੈ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਵਿਭਾਗੀ ਸਜ਼ਾਵਾਂ ਦਾ ਤਰੱਕੀ 'ਤੇ ਕੋਈ ਅਸਰ ਨਹੀਂ ਪੈਂਦਾ ਹੈ। ਇਸ ਬਾਰੇ ਨਵੇਂ ਪੱਤਰ ਵੀ ਜਾਰੀ ਹੋਏ ਹਨ।

# ਨਾਜਾਇਜ਼ ਕਬਜ਼ੇ ਦੇ ਦੋਸ਼ ਵਿਚ ਜਗੀਰ ਕੌਰ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਮੁਖੀ ਜਗੀਰ ਕੌਰ 'ਤੇ ਪਿੰਡ ਦੀ 149 ਕਨਾਲ ਤੋਂ ਵੱਧ ਤੇ ਬੇਹੱਦ ਅਹਿਮੀਅਤ ਵਾਲੀ ਜ਼ਮੀਨ ਉਤੇ ਨਾਜਾਇਜ਼ ਕਬਜ਼ੇ ਦੀ ਸ਼ਿਕਾਇਤ ਬਾਰੇ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਤੇ ਲੋਕਪਾਲ ਨੂੰ ਨੋਟਿਸ ਜਾਰੀ ਕੀਤਾ ਹੈ।

ਬੇਗੋਵਾਲ ਨਗਰ ਪੰਚਾਇਤ ਦੇ ਜਾਰਜ ਸੁਭ ਵੱਲੋਂ ਪਾਈ ਗਈ ਪਟੀਸ਼ਨ 'ਤੇ ਬੀਬੀ ਜਗੀਰ ਕੌਰ, ਡੀ.ਸੀ. ਕਪੂਰਥਲਾ ਤੇ ਹੋਰਾਂ ਨੂੰ 28 ਅਕਤੂਬਰ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਪਟੀਸ਼ਨਰ ਨੇ ਬਹੁ-ਕਰੋੜੀ ਜ਼ਮੀਨ ਘੁਟਾਲੇ ਦੇ ਦੋਸ਼ ਲਾਉਂਦਿਆਂ ਇਸ ਦੀ ਜਾਂਚ ਸੀ.ਬੀ.ਆਈ ਤੋਂ ਕਰਾਏ ਜਾਣ ਦੀ ਮੰਗ ਕੀਤੀ ਹੈ। ਇਸ ਜ਼ਮੀਨ ਦੀ ਬਾਜ਼ਾਰੀ ਕੀਮਤ 100 ਕਰੋੜ ਰੁਪਏ ਤੋਂ ਵੱਧ ਹੋਣ ਦਾ ਦਾਅਵਾ ਕਰਦਿਆਂ ਪਟੀਸ਼ਨਰ ਦਾ ਕਹਿਣਾ ਹੈ ਕਿ ਇਹੋ ਬੇਗੋਵਾਲ ਨਗਰ ਪੰਚਾਇਤ ਦੀ ਮਾਲਕੀ ਵਾਲੀ ਜ਼ਮੀਨ ਹੈ। ਪਟੀਸ਼ਨਰ ਮੁਤਾਬਕ ਇਸ ਜ਼ਮੀਨ ਦਾ ਕੁਝ ਹਿੱਸਾ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬੇਗੋਵਾਲ ਚਲਾਉਣ ਲਈ ਵਰਤਿਆ ਜਾਂਦਾ ਸੀ। ਇਸ ਲਈ ਕੋਈ ਦੋ ਤੋਂ ਤਿੰਨ ਏਕੜ ਜ਼ਮੀਨ ਵਰਤੀ ਜਾ ਰਹੀ ਸੀ ਪਰ ਬਾਕੀ ਦੀ 18 ਤੋਂ 20 ਏਕੜ ਜ਼ਮੀਨ ਬੀਬੀ ਵੱਲੋਂ ਖੇਤੀ ਮੰਤਵਾਂ ਤੇ ਨਿੱਜੀ ਲਾਭਾਂ ਲਈ ਵਰਤੀ ਜਾ ਰਹੀ ਸੀ। ਪਟੀਸ਼ਨਰ ਦੇ ਦਾਅਵੇ ਮੁਤਾਬਕ ਉਹ ਤੇ ਇਲਾਕੇ ਦੇ ਮੋਹਤਬਰ ਲੋਕਾਂ ਨੇ ਪ੍ਰਸ਼ਾਸਨ ਤੱਕ ਵੀ ਪਹੁੰਚ ਕੀਤੀ ਪਰ ਬੀਬੀ ਜਗੀਰ ਕੌਰ ਦੇ ਪ੍ਰਭਾਵ ਕਾਰਨ ਤੇ ਉਨ੍ਹਾਂ ਦੀ ਮੁੱਖ ਮੰਤਰੀ ਨਾਲ ਨੇੜਤਾ ਕਾਰਨ ਉਨ੍ਹਾਂ ਨੂੰ ਇਨਸਾਫ ਨਾ ਮਿਲਿਆ।

# ਆਟਾ-ਦਾਲ ਸਕੀਮ ਲਈ ਹੁਣ ਕੇਂਦਰ 'ਤੇ ਰੱਖੀ ਟੇਕ

**ਚੰਡੀਗੜ੍ਹ:** ਪੰਜਾਬ ਵਿਚ ਆਟਾ-ਦਾਲ ਸਕੀਮ ਦੇ ਲਾਭਪਾਤਰੀਆਂ ਨੂੰ ਅਜੇ ਹੋਰ ਸਬਰ ਕਰਨਾ ਪੈ ਸਕਦਾ ਹੈ। ਸੂਤਰਾਂ ਮੁਤਾਬਕ ਨਵੇਂ ਲਾਭਪਾਤਰੀਆਂ ਦੀ ਗਿਣਤੀ-ਮਿਣਤੀ ਪੂਰੀ ਕਰੀ ਬੈਠੀ ਪੰਜਾਬ ਸਰਕਾਰ ਨੂੰ ਕੇਂਦਰ ਵਿਚ ਸਰਕਾਰ ਦੇ ਤਬਦੀਲ ਹੋਣ ਕਾਰਨ ਛੇ ਮਹੀਨਿਆਂ ਦਾ ਇਕੱਠਾ ਅਨਾਜ ਦੇਣ ਦੀ ਪ੍ਰਵਾਨਗੀ ਨਹੀਂ ਮਿਲੀ ਤੇ ਦਾਲ ਦੀ ਖਰੀਦ ਲਈ ਸੂਬਾ ਸਰਕਾਰ ਨੇ ਪੈਸੇ ਜਾਰੀ ਨਹੀਂ ਕੀਤੇ।

ਸੂਤਰਾਂ ਮੁਤਾਬਕ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨੇ 'ਆਟਾ-ਦਾਲ' ਸਕੀਮ ਦੇ ਲਾਭਪਾਤਰੀ ਪਰਿਵਾਰਾਂ ਦੀ ਸ਼ਨਾਖ਼ਤ ਦਾ ਕੰਮ ਮੁਕੰਮਲ ਕਰ ਲਿਆ ਹੈ। ਇਸ ਯੋਜਨਾ ਅਧੀਨ ਕੁੱਲ 30 ਲੱਖ 92 ਹਜ਼ਾਰ 75 ਲਾਭਪਾਤਰੀ ਪਰਿਵਾਰ ਹਨ। ਸਰਕਾਰ ਦੀ ਯੋਜਨਾ ਅਧੀਨ ਨੀਲੇ ਕਾਰਡ ਧਾਰਕ ਪਰਿਵਾਰਾਂ ਦੀ ਗਿਣਤੀ 17 ਲੱਖ 92 ਹਜ਼ਾਰ 692 ਸੀ।

ਕੇਂਦਰ ਸਰਕਾਰ ਵੱਲੋਂ ਖੁਰਾਕ ਦਾ ਅਧਿਕਾਰ ਕਾਨੂੰਨ ਹੋਂਦ ਵਿਚ ਲਿਆਉਣ ਤੋਂ ਬਾਅਦ 12 ਲੱਖ 99 ਹਜ਼ਾਰ 383 ਪਰਿਵਾਰ ਹੋਰ ਸ਼ਾਮਲ ਕਰ ਲਏ ਗਏ ਹਨ। ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਸਸਤੀ ਆਟਾ-ਦਾਲ ਸਕੀਮ ਦੇ ਲਾਭਪਾਤਰੀ ਪਰਿਵਾਰਾਂ ਦੀ ਸਭ ਤੋਂ ਜ਼ਿਆਦਾ ਗਿਣਤੀ ਲੁਧਿਆਣਾ ਵਿਚ ਹੈ। ਇਸ ਜ਼ਿਲ੍ਹੇ ਵਿਚ ਤਿੰਨ ਲੱਖ 69 ਹਜ਼ਾਰ 129 ਪਰਿਵਾਰਾਂ ਨੂੰ ਇਸ ਸਕੀਮ ਦਾ ਲਾਭ ਮਿਲੇਗਾ ਤੇ ਸਭ ਤੋਂ ਘੱਟ ਨਵਾਂ ਸ਼ਹਿਰ ਜ਼ਿਲ੍ਹੇ ਵਿਚ, ਜਿਥੇ 61411 ਲਾਭਪਾਤਰੀ ਹਨ। ਇਨ੍ਹਾਂ ਪਰਿਵਾਰਾਂ ਨੂੰ ਇਕ ਰੁਪਏ ਕਿਲੋ ਕਣਕ ਤੇ 20 ਰੁਪਏ ਪ੍ਰਤੀ ਕਿਲੋ ਦਾਲ ਦਿਤੀ ਜਾਣੀ ਹੈ। ਕਣਕ ਛੇ ਤੇ ਦਾਲ ਤਿੰਨ ਮਹੀਨਿਆਂ ਲਈ ਦੇਣ ਦਾ ਪ੍ਰਸਤਾਵ ਹੈ।



ਪੰਜਾਬ ਸਰਕਾਰ ਨੇ ਇਸ ਯੋਜਨਾ ਲਈ ਪਨਸਪ ਨੂੰ ਨੋਡਲ ਏਜੰਸੀ ਬਣਾਇਆ ਹੋਇਆ ਹੈ। ਪਨਸਪ ਨੇ 20 ਹਜ਼ਾਰ ਟਨ ਦਾਲਾਂ ਦੀ ਖਰੀਦ ਲਈ 78.37 ਕਰੋੜ ਰੁਪਏ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਹੈ। ਇਹ ਪੈਸਾ ਅਜੇ ਤੱਕ ਜਾਰੀ ਨਹੀਂ ਕੀਤਾ ਗਿਆ ਹੈ। ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੇਂਦਰ ਵਿਚ ਭਾਜਪਾ ਦੀ ਅਗਵਾਈ ਹੇਠ ਨਵੀਂ ਸਰਕਾਰ ਦੇ ਗਠਨ ਕਾਰਨ ਵਿਭਾਗ ਛੇ ਮਹੀਨਿਆਂ ਲਈ ਅਨਾਜ ਵੰਡਣ ਬਾਰੇ ਦੁਬਿਧਾ ਵਿਚ ਹੈ। ਇਸ ਯੋਜਨਾ ਦੇ ਭੋਜਨ ਦਾ ਅਧਿਕਾਰ ਕਾਨੂੰਨ ਅਧੀਨ ਆਉਣ ਕਾਰਨ ਵੰਡ ਪ੍ਰਣਾਲੀ ਲਈ ਕੇਂਦਰ ਸਰਕਾਰ ਦੀ ਸਹਿਮਤੀ ਜ਼ਰੂਰੀ ਹੈ ਕਿਉਂਕਿ ਕਣਕ ਦੋ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਕੇਂਦਰ ਸਰਕਾਰ ਨੇ ਹੀ ਉਪਲੱਬਧ ਕਰਾਉਣੀ ਹੈ।

ਸਰਕਾਰ ਨੇ ਫ਼ੈਸਲਾ ਕੀਤਾ ਸੀ ਕਿ ਸਾਲ ਵਿਚ ਦੋ ਵਾਰੀ ਜੂਨ ਤੇ ਦਸੰਬਰ ਵਿਚ ਸਮੁੱਚੇ ਲਾਭਪਾਤਰੀਆਂ ਨੂੰ ਕਣਕ ਦੇ ਦਿੱਤੀ ਜਾਵੇਗੀ ਤੇ ਦਾਲਾਂ ਹਰ ਤਿੰਨ ਮਹੀਨਿਆਂ ਬਾਅਦ ਦਿੱਤੀਆਂ ਜਾਣਗੀਆਂ। ਪਿਛਲੀ ਯੂ.ਪੀ.ਏ ਸਰਕਾਰ ਨੇ ਤਾਂ ਸੂਬਾ ਸਰਕਾਰ ਦੇ ਇਸ ਪ੍ਰਸਤਾਵ 'ਤੇ ਸਹਿਮਤੀ ਦੇ ਦਿੱਤੀ ਸੀ ਪਰ ਭਾਜਪਾ ਸਰਕਾਰ ਨੇ ਅਜੇ ਤੱਕ ਸਹਿਮਤੀ ਨਹੀਂ ਦਿੱਤੀ ਹੈ। ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੇਂਦਰ ਦੀ ਸਹਿਮਤੀ ਦਾ ਕੰਮ ਲਮਕ ਸਕਦਾ ਹੈ। ਸੂਬਾ ਸਰਕਾਰ ਵੱਲੋਂ ਜੂਨ ਵਿਚ ਇਹ ਸਹੂਲਤ ਦੇਣ ਬਾਰੇ ਫਿਲਹਾਲ ਸਵਾਲੀਆ ਨਿਸ਼ਾਨ ਹੀ ਲੱਗ ਗਿਆ ਹੈ।

ਪੰਜਾਬ ਸਰਕਾਰ ਦੇ ਮਾਲੀ ਸੰਕਟ ਕਾਰਨ ਦਾਲਾਂ ਖਾਤਰ ਫੰਡ ਜਾਰੀ ਹੋਣ ਵਿਚ ਦੇਰੀ ਦੇ ਆਸਾਰ ਬਣ ਗਏ ਹਨ। ਹਾਲ ਦੀ ਘੜੀ ਮਹੀਨੇ-ਮਹੀਨੇ ਲਈ ਹੀ ਕਣਕ ਤੇ ਦਾਲ ਦਿੱਤੀ ਜਾ ਸਕਦੀ ਹੈ। ਇਸ ਯੋਜਨਾ ਤਹਿਤ ਹੁਣ ਪ੍ਰਤੀ ਵਿਅਕਤੀ ਪੰਜ ਕਿਲੋ ਕਣਕ ਪ੍ਰਤੀ ਮਹੀਨਾ ਇਕ ਰੁਪਏ ਪ੍ਰਤੀ ਕਿਲੋ ਤੇ ਅੱਧਾ ਕਿਲੋ ਦਾਲ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ 20 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਦਿੱਤੀ ਜਾਣੀ ਹੈ। ਕੇਂਦਰ ਸਰਕਾਰ ਨੇ ਕਣਕ ਦਾ ਭਾਅ ਦੋ ਰੁਪਏ ਪ੍ਰਤੀ ਕਿਲੋ ਮਿਥਿਆ ਹੈ ਤੇ ਸੂਬਾ ਸਰਕਾਰ ਨੇ ਇਕ ਰੁਪਇਆ ਪ੍ਰਤੀ ਕਿਲੋ ਦੀ ਸਬਸਿਡੀ ਆਪਣੇ ਕੋਲੋਂ ਦਿੱਤੀ ਹੈ। ਕਣਕ ਤੇ ਦਾਲ ਦਾ ਕੁੱਲ ਸਾਲਾਨਾ ਬਜਟ ਤਕਰੀਬਨ 400 ਕਰੋੜ ਰੁਪਏ ਹੈ।

## *31 ਲੱਖ ਦੇ ਨੇੜੇ ਪੁੱਜੀ ਲਾਭਪਾਤਰੀ ਪਰਿਵਾਰਾਂ ਦੀ ਗਿਣਤੀ*

ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨੇ 'ਆਟਾ-ਦਾਲ' ਸਕੀਮ ਦੇ ਲਾਭਪਾਤਰੀ ਪਰਿਵਾਰਾਂ ਦੀ ਸ਼ਨਾਖ਼ਤ ਦਾ ਕੰਮ ਮੁਕੰਮਲ ਕਰ ਲਿਆ ਹੈ। ਇਸ ਯੋਜਨਾ ਅਧੀਨ ਕੁੱਲ 30 ਲੱਖ 92 ਹਜ਼ਾਰ 75 ਲਾਭਪਾਤਰੀ ਪਰਿਵਾਰ ਹਨ।

ਪੰਜਾਬ ਸਰਕਾਰ ਦੇ ਤਾਜ਼ਾ ਸਰਵੇ ਮੁਤਾਬਕ ਅੰਮ੍ਰਿਤਸਰ ਵਿਚ 267788, ਬਰਨਾਲਾ ਵਿਚ 69939, ਬਠਿੰਡਾ ਵਿਚ 199522, ਫਰੀਦਕੋਟ ਵਿਚ 64813, ਫ਼ਤਹਿਗੜ੍ਹ ਸਾਹਿਬ ਵਿਚ 71123, ਫਾਜ਼ਿਲਕਾ ਵਿਚ 137473, ਫਿਰੋਜ਼ਪੁਰ ਵਿਚ 91646, ਗੁਰਦਾਸਪੁਰ ਵਿਚ 158002, ਹੁਸ਼ਿਆਰਪੁਰ ਵਿਚ 182323, ਜਲੰਧਰ ਵਿਚ 192144, ਕਪੂਰਥਲਾ ਵਿਚ 91409, ਲੁਧਿਆਣਾ 369129, ਮਾਨਸਾ 115323, ਮੋਗਾ 115077, ਨਵਾਂਸ਼ਹਿਰ 61411, ਪਠਾਨਕੋਟ 67963, ਪਟਿਆਲਾ 168168, ਰੋਪੜ 81210, ਸੰਗਰੂਰ 201522, ਮੁਹਾਲੀ 94986, ਮੁਕਤਸਰ 147319 ਤੇ ਤਰਨਤਾਰਨ ਵਿਚ 143785 ਲਾਭਪਾਤਰੀ ਪਰਿਵਾਰ ਹਨ।

# ਨਸਲਕੁਸ਼ੀ ਦਾ ਕੇਸ ਮੋਦੀ ਕੋਲ ਉਠਾਵਾਂਗੇ: ਸੁਖਬੀਰ

**ਅੰਮ੍ਰਿਤਸਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਨਵੰਬਰ 1984 ਵਿਚ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿਵਾਉਣ ਲਈ ਪੰਜਾਬ ਸਰਕਾਰ ਵੱਲੋਂ ਇਹ ਮਾਮਲਾ ਪ੍ਰਧਾਨ ਮੰਤਰੀ ਕੋਲ ਰੱਖਿਆ ਜਾਵੇਗਾ ਤਾਂ ਜੋ ਅਜਿਹੇ ਸਾਰੇ ਕੇਸਾਂ ਦੀ ਜਾਂਚ ਤੇ ਸਰਕਾਰੀ ਪੈਰਵੀ ਵਿਚ ਤੇਜ਼ੀ ਲਿਆਂਦੀ ਜਾ ਸਕੇ।

ਇਥੇ ਸੂਚਨਾ ਕੇਂਦਰ ਵਿਖੇ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵੱਲੋਂ ਪਿਛਲੇ 10 ਸਾਲਾਂ ਦੌਰਾਨ ਸਿੱਖਾਂ ਦੇ ਕਾਤਲਾਂ ਨੂੰ ਬਚਾਉਣ ਲਈ ਜਿਥੇ ਹਰ ਕਾਨੂੰਨੀ ਤੇ ਪ੍ਰਸ਼ਾਸਕੀ ਹੀਲਾ ਵਰਤਿਆ ਗਿਆ, ਉਥੇ ਉਨ੍ਹਾਂ ਨੂੰ ਉਚ ਅਹੁਦੇ ਦਿੱਤੇ ਗਏ। ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਬਣਨ ਨਾਲ ਸਿੱਖਾਂ ਨੂੰ ਇਨਸਾਫ ਦੀ ਆਸ ਬੱਝੀ ਹੈ ਤੇ ਛੇਤੀ ਹੀ ਪੰਜਾਬ



ਸਰਕਾਰ ਵੱਲੋਂ ਇਹ ਮਾਮਲਾ ਪ੍ਰਧਾਨ ਮੰਤਰੀ ਤੇ ਕੇਂਦਰੀ ਗ੍ਰਿਹ ਮੰਤਰਾਲੇ ਨਾਲ ਵਿਚਾਰਿਆ ਜਾਵੇਗਾ।

ਸ. ਬਾਦਲ ਨੇ ਦੋਸ਼ ਲਾਇਆ ਕਿ ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਪੰਜਾਬ ਨਾਲ ਹਮੇਸ਼ਾ ਹੀ ਵਿਤਕਰਾ ਕੀਤਾ ਗਿਆ ਹੈ ਪਰ ਹੁਣ ਕੇਂਦਰ ਵਿਚ ਮੋਦੀ ਸਰਕਾਰ ਸਥਾਪਤ ਹੋਣ ਨਾਲ ਪੰਜਾਬ ਦੀਆਂ ਸਾਰੀਆਂ ਮੰਗਾਂ ਪੂਰੀਆਂ ਹੋਣਗੀਆਂ। ਨਸ਼ੇ ਦੀ ਤਸਕਰੀ ਰੋਕਣ ਲਈ ਸਰਕਾਰ ਵਚਨਬੱਧ ਹੈ ਤੇ ਹੁਣ ਪ੍ਰਧਾਨ ਮੰਤਰੀ ਨੂੰ ਅਪੀਲ ਕਰਕੇ ਸਰਹੱਦ ਪਾਰੋਂ ਆਉਣ ਵਾਲੇ ਨਸ਼ੀਲੇ ਪਦਾਰਥਾਂ ਨੂੰ ਰੋਕਣ ਲਈ ਵਧੇਰੇ ਸਖ਼ਤੀ ਵਰਤੀ ਜਾਵੇਗੀ। ਸ੍ਰੀ ਦਰਬਾਰ ਸਾਹਿਬ ਦੇ ਬਾਹਰ 78.08 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਜਾ ਰਹੇ ਪਲਾਜ਼ੇ ਦੇ ਕੰਮ ਦਾ ਨਿਰੀਖਣ ਕਰਦਿਆਂ ਸ. ਬਾਦਲ ਨੇ ਹਦਾਇਤ ਕੀਤੀ ਕਿ ਅਗਸਤ ਤੱਕ ਸਾਰਾ ਕੰਮ ਪੂਰਾ ਕਰਕੇ ਇਹ ਪਲਾਜ਼ਾ ਸੰਗਤ ਲਈ ਖੋਲ੍ਹ ਦਿੱਤਾ ਜਾਵੇ।

## ਉਪਹਾਰ ਕਾਂਡ: ਅਦਾਲਤ ਵੱਲੋਂ ਦੋਸ਼ ਆਇਦ ਕਰਨ ਦੇ ਹੁਕਮ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ ਨੇ ਉਪਹਾਰ ਕਾਂਡ ਦੇ ਮਾਮਲੇ ਵਿਚ ਜੁਡੀਸ਼ਲ ਦਸਤਾਵੇਜ਼ਾਂ ਨਾਲ ਹੇਰਾਫੇਰੀ ਕਰਨ 'ਤੇ ਸੁਸ਼ੀਲ ਆਂਸਲ, ਗੋਪਾਲ ਆਂਸਲ ਤੇ ਪੰਜ ਹੋਰਨਾਂ ਖ਼ਿਲਾਫ਼ ਦੋਸ਼ ਆਇਦ ਕਰਨ ਦੇ ਹੁਕਮ ਦਿੱਤੇ ਹਨ। ਉਪਹਾਰ ਸਿਨੇਮਾਘਰ ਵਿਚ 1997 ਵਿਚ ਲੱਗੀ ਅੱਗ ਕਾਰਨ 59 ਲੋਕਾਂ ਦੀ ਮੌਤ ਹੋ ਗਈ ਸੀ। ਇਸ ਮਾਮਲੇ ਦੀ ਅਗਲੀ ਸੁਣਵਾਈ ਨੌਂ ਅਕਤੂਬਰ ਨੂੰ ਹੋਵੇਗੀ। ਇਸ ਕੇਸ ਦੇ ਹੋਰਨਾਂ ਮੁਲਜ਼ਮਾਂ ਵਿਚ ਅਨੂਪ ਸਿੰਘ, ਪ੍ਰੇਮ ਪ੍ਰਕਾਸ਼ ਬੱਤਰਾ, ਹਰਸਵਰੂਪ ਪਵਾਰ, ਧਰਮਵੀਰ ਮਲਹੋਤਰਾ ਤੇ ਦਿਨੇਸ਼ ਚੰਦਰ ਸ਼ਰਮਾ ਸ਼ਾਮਲ ਹਨ।

## ਸੀ.ਬੀ.ਆਈ. ਕਰੇਗੀ ਬਦਾਯੂੰ ਗੈਂਗਰੇਪ ਤੇ ਕਤਲ ਕੇਸ ਦੀ ਜਾਂਚ

**ਲਖਨਊ:** ਯੂ.ਪੀ. ਦੇ ਬਦਾਯੂੰ ਜ਼ਿਲ੍ਹੇ ਵਿਚ ਦੋ ਨਾਬਾਲਗ ਦਲਿਤ ਲੜਕੀਆਂ ਨੂੰ ਸਮੂਹਿਕ ਬਲਾਤਕਾਰ ਪਿਛੋਂ ਕਤਲ ਕਰ ਦਿੱਤੇ ਜਾਣ ਦੇ ਮਾਮਲੇ ਵਿਚ ਸਖ਼ਤ ਆਲੋਚਨਾ ਦਾ ਸਾਹਮਣਾ ਕਰ ਰਹੀ ਸੂਬੇ ਦੀ ਸਮਾਜਵਾਦੀ ਪਾਰਟੀ ਸਰਕਾਰ ਨੇ ਘਟਨਾ ਦੀ ਜਾਂਚ ਸੀ.ਬੀ.ਆਈ ਨੂੰ ਸੌਂਪ ਦਿੱਤੀ ਹੈ।

ਦੱਸਣਯੋਗ ਹੈ ਕਿ 14 ਤੇ 15 ਸਾਲ ਦੀਆਂ ਇਹ ਦੋਵੇਂ ਲੜਕੀਆਂ ਰਿਸ਼ਤੇ ਵਿਚ ਚਚੇਰੀਆਂ ਭੈਣਾਂ ਸਨ ਜੋ 27 ਮਈ ਦੀ ਰਾਤ ਨੂੰ ਲਾਪਤਾ ਹੋ ਗਈਆਂ ਸਨ ਤੇ 28 ਮਈ ਦੀ ਸਵੇਰ ਉਨ੍ਹਾਂ ਦੀਆਂ ਲਾਸ਼ਾਂ ਦਰੱਖਤ ਨਾਲ ਲਟਕਦੀਆਂ ਮਿਲੀਆਂ ਸਨ। ਕਤਲ ਤੋਂ ਪਹਿਲਾਂ ਉਨ੍ਹਾਂ ਨਾਲ ਬਲਾਤਕਾਰ ਕੀਤੇ ਜਾਣ ਦੀ ਪੁਸ਼ਟੀ ਹੋਈ ਹੈ। ਪੀੜਤ ਪਰਿਵਾਰ ਨੇ ਮਾਮਲੇ ਦੀ ਸੀ.ਬੀ.ਆਈ ਜਾਂਚ ਦੀ ਮੰਗ ਕਰਦਿਆਂ ਦੋਸ਼ੀਆਂ ਨੂੰ ਸ਼ਰੇਆਮ ਫਾਹੇ ਟੰਗੇ ਜਾਣ ਦੀ ਮੰਗ ਵੀ ਕੀਤੀ ਹੈ।

ਮੁੱਖ ਮੰਤਰੀ ਨੇ ਪੀੜਤ ਪਰਿਵਾਰ ਦੀ ਮੰਗ ਮੰਨਦਿਆਂ ਬਦਾਯੂੰ ਕੇਸ ਦੀ ਸੀ.ਬੀ.ਆਈ ਜਾਂਚ ਦਾ ਫੈਸਲਾ ਕੀਤਾ ਹੈ। ਇਸ ਬਾਰੇ ਲੋੜੀਂਦੀ ਕਾਰਵਾਈ ਛੇਤੀ ਹੀ ਪੂਰੀ ਕਰ ਲਈ ਜਾਵੇਗੀ। ਇਸ ਤੋਂ ਪਹਿਲਾਂ ਬੀਤੇ ਦਿਨ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਕੇਸ ਲਈ ਫਾਸਟ ਟਰੈਕ ਅਦਾਲਤ ਕਾਇਮ ਕੀਤੇ ਜਾਣ ਤੇ ਪੀੜਤ ਪਰਿਵਾਰਾਂ ਨੂੰ ਪੰਜ-ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਵੀ ਕੀਤਾ ਸੀ।

# ਅਮਰੀਕਾ 'ਚ ਸਿੱਖਾਂ ਬਾਰੇ ਭੁਲੇਖੇ ਦੂਰ ਕਰਨ ਲਈ ਮੁਹਿੰਮ

**ਵਾਸ਼ਿੰਗਟਨ:** ਅਮਰੀਕੀ ਸਿੱਖਾਂ ਨੇ ਮੁਲਕ ਵਿਚ ਕੌਮ ਪ੍ਰਤੀ ਗਲਤ ਸੋਚ ਨੂੰ ਬਦਲਣ ਤੇ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਸਿਆਸੀ ਸਲਾਹਕਾਰ ਦੀਆਂ ਸੇਵਾਵਾਂ ਲੈਣ ਦਾ ਫੈਸਲਾ ਕੀਤਾ ਹੈ। ਜੈਫਰੀ ਗੈਰਿਨ ਨਵੀਂ ਬਣੀ ਨੈਸ਼ਨਲ ਸਿੱਖ ਕੈਂਪੇਨ (ਐਨ.ਐਸ.ਸੀ) ਲਈ ਕੰਮ ਕਰਨਗੇ ਤੇ ਸਿੱਖਾਂ ਪ੍ਰਤੀ ਗਲਤ ਧਾਰਨਾਵਾਂ ਤੇ ਭਾਵਨਾਵਾਂ ਦਾ ਡੂੰਘਾਈ ਨਾਲ ਅਧਿਐਨ ਕਰਕੇ ਉਸ ਦੀ ਜਾਣਕਾਰੀ ਦੇਣਗੇ।

ਜੈਫਰੀ ਗੈਰਿਨ 2008 ਵਿਚ ਹਿਲੇਰੀ ਕਲਿੰਟਨ ਦੀ ਰਾਸ਼ਟਰਪਤੀ ਮੁਹਿੰਮ ਦੌਰਾਨ ਉਨ੍ਹਾਂ ਦੇ ਰਣਨੀਤਕ ਮਾਹਿਰ ਵੀ ਰਹੇ ਹਨ। ਉਹ ਰਾਸ਼ਟਰਪਤੀ ਬਰਾਕ ਓਬਾਮਾ ਦੀ 2012 ਵਿਚ ਚੋਣ ਮੁਹਿੰਮ ਨਾਲ ਵੀ ਜੁੜੇ ਰਹੇ ਹਨ। ਪੱਛਮੀ ਮੁਲਕਾਂ ਵਿਚ ਐਨ.ਐਸ.ਸੀ ਵੱਲੋਂ ਸਿੱਖਾਂ ਬਾਰੇ ਪ੍ਰਚਾਰ ਕਰਨ ਦੀ ਮੁਹਿੰਮ ਦਾ ਇਸ ਖੋਜ ਨਾਲ ਮੁੱਢ ਬੱਝੇਗਾ। ਆਧੁਨਿਕ ਤਰੀਕਿਆਂ ਨਾਲ ਨਵੇਂ ਸੁਨੇਹੇ ਤਿਆਰ ਕੀਤੇ ਜਾਣਗੇ ਜਿਨ੍ਹਾਂ ਰਾਹੀਂ ਸਿੱਖਾਂ ਪ੍ਰਤੀ ਸੋਚ ਵਿਚ ਹਾਂ-ਪੱਖੀ ਬਦਲਾਅ ਲਿਆਂਦਾ ਜਾਏਗਾ। ਐਨ.ਐਸ.ਸੀ ਦੀ ਕਾਰਜਕਾਰੀ ਨਿਰਦੇਸ਼ਕ ਗੁਰਵਿਨ ਸਿੰਘ ਅਹੂਜਾ ਨੇ ਕਿਹਾ ਕਿ 100 ਸਾਲ ਪਹਿਲਾਂ ਉੱਤਰੀ ਅਮਰੀਕਾ ਵਿਚ ਆ ਕੇ ਵਸੇ ਸਿੱਖਾਂ ਨੇ ਦੇਸ਼ ਦੀ ਤਰੱਕੀ ਵਿਚ ਵੱਡਮੁੱਲਾ ਯੋਗਦਾਨ ਪਾਇਆ।

ਓਹਾਈਓ ਵਿਚ ਓਬਾਮਾ ਲਈ ਦੋ ਚੋਣਾਂ ਵਿਚ ਪ੍ਰਚਾਰ ਕਰਨ ਵਾਲੇ ਸ੍ਰੀ ਅਹੂਜਾ ਨੇ ਕਿਹਾ ਕਿ ਗੈਰਿਨ ਤੋਂ ਵਧੀਆ ਹੋਰ ਕਈ ਬੰਦਾ ਨਹੀਂ ਹੋਏਗਾ ਜੋ ਸਿੱਖਾਂ ਪ੍ਰਤੀ ਗਲਤ ਪ੍ਰਚਾਰ ਦਾ ਨਿਤਾਰਾ ਕਰ ਸਕਦਾ ਹੈ। ਨਾਲ ਹੀ ਅਮਰੀਕਨ ਸਮਾਜ ਦਾ ਹਿੱਸਾ ਦਰਸਾਉਣ ਲਈ ਉਹ ਯਤਨ ਕਰਨਗੇ।

ਧਰਮ ਤੇ ਵਿਦਿਆ ਬਾਰੇ ਸਿੱਖ ਕੌਂਸਲਰ (ਐਸ.ਸੀ.ਓ.ਆਰ.ਈ) ਦੇ ਚੇਅਰਮੈਨ ਡਾ. ਰਾਜਵੰਤ ਸਿੰਘ ਨੇ ਕਿਹਾ ਕਿ ਗੈਰਿਨ ਸਿੱਖੀ ਬਾਰੇ ਜਾਗਰੂਕ ਕਰਨ ਦੇ ਨਾਲ-ਨਾਲ ਅਮਰੀਕੀ ਭਾਈਚਾਰੇ ਵਿਚ ਕੌਮ ਦੀ ਦਸ਼ਾ ਤੇ ਸਥਾਨ ਬਾਰੇ ਪੜਤਾਲ ਕਰਨਗੇ। ਇਸ ਮੁਹਿੰਮ ਨਾਲ ਸਿੱਖਾਂ ਲਈ ਸਿਆਸੀ, ਸਮਾਜਿਕ ਤੇ ਆਰਥਿਕ ਪੱਖੋਂ ਹੋਰ ਸੁਖਾਵਾਂ ਮਾਹੌਲ ਬਣੇਗਾ। ਜੈਫਰੀ ਗੈਰਿਨ ਇਸ ਸਮੇਂ ਹਾਰਟ ਖੋਜ ਸੰਸਥਾਨ ਦੇ ਪ੍ਰਧਾਨ ਹਨ ਤੇ ਉਨ੍ਹਾਂ ਅਮਰੀਕਾ ਦੀਆਂ ਕਈ ਵੱਡੀਆਂ ਕੰਪਨੀਆਂ, ਜਥੇਬੰਦੀਆਂ ਤੇ ਵਿਦਿਅਕ ਅਦਾਰਿਆਂ ਲਈ ਵੱਖ-ਵੱਖ ਮੁੱਦਿਆਂ 'ਤੇ ਖੋਜ ਦਾ ਕੰਮ ਕੀਤਾ ਹੈ।

# ਸੁਨੀਲ ਜਾਖੜ ਵੱਲੋਂ ਵਿਧਾਇਕ ਦਲ ਮੁਖੀ ਵਜੋਂ ਅਸਤੀਫਾ

**ਚੰਡੀਗੜ੍ਹ:** ਲੋਕ ਸਭਾ ਹਲਕੇ ਫਿਰੋਜ਼ਪੁਰ ਵਿਚੋਂ ਹੋਈ ਹਾਰ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਪੰਜਾਬ ਕਾਂਗਰਸ ਦੇ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੇ ਹਾਈਕਮਾਨ ਨੂੰ ਆਪਣਾ ਅਸਤੀਫ਼ਾ ਦੇ ਦਿੱਤਾ ਹੈ। ਸ੍ਰੀ ਜਾਖੜ ਨੇ ਦੱਸਿਆ ਕਿ ਉਹ 20 ਮਈ ਨੂੰ ਹੀ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ ਅਸਤੀਫ਼ਾ ਦੇ ਆਏ ਸਨ। ਪਾਰਟੀ ਵਰਕਰਾਂ ਦੀ ਮਿਹਨਤ ਦੇ ਬਾਵਜੂਦ ਉਨ੍ਹਾਂ ਦੀ ਹਾਰ ਹੋਈ ਹੈ। ਇਸ ਲਈ ਉਹ ਨੈਤਿਕਤਾ ਦੇ ਅਧਾਰ 'ਤੇ ਵਿਰੋਧੀ ਧਿਰ ਦੇ ਆਗੂ ਵਜੋਂ ਅਸਤੀਫ਼ਾ ਦੇ ਰਹੇ ਹਨ। ਸੁਨੀਲ ਕੁਮਾਰ ਜਾਖੜ ਨੇ ਅਸਤੀਫ਼ਾ ਦੇਣ ਦੀ ਗੱਲ ਇਥੇ ਆਪਣੇ ਧੰਨਵਾਦੀ ਦੌਰੇ ਦੌਰਾਨ ਕਹੀ। ਉਨ੍ਹਾਂ ਕਿਹਾ ਕਿ ਭਾਵੇਂ ਉਨ੍ਹਾਂ ਕੋਲੋਂ ਅਸਤੀਫ਼ਾ ਨਹੀਂ ਮੰਗਿਆ ਗਿਆ ਪਰ ਉਨ੍ਹਾਂ ਫਿਰੋਜ਼ਪੁਰ ਹਲਕੇ ਤੋਂ ਆਪਣੀ ਹਾਰ ਨੂੰ ਸਵੀਕਾਰ ਕਰਦਿਆਂ ਨੈਤਿਕ ਆਧਾਰ 'ਤੇ ਅਸਤੀਫ਼ਾ ਦਿੱਤਾ ਹੈ। ਹੁਣ ਉਹ ਇਕ ਵਿਧਾਇਕ ਵਜੋਂ ਭਵਿੱਖ ਦੇਖਦੇ ਹੋਏ ਫਿਰੋਜ਼ਪੁਰ ਨਾਲ ਜੁੜੇ ਰਹਿਣਗੇ। ਉਨ੍ਹਾਂ ਪੰਜਾਬ ਵਿਚ ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਬਾਰੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਅਸਲ ਵਿਚ ਕਾਂਗਰਸ, ਅਕਾਲੀ-ਭਾਜਪਾ ਖ਼ਿਲਾਫ਼ ਲੋਕਾਂ ਦੇ ਗੁੱਸੇ ਨੂੰ ਆਪਣੇ ਹੱਕ ਵਿਚ ਨਹੀਂ ਵਰਤ ਸਕੀ। ਪਾਰਟੀ ਵੱਲੋਂ ਫਾਈਲ ਵਰਕ ਤਾਂ ਕੀਤਾ ਜਾਂਦਾ ਹੈ ਪਰ ਗਰਾਊਂਡ ਵਰਕ ਨਹੀਂ ਕੀਤਾ ਜਾਂਦਾ।

ਪਾਰਟੀ ਨੂੰ ਆਮ ਲੋਕਾਂ ਤੋਂ ਦੂਰ ਰਹਿਣ ਦਾ ਖਮਿਆਜ਼ਾ ਚੋਣਾਂ ਦੌਰਾਨ ਭੁਗਤਣਾ ਪਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਪਾਣੀ ਦਾ ਬੁਲਬੁਲਾ ਨਹੀਂ। 'ਆਪ' ਦੀ ਹੋਂਦ ਮਜ਼ਬੂਤ ਹੈ। ਇਸ ਨੂੰ ਜਾਣਨ ਤੇ ਸਮਝਣ ਲਈ ਕਾਂਗਰਸ ਵੱਲੋਂ ਯਤਨ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਧਾਰਾ 370 ਬਾਰੇ ਤਾਂ ਬਿਆਨ ਦੇ ਰਹੇ ਹਨ ਪਰ ਗੁਜਰਾਤ ਦੇ ਪੰਜਾਬੀ ਕਿਸਾਨਾਂ ਦੇ ਮਸਲੇ ਮੋਦੀ ਸਰਕਾਰ ਕੋਲ ਉਠਾਉਣ ਦੀ ਬਜਾਏ ਆਪਣੀ ਨੂੰਹ ਨੂੰ ਮੰਤਰੀ ਬਣਾਉਣ ਵਿਚ ਲੱਗੇ ਰਹੇ। ਜੇਕਰ ਸ੍ਰੀ ਬਾਦਲ ਕਾਂਗਰਸ ਨੂੰ ਗੁਜਰਾਤ ਮਸਲੇ 'ਤੇ ਨਾਲ ਲੈ ਕੇ ਚੱਲੇਗੀ ਤਾਂ ਠੀਕ ਹੈ। ਅਜਿਹਾ ਨਾ ਹੋਣ 'ਤੇ ਕਾਂਗਰਸ ਖ਼ੁਦ ਮੋਦੀ ਸਰਕਾਰ ਨਾਲ ਇਸ ਮਸਲੇ ਦੇ ਹੱਲ ਬਾਰੇ ਗੱਲ ਕਰੇਗੀ।

Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash
Grand Opening
• 8 Drive Tires For $3300
Kelly KDA
• Two Steer Tire Michelin $1150
Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਵਿਸ਼ਵ ਹਾਕੀ ਕੱਪ ਦੀ ਕੂਲੀ ਸੁਨਹਿਰੀ ਛੋਹ

**ਖੇਡ ਜਗਤ**

***ਪ੍ਰਿੰਸੀਪਲ ਸਰਵਣ ਸਿੰਘ ਦੀ ਵਾਰਤਕ ਦਾ ਰੰਗ ਸਤਰੰਗੀ ਪੀਂਘ ਵਰਗਾ ਨਜ਼ਾਰਾ ਬੰਨ੍ਹਦਾ ਹੈ। ਪੜ੍ਹਦਿਆਂ-ਪੜ੍ਹਦਿਆਂ ਇਹ ਅਹਿਸਾਸ ਹੁੰਦਾ ਹੈ ਜਿਵੇਂ ਥਾਂ-ਪੁਰ-ਥਾਂ ਰੰਗ-ਬਰੰਗੇ ਝਰਨੇ ਫੁੱਟ ਰਹੇ ਹੋਣ। ਸ਼ਬਦਾਂ ਦੀ ਜੜਤ ਜਿਵੇਂ ਸਾਰੰਗੀ ਦੀਆਂ ਤਾਰਾਂ ਉਤੇ ਕੋਈ ਗਵੱਈਆ ਗਜ ਫੇਰ ਰਿਹਾ ਹੋਵੇ। ਹਾਕੀ ਬਾਰੇ ਲਿਖੇ ਇਸ ਲੇਖ ਵਿਚ ਜਿਹੜੇ ਨਕਸ਼ ਉਹਨੇ ਉਨ੍ਹਾਂ ਸਮਿਆਂ ਦੇ ਉਭਾਰੇ ਹਨ, ਉਹ ਹੌਲੀ-ਹੌਲੀ ਚੇਤਿਆਂ ਦੀ ਚੰਗੇਰ ਵਿਚ ਇਕੱਠੇ ਹੋਈ ਜਾਂਦੇ ਹਨ, ਕਦੀ ਵੀ ਨਾ ਭੁੱਲਣ ਲਈ। ਪੰਜਾਬੀ ਵਾਰਤਕ ਵਿਚ ਇਸ ਤਰ੍ਹਾਂ ਦਾ ਵੇਗ ਬਹੁਤ ਘੱਟ ਪੜ੍ਹਨ-ਸੁਣਨ ਨੂੰ ਮਿਲਦਾ ਹੈ। -ਸੰਪਾਦਕ***

ਹੁਣ ਜਦੋਂ ਹਾਲੈਂਡ ਦੇ ਸ਼ਹਿਰ ਹੇਗ ਵਿਚ ਹਾਕੀ ਦਾ ਵਰਲਡ ਕੱਪ ਖੇਡਿਆ ਜਾ ਰਿਹੈ ਤਾਂ ਮੈਨੂੰ ਤੇਤੀ ਸਾਲ ਪਹਿਲਾਂ ਦੀਆਂ ਗੱਲਾਂ ਯਾਦ ਆ ਰਹੀਆਂ। 1981-82 ਵਿਚ ਮੈਂ ਮੁੰਬਈ ਦਾ ਵਿਸ਼ਵ ਹਾਕੀ ਕੱਪ 'ਪੰਜਾਬੀ ਟ੍ਰਿਬਿਊਨ' ਲਈ ਕਵਰ ਕੀਤਾ ਸੀ। ਮੁੰਬਈ ਨੂੰ ਉਦੋਂ ਬੰਬਈ ਕਹਿੰਦੇ ਸਨ। ਅੱਜ ਇਹ ਸਤਰਾਂ ਲਿਖਣ ਲੱਗਿਆਂ ਸੱਜੇ ਮੋਢੇ ਉਤੇ ਪਏ ਹੁਲਾਸਮਈ ਹੱਥੜ ਦੀ ਮਿੱਠੀ ਕਸਕ ਮੁੜ ਯਾਦ ਆ ਗਈ ਹੈ। ਇਹ ਸੁਆਦਲਾ ਕੌਤਕ ਉਦੋਂ ਵਰਤਿਆ ਜਦੋਂ ਜਰਮਨੀ ਤੇ ਪਾਕਿਸਤਾਨ ਦੀਆਂ ਟੀਮਾਂ ਵਿਚਕਾਰ ਕੱਪ ਦਾ ਫਾਈਨਲ ਮੈਚ ਖੇਡਿਆ ਜਾ ਰਿਹਾ ਸੀ। ਵਾਨਖੇੜੇ ਸਟੇਡੀਅਮ ਕੰਢਿਆਂ ਤਕ ਭਰਪੂਰ ਸੀ। ਚਾਰ-ਚੁਫੇਰੇ ਚੰਦ-ਤਾਰੇ ਵਾਲੇ ਪਾਕਿਸਤਾਨੀ ਪਰਚਮ ਲਹਿਰਾਏ ਜਾ ਰਹੇ



**ਪ੍ਰਿੰ. ਸਰਵਣ ਸਿੰਘ, ਕੈਨੇਡਾ**
**ਫੋਨ: 905-799-1661**

ਸਨ। ਪਟਾਕੇ ਚੱਲ ਰਹੇ ਸਨ ਤੇ 'ਪਾਕਿਸਤਾਨ ਜ਼ਿੰਦਾਬਾਦ' ਦਾ ਸ਼ੋਰ ਗੂੰਜ ਰਿਹਾ ਸੀ। ਜਰਮਨੀ ਦੇ ਹਮਾਇਤੀ ਬਹੁਤ ਘੱਟ ਸਨ।

ਉਦਨ ਮੈਂ ਪਾਕਿਸਤਾਨੀ ਪੱਤਰ ਪ੍ਰੇਰਕਾਂ ਵਿਚਕਾਰ ਸੀਟ ਮੱਲੀ ਹੋਈ ਸੀ। ਮੇਰੇ ਪਿਛਲੇ ਪਾਸੇ ਕਰਾਚੀ ਤੋਂ ਆਈ ਪ੍ਰੈੱਸ ਰਿਪੋਰਟਰ ਬੈਠੀ ਸੀ ਜੋ ਨਿੰਗਰ ਜੁੱਸੇ ਤੇ ਮਰਦਾਵੀਂ ਸਲਵਾਰ ਕਮੀਜ਼ ਨਾਲ ਮਰਦਾਂ ਵਰਗੀ ਹੀ ਲੱਗ ਰਹੀ ਸੀ। ਉਹਦਾ ਇਤਰ ਫੁਲੇਲ ਮਹਿਕ ਰਿਹਾ ਸੀ ਪਰ ਉਹ ਸਿਗਰਟ ਨਹੀਂ ਸੀ ਬੁਝਣ ਦੇ ਰਹੀ, ਤੇ ਧੂੰਏਂ ਦੇ ਲਹਿਰੀਏ ਛੱਡਦੀ ਆਪਣੀ ਟੀਮ ਨੂੰ ਲਲਕਾਰ ਰਹੀ ਸੀ। ਉਹਦਾ ਪ੍ਰੈੱਸ ਗੈਲਰੀ 'ਚੋਂ ਪਾਕਿਸਤਾਨੀ ਟੀਮ ਨੂੰ ਲਲਕਾਰਨਾ ਲੱਗਦਾ ਤਾਂ ਗੰਵਾਰ ਸੀ, ਪਰ ਸੀ ਆਨੰਦਦਾਇਕ। ਜਦੋਂ ਜਰਮਨੀ ਨੇ ਮੈਚ ਦੇ ਆਰੰਭ ਵਿਚ ਹੀ ਪਾਕਿਸਤਾਨ ਸਿਰ ਗੋਲ ਕਰ ਦਿੱਤਾ ਤਾਂ ਉਹ ਸਿਗਰਟ ਦੇ ਕਸ਼ ਲਾਉਣੇ ਭੁੱਲ ਗਈ, ਤੇ ਨਾਲ ਹੀ ਉਹਦੇ ਲਲਕਾਰੇ ਵੀ ਬੰਦ ਹੋ ਗਏ।

ਫਿਰ ਜਦੋਂ ਛੱਬੀਵੇਂ ਮਿੰਟ 'ਚ ਪਾਕਿਸਤਾਨ ਦੇ ਹਸਨ ਸਰਦਾਰ ਨੇ ਗੋਲ ਲਾਹਿਆ ਤਾਂ ਉਹ ਮੁੜ ਜੋਸ਼ ਵਿਚ ਕੂਕੀ, ਤੇ ਨਵੀਂ ਸਿਗਰਟ ਸੁਲਘਾਉਣ ਲੱਗੀ। ਅਜੇ ਉਹਨੇ ਖਿੱਚਵਾਂ ਸੂਟਾ ਭਰਿਆ ਈ ਸੀ ਕਿ ਮਨਜ਼ੂਰ ਜੂਨੀਅਰ ਨੇ ਦੂਜਾ ਗੋਲ ਦਾਗ ਦਿੱਤਾ। ਉਧਰ ਫੱਟਾ ਖੜਕਿਆ ਤੇ ਇੱਧਰ ਉਚੀ ਲੰਮੀ ਸਿੱਖਣ ਨੇ ਜੋਸ਼ ਤੇ ਹੁਲਾਸ ਵਿਚ ਮੇਰੇ ਮੋਢੇ 'ਤੇ ਅਜਿਹਾ ਜ਼ੋਰ ਦਾ ਹੱਥੜ ਮਾਰਿਆ ਕਿ ਉਹਦੀ ਕਸਕ ਹਾਲਾਂ ਤਕ ਯਾਦ ਆ ਜਾਂਦੀ ਹੈ।

ਜਿੱਦਣ ਪਾਕਿਸਤਾਨ ਨੇ ਹਾਲੈਂਡ ਨੂੰ ਹਰਾ ਕੇ ਫਾਈਨਲ ਵਿਚ ਪ੍ਰਵੇਸ਼ ਕੀਤਾ, ਉਦਣ ਹੇਠਲੀਆਂ ਪੌੜੀਆਂ 'ਤੇ ਜੇਤੂ ਪਾਕਿਸਤਾਨੀ ਖਿਡਾਰੀਆਂ ਨਾਲ ਹੱਥ ਮਿਲਾਉਣ ਲਈ ਧੱਕਾ ਪੈਂਦਾ ਸੀ। ਮੂਹਰੇ ਤਾਰਾਂ ਦਾ ਉਚਾ ਜੰਗਲਾ ਲੱਗਿਆ ਹੋਇਆ ਸੀ ਪਰ ਦਰਸ਼ਕ ਫਿਰ ਵੀ ਤਾਰਾਂ ਵਿਚ ਦੀ ਹੱਥ ਬਾਹਰ ਕੱਢੀ ਖੜ੍ਹੇ ਸਨ। ਜਿਥੇ ਜੇਤੂਆਂ ਦਾ ਜਲੌਅ ਵਾਰ-ਵਾਰ ਯਾਦ ਆਉਂਦਾ ਹੈ, ਉਥੇ ਭਾਰਤੀ ਖਿਡਾਰੀਆਂ ਦੀ ਹਾਰ ਵੀ ਭੁੱਲਣ ਵਿਚ ਨਹੀਂ ਆਉਂਦੀ। ਭਾਰਤ ਤੇ ਆਸਟ੍ਰੇਲੀਆ ਦਾ ਮੈਚ ਦੋਵਾਂ ਟੀਮਾਂ ਲਈ ਜ਼ਿੰਦਗੀ-ਮੌਤ ਦਾ ਸਵਾਲ ਸੀ। ਮੈਚ ਤੋਂ ਪਹਿਲਾਂ ਕੈਪਟਨ ਸੁਰਜੀਤ ਸਿੰਘ ਨੇ ਸਾਨੂੰ ਕਿਹਾ ਸੀ ਕਿ ਉਹ ਜਾਨ ਮਾਰ ਕੇ ਖੇਡਣਗੇ। ਤੇ ਉਹ ਖੇਡੇ ਵੀ ਜਾਨ ਮਾਰ ਕੇ। ਪਹਿਲਾ ਗੋਲ ਭਾਰਤ ਨੇ ਕੀਤਾ ਤਾਂ ਇੰਨੇ ਪਟਾਕੇ ਚੱਲੇ ਕਿ ਕੰਨ ਬੋਲੇ ਹੋ ਗਏ। ਕੁਝ ਮਿੰਟਾਂ ਪਿੱਛੋਂ ਆਸਟ੍ਰੇਲੀਆ ਨੇ ਗੋਲ ਲਾਹ ਕੇ ਮੈਚ ਬਰਾਬਰ ਕਰ ਲਿਆ। ਭਾਰਤੀ ਖਿਡਾਰੀ ਜੇਤੂ ਗੋਲ ਕਰਨ ਲਈ ਮੁੜ-ਮੁੜ ਹਮਲੇ ਕਰਦੇ ਰਹੇ ਪਰ ਕਿਸਮਤ ਨੇ ਉਨ੍ਹਾਂ ਦਾ ਸਾਥ ਨਾ ਦਿੱਤਾ। ਇਸ ਦੇ ਉਲਟ ਆਸਟ੍ਰੇਲੀਆ ਇਕ ਗੋਲ ਹੋਰ ਕਰ ਗਿਆ।

ਅਖੀਰਲੇ ਮਿੰਟਾਂ ਵਿਚ ਭਾਰਤੀ ਖਿਡਾਰੀਆਂ ਨੇ ਜਿੰਨਾ ਜ਼ੋਰ ਲਾਇਆ, ਉਹ ਵੇਖਣ ਵਾਲੇ ਹੀ ਜਾਣਦੇ ਹਨ। ਫੁੱਲ ਬੈਕ ਸੁਰਜੀਤ ਸਿੰਘ ਅਗਾਂਹ ਗੋਲਾਂ ਤਕ ਜਾਣ ਲੱਗ ਪਿਆ ਪਰ ਗੋਲ ਨਾ ਉਤਰਿਆ। ਅੰਤਲੇ ਮਿੰਟ ਮਿਲਿਆ ਪੈਨਲਟੀ ਕਾਰਨਰ ਰਾਜਿੰਦਰ ਸਿੰਘ ਨੇ ਗੋਲ ਵਿਚ ਟੰਗਿਆ ਤਾਂ ਸਾਰਾ ਸਟੇਡੀਅਮ ਖੁਸ਼ੀ ਵਿਚ ਬੱਦਲ ਵਾਂਗ ਗੱਜਿਆ। ਜਦੋਂ ਅੰਪਾਇਰ ਨੇ ਹਿੱਟ ਅੰਡਰ ਕੱਟ ਕਰਾਰ ਦੇ ਦਿੱਤੀ ਤਾਂ ਸਟੇਡੀਅਮ ਨੇ ਡੂੰਘਾ ਹਉਕਾ ਭਰਿਆ, ਤੇ ਚੁਫੇਰੇ ਚੁੱਪ ਪਸਰ ਗਈ। ਉਸ ਦਿਨ ਮੈਚ ਮੁੱਕਣ ਦਾ ਸਮਾਂ ਦੱਸਣ ਵਾਲੀ ਘੁੱਗੂ ਦੀ ਆਵਾਜ਼ ਰੋਹੀ ਵਿਚ ਰੋਂਦੇ ਕੁੱਤੇ ਵਰਗੀ ਲੱਗੀ।

ਹਾਰੇ ਹੋਏ ਖਿਡਾਰੀਆਂ ਦੀ ਜੋ ਮੰਦੀ ਹਾਲਤ ਸੀ, ਉਹ ਬਿਆਨੋਂ ਬਾਹਰ ਸੀ। ਸੁਰਜੀਤ ਤੇ ਰਾਜਿੰਦਰ ਤਾਂ ਹਾਕੀਆਂ ਸੁੱਟ ਕੇ ਹਾਕੀ ਮੈਦਾਨ ਦੇ ਕਿਨਾਰੇ ਹੀ ਡਿੰਗ ਢਹਿ ਪਏ। ਸੁਰਿੰਦਰ ਸੋਢੀ, ਮੁਹੰਮਦ ਸ਼ਾਹਿਦ ਤੇ ਕੌਸ਼ਿਕ ਵਰਗੇ ਬੈਂਚਾਂ ਤਕ ਪਹੁੰਚ ਤਾਂ ਗਏ ਪਰ ਉਨ੍ਹਾਂ ਨੇ ਹਾਰ ਦੀ ਨਮੋਸ਼ੀ ਦਾ ਭਾਰ ਹਾਕੀਆਂ ਉਤੇ ਠੋਡੀਆਂ ਧਰ ਕੇ ਝੱਲਿਆ। ਕਈਆਂ ਨੇ ਸਿਰ ਹੱਥਾਂ ਵਿਚ ਫੜ ਲਏ, ਤੇ ਕਈ ਉੱਝ ਹੀ ਸਿਰ ਗੋਡਿਆਂ 'ਚ ਦੇ ਕੇ ਬਹਿ ਗਏ। ਮੈਂ ਵੇਖਿਆ, ਉਨ੍ਹਾਂ ਦੀਆਂ ਅੱਖਾਂ ਹੰਝੂਆਂ ਨਾਲ ਡੱਕੀਆਂ ਹੋਈਆਂ ਸਨ। ਅਸੀਂ 'ਹਾਰਡ ਲੱਕ' ਕਹਿੰਦਿਆਂ ਹੱਥ ਮਿਲਾਏ ਤਾਂ ਸੱਤਰ ਮਿੰਟਾਂ ਦੀ ਧੂੰਆਂਧਾਰ ਖੇਡ ਖੇਡਣ ਪਿੱਛੋਂ ਵੀ ਉਨ੍ਹਾਂ ਦੇ ਹੱਥ ਠੰਢੇ ਠਾਰ ਪਏ ਸਨ।

ਦਿਲਬਰੀਆਂ ਤੇ ਦਿਲਾਸਿਆਂ ਪਿੱਛੋਂ ਭਾਰਤੀ ਟੀਮ ਸਟੇਡੀਅਮ ਤੋਂ ਬਾਹਰ ਜਾਣ ਲੱਗੀ ਤਾਂ ਉਪਰੋਂ ਇਕ ਛੋਕਰੇ ਨੇ ਖਿਡਾਰੀਆਂ ਤੇ ਚੋਣਕਾਰਾਂ ਨੂੰ ਗਾਲ੍ਹਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਉਹਨੇ ਮਿਹਣਾ ਮਾਰਿਆ, "ਅਰੇ ਸੁਸਰੋ, ਅਬ ਗੁੱਲੀ ਡੰਡਾ ਖੇਲਨੇ ਲੱਗ ਜਾਓ।" ਤਾਂ ਕਈਆਂ ਤੋਂ ਡੱਕੇ ਹੋਏ ਹੰਝੂ ਹੋਰ ਨਾ ਡੱਕੇ ਜਾ ਸਕੇ, ਤੇ ਉਹ ਆਖ਼ਰਕਾਰ ਡੁੱਲ੍ਹ ਹੀ ਗਏ। ਉਦੋਂ ਸੁਰਜੀਤ ਤੇ ਉਹਦੇ ਸਾਥੀਆਂ ਦੇ ਦਿਲਾਂ ਉਤੇ ਜੋ ਬੀਤੀ, ਉਹਦਾ ਦਰਦ ਉਨ੍ਹਾਂ ਨੂੰ ਪਤਾ ਸੀ।

ਅਸੀਂ ਸਟੇਡੀਅਮ ਤੋਂ ਬਾਹਰ ਨਿਕਲੇ ਤਾਂ ਹਰ ਰੋਜ਼ ਮਿਲਦੀ ਪਾਕਿਸਤਾਨੀ ਦਰਸ਼ਕਾਂ ਦੀ ਢਾਣੀ ਮਸੋਸੀ ਖੜ੍ਹੀ ਸੀ। ਮੈਂ ਉਨ੍ਹਾਂ ਕੋਲ ਰੁਕਿਆ ਤਾਂ ਉਹ ਭਾਰਤੀ ਟੀਮ ਦੇ ਹਾਰ ਜਾਣ ਦਾ ਦਿਲੀ ਅਫਸੋਸ ਕਰਨ ਲੱਗੇ। ਅਜੀਬ ਗੱਲ ਸੀ। ਹਾਰਿਆ ਭਾਰਤ, ਨਮੋਸ਼ੀ ਭਾਰਤੀਆਂ ਦੀ ਹੋਈ ਤੇ ਉਹ ਸਾਡੇ



ਸ਼ਰੀਕ, ਖੁਸ਼ ਹੋਣ ਦੀ ਥਾਂ ਉਲਟਾ ਸਾਡੇ ਗ਼ਮ 'ਚ ਭਿੱਜੇ ਖੜ੍ਹੇ ਸਨ। ਸ਼ਰੀਕ ਦਾ ਰਿਸ਼ਤਾ ਵੀ ਕਿਆ ਰਿਸ਼ਤਾ ਹੈ! ਅਪਣੱਤ ਵੀ ਪ੍ਰੁੱਜ ਕੇ, ਤੇ ਬੇਗਾਨਗੀ ਵੀ ਪ੍ਰੁੱਜ ਕੇ!! ਨਾ ਸ਼ਰੀਕ ਜਿੰਨਾ ਕੋਈ ਮੋਹ ਪਾਲ ਸਕਦਾ ਹੈ, ਤੇ ਨਾ ਉਹਦੇ ਜਿੰਨਾ ਕੋਈ ਵੈਰ ਪੁਗਾ ਸਕਦਾ ਹੈ। ਉਹ ਲਾਹੌਰੀਏ ਭਾਊ ਮੁੜ-ਮੁੜ ਆਂਹਦੇ, "ਧੁਆਡੀ ਟੀਮ ਭਾਅ ਜੀ ਤਕੜੀ ਸੀ। ਬੱਸ ਕਿਸਮਤ ਦਗ਼ਾ ਦੇ ਗਈ। ਅਸੀਂ ਤਾਂ ਲਾਹੌਰੋਂ ਚੱਲੇ ਈ ਆਪਣੀਆਂ ਟੀਮਾਂ ਦਾ ਫਾਈਨਲ ਮੈਚ ਵੇਖਣ ਲਈ ਸੀ। ਕਿਧਰੇ ਫਾਈਨਲ ਮੈਚ ਹਿੰਦੁਸਤਾਨ ਤੇ ਪਾਕਿਸਤਾਨ ਦਾ ਹੁੰਦਾ ਤਾਂ ਨਜ਼ਾਰੇ ਬੱਝ ਜਾਂਦੇ। ਹੁਣ ਤੇ ਮਜ਼ਾ ਈ ਕਿਰਕਰਾ ਹੋ ਗਿਆ।"

ਬੀ.ਐਚ.ਏ. ਸਟੇਡੀਅਮ ਵਿਚ ਰੂਸ ਤੇ ਆਸਟ੍ਰੇਲੀਆ ਦੀਆਂ ਟੀਮਾਂ ਵਿਚਕਾਰ ਮੈਚ ਖੇਡਿਆ ਜਾ ਰਿਹਾ ਸੀ। ਖਿਡਾਰੀਆਂ ਦੇ ਨਾਂ ਜਾਣਨ ਲਈ ਮੇਰਾ ਜੇਬੀ ਟ੍ਰਾਂਜ਼ਿਸਟਰ ਪਾਕਿਸਤਾਨੀ ਹਾਕੀ ਟੀਮ ਦੇ ਸਾਬਕਾ ਕਪਤਾਨ ਇਸਲਾਹੁਦੀਨ ਨੇ ਮੰਗ ਲਿਆ। ਉਹ ਉਥੇ ਕੁਮੈਂਟੇਟਰ ਬਣਿਆ ਹੋਇਆ ਸੀ। ਸਾਥੋਂ ਕੁਝ ਪੌੜੀਆਂ ਥੱਲੇ ਭਾਰਤੀ ਖਿਡਾਰੀ ਦਸਤਾਰਾਂ ਸਜਾਈ ਬੈਠੇ ਸਨ। ਮੈਂ ਸੋਚਿਆ- ਮਨਾਂ, ਮੈਚ ਤਾਂ ਆਮ ਹੀ ਵੇਖੀਦੇ ਹਨ...ਅੱਜ ਖਿਡਾਰੀਆਂ ਕੋਲ ਬਹਿ ਕੇ ਮੈਚ ਬਾਰੇ ਉਨ੍ਹਾਂ ਦੀ ਕੁਮੈਂਟਰੀ ਸੁਣੀਏ। ਮੈਂ ਚੁੱਪ-ਚਾਪ ਉਨ੍ਹਾਂ ਦੇ ਪਿਛਾੜੀ ਜਾ ਬੈਠਾ। ਮਝੈਲ ਸੁਰਜੀਤ ਸਿੰਘ ਕਦੇ ਆਖਦਾ, "ਔਹ ਪਲੇਅਰ ਬੜਾ ਭੈੜਾ ਈ। ਗੁੱਝੀ ਹਾਕੀ ਲਾਉਂਦਾ ਈ।" ਤੇ ਕਦੇ ਆਖਦਾ, "ਇਹ ਬੜੀ ਕੁੱਤੀ ਸ਼ੈਅ ਏ। ਦੇਖੋ ਕਿਵੇਂ ਡਾਜ ਮਾਰਦੈ?" ਇਕ ਖਿਡਾਰੀ ਨੂੰ ਉਹਨੇ 'ਬੜਾ ਜ਼ਹਿਰੀ ਈ' ਹੋਣ ਦਾ ਸਰਟੀਫਿਕੇਟ ਦਿੱਤਾ।

ਲਾਗੇ ਹੀ ਰੇਲਵੇ ਦਾ ਬਲਬੀਰ ਸਿੰਘ ਤੋਤੇਰੰਗੀ ਪੱਗ ਬੰਨ੍ਹੀ ਬੈਠਾ ਸੀ। ਖਿਡਾਰੀਆਂ ਬਾਰੇ ਉਹ ਆਪਣੇ ਸੁਖਨ ਅਲਾਅ ਰਿਹਾ ਸੀ, "ਮੈਨੂੰ ਅਹੁਦੇ ਪੱਟ ਮੁੰਨੇ ਲੱਗਦੇ ਆ। ਦੇਖ ਕਿਵੇਂ ਚਮਕਦੇ ਆ? ਅਹੁ ਚਾਪੜ ਜਿਹਾ 'ਕੱਠੀ ਕਿੱਲੇ ਦੀ ਡਾਜ ਮਾਰਦੈ"। ਫਿਰ ਉਹਨੇ ਆਸਟ੍ਰੇਲੀਆ ਦੇ ਕਪਤਾਨ ਚਾਰਲਸਵਰਥ ਦੀ ਉਪਮਾ ਕੀਤੀ, "ਕਿਵੇਂ ਘਸੁੰਨ ਅਰਗਾ ਪਿਐ ਜਿਵੇਂ ਕੱਟੇ ਖਾਧੇ ਹੁੰਦੇ ਆ।" ਉਹਨੇ ਮੱਤ ਵੀ ਦਿੱਤੀ, "ਸੁਰਜੀਤ, ਐਸ ਵਿੰਗੇ-ਜੇ ਰੈਫਰੀ ਤੋਂ ਬਚਿਓ। ਇਹ ਗੋਲ ਕਰਾ ਕੇ ਈ ਸੀਟੀ ਮਾਰੂ। ਫਾਈਵ ਯਾਰਡ ਤਾਂ ਇਹ ਦਿੰਦਾ ਈ ਨਈਂ।"

ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਤਾਂ ਪੰਜਾਬੀ ਖਿਡਾਰੀਆਂ ਨਾਲ ਭਰਪੂਰ ਸਨ। ਉਨ੍ਹਾਂ ਦੀ ਖੇਡ ਮੈਦਾਨ ਦੀ ਬੋਲੀ ਪੰਜਾਬੀ ਸੀ। ਮਲੇਸ਼ੀਆ ਦੀ ਟੀਮ ਵਿਚ ਮਹਿੰਦਰ ਸਿੰਘ ਗਰੇਵਾਲ ਤੇ ਅਵਤਾਰ ਸਿੰਘ ਗਿੱਲ, ਪੰਜਾਬੀ ਮੂਲ ਦੇ ਦੋ ਖਿਡਾਰੀ ਸਨ। ਇੰਗਲੈਂਡ ਦੀ ਟੀਮ ਵਿਚ ਵੀ ਸਤਿੰਦਰ ਸਿੰਘ ਤੇ ਕੁਲਦੀਪ ਸਿੰਘ ਭੌਰਾ ਖੇਡ ਰਹੇ ਸਨ। ਮੈਚ ਪਿੱਛੋਂ ਮੈਂ ਉਨ੍ਹਾਂ ਨਾਲ ਗੱਲਾਂ ਕੀਤੀਆਂ ਤਾਂ ਪਤਾ ਲੱਗਾ ਕਿ ਉਹ ਪੰਜਾਬੀ ਬੋਲਣੀ ਨਹੀਂ ਸਨ ਭੁੱਲੇ। ਸਤਿੰਦਰ ਸਿੰਘ ਦਾ ਵਿਆਹ ਤਾਜ਼ਾ ਹੀ ਹੋਇਆ ਸੀ, ਤੇ ਉਸ ਨੂੰ ਇੰਗਲੈਂਡ ਦੀ ਟੀਮ ਨਾਲ ਟੂਰ 'ਤੇ ਨਿਕਲਣਾ ਪਿਆ ਸੀ। ਮੈਂ ਆਖਿਆ, "ਫਿਰ ਤਾਂ ਟੂਰ 'ਤੇ ਵਰਲਡ ਕੱਪ ਕਾਰਨ ਵਿਆਹ ਦਾ ਅਨੰਦ ਵੀ ਨਹੀਂ ਆਇਆ ਹੋਣਾ?" ਸਤਿੰਦਰ ਤਾਂ ਖ਼ੈਰ ਸੰਗ ਗਿਆ ਪਰ ਭੌਰਾ ਕਹਿਣ ਲੱਗਾ, "ਅਨੰਦ ਇਹਨੇ ਵਿਆਹ ਤੋਂ ਪਹਿਲਾਂ ਈ ਲੈ ਲਿਆ ਸੀ।"


ਫਿਰ ਉਹ ਦਿਨ ਆਇਆ ਜਿੱਦਣ ਜੇਤੂਆਂ ਨੇ ਜਿੱਤ-ਮੰਚ 'ਤੇ ਚੜ੍ਹਨਾ ਸੀ। ਜਿੱਤ-ਮੰਚ 'ਤੇ ਚੜ੍ਹਨ ਵਰਗਾ ਹੋਰ ਕੋਈ ਨਸ਼ਾ ਨਹੀਂ ਹੁੰਦਾ। ਪਾਕਿਸਤਾਨੀ ਖਿਡਾਰੀਆਂ ਦੇ ਮੂੰਹਾਂ ਉਤੇ ਲਾਲੀਆਂ ਸਨ। ਹਾਕੀ ਦੀ ਵਿਸ਼ਵ ਸਰਦਾਰੀ ਦਾ ਚਿੰਨ੍ਹ ਸੋਨ-ਰੰਗਾ ਵਿਸ਼ਵ ਕੱਪ ਮੇਜ਼ ਉਤੇ ਪਿਆ ਲਿਸ਼ਕਾਂ ਮਾਰ ਰਿਹਾ ਸੀ। ਉਹ ਕੱਪ 1971 ਵਿਚ ਪਾਕਿਸਤਾਨ ਨੇ ਹੀ ਕੌਮਾਂਤਰੀ ਹਾਕੀ ਫੈਡਰੇਸ਼ਨ ਨੂੰ ਭੇਟ ਕੀਤਾ ਸੀ। ਉਸ ਦੀ ਉਚਾਈ .650 ਮੀਟਰ ਤੇ ਵਜ਼ਨ 11560 ਗਰਾਮ ਹੈ। ਇਸ ਵਿਚ 895 ਗਰਾਮ ਸੋਨਾ, 6851 ਗਰਾਮ ਚਾਂਦੀ ਤੇ 350 ਗਰਾਮ ਹਾਥੀ ਦੰਦ ਲੱਗਾ ਹੋਇਆ ਹੈ। ਬਾਕੀ ਵਜ਼ਨ ਸਾਗਵਾਨ ਦੀ ਲੱਕੜੀ ਦਾ ਹੈ।

ਭਾਰਤ ਦੇ ਰਾਸ਼ਟਰਪਤੀ ਲਾਲ ਦਰੀ ਉਤੇ ਤੁਰ ਕੇ ਉਸ ਕੱਪ ਤਕ ਗਏ। ਜਦੋਂ ਉਹ ਕੱਪ ਪਾਕਿਸਤਾਨੀ ਟੀਮ ਦੇ ਕਪਤਾਨ ਲਾਇਲਪੁਰੀਏ ਅਖ਼ਤਰ ਰਸੂਲ ਨੂੰ ਭੇਟ ਕੀਤਾ ਤਾਂ ਉਸ ਨੇ ਇੰਨੀ ਸ਼ਿੱਦਤ ਨਾਲ ਚੁੰਮਿਆ ਜਿਵੇਂ ਵਰ੍ਹਿਆਂ ਦਾ ਵਿਛੜਿਆ ਮਹਿਬੂਬ ਮਸਾਂ ਮਿਲਿਆ ਹੋਵੇ। ਉਸ ਸਮੇਂ ਸੈਂਕੜੇ ਕੈਮਰਿਆਂ ਨੇ ਅੱਖਾਂ ਖੋਲ੍ਹੀਆਂ ਤੇ ਉਸ ਯਾਦਗਾਰੀ ਦ੍ਰਿਸ਼ ਨੂੰ ਆਪਣੇ ਸੀਨਿਆਂ 'ਚ ਸਮੋ ਲਿਆ। ਫਿਰ ਪਾਕਿਸਤਾਨ ਦੀ ਸਾਰੀ ਦੀ ਸਾਰੀ ਟੀਮ ਲੰਮੇ ਸਫੈਦ ਜਿੱਤ-ਮੰਚ ਉਤੇ ਜਾ ਖੜ੍ਹੀ ਹੋਈ। ਖਿਡਾਰੀਆਂ ਨੇ ਬਾਹਾਂ ਉਚੀਆਂ ਕਰ ਕੇ ਜੇਤੂ ਸਲਾਮੀਆਂ ਲਈਆਂ ਤੇ ਚੁਫੇਰੇ ਹਜ਼ਾਰਾਂ ਤਾੜੀਆਂ ਨੇ ਭਰਵੀਂ ਦਾਦ ਦਿੱਤੀ। ਉਸ ਪਿੱਛੋਂ ਸਟੇਡੀਅਮ ਦੀ ਫ਼ਿਜ਼ਾ ਅੰਦਰ ਪਾਕਿਸਤਾਨ ਦਾ ਕੌਮੀ ਤਰਾਨਾ ਗੂੰਜਿਆ, ਤੇ ਚੰਦ-ਤਾਰੇ ਵਾਲਾ ਪਰਚਮ ਉਚਾ ਉਠਿਆ। ਬਹੁਤੇ ਦਰਸ਼ਕ ਇਸ ਗੱਲੋਂ ਖੁਸ਼ ਸਨ ਕਿ ਹਾਕੀ ਦਾ ਆਲਮੀ ਕੱਪ ਏਸ਼ੀਆ ਵਿਚ ਹੀ ਰਹਿ ਗਿਆ ਸੀ।

ਜਦੋਂ ਸੋਨ-ਰੰਗਾ ਵਿਸ਼ਵ ਕੱਪ ਸਟੇਡੀਅਮ ਤੋਂ ਬਾਹਰ ਜਾਣ ਲੱਗਾ ਤਾਂ ਅਸੀਂ ਵੀ ਉਹਦੇ ਨਾਲ ਹੋ ਤੁਰੇ। ਦਰਸ਼ਕ ਉਹਨੂੰ ਹੱਥ ਲਾ-ਲਾ ਵੇਖ ਰਹੇ ਸਨ। ਜਿਸ ਬੱਸ ਵਿਚ ਪਾਕਿਸਤਾਨ ਦੀ ਟੀਮ ਨੇ ਬਹਿਣਾ ਸੀ, ਮੈਂ ਪਹਿਲਾਂ ਹੀ ਉਹਦੀ ਬਾਰੀ ਕੋਲ ਜਾ ਖੜ੍ਹਾ ਹੋਇਆ। ਜਦੋਂ ਕੱਪ ਮੇਰੇ ਮੂਹਰ ਦੀ ਲੰਘਣ ਲੱਗਾ ਤਾਂ ਮੈਥੋਂ ਵੀ ਉਹਦਾ ਸਿਰ ਪਲੋਸਣੋਂ ਨਾ ਰਿਹਾ ਗਿਆ। ਮੈਂ ਆਪਣਾ ਸੱਜਾ ਹੱਥ ਉਪਰ ਚੁੱਕਿਆ ਤੇ ਸੋਨੇ-ਚਾਂਦੀ ਦੇ ਚਮਕਦੇ ਗਲੋਬ ਉਤੇ ਪੋਲਾ ਜਿਹਾ ਛੁਹਾਇਆ। ਉਹਦੀ ਕੂਲੀ ਸੁਨਹਿਰੀ ਛੋਹ ਮੈਨੂੰ ਅੱਜ ਵੀ ਕਿਸੇ ਰੰਗੀਨ ਸੁਫ਼ਨੇ ਵਾਂਗ ਯਾਦ ਹੈ। ਤੇ ਯਾਦ ਹੈ ਉਹ ਮਿੱਠੀ ਜਿਹੀ ਕਸਕ ਜਿਹੜੀ ਇਕ ਪਰਦੇਸਣ ਨੇ ਆਪਣੇ ਵਤਨ ਦੀ ਟੀਮ ਜਿੱਤਦੀ ਵੇਖ ਕੇ ਮੈਨੂੰ ਆਪ-ਮੁਹਾਰੇ ਬਖ਼ਸ਼ੀ ਸੀ।

## ਮੋਦੀ ਤੋਂ ਚੰਗੇ ਰਿਸ਼ਤਿਆਂ ਦੀ ਆਸ ਰੱਖਣ ਗੁਆਂਢੀ ਮੁਲਕ: ਹਸੀਨਾ

**ਟੋਕੀਓ:** ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਕਿਹਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਆਂਢੀਆਂ ਨਾਲ ਚੰਗੇ ਰਿਸ਼ਤੇ ਬਹਾਲ ਰੱਖਣ ਦੇ ਉਪਰਾਲੇ ਕਰਨਗੇ ਤੇ ਆਪਣੇ ਵਿਚਾਰਾਂ ਨੂੰ ਅਮਲ ਵਿਚ ਨਹੀਂ ਲਿਆਉਣਗੇ। ਆਪਣੀ ਜਪਾਨ ਯਾਤਰਾ ਦੌਰਾਨ ਹਸੀਨਾ ਨੇ ਕਿਹਾ ਕਿ ਦੁਵੱਲੀ ਗੱਲਬਾਤ ਰਾਹੀਂ ਭਾਰਤ ਸਮੇਤ ਸਾਰੇ ਗੁਆਂਢੀ ਮੁਲਕਾਂ ਨਾਲ ਕਿਸੇ ਵੀ ਮੁਸ਼ਕਲ ਦਾ ਹੱਲ ਲੱਭਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਨੀਤੀਆਂ ਨੂੰ ਲੈ ਕੇ ਕੁਦਰਤੀ ਤੌਰ 'ਤੇ ਮਤਭੇਦ ਹੋ ਸਕਦੇ ਹਨ ਪਰ ਉਨ੍ਹਾਂ ਨੂੰ ਵਿਚਾਰ ਵਟਾਂਦਰੇ ਰਾਹੀਂ ਸੁਲਝਾਇਆ ਜਾ ਸਕਦਾ ਹੈ।



ਦੱਸਣਯੋਗ ਹੈ ਕਿ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਸ੍ਰੀ ਮੋਦੀ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਐਨ.ਡੀ.ਏ ਸੱਤਾ ਵਿਚ ਆਈ ਤਾਂ ਭਾਰਤ ਰਹਿੰਦੇ ਬੰਗਲਾਦੇਸ਼ੀਆਂ ਨੂੰ ਉਹ ਵਾਪਸ ਭੇਜ ਦੇਣਗੇ। ਉਨ੍ਹਾਂ ਦਾਅਵਾ ਕੀਤਾ ਸੀ ਕਿ ਵੋਟ ਬੈਂਕ ਸਿਆਸਤ ਲਈ ਪੱਛਮੀ ਬੰਗਾਲ ਵਿਚ ਬੰਗਲਾਦੇਸ਼ੀਆਂ ਦਾ ਸਵਾਗਤ ਕੀਤਾ ਜਾਂਦਾ ਹੈ। ਸ੍ਰੀ ਮੋਦੀ ਦੇ ਪ੍ਰਧਾਨ ਮੰਤਰੀ ਬਣਨ 'ਤੇ ਰਿਸ਼ਤਿਆਂ ਵਿਚ ਕੋਈ ਫ਼ਰਕ ਪੈਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਹਸੀਨਾ ਨੇ ਕਿਹਾ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ 1997 ਵਿਚ ਗੰਗਾ ਜਲਵੰਡ ਸਮਝੌਤਾ ਤੇ ਫਿਰ ਚਿਟਾਗਾਉਂ ਪਹਾੜੀ ਅਮਨ ਸੰਧੀ ਜਿਹੇ ਵਿਵਾਦਤ ਮਸਲੇ ਹੱਲ ਕੀਤੇ ਗਏ ਸਨ। ਉਨ੍ਹਾਂ ਆਸ ਪ੍ਰਗਟਾਈ ਕਿ ਭਾਰਤ ਵੀ ਆਪਣੀ ਵਿਦੇਸ਼ ਨੀਤੀ 'ਤੇ ਅਮਲ ਕਰੇਗਾ।

## ਬਿਹਾਰ ਸਰਕਾਰ ਵੱਲੋਂ ਗੁਰਦੁਆਰਿਆਂ ਨੂੰ ਜੋੜਨ ਦਾ ਐਲਾਨ

**ਪਟਨਾ:** ਬਿਹਾਰ ਦੇ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਨੇ ਐਲਾਨ ਕੀਤਾ ਹੈ ਕਿ ਸੂਬੇ ਵਿਚ ਪੈਂਦੇ ਗੁਰਦੁਆਰਿਆਂ ਨੂੰ ਇਕ ਦੂਜੇ ਨਾਲ ਜੋੜਿਆ ਜਾਵੇਗਾ। ਪਟਨਾ ਸਾਹਿਬ ਮਹਾਂਉਤਸਵ ਦਾ ਉਦਘਾਟਨ ਕਰਦਿਆਂ ਸ੍ਰੀ ਮਾਂਝੀ ਨੇ ਕਿਹਾ ਕਿ ਸੂਬਾ ਸਰਕਾਰ ਸਿੱਖ ਸਰਕਿਟ ਵਿਕਸਤ ਕਰਨ ਲਈ ਤਿਆਰ ਹੈ। ਇਹ ਬੁੱਧ ਤੇ ਸੂਫੀ ਸਰਕਿਟਾਂ ਦੀ ਤਰਜ਼ 'ਤੇ ਹੋਵੇਗਾ। ਉਨ੍ਹਾਂ ਨੇ ਆਖਿਆ ਕਿ ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਿੱਖਾਂ ਲਈ ਦੂਜਾ ਸਭ ਤੋਂ ਅਹਿਮ ਤਖ਼ਤ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਾਲੰਦਾ ਜ਼ਿਲ੍ਹੇ ਦੀ ਰਾਜਗੀਰ ਵਿਖੇ ਗੁਰੂ ਨਾਨਕ ਕੁੰਡ ਜਾਂ ਟੈਂਕ ਨੂੰ ਯੋਜਨਾ ਤਹਿਤ ਨਵੇਂ ਸਿਰਿਓਂ ਖ਼ੂਬਸੂਰਤੀ ਨਾਲ ਬਣਾਇਆ ਜਾਏਗਾ। ਪਟਨਾ ਸਾਹਿਬ ਮਹਾਂਉਤਸਵ ਤੈਅ ਸਮੇਂ 'ਤੇ ਨਹੀਂ ਕਰਵਾਇਆ ਜਾ ਸਕਿਆ ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਲੋਕ ਸਭਾ ਚੋਣਾਂ ਵਿਚ ਰੁਝਿਆ ਹੋਇਆ ਸੀ।

ਸੈਰ ਸਪਾਟਾ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਬੀ. ਪ੍ਰਧਾਨ ਨੇ ਦੱਸਿਆ ਕਿ ਸਿੱਖ ਸਰਕਿਟ 'ਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਪਟਨਾ ਤੇ ਰਾਜਗੀਰ ਦੇ ਗੁਰਦੁਆਰਿਆਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾਏਗਾ। ਜੇਕਰ ਟਰਾਂਸਪੋਰਟ ਤੇ ਰਿਹਾਇਸ਼ ਦਾ ਪ੍ਰਬੰਧ ਕਰਨ ਵਿਚ ਸਫਲ ਰਹੇ ਤਾਂ ਦੇਸ਼ ਭਰ ਵਿਚੋਂ ਸਿੱਖ ਇਥੇ ਪਹੁੰਚਣਗੇ, ਜਿਸ ਦਾ ਬਿਹਾਰ ਨੂੰ ਫਾਇਦਾ ਮਿਲੇਗਾ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ 350ਵੇਂ ਪ੍ਰਕਾਸ਼ ਉਤਸਵ ਸਮਾਗਮਾਂ ਨੂੰ ਵੱਡੇ ਪੱਧਰ 'ਤੇ ਮਨਾਇਆ ਜਾਏਗਾ।

ਇਹ ਸਮਾਗਮ ਜਨਵਰੀ 2016 ਤੋਂ ਸ਼ੁਰੂ ਹੋਣਗੇ ਜੋ ਸਾਲ ਭਰ ਚੱਲਣ ਤੋਂ ਬਾਅਦ ਜਨਵਰੀ 2017 ਵਿਚ ਸਮਾਪਤ ਹੋਣਗੇ। ਉਨ੍ਹਾਂ ਕਿਹਾ ਕਿ ਦਸਮ ਪਿਤਾ ਦਾ ਜਨਮ ਅਸਥਾਨ ਹੋਣ ਕਰਕੇ ਪਟਨਾ ਸਾਹਿਬ ਵਿਖੇ ਦੇਸ਼ ਵਿਦੇਸ਼ ਦੇ ਲੱਖਾਂ ਸ਼ਰਧਾਲੂਆਂ ਦੇ ਪਹੁੰਚਣ ਦੀ ਉਹ ਉਮੀਦ ਕਰ ਰਹੇ ਹਨ।

## ਸੋਲ੍ਹਵੀਂ ਸਦੀ ਦੇ ਭਾਰਤੀ ਚਿੱਤਰਾਂ ਦੀ ਨਿਲਾਮੀ

**ਲੰਡਨ:** ਕੌਮਾਂਤਰੀ ਨਿਲਾਮਘਰ ਕ੍ਰਿਸਟੀ ਨੇ 16ਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਦੇ ਮੁੱਢ ਤੱਕ ਦੀਆਂ ਭਾਰਤੀ ਚਿੱਤਰਾਂ ਦੀ ਆਨਲਾਈਨ ਵਿਕਰੀ ਕਰਨ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿਚ 50 ਚਿੱਤਰ ਸ਼ਾਮਲ ਹਨ, ਜੋ ਹਿਮਾਲਿਆ ਤੋਂ ਲੈ ਕੇ ਕਰਨਾਟਕ ਤੱਕ ਦੇ ਭੂਗੋਲਿਕ ਜੀਵਨ 'ਤੇ ਝਾਤ ਪੁਆਉਂਦੇ ਹਨ। ਇਹ ਚਿੱਤਰ ਤਿੰਨ ਦਹਾਕਿਆਂ ਵਿਚ ਇਕੱਤਰ ਕੀਤੇ ਗਏ ਹਨ। ਇਨ੍ਹਾਂ ਚਿੱਤਰਾਂ ਵਿਚ ਬਿਲਾਸਪੁਰ, ਕਾਂਗੜਾ, ਮੁਗਲਈ, ਔਰੰਗਾਬਾਦੀ ਤੇ ਦੱਖਣੀ ਖੇਤਰਾਂ ਦੇ ਚਿੱਤਰਕਾਰਾਂ ਦੀਆਂ ਕਲਾਕ੍ਰਿਤੀਆਂ ਸ਼ਾਮਲ ਹਨ। ਇਨ੍ਹਾਂ ਦੀ ਅੰਦਾਜ਼ਨ ਕੀਮਤ 700 ਪੌਂਡ ਤੋਂ ਲੈ ਕੇ 20 ਹਜ਼ਾਰ ਪੌਂਡ ਤੱਕ ਹੈ।

# ਸਟੇਜ ਦੀ ਮਲਿਕਾ ਆਸ਼ਾ ਸ਼ਰਮਾ

ਤਾਜ ਮਹੱਲ ਦੁਨੀਆਂ ਦੇ ਅਜੂਬਿਆਂ ਵਿਚੋਂ ਇਕ ਹੈ। ਸ਼ਾਹ ਜਹਾਨ ਦੀ ਅਲੋਚਨਾ ਹੁੰਦੀ ਰਹੀ ਹੈ ਕਿ ਉਸ ਨੇ ਕਾਰੀਗਰਾਂ ਦੀ ਮਜ਼ਦੂਰੀ ਦੱਬ ਲਈ ਸੀ, ਪਰ ਤਾਜ ਮਹੱਲ ਅਜੇ ਤੱਕ ਉਸੇ ਤਰ੍ਹਾਂ ਦਾ ਇਸ ਕਰ ਹੈ ਕਿਉਂਕਿ ਉਹਨੇ ਇਸ ਦੇ ਨਿਰਮਾਣ ਦਾ ਠੇਕਾ ਨਹੀਂ ਸੀ ਦਿੱਤਾ। ਜਿਹੜੇ ਕੰਮ ਤੁਸੀਂ ਹੱਥੀਂ ਕੀਤੇ ਨੇ, ਜਾਂ ਤੁਹਾਡੇ ਹੱਥਾਂ ਵਿਚੋਂ ਨਿਕਲੇ ਨੇ, ਉਹ ਚੰਗੇ ਨਾ ਵੀ ਹੋਣ, ਚੇਤਿਆਂ ਵਿਚੋਂ ਵਿਸਰਦੇ ਨਹੀਂ। ਮੈਂ ਇਸ ਗੱਲ 'ਤੇ ਹੰਕਾਰ ਨਹੀਂ, ਮਾਣ ਕਰਦਾ ਰਿਹਾ ਹਾਂ ਕਿ ਕਲਾ ਖਾਸ ਤੌਰ 'ਤੇ ਪੰਜਾਬੀ ਗਾਇਕੀ ਦੇ ਖੇਤਰ ਬਾਰੇ ਮੈਂ ਨਾ ਸਿਰਫ਼ ਲਿਖਿਆ, ਸਗੋਂ ਆਪਣੇ ਦੌਰ ਦੇ ਬਹੁਤ



ਆਸ਼ਾ ਸ਼ਰਮਾ

ਸਾਰੇ ਲੋਕਾਂ ਨੂੰ ਸਫ਼ਲ ਬਣਾਉਣ ਵਿਚ ਮੰਚ ਵੀ ਤਿਆਰ ਕਰ ਕੇ ਦਿੱਤਾ। ਐਤਕੀਂ ਮੈਂ ਉਸ ਆਸ਼ਾ ਸ਼ਰਮਾ ਦੀ ਗੱਲ ਵਿਸਥਾਰ ਵਿਚ ਕਰਨ ਲੱਗਾ ਹਾਂ ਜਿਸ ਨੂੰ ਪੰਜਾਬੀ ਸਟੇਜ ਦੀ ਮਲਿਕਾ ਕਰ ਕੇ ਜਾਣਦੇ ਹਨ। ਆਸ਼ਾ ਸ਼ਰਮਾ ਦੀ ਬਾਤ ਪਾਉਣ ਤੋਂ ਪਹਿਲਾਂ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੀ ਪ੍ਰਤੀਕ੍ਰਿਆ ਦੱਸਣ ਲੱਗਾ ਹਾਂ ਜੋ ਉਨ੍ਹਾਂ ਉਦੋਂ ਜ਼ਾਹਿਰ ਕੀਤੀ ਸੀ ਜਦੋਂ ਪ੍ਰੋ. ਮੋਹਨ ਸਿੰਘ ਮੇਲਾ ਪੰਜਾਬੀ ਭਵਨ ਵਿਚੋਂ ਨਿਕਲ ਕੇ ਲੁਧਿਆਣੇ ਪੰਜਾਬ ਮਾਤਾ ਨਗਰ ਵਿਚ ਪੱਖੋਵਾਲ ਰੋਡ 'ਤੇ ਨਹਿਰ ਕਿਨਾਰੇ ਲੱਗਾ ਸੀ। ਉਦੋਂ ਹਰ ਮੇਲੀ ਨੂੰ ਆਸ਼ਾ ਦਾ ਨਾਂ ਚੇਤੇ ਹੋ ਗਿਆ ਸੀ। ਸੇਖੋਂ ਨੇ ਕਿਹਾ ਸੀ ਕਿ 'ਸਾਰੇ ਚੰਗੇ ਗੁਣ ਔਰਤਾਂ 'ਚ ਹੁੰਦੇ ਹਨ, ਮਰਦ ਤਾਂ ਇਨ੍ਹਾਂ ਨੂੰ ਅਪਨਾ ਕੇ ਮਹਾਨ ਬਣ ਗਿਆ ਹੁੰਦਾ ਹੈ।'... ਤੇ ਫਿਰ ਪਰਵਾਸ ਕਾਰਨ ਬੀਬੀ ਆਸ਼ਾ ਸ਼ਰਮਾ ਪੰਜਾਬ ਦੇ ਸੰਗੀਤਕ ਮੰਚ ਤੋਂ ਇਕ ਤਰ੍ਹਾਂ ਨਾਲ ਅਲਗ ਹੋ ਗਈ।

ਹਰ ਮਨੁੱਖ ਦੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ, ਦੁਰ-ਘਟਨਾਵਾਂ ਬੁਢਾਪੇ ਵਿਚ ਆ ਕੇ ਆਪੋ-ਆਪਣਾ ਰੰਗ ਵਿਖਾਉਣ ਲਈ ਹੱਥੋਪਾਈ ਹੋ ਰਹੀਆਂ ਹੁੰਦੀਆਂ ਹਨ। ਕਿਸੇ ਲੇਖਕ ਲਈ ਇਨ੍ਹਾਂ ਨਾਲ ਨਜਿੱਠਣਾ ਔਖਾ ਵੀ ਹੋ ਜਾਂਦਾ ਹੈ। ਆਸ਼ਾ ਸ਼ਰਮਾ ਦੀ ਗੱਲ ਅੱਗੇ ਤੋਰਨ ਤੋਂ ਪਹਿਲਾਂ ਮੈਂ ਆਪਣੇ ਨਾਲ ਵਾਪਰੀਆਂ ਕੌਮਾਂਤਰੀ ਸੰਗੀਤ ਦੀਆਂ ਘਟਨਾਵਾਂ ਦਾ ਜ਼ਿਕਰ ਕਰਨਾ ਚਾਹਾਂਗਾ। ਗਾਇਕਾਂ, ਢਾਡੀਆਂ, ਕਵੀਸ਼ਰਾਂ, ਸੰਗੀਤਕਾਰਾਂ ਤੇ ਗੀਤਕਾਰਾਂ ਦੀ ਪੰਜਾਬੀ ਆਬੋ-ਹਵਾ 'ਚੋਂ ਨਿਕਲ ਕੇ ਮੈਂ ਮਾਈਕਲ ਜੈਕਸਨ ਅਤੇ ਮੈਡੋਨਾ ਬਾਰੇ ਵੀ ਲਿਖਦਾ ਰਿਹਾ ਹਾਂ। ਦੁੱਖ ਮੈਨੂੰ ਇਹ ਹੈ ਕਿ ਲੰਡਨ ਆ ਕੇ ਵੱਸਣ ਵਾਲੀ ਪੌਪ ਗਾਇਕਾ ਮੈਡੋਨਾ ਨੂੰ ਲੱਭ ਤਾਂ ਲਿਆ ਸੀ, ਪਰ ਲੱਖ ਯਤਨਾਂ ਦੇ ਬਾਵਜੂਦ ਮੁਲਾਕਾਤ ਦਾ ਸਬੱਬ ਨਹੀਂ ਬਣ ਸਕਿਆ। ਖੁਸ਼ੀ ਇਸ ਗੱਲ ਦੀ ਹੈ ਕਿ ਮਾਈਕਲ ਜੈਕਸਨ ਨੂੰ ਮਿਲ ਤਾਂ ਨਹੀਂ ਸਕਿਆ, ਪਰ ਨੇੜਿਉਂ ਵੇਖਣ ਵਿਚ ਸਫ਼ਲ ਹੋ ਗਿਆ।

ਗੱਲ ਪਹਿਲੀ ਨਵੰਬਰ 1996 ਦੀ ਹੈ। ਮਾਈਕਲ ਜੈਕਸਨ ਦਾ ਮੁੰਬਈ ਸ਼ੋਅ ਹੋ ਰਿਹਾ ਸੀ। ਇਸ ਗੱਲ ਦਾ ਮੈਨੂੰ ਉਦੋਂ ਪਤਾ ਲੱਗਾ ਜਦੋਂ ਅਕਤੂਬਰ ਦੇ ਦੂਜੇ ਹਫ਼ਤੇ ਇਕ ਸਮਾਗਮ ਲਈ ਬੈਲਜੀਅਮ ਚਲਾ ਗਿਆ ਸੀ। ਸਹੁਰਿਆਂ ਦੀ ਰਿਸ਼ਤੇਦਾਰੀ ਵਿਚੋਂ ਨੇੜਲੇ ਆਈ.ਏ.ਐਸ. ਅਧਿਕਾਰੀ ਜੋ ਉਸ ਵਕਤ ਸ਼ਾਇਦ ਮਨੁੱਖੀ ਵਿਕਾਸ ਮੰਤਰਾਲੇ ਵਿਚ ਵੱਡੀ ਪੋਸਟ 'ਤੇ ਸੀ, ਨਾਲ ਸੰਪਰਕ ਕੀਤਾ, ਤੇ ਇੱਛਾ ਜ਼ਾਹਿਰ ਕੀਤੀ ਕਿ ਮਾਈਕਲ ਜੈਕਸਨ ਦਾ ਸ਼ੋਅ ਵੇਖਣਾ ਚਾਹੁੰਦਾ ਹਾਂ। ਇੱਛਾ ਨੂੰ ਬੂਰ ਪਿਆ, ਤੇ ਮੈਂ ਅਤਿ ਅਹਿਮ ਵੀ.ਆਈ.ਪੀ. ਪਾਸ ਲੈਣ ਵਿਚ ਸਫ਼ਲ ਹੋ ਗਿਆ। ਆਪਣੀ ਬੈਲਜੀਅਮ ਯਾਤਰਾ ਵਿਚਾਲੇ ਛੱਡ ਕੇ ਪੰਝੀ ਅਕਤੂਬਰ ਨੂੰ ਦਿੱਲੀ ਹਵਾਈ ਅੱਡੇ 'ਤੇ ਆਣ ਉਤਰਿਆ।

ਉਥੇ ਪੁੱਜ ਕੇ ਲੱਗਾ ਕਿ ਮਾਈਕਲ ਜੈਕਸਨ ਦੇ ਸ਼ੋਅ 'ਤੇ ਸਵਾਲੀਆ ਚਿੰਨ੍ਹ ਲੱਗਾ ਹੋਇਆ ਸੀ। ਕੱਟੜ ਬਾਲ ਠਾਕਰੇ ਅਤੇ ਉਸ ਦੀ ਸੈਨਾ ਇਸ ਨੂੰ ਆਪਣੇ ਸਭਿਆਚਾਰ ਅਤੇ ਇਖਲਾਕ 'ਤੇ ਪੱਛਮੀ ਹਮਲਾ ਦੱਸ ਕੇ ਸਮੁੱਚੇ ਮਹਾਰਾਸ਼ਟਰ ਵਿਚ ਪ੍ਰਦਰਸ਼ਨ ਤੇ ਭੰਨ-ਤੋੜ ਕਰਨ ਲੱਗੀ ਹੋਈ ਸੀ। ਇਹਦੇ ਬਾਰੇ ਮੈਂ ਆਪਣੇ ਮਨ ਦੀ ਭੜਾਸ ਕੱਢਣ ਲਈ ਲੇਖ ਵੀ ਲਿਖਿਆ ਸੀ। ਖੈਰ! ਮੁੰਬਈ ਪ੍ਰਸ਼ਾਸਨ ਦੀ ਸਖ਼ਤੀ ਨਾਲ ਬਾਲ ਠਾਕਰੇ ਦੀ ਪ੍ਰਵਾਹ ਨਾ ਕਰਦਿਆਂ ਇਹ ਸ਼ੋਅ ਹੋ ਗਿਆ। ਇਸ ਸ਼ੋਅ ਅਤੇ ਮਾਈਕਲ ਜੈਕਸਨ ਨੂੰ ਆਪਣੀਆਂ ਅੱਖਾਂ ਨਾਲ ਬਹੁਤ ਕਰੀਬ ਤੋਂ ਵੇਖਿਆ। ਉਦੋਂ ਅਹਿਸਾਸ ਹੋਇਆ ਸੀ, ਸੂਰਜ ਨੇੜਿਉਂ ਵਾਕਿਆ ਹੀ ਬਹੁਤ ਗਰਮ ਹੁੰਦਾ ਹੈ। ਵੱਡੇ-ਵੱਡੇ ਕਾਰਗੋ-ਆਂ ਵਿਚ ਆਏ ਸਾਮਾਨ ਦਾ ਪ੍ਰਦਰਸ਼ਨ, ਵੱਡੇ ਜੈਨਰੇਟਰਾਂ ਦੀ ਤਿੰਨ ਘੰਟੇ ਦੀ ਦਿਨ ਚੜ੍ਹਾਉਣ ਵਰਗੀ ਰੋਸ਼ਨੀ, ਸੋਨੀ ਦੀਆਂ ਵੱਡੀਆਂ ਸਕਰੀਨਾਂ 'ਤੇ ਸਭ ਤੋਂ ਵੱਡਾ ਇਕੱਠ। ਸੰਗੀਤ ਦੀ ਦੁਨੀਆਂ ਵਿਚ ਉਦੋਂ ਪਤਾ ਲੱਗਾ ਸੀ ਕਿ ਸਾਡੇ ਗਾਇਕ ਤਾਂ ਧੁਨਾਂ 'ਤੇ ਸਿਰਫ਼ ਲੱਕ ਹਿਲਾਉਂਦੇ ਹਨ, ਮਾਈਕਲ ਜੈਕਸਨ ਪੈਰਾਂ ਦੀ ਉਂਗਲੀਆਂ ਵੀ ਰਿਦਮ ਵਿਚ ਬੰਨ੍ਹ ਕੇ ਵਿਖਾ ਰਿਹਾ ਸੀ। ਸਕਰੀਨਾਂ 'ਤੇ ਉਹਦੇ ਹੱਥਾਂ ਦਾ ਪ੍ਰਦਰਸ਼ਨ ਜਦੋਂ ਕਲੋਜ਼ ਕਰ ਕੇ ਵਿਖਾਇਆ ਜਾਂਦਾ, ਤਾਂ ਵਿਰੋਧ ਕਰਨ ਵਾਲੇ ਵੀ ਤਾਲੀਆਂ ਵਜਾਉਂਦੇ ਵੇਖੇ ਗਏ। ਇਹ ਜ਼ਿਕਰ ਮੈਂ ਇਸ ਕਰ ਕੇ ਕੀਤਾ ਹੈ ਤਾਂ ਕਿ ਜਿਸ ਆਸ਼ਾ ਸ਼ਰਮਾ ਨੂੰ ਲੱਭ ਕੇ ਮੈਂ ਪ੍ਰੋ. ਮੋਹਨ ਸਿੰਘ ਤੇ ਸ਼ੌਕੀ ਮੇਲੇ 'ਤੇ ਲੱਖਾਂ ਲੋਕਾਂ ਵਿਚ ਪੇਸ਼ ਕੀਤਾ ਸੀ, ਉਹਨੂੰ ਮਾਈਕਲ ਜੈਕਸਨ ਦਾ ਸਟੇਜ ਸੰਚਾਲਨ ਸਾਖਸਾਤ ਵਿਖਾਵਾਂ।

ਕਰੀਬ ਸੱਤ ਵਰ੍ਹਿਆਂ ਦੇ ਰਾਸ਼ਟਰਪਤੀ ਰਾਜ ਪਿੱਛੋਂ 1992 ਦੇ ਫ਼ਰਵਰੀ ਮਹੀਨੇ ਪੰਜਾਬ ਵਿਚ ਮੁੱਖ ਮੰਤਰੀ ਬੇਅੰਤ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਬਣੀ ਜਿਸ ਵਿਚ ਮਨਿੰਦਰਜੀਤ ਸਿੰਘ ਬਿੱਟਾ ਸਿਹਤ ਮੰਤਰੀ ਬਣਿਆ। ਉਦੋਂ ਉਹ ਆਲ ਇੰਡੀਆ ਯੂਥ ਕਾਂਗਰਸ ਦਾ ਪ੍ਰਧਾਨ ਵੀ ਸੀ, ਤੇ ਤਤਕਾਲੀ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਦਾ ਅਤਿ ਕਰੀਬੀ। ਮਹੀਨਾ ਸ਼ਾਇਦ 1993 ਦਾ ਸਤੰਬਰ ਸੀ। ਕੁੱਝ ਦਿਨਾਂ ਲਈ ਮੈਂ ਦਿੱਲੀ 'ਚ ਸਾਂ। ਉਕਤ ਆਈ.ਏ.ਐਸ. ਰਿਸ਼ਤੇਦਾਰ ਨੂੰ ਜਨਕਪੁਰੀ ਵਿਚ ਮਿਲਣ ਗਿਆ, ਤਾਂ ਉਹਨੇ ਕਿਹਾ ਕਿ ਪ੍ਰਾਈਮ ਮਨਿਸਟਰ ਹਾਊਸ ਵਿਚ ਆਲ ਇੰਡੀਆ ਯੂਥ ਕਾਂਗਰਸ ਵਲੋਂ ਵੱਡਾ ਸਮਾਗਮ ਹੋ ਰਿਹਾ ਹੈ, ਤੂੰ ਮੇਰੇ ਨਾਲ ਚੱਲਣਾ ਹੈ।

ਹਾਲਾਂਕਿ ਮੈਂ ਪਹਿਲੀ ਵਾਰ ਪ੍ਰਾਈਮ ਮਨਿਸਟਰ ਹਾਊਸ ਵਿਚ ਗਿਆ ਸਾਂ, ਤੇ ਰਾਜਨੀਤੀ ਵਿਚ ਉਦੋਂ ਬਹੁਤੀ ਦਿਲਚਸਪੀ ਨਾ ਹੋਣ ਕਰ ਕੇ ਇਸ ਸਮਾਗਮ ਨਾਲ ਵੀ ਲਗਾਉ ਨਹੀਂ ਸੀ, ਪਰ ਇਹ ਸਮਾਗਮ ਮੇਰੇ ਮਨ 'ਚ ਸਾਰੇ ਦਾ ਸਾਰਾ ਜਿਸ ਇਕ ਖਾਸ ਗੱਲ ਕਰ ਕੇ ਉਤਰਦਾ ਜਾ ਰਿਹਾ ਸੀ, ਉਹ ਸੀ ਮੰਚ ਸੰਚਾਲਨ ਕਰ ਕੇ। ਬੀਬੀ ਜਦੋਂ ਮਾਈਕ ਵਿਚ ਦੀ ਬੋਲੇ, ਤਾਂ ਜਾਣੋ ਸੰਨਾਟਾ ਛਾ ਜਾਇਆ ਕਰੇ। ਸ਼ਾਇਰੀ ਲਾ-ਜਵਾਬ ਸੀ। ਵਾਲ ਕੱਟੇ ਹੋਣ ਕਰ ਕੇ ਲਗਦਾ ਸੀ ਕਿ ਇਹ ਹੈ ਤਾਂ ਦਿੱਲੀ ਸ਼ਹਿਰ ਤੋਂ ਹੀ, ਪਰ ਹੈ ਜ਼ਰੂਰ ਕਿਸੇ ਸਕੂਲ ਕਾਲਜ ਵਿਚ ਚੰਗੇ ਅਹੁਦੇ 'ਤੇ। ਜਦੋਂ ਇਹ ਬੀਬੀ ਦਿੱਲੀ ਦੀ ਕਾਇਨਾਤ 'ਚ ਘੁਲੇ ਗਾਲਿਬ ਨੂੰ ਸੁਣਾਵੇ ਤਾਂ ਉਰਦੂ ਉਚਾਰਨ ਵਿਚ ਤਾਂ ਛੋਟਾ-ਮੋਟਾ ਫਰਕ ਹੋਵੇਗਾ, ਪਰ ਰਿਦਮ ਧਿਆਨ ਖਿੱਚ ਰਹੀ ਸੀ। ਵਿਚ-ਵਿਚਾਲੇ ਉਹ ਪ੍ਰੋ. ਮੋਹਨ ਸਿੰਘ ਅਤੇ ਸ਼ਿਵ ਨੂੰ ਸੁਣਾਵੇ ਤਾਂ ਮੈਂ ਸੋਚਾਂ, 'ਦਿੱਲੀ 'ਚ ਰਹਿ ਕੇ ਪੰਜਾਬੀ ਸ਼ਾਇਰੀ ਬਾਰੇ ਕਿਆ ਜਾਣਕਾਰੀ ਹੈ!' ਤੇ ਮੈਂ ਉਸ ਆਈ.ਏ.ਐਸ. ਅਧਿਕਾਰੀ ਨੂੰ ਪੁੱਛਿਆ, 'ਤੁਸੀਂ ਇਹਨੂੰ ਜਾਣਦੇ ਹੋ?' ਉਹਦਾ ਧਿਆਨ ਵੀ ਬੀਬੀ ਵੱਲ ਸੀ, ਪੂਰਾ। ਉਹਨੇ ਉਤਰ ਦਿੱਤਾ, 'ਨਹੀਂ, ਮੈਂ ਜਾਣਦਾ ਨਹੀਂ। ਮੈਂ ਵੀ ਪਹਿਲੀ ਵਾਰ ਹੀ ਸੁਣਿਆ ਤੇ ਵੇਖਿਆ। ਅੱਗੇ ਤੋਂ ਅਸੀਂ ਵੀ ਕੁੱਝ ਸਮਾਗਮਾਂ 'ਚ ਇਸੇ ਨੂੰ ਬੁਲਾਇਆ ਕਰਾਂਗੇ।' ਦਰਅਸਲ ਅਸੀਂ ਜਦੋਂ ਇਸ ਸਮਾਗਮ 'ਚ ਪੁੱਜੇ ਸਾਂ ਤਾਂ ਇਹ ਕਰੀਬ ਅੱਧਾ ਕੁ ਲੰਘ ਚੁੱਕਾ ਸੀ। ਫਿਰ ਜਦੋਂ ਨਾਂ ਦੀ ਅਨਾਊਂਸਮੈਂਟ ਹੋਈ, ਤਾਂ ਪਤਾ ਲੱਗਾ ਕਿ ਇਹ ਆਸ਼ਾ ਸ਼ਰਮਾ ਹੈ। ਨਾਂ ਨਾਲ ਸ਼ਰਮਾ ਹੋਣ ਕਰ ਕੇ ਲੱਗਾ ਕਿ ਬੀਬੀ ਪੱਕਾ ਦਿੱਲੀ ਤੋਂ ਹੋਵੇਗੀ। ਤੈਅ ਪ੍ਰੋਗਰਾਮ ਅਨੁਸਾਰ ਸਮਾਗਮ 'ਚ ਬਹੁਤਾ ਗੁਣਗਾਣ ਬਿੱਟੇ ਦਾ ਹੀ ਹੋਇਆ, ਉਥੇ ਹਾਜ਼ਰ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨਾਲੋਂ ਵੀ ਵੱਧ। ਸਮਾਗਮ ਦੀ ਸਮਾਪਤੀ 'ਤੇ ਮੇਰੀ ਇੱਛਾ ਖਾਣ-ਪੀਣ ਨਾਲੋਂ ਵੀ ਵੱਧ ਆਸ਼ਾ ਸ਼ਰਮਾ ਨੂੰ ਮਿਲਣ ਦੀ ਸੀ। ਮੁਲਾਕਾਤ ਹੋਈ ਤਾਂ ਮੈਂ ਹਿੰਦੀ ਲਹਿਜੇ ਵਿਚ ਹੀ ਪੁੱਛਿਆ, 'ਆਪ ਨੇ ਸਟੇਜ ਕੀ ਸੰਚਾਲਨਾ ਮੇਂ ਕਮਾਲ ਕਰ ਦੀਆ ਹੈ, ਮੈਨੇ ਪਹਿਲੀ ਵਾਰ ਐਸਾ ਜਾਦੂ ਦੇਖਾ ਹੈ।'

'ਸ਼ੁਕਰੀਆ ਤੁਹਾਡਾ।' ਉਹਦਾ ਜਵਾਬ ਪੰਜਾਬੀ 'ਚ ਸੀ।

ਅਗਲੀ ਗੱਲ ਮੈਂ ਫਿਰ ਹਿੰਦੀ ਵਿਚ ਉਸੇ ਲਹਿਜੇ ਨਾਲ ਪੁੱਛੀ, 'ਆਪ ਯਹੀਂ ਦਿੱਲੀ ਮੇਂ ਰਹਿਤੇ ਹੋ।'

'ਨਹੀਂ, ਮੈਂ ਤਾਂ ਪੰਜਾਬ ਤੋਂ ਹਾਂ... ਸੰਗਰੂਰ ਜ਼ਿਲ੍ਹੇ ਤੋਂ।'

'ਕਿਹੜੀ ਜਗ੍ਹਾ ਤੋਂ?' ਮੈਂ ਵੀ ਰੰਗ ਬਦਲ ਲਿਆ। ਜਿਵੇਂ ਸੁਨਿਆਰਾ ਸ਼ਿੰਗਾਰ ਕਰ ਕੇ ਆਈ ਔਰਤ ਦੇ ਮੂੰਹ ਵੱਲ ਘੱਟ, ਗਹਿਣਿਆਂ ਦੇ ਡਿਜ਼ਾਇਨ ਕਰ ਕੇ ਸੁਰਾਹੀ ਵਰਗੀ ਗਰਦਣ ਵੱਲ ਵੱਧ ਵੇਖ ਰਿਹਾ ਹੁੰਦਾ ਹੈ।

'ਤੁਸੀਂ ਕੀ ਕਰਦੇ ਹੋ?'

'ਪੰਜਾਬ ਸਿਖਿਆ ਵਿਭਾਗ ਵਿਚ ਐਸ.ਐਸ. ਮਿਸਟ੍ਰੈਸ ਹਾਂ। ਅੱਜ ਕੱਲ੍ਹ ਡੈਪੂਟੇਸ਼ਨ 'ਤੇ ਪੰਜਾਬ ਸਕੂਲ ਸਿਖਿਆ ਬੋਰਡ 'ਚ।'

'ਮੇਰਾ ਨਾਂ ਐਸ. ਅਸ਼ੋਕ ਭੌਰਾ ਹੈ, ਫਿਰ ਤਾਂ ਸੁਣਿਆ ਹੋਣਾ ਕਿਤੇ।'

'ਚੰਗੀ ਤਰ੍ਹਾਂ। ਤੁਹਾਨੂੰ ਤਾਂ ਬੜੇ ਚਿਰ ਤੋਂ ਅਖਬਾਰਾਂ ਵਿਚ ਪੜ੍ਹਦੀ ਆ ਰਹੀ ਹਾਂ। ਤੁਸੀਂ ਸ਼ੌਕੀ ਮੇਲਾ ਨੀ ਲਾਉਂਦੇ ਮਾਹਿਲਪੁਰ?'

'ਹਾਂ ਬਿਲਕੁਲ। ਮੇਰੀ ਬੇਨਤੀ ਹੈ ਕਿ ਅਗਲੇ ਸਾਲ 29 ਜਨਵਰੀ ਨੂੰ ਤੁਸੀਂ ਉਸ ਮੇਲੇ ਦੀ ਸੰਚਾਲਨਾ ਕਰੋ।'



**ਮਾਹਿਲਪੁਰ ਦੇ ਸ਼ੌਕੀ ਮੇਲੇ 'ਤੇ ਮਰਹੂਮ ਦਿਲਬਾਗ ਸਿੰਘ ਨਵਾਂ ਸ਼ਹਿਰ ਦੇ ਸਨਮਾਨ ਦੀ ਤਸਵੀਰ। ਮੇਰੇ ਨਾਲ ਧੁਰ ਖੱਬੇ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ (ਹੁਣ ਅਕਾਲੀ ਦਲ ਦੇ ਗੜ੍ਹਸ਼ੰਕਰ ਤੋਂ ਐਮ.ਐਲ.ਏ.) ਤੇ ਐਨ ਸੱਜੇ ਮੰਚ ਸੰਚਾਲਨ ਕਰਦਿਆਂ ਆਸ਼ਾ ਸ਼ਰਮਾ**

'ਧੰਨਭਾਗ ਹੋਵੇਗਾ ਮੇਰਾ। ਏਡੇ ਵੱਡੇ ਮੇਲੇ ਵਿਚ ਮੇਰੀ ਐਂਟਰੀ।'

... ਤੇ ਮੈਨੂੰ ਵਿਸ਼ਵਾਸ ਹੋ ਗਿਆ ਸੀ ਕਿ ਪ੍ਰੋ. ਮੋਹਨ ਸਿੰਘ ਮੇਲੇ ਵਾਂਗ ਮਹਾਨ ਬਣੇ ਮਾਹਿਲਪੁਰ ਦੇ ਸ਼ੌਕੀ ਮੇਲੇ ਨੂੰ ਨਵੀਂ ਦਿੱਖ ਤੇ ਰੂਹ ਦੇਣ ਵਿਚ ਮੈਂ ਸਫ਼ਲ ਹੋ ਗਿਆ ਹਾਂ।

ਉਨ੍ਹਾਂ ਦਿਨਾਂ ਵਿਚ ਪੰਚਾਇਤੀ ਵਿਭਾਗ ਵਾਲਾ ਰੈਸਟ ਹਾਊਸ ਮਾਹਿਲਪੁਰ 'ਚ ਸਾਰਾ ਜਨਵਰੀ ਮਹੀਨਾ ਮੇਰੇ ਨਾਂ 'ਤੇ ਰਾਖਵਾਂ ਹੁੰਦਾ ਸੀ। ਮੇਰੀ ਯਾਦ ਦੀ ਨਿਸ਼ਾਨੀ ਇਹ ਵੀ ਹੈ ਕਿ ਉਸ ਰੈਸਟ ਹਾਊਸ ਦਾ ਕਰਮਚਾਰੀ ਅਤੇ ਸਾਡੀ ਰੱਜ ਕੇ ਸੇਵਾ ਕਰਨ ਵਾਲਾ ਸਤਪਾਲ ਹਾਲੇ ਵੀ ਉਥੇ ਹੀ ਡਿਊਟੀ ਨਿਭਾ ਰਿਹਾ ਹੈ।

1994 ਦੇ ਸ਼ੌਕੀ ਮੇਲੇ ਵਿਚ ਪੀ. ਡਬਲਿਊ. ਡੀ. ਵਿਭਾਗ ਵਲੋਂ ਪਾਈਪਾਂ ਦੀ ਬੈਰੀਕੇਡਿੰਗ ਹੋਣ ਕਰ ਕੇ, ਤੇ ਵੱਡੇ ਗਾਇਕਾਂ ਦੀ ਇਕੋ ਦਿਨ ਸ਼ਮੂਲੀਅਤ ਕਰ ਕੇ, ਤੇ ਨਾਲ ਹੀ ਪਹਿਲੀ ਵਾਰ ਕਿਸੇ ਸਿਆਸੀ ਨੇਤਾ ਦੇ ਆਉਣ ਕਰ ਕੇ ਈ.ਡੀ.ਸੀ. ਜਗਜੀਤ ਸਿੰਘ ਤੇ ਐਸ.ਡੀ.ਐਮ. ਗੜ੍ਹਸ਼ੰਕਰ ਸਤਵੰਤ ਸਿੰਘ ਜੌਹਲ ਦੀ ਅਗਵਾਈ 'ਚ ਸ਼ੌਕੀ ਟਰੱਸਟ ਦੀ 24 ਜਨਵਰੀ ਦੀ ਆਥਣੇ ਅਹਿਮ ਮੀਟਿੰਗ ਵਿਚ ਜਗਦੇਵ ਸਿੰਘ ਜੱਸੋਵਾਲ ਨਾਲ ਦੋ ਲੂੰਏਂ ਜਿਹੇ ਮੁੰਡੇ ਸਨ। ਮੀਟਿੰਗ ਵਿਚ ਇਕ ਨੇ ਤਾਂ ਪਹਿਲਾਂ ਗੀਤ ਸੁਣਾਇਆ, ਉਹ ਸੀ ਅੱਜ ਦਾ ਵੱਡਾ ਗਵੱਈਆ ਰਵਿੰਦਰ ਗਰੇਵਾਲ, ਤੇ ਜੱਸੋਵਾਲ ਨੇ ਜਦੋਂ ਦੂਜੇ ਮੁੰਡੇ ਨੂੰ ਖੜ੍ਹਾ ਕੀਤਾ ਤਾਂ ਕਿਹਾ, 'ਇਸ ਗੱਭਰੂ ਦਾ ਨਾਂ ਹਰਵਿੰਦਰ ਰਿਆੜ ਹੈ। ਅਸ਼ੋਕ ਇਹਨੂੰ ਐਤਕਾਂ ਸ਼ੌਕੀ ਮੇਲੇ ਦਾ ਸੰਚਾਲਨ ਦੇਣਾਂ... ਸਿਖਰ ਹੋ ਜੂ।'... ਤੇ ਨਾਲ ਹੀ ਉਹਨੇ ਰਿਆੜ ਨੂੰ ਕਿਹਾ, 'ਵੇਖ ਨਾ... ਹੋ ਜਾ ਸ਼ੁਰੂ।'

ਤੇ ਰਿਆੜ ਨੇ ਉਦੋਂ ਜਿਹੜੀਆਂ ਪਹਿਲੀਆਂ ਸਤਰਾਂ ਸੁਣਾਈਆਂ ਉਹ ਮੈਨੂੰ ਯਾਦ ਨੇ,

ਜਿੰਦਾ ਕੁੰਡਾ ਮਾਰ ਕੇ,
ਬੂਹਾ ਢੋਇਆ ਹੋਇਆ ਸੀ
ਉਤੇ ਜੀ ਆਇਆਂ ਨੂੰ
ਲਿਖਿਆ ਹੋਇਆ ਸੀ।

ਜੱਸੋਵਾਲ ਨੂੰ ਮੈਂ ਜਵਾਬ ਦਿੱਤਾ, 'ਨਹੀਂ ਜੀ ਸੌਰੀ... ਮੈਂ ਇਸ ਵਾਰ ਇਕ ਔਰਤ ਦੇ ਹੱਥ ਮਾਈਕ ਦੇ ਰਿਹਾਂ। ਮਾਹਿਲਪੁਰ ਨੇ ਹੀ ਨਹੀਂ, ਸਮੁੱਚੇ ਪੰਜਾਬ ਦੇ ਲੋਕ ਉਹਦਾ ਸ਼ਬਦਾਂ ਦਾ ਸਾਉਣ ਵਰਗਾ ਛਰਾਟਾ ਸੁਣ ਕੇ ਦੰਗ ਹੀ ਨਹੀਂ ਰਹਿਣਗੇ, ਸਗੋਂ ਅਸ਼-ਅਸ਼ ਕਰ ਉਠਣਗੇ।'

ਏ.ਡੀ.ਸੀ. ਜਗਜੀਤ ਸਿੰਘ ਦੀ ਗੱਲ ਯਾਦ ਹੈ ਜੋ ਉਸ ਮੀਟਿੰਗ ਵਿਚ ਉਹਨੇ ਆਖੀ ਸੀ, 'ਅਸ਼ੋਕ ਵੇਖੀਂ ਕਿਤੇ ਮੇਲੇ ਦੀਆਂ ਮਲਕੀਤ ਨਾਲ ਸਿਰਜੀਆਂ ਸਿਖਰਾਂ ਹੇਠਾਂ ਨੂੰ ਖਿਸਕ ਆਉਣ!'

ਪੰਜਾਬ ਵਿਚ ਅਤਿਵਾਦ ਉਦੋਂ ਤਕ ਕਾਫ਼ੀ ਸੁੰਗੜ ਗਿਆ ਸੀ। ਇਸ ਲਈ ਲੋਕਾਂ ਦਾ ਇਕੱਠ ਕਿਲਾ ਰਾਏਪੁਰ ਦੀਆਂ ਖੇਡਾਂ ਨੂੰ ਵੀ ਮਾਤ ਪਾ ਗਿਆ ਸੀ। ਉਦੋਂ ਗੁਰਭਜਨ ਸਿੰਘ ਗਿੱਲ ਨੇ ਟਿੱਪਣੀ ਕੀਤੀ ਸੀ, 'ਅਸ਼ੋਕ ਪ੍ਰੋ. ਮੋਹਨ ਸਿੰਘ ਮੇਲੇ ਤੋਂ ਸ਼ੌਕੀ ਨੂੰ ਅੱਗੇ ਲੈ ਗਿਆ ਹੈ।'

ਤੇ ਫਿਰ ਆਸ਼ਾ ਸ਼ਰਮਾ ਨੇ ਆਪਣੀ ਪਹਿਲੀ ਹਾਜ਼ਰੀ ਨਾਲ ਦੱਸ ਦਿੱਤਾ ਸੀ ਕਿ ਪੰਜਾਬ ਦੇ ਸੰਗੀਤਕ ਹਲਕਿਆਂ ਵਿਚ ਨਵਾਂ ਚੰਦ ਗੋਡਣੀ ਮਾਰ ਕੇ ਚੜ੍ਹ ਗਿਆ ਹੈ। 94 ਦੇ ਇਸ ਮੇਲੇ ਵਿਚ ਨਾ ਸਿਰਫ਼ ਗਾਇਕ ਖੁਸ਼ ਸਨ, ਸਗੋਂ ਲੋਕਾਂ ਦੇ ਨਾਲ-ਨਾਲ ਸਮੁੱਚਾ ਪ੍ਰਸ਼ਾਸਨ ਬਾਗੋ-ਬਾਗ ਸੀ। ਗੱਲ ਮੇਲੇ ਦੀ ਘੱਟ, ਆਸ਼ਾ ਸ਼ਰਮਾ ਦੀ ਵੱਧ ਹੋ ਰਹੀ ਸੀ। ਡਿਪਟੀ ਕਮਿਸ਼ਨਰ ਸੀ. ਰਾਉਲ ਨੇ ਮੇਰੇ ਕੰਨ ਵਿਚ ਕਿਹਾ, 'ਅਗਲੀ ਵਾਰ ਤੋਂ ਮੇਲੇ ਦੀ ਜ਼ਿਲ੍ਹੇ 'ਚ ਨਹੀਂ, ਸਰਕਾਰ ਨੂੰ ਪੰਜਾਬ 'ਚ ਛੁੱਟੀ ਕਰਨ ਦੀ ਸਿਫ਼ਾਰਸ਼ ਕਰਾਂਗੇ। ਸਟੇਜ ਚਲਾਉਣ ਵਾਲੀ ਆਸ਼ਾ ਦਾ ਕੋਈ ਜਵਾਬ ਨਹੀਂ।'

ਆਸ਼ਾ ਸ਼ਰਮਾ ਉਦੋਂ ਮਾਹਿਲਪੁਰ ਤੋਂ ਚਾਰ ਕੋਹ ਦੂਰ ਦੀਦਾਰ ਸਿੰਘ ਬੈਂਸ ਦੇ ਪਿੰਡ ਨੰਗਲ ਖੁਰਦ ਦੇ ਨਾਲ ਪੈਂਦੇ ਚੱਕ ਕਟਾਰੂ ਵਿਚ ਮੇਰੇ ਰਿਸ਼ਤੇਦਾਰਾਂ ਦੇ ਘਰ ਦੋ ਰਾਤਾਂ ਰਹੀ।

ਜਦੋਂ ਅਗਲੇ ਦਿਨ ਮੈਂ ਸਵੇਰ ਉਠਿਆ, ਤਾਂ ਰੈਸਟ ਹਾਊਸ ਵਾਲੇ ਸਤਪਾਲ ਨੇ ਸਹਿਜ ਸੁਭਾਅ ਆਖਿਆ, 'ਇਸ ਵਾਰ ਦਾ ਸ਼ੌਕੀ ਮੇਲਾ ਆਸ਼ਾ ਸ਼ਰਮਾ ਦੇ ਨਾਂ ਕੀਤਾ ਜਾ ਸਕਦਾ ਹੈ।' ਕੁਲਦੀਪ ਮਾਣਕ ਆਪਣੇ ਸੁਭਾਅ ਮੁਤਾਬਕ ਸਿਫ਼ਤ ਕਿਸੇ ਦੀ ਘੱਟ ਹੀ ਕਰਦਾ ਸੀ, ਉਹਨੇ ਵੀ ਪ੍ਰਵਾਨ ਕੀਤਾ, 'ਛਾ ਗਈ ਆਸ਼ਾ।' ਜੱਸੋਵਾਲ ਬੋਲਿਆ, 'ਹੁਣ ਮੇਲਿਆਂ ਨੂੰ ਨਵਾਂ ਰੂਪ ਚੜ੍ਹੇਗਾ।' ਸ਼ਮਸ਼ੇਰ ਸੰਧੂ ਨੇ 'ਪੰਜਾਬੀ ਟ੍ਰਿਬਿਊਨ' ਵਿਚ ਮੇਲੇ ਦੀ ਲਿਖੀ ਰਿਪੋਰਟ ਵਿਚ ਸਭ ਤੋਂ ਵੱਧ ਆਸ਼ਾ ਸ਼ਰਮਾ ਦੀਆਂ ਸਿਫ਼ਤਾਂ ਕੀਤੀਆਂ। ਉਦੋਂ ਸਿਆਸੀ ਲੋਕ ਵੀ ਸੋਚਣ




ਐਸ. ਅਸ਼ੋਕ ਭੌਰਾ

ਲੱਗੇ ਸਨ ਕਿ ਆਸ਼ਾ ਸ਼ਰਮਾ ਨਾਲ ਹੁਣ ਕਾਨਫਰੰਸਾਂ ਸਫ਼ਲ ਹੋ ਜਾਇਆ ਕਰਨਗੀਆਂ।

ਖੇਤੀਬਾੜੀ ਤੇ ਜੰਗਲਾਤ ਮੰਤਰੀ ਸ. ਦਿਲਬਾਗ ਸਿੰਘ ਨੇ ਆਪਣੇ ਭਾਸ਼ਣ ਵਿਚ ਲੋਕਾਂ ਦਾ ਇਕੱਠ ਵੇਖ ਕੇ ਪਹਿਲੀ ਗੱਲ ਇਹ ਕਹੀ ਸੀ, 'ਮੈਨੂੰ ਨਹੀਂ ਸੀ ਪਤਾ ਕਿ ਮੇਰਾ ਪੇਂਡੂ ਮੁੰਡਾ ਇੰਨਾ ਗੁਣੀ ਹੈ।' ਦੂਜੀ ਗੱਲ, 'ਆਸ਼ਾ ਨੂੰ ਕਿਤੇ ਪਿੰਡ ਵੀ ਬੁਲਾ।'

ਪ੍ਰਾਈਮ ਮਨਿਸਟਰ ਹਾਊਸ ਵਿਚ ਜਾਣ ਕਰ ਕੇ ਹੋਈ ਮੇਰੀ ਇਹ ਖੋਜ ਸਮੁੱਚੇ ਪੰਜਾਬੀਆਂ ਨੇ ਪ੍ਰਵਾਨ ਕਰ ਲਈ। ਕਲਾ ਭਰਪੂਰ ਤੇ ਗੁਣਵਾਨ ਲੋਕਾਂ ਨੇ ਅੱਗੇ ਲੰਘ ਹੀ ਜਾਣਾ ਹੁੰਦਾ ਹੈ, ਪਰ ਚਿੱਠੀ ਠਿਕਾਣੇ 'ਤੇ ਪੁੱਜਣ ਵਿਚ ਖੁਸ਼ਖ਼ਤ ਪਤਾ ਵੀ ਮਦਦ ਕਰਦਾ ਹੈ। ਉਸੇ ਸਾਲ ਸਮੁੱਚਾ ਮੀਡੀਆ ਆਸ਼ਾ ਸ਼ਰਮਾ ਵੱਲ ਕਾਫ਼ੀ ਉਲਾਰ ਹੋ ਗਿਆ ਸੀ।

ਦੂਰਦਰਸ਼ਨ ਜਲੰਧਰ ਵਲੋਂ ਜਦੋਂ ਗੁਰਦਾਸ ਆਲਮ ਦੀ ਬੇਟੀ ਨਿਰਮਾਤਾ ਸੁਦੇਸ਼ ਕਲਿਆਣ ਨੇ ਇਸ ਮੇਲੇ ਦੀ ਅੱਧੇ ਘੰਟੇ ਦੀ ਰਿਪੋਰਟ ਚਲਾਈ ਤਾਂ ਆਸ਼ਾ ਦੂਰਦਰਸ਼ਨ ਦੇ ਪ੍ਰੋਗਰਾਮਾਂ ਦੀ ਸ਼ਿੰਗਾਰ ਬਣ ਗਈ। ਹੁਣ ਪੰਜ ਸੌ, ਹਜ਼ਾਰ, ਗਿਆਰਾਂ ਸੌ ਡਾਲਰ ਲੈਣ ਵਾਲੀ ਆਸ਼ਾ ਨੂੰ ਮੈਂ ਸਿਰਫ਼ ਪੰਜ ਸੌ ਰੁਪਇਆ ਦਿੱਤਾ ਸੀ, ਤੇ 30 ਜਨਵਰੀ ਦੀ ਸਵੇਰ ਨੂੰ ਲੋਹੜੇ ਦੀ ਧੁੰਦ ਵਿਚ ਆਪ ਕਾਰ ਚਲਾ ਕੇ ਨਵਾਂ ਸ਼ਹਿਰ ਤੋਂ ਮੋਢੇ ਜਿੱਡੀ ਟਰਾਫ਼ੀ ਨਾਲ ਬੱਸੇ ਬਿਠਾ ਕੇ ਗਿਆ ਸਾਂ। ਫਿਰ ਮੈਂ ਹਰਮੋਹਨ ਨੂੰ ਜਾਣਨ ਲੱਗ ਪਿਆ ਸਾਂ, ਤੇ ਸੁਕਰੀਤੀ ਨੂੰ ਵੀ, ਤੇ ਬੱਬਲ ਨੂੰ ਵੀ।

ਉਸੇ ਸਾਲ ਦੀ ਇਕ ਹੋਰ ਘਟਨਾ ਜੋ ਆਸ਼ਾ ਸ਼ਰਮਾ ਨਾਲ ਜੁੜਦੀ ਹੈ, ਤੁਹਾਡੇ ਨਾਲ ਸਾਂਝੀ ਕਰਨ ਲੱਗਾ ਹਾਂ ਕਿ ਜਦੋਂ ਕਿਸੇ ਦੀ ਵੀ ਪ੍ਰਸਿੱਧੀ ਹੁੰਦੀ ਹੈ ਤਾਂ ਹੈਰਾਨੀਜਨਕ ਘਟਨਾਵਾਂ ਵੀ ਵਾਪਰਦੀਆਂ ਹਨ।

ਉਨ੍ਹਾਂ ਦਿਨਾਂ ਵਿਚ ਮੈਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੋਟ ਫ਼ਤੂਹੀ ਵਿਚ ਪੜ੍ਹਾਉਂਦਾ ਸਾਂ। ਜਿਸ ਦਿਨ ਮੈਂ ਤੜਕੇ ਆਸ਼ਾ ਸ਼ਰਮਾ ਨੂੰ ਨਵੇਂ ਸ਼ਹਿਰ ਬੱਸ ਚੜ੍ਹਾ ਕੇ ਗਿਆ ਸਾਂ, ਉਦਣ ਹੀ ਕਰੀਬ ਇਕ ਮਹੀਨੇ ਪਿੱਛੋਂ ਜਦੋਂ ਮੈਂ ਸਕੂਲ ਗਿਆ ਤਾਂ

(ਬਾਕੀ ਸਫਾ 29 'ਤੇ)

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਸੌਂ ਜਾ ਲਾ ਕੇ ਘੁੱਟ

ਨ੍ਹੇਰ ਦਿਨੇ ਫਿਰ ਤਾਂ ਪਵੇ ਜਦ ਚੜ੍ਹੇ ਘਟਾ ਘਨਘੋਰ।
ਜਾਂ ਫਿਰ ਲੁੱਟਣ ਲੱਗ ਪੈਣ ਵਰਦੀ ਪਾ ਕੇ ਚੋਰ।
ਫਿਕਰਾਂ ਦੇ ਵਿਚ ਬਾਪ ਦਾ ਰਹੇ ਉਦਾਸਿਆ ਜੀਅ।
ਜਿਸਮ ਵੇਚ ਕੇ ਆ ਰਹੀ ਮਾਂ ਨਾਲ ਰਲ ਕੇ ਧੀ।
ਰੂੜੀਆਂ 'ਤੇ ਫਿਰ ਰਿਹੈ ਮੋਤੀ ਚੁਗਣਾ ਹੰਸ।
ਹੁਣ ਨ੍ਹੀਂ ਕ੍ਰਿਸ਼ਨ ਨੇ ਆਵਣਾ ਫਿਰੇ ਹੰਕਾਰਿਆ ਕੰਸ।
ਬੰਦੇ ਉਂਜ ਸ਼ਰੀਫ਼ ਸਨ ਪਈ ਕਸੂਤੀ ਅੱਲ੍ਹ।
ਸ਼ੇਰ ਗਿੱਦੜ ਨੂੰ ਵੇਚਦੇ ਆਪਣੀ ਲਾਹ ਕੇ ਖੱਲ।
ਬਾਗੀ ਬੀਵੀ ਹੋ ਗਈ ਹੱਥ ਮਲੇ ਹੁਣ ਕੰਤ।
ਦਿਨੇ ਭਜਾ ਕੇ ਲੈ ਗਿਆ ਡੇਰਿਉਂ ਕੱਲ੍ਹ ਮਹੰਤ।
ਐਵੇਂ ਢਿੱਡ ਵਜਾ ਰਹੇ ਸੁਣੋ ਪਤੇ ਦੀ ਗੱਲ।
ਟੱਲੀਆਂ ਕਿਥੇ ਸੁਣਦੀਆਂ ਜਦੋਂ ਖੜਕਦੇ ਟੱਲ।
ਭੁੱਲ ਕੇ ਵੀ ਤੂੰ ਖੋਲ੍ਹ ਨਾ ਘੁੱਟ ਲੈ 'ਭੌਰੇ' ਮੁੱਠ।
ਕਾਹਨੂੰ ਫਿਰਦੈਂ ਝੁਰਦਾ ਸੌਂ ਜਾ ਲਾ ਕੇ ਘੁੱਟ।

## ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ

ਇਸ ਸਲੋਕ ਵਿਚ ਗੁਰੂ ਨਾਨਕ ਸਾਹਿਬ ਅਕਾਲ ਪੁਰਖ ਦੇ ਨਾਮ ਦੀ ਵਡਿਆਈ ਦੱਸ ਰਹੇ ਹਨ ਕਿ ਇਹ ਹਰ ਤਰ੍ਹਾਂ ਦੀਆਂ ਸੰਸਾਰਕ ਪ੍ਰਾਪਤੀਆਂ ਅਤੇ ਨਿਹਮਤਾਂ ਤੋਂ ਉਤੇ ਹੈ ਅਤੇ ਨਾਮ ਦੀ ਦਾਤ ਦੀ ਪ੍ਰਾਪਤੀ ਅਕਾਲ ਪੁਰਖ ਦੀ ਮਿਹਰ ਰਾਹੀਂ ਪ੍ਰਾਪਤ ਹੁੰਦੀ ਹੈ।

ਗੁਰੂ ਨਾਨਕ ਸਾਹਿਬ ਹਰ ਤਰ੍ਹਾਂ ਦੀਆਂ ਸੰਸਾਰਕ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹਨ ਕਿ ਜੇ ਮੈਂ ਅੱਗ ਨੂੰ ਆਪਣਾ ਪਹਿਰਾਵਾ ਬਣਾ ਲਵਾਂ ਜਾਂ ਬਰਫ ਦਾ ਘਰ ਬਣਾ ਕੇ ਰਹਿਣ ਲੱਗ ਪਵਾਂ, ਲੋਹੇ ਵਰਗੀ ਸਖਤ ਵਸਤੂ ਨੂੰ ਖਾ ਸਕਦਾ ਹੋਵਾਂ, ਭਾਵ ਮੇਰੇ ਅੰਦਰ ਏਨੀ ਮਾਨਸਿਕ ਸ਼ਕਤੀ ਆ ਜਾਵੇ ਕਿ ਅੱਗ ਵਰਗੀ ਸਾੜ ਦੇਣ ਵਾਲੀ ਵਸਤੂ ਅਤੇ ਬਰਫ ਵਰਗੀ ਠੰਡੀ ਵਸਤੂ ਜੋ ਸਰੀਰ ਵਿਚ ਲਹੂ ਨੂੰ ਵੀ ਜਮਾ ਦਿੰਦੀ ਹੈ, ਲੋਹਾ ਜਿਸ ਨੂੰ ਜੀਵ ਵਾਸਤੇ ਖਾ ਸਕਨਾ ਮੁਸ਼ਕਿਲ ਹੀ ਨਹੀਂ, ਅਸੰਭਵ ਵੀ ਹੈ, ਸਹਿਣ ਦੀ ਸ਼ਕਤੀ ਆ ਜਾਵੇ ਤਾਂ ਇਹ ਪ੍ਰਾਪਤੀਆਂ ਅਕਾਲ ਪੁਰਖ ਦੇ ਨਾਮ ਦੀ ਪ੍ਰਾਪਤੀ ਦੇ ਸਾਹਮਣੇ ਤੁੱਛ ਹਨ।

ਜੇ ਮੇਰੇ ਵਿਚ ਏਨੀ ਤਾਕਤ ਆ ਜਾਵੇ ਕਿ ਮੈਂ ਸਾਰੇ ਦੁੱਖਾਂ ਨੂੰ ਪਾਣੀ ਵਾਂਗ ਪੀ ਲਵਾਂ ਅਰਥਾਤ ਸਾਰੇ ਦੁੱਖਾਂ ਨੂੰ ਅਰਾਮ ਨਾਲ ਸਹਾਰ ਸਕਦਾ ਹੋਵਾਂ ਅਤੇ ਸਾਰੀ ਧਰਤੀ 'ਤੇ ਮੇਰਾ ਹੁਕਮ ਚੱਲਦਾ ਹੋਵੇ, ਸਾਰੀ ਧਰਤੀ ਮੇਰੇ ਹੁਕਮ ਅਨੁਸਾਰ ਚੱਲ ਰਹੀ ਹੋਵੇ, ਜੇ ਮੈਂ ਤੱਕੜੀ ਵਿਚ ਅਸਮਾਨ ਨੂੰ ਰੱਖ ਕੇ ਉਸ ਦੇ ਦੂਸਰੇ ਛਾਬੇ ਵਿਚ ਚਾਰ ਮਾਸੇ ਦਾ ਵੱਟਾ ਪਾ ਕੇ ਤੋਲ ਸਕਾਂ, ਜੇ ਮੈਂ ਆਪਣੇ ਸਰੀਰ ਦਾ ਆਕਾਰ ਏਨਾ ਵੱਡਾ ਕਰ ਸਕਦਾ ਹੋਵਾਂ ਕਿ ਇਹ ਕਿਧਰੇ ਸਮਾ ਹੀ ਨਾ ਸਕੇ ਅਤੇ ਸੰਸਾਰ ਦੇ ਸਾਰੇ ਜੀਵਾਂ ਨੂੰ ਆਪਣੇ ਹੁਕਮ ਵਿਚ ਚਲਾ ਸਕਦਾ ਹੋਵਾਂ, ਜੇ ਮੈਂ ਏਨਾ ਤਾਕਤਵਰ ਹੋ ਜਾਵਾਂ ਕਿ ਜੋ ਚਾਹੇ ਕਰਾਂ ਅਤੇ ਆਪਣੇ ਹੁਕਮ ਨਾਲ ਦੂਸਰਿਆਂ ਪਾਸੋਂ ਕਰਵਾ ਸਕਾਂ ਤਾਂ ਵੀ ਇਹ ਸਾਰੀਆਂ ਪ੍ਰਾਪਤੀਆਂ ਅਕਾਲ ਪੁਰਖ ਦੇ ਨਾਮ ਦੇ ਸਾਹਮਣੇ ਤੁੱਛ ਹਨ।

ਉਹ ਅਕਾਲ ਪੁਰਖ ਜੋ ਸਭ ਦਾ ਮਾਲਕ ਹੈ, ਜਿੱਡਾ ਵੱਡਾ ਆਪ ਹੈ, ਓਨੀਆਂ ਵੱਡੀਆਂ ਹੀ ਉਸ ਦੀਆਂ ਬਖਸ਼ਿਸ਼ਾਂ ਹਨ ਅਤੇ ਜੇ ਉਹ ਆਪਣੀ ਰਜ਼ਾ ਦਾ ਸੁਆਮੀ ਅਕਾਲ ਪੁਰਖ ਹੋਰ ਵੀ ਬੇਅੰਤ ਦਾਤਾਂ ਦੇ ਦੇਵੇ ਤਾਂ ਉਹ ਵੀ ਉਸ ਦੇ ਨਾਮ ਦੇ ਸਾਹਮਣੇ ਤੁੱਛ ਹਨ। ਇਸ ਆਪਣੇ ਸੱਚੇ ਨਾਮ ਦੀ ਦਾਤ ਦੀ ਵਡਿਆਈ ਅਕਾਲ ਪੁਰਖ ਉਸ ਨੂੰ ਬਖਸ਼ਿਸ਼ ਕਰਦਾ ਹੈ ਜਿਸ 'ਤੇ ਉਸ ਦੀ ਮਿਹਰ ਦੀ ਨਜ਼ਰ ਹੁੰਦੀ ਹੈ, ਜਿਸ 'ਤੇ ਉਹ ਆਪਣੀ ਮਿਹਰ ਕਰਦਾ ਹੈ। ਉਸ ਦੇ ਨਾਮ ਦੀ ਬਰਕਤ ਹਰ ਤਰ੍ਹਾਂ ਦੀਆਂ ਤਾਕਤਾਂ ਨਾਲੋਂ ਵੱਧ ਹੈ,

ਪਹਿਰਾ ਅਗਨਿ ਹਿਵੈ ਘਰੁ  
ਬਾਧਾ ਭੋਜਨੁ ਸਾਰੁ ਕਰਾਈ॥  
ਸਗਲੇ ਦੂਖ ਪਾਣੀ ਕਰਿ ਪੀਵਾ  
ਧਰਤੀ ਹਾਕ ਚਲਾਈ॥...  
ਜੇਵਡੁ ਸਾਹਿਬੁ ਤੇਵਡ ਦਾਤੀ  
ਦੇ ਦੇ ਕਰੇ ਰਜਾਈ॥  
ਨਾਨਕ ਨਦਰਿ ਜਿਸੁ ਉਪਰਿ  
ਸਚਿ ਨਾਮਿ ਵਡਿਆਈ॥੧॥ (ਪੰਨਾ ੧੪੬)

ਇਸ ਤੋਂ ਅਗਲਾ ਸਲੋਕ ਗੁਰੂ ਅੰਗਦ ਦੇਵ ਦਾ ਹੈ ਜਿਸ ਵਿਚ ਉਨ੍ਹਾਂ ਨੇ ਦੱਸਿਆ ਹੈ ਕਿ ਤ੍ਰਿਸ਼ਨਾ ਨਾਲ ਮਾਰੇ ਹੋਏ ਮਨੁੱਖ ਦੀ ਕਿਸੇ ਤਰ੍ਹਾਂ ਨਾਲ ਵੀ ਤ੍ਰਿਪਤੀ ਨਹੀਂ ਹੁੰਦੀ। ਉਸ ਦੀ ਭੁੱਖ ਤਾਂ ਹੀ ਮਿਟਦੀ ਹੈ ਜੇ ਉਹ ਉਸ ਗੁਣਾਂ ਦੇ ਭੰਡਾਰ ਅਕਾਲ ਪੁਰਖ ਦੇ ਗੁਣ ਗਾਵੇ ਅਤੇ ਗੁਣ ਗਾਉਂਦਿਆਂ ਹੋਇਆਂ ਉਸ ਵਿਚ ਲੀਨ ਹੋ ਜਾਵੇ।

ਗੁਰੂ ਅੰਗਦ ਦੇਵ ਦੱਸਦੇ ਹਨ, ਮਨੁੱਖ ਦਾ ਮੂੰਹ ਬੋਲ ਬੋਲ ਕੇ ਰੱਜਦਾ ਨਹੀਂ ਕਿਉਂਕਿ ਉਸ ਨੂੰ ਬੋਲਣ ਦਾ ਚਸਕਾ ਹੁੰਦਾ ਹੈ। ਇਸੇ ਤਰ੍ਹਾਂ ਕੰਨ ਗੱਲਾਂ ਸੁਣ ਸੁਣ ਕੇ ਅਤੇ ਅੱਖਾਂ ਦੁਨੀਆਂ ਦੇ ਰੰਗ ਤਮਾਸ਼ੇ ਦੇਖ ਦੇਖ ਕੇ ਨਹੀਂ ਰੱਜਦੀਆਂ। ਮਨੁੱਖ ਦੇ ਇਹ ਸਾਰੇ ਇੰਦਰੇ ਇੱਕ ਇੱਕ ਕਿਸਮ ਦੇ ਗੁਣਾਂ ਦੇ, ਰਸਾਂ ਦੇ ਗ੍ਰਾਹਕ ਹਨ ਅਤੇ ਇਸ ਆਪਣੀ ਆਪਣੀ ਗ੍ਰਾਹਕੀ ਵਿਚ ਇਹ ਜਿੰਨੀ ਮਰਜ਼ੀ ਪ੍ਰਾਪਤੀ ਕਰ ਲੈਣ, ਇਨ੍ਹਾਂ ਦੀ ਤ੍ਰਿਪਤੀ ਨਹੀਂ ਹੁੰਦੀ। ਬੇਸ਼ਕ ਇਨ੍ਹਾਂ ਇੰਦਰਿਆਂ ਨੂੰ ਜਿੰਨਾ ਮਰਜ਼ੀ ਸਮਝਾ ਲਿਆ ਜਾਵੇ, ਇਹ ਸਮਝਦੇ ਨਹੀਂ ਅਤੇ ਨਾ ਹੀ ਸਮਝਾਉਣ ਨਾਲ ਰੱਜਦੇ ਹਨ। ਗੱਲਾਂ ਨਾਲ ਇਨ੍ਹਾਂ ਦੀ ਭੁੱਖ ਪੂਰੀ ਨਹੀਂ ਹੁੰਦੀ। ਇਨ੍ਹਾਂ ਇੰਦਰਿਆਂ ਦੀ ਭੁੱਖ ਤਾਂ ਹੀ ਤ੍ਰਿਪਤ ਹੋ ਸਕਦੀ ਹੈ ਜੇ ਇਹ ਹਰ ਸਮੇਂ ਉਸ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਨ ਅਤੇ ਉਸ ਦੇ ਗੁਣਾਂ ਦਾ ਗਾਇਨ ਕਰਦੇ ਕਰਦੇ ਉਸ ਵਿਚ ਸਮਾ ਜਾਣ,

ਆਖਣੁ ਆਖਿ ਨ ਰਜਿਆ  
ਸੁਨਣਿ ਨ ਰਜੇ ਕੰਨ॥  
ਅਖੀ ਦੇਖਿ ਨ ਰਜੀਆ  
ਗੁਣ ਗਾਹਕ ਇਕ ਵੰਨ॥  
ਭੁਖਿਆ ਭੁਖ ਨ ਉਤਰੈ  
ਗਲੀ ਭੁਖ ਨ ਜਾਇ॥  
ਨਾਨਕ ਭੁਖਾ ਤਾ ਰਜੈ  
ਜਾ ਗੁਣ ਕਹਿ ਗੁਣੀ ਸਮਾਇ॥੨॥  
(ਪੰਨਾ ੧੪੬)

ਇਸ ਤੋਂ ਅੱਗੇ ਪਉੜੀ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਅਕਾਲ ਪੁਰਖ ਦੇ ਨਾਮ ਨੂੰ ਵਿਸਾਰ ਕੇ, ਉਸ ਦੀ ਅਗਵਾਈ ਤੋਂ ਬਿਨਾ ਜੋ ਵੀ ਕਮਾਈ ਕੀਤੀ ਜਾਂਦੀ ਹੈ, ਉਹ ਸਭ ਕੂੜ ਹੈ। ਗੁਰੂ ਨਾਨਕ ਮਨੁੱਖ ਨੂੰ ਸਮਝਾਉਂਦੇ ਹਨ ਕਿ ਇਸ ਸੰਸਾਰ 'ਤੇ ਆ ਕੇ ਜੇ ਪਰਮਾਤਮਾ ਨੂੰ ਮਨ ਤੋਂ ਵਿਸਾਰ ਦੇਈਏ ਤਾਂ ਬਾਕੀ ਜੋ ਕਮਾਈ ਕੀਤੀ ਜਾਂਦੀ ਹੈ, ਉਹ ਸਭ ਕੂੜ ਹੈ ਕਿਉਂਕਿ ਉਸ ਨੂੰ ਵਿਸਾਰ ਕੇ ਜੋ ਵੀ ਕਮਾਈ ਕੀਤੀ ਜਾਂਦੀ ਹੈ, ਉਹ ਮਨੁੱਖ ਨੂੰ ਮਾਇਆ ਦੀ ਲਪੇਟ ਵਿਚ ਲੈ ਜਾਂਦੀ ਹੈ।

ਇਸ ਲਈ ਸੱਚੇ ਨਾਮ ਨੂੰ ਵਿਸਾਰ ਕੇ ਕੂੜ ਦਾ ਵਪਾਰ ਕਰਦਿਆਂ ਮਨੁੱਖ ਨੂੰ ਮਾਇਆ ਦੇ ਬੰਧਨ ਇਸ ਸੰਸਾਰ ਵਿਚ ਭਟਕਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਮਾਇਆ ਕਾਰਨ ਨਕਾਰਾ ਸਰੀਰ ਮਿੱਟੀ ਵਿਚ ਹੀ ਰੁਲ ਜਾਂਦਾ ਹੈ ਅਰਥਾਤ ਉਸ ਦਾ ਸੰਸਾਰ 'ਤੇ ਆਉਣਾ ਅਜਾਈਂ ਜਾਂਦਾ ਹੈ, ਵਿਅਰਥ ਚਲਾ ਜਾਂਦਾ ਹੈ। ਮਾਇਆ ਵਿਚ ਉਲਝਿਆ ਹੋਇਆ ਮਨੁੱਖ ਜੋ ਵੀ ਖਾਂਦਾ ਹੈ ਜਾਂ ਪਹਿਨਦਾ ਹੈ, ਉਸ ਨਾਲ ਉਸ ਦੀ ਤ੍ਰਿਪਤੀ ਹੋਣ ਦੀ ਥਾਂ ਸਗੋਂ ਉਸ ਦੀ ਤ੍ਰਿਸ਼ਨਾ, ਭਟਕਣ ਵਧ ਜਾਂਦੀ ਹੈ।

ਅਕਾਲ ਪੁਰਖ ਦਾ ਨਾਮ ਵਿਸਾਰ ਕੇ ਸੱਚੇ ਦਰਬਾਰ ਦੀ ਪ੍ਰਾਪਤੀ ਨਹੀਂ ਹੋ ਸਕਦੀ, ਮਨੁੱਖ ਝੂਠ ਦੇ ਆਸਰੇ ਸੱਚੇ ਦਰਬਾਰ ਦੀ ਪ੍ਰਾਪਤੀ ਨਹੀਂ ਕਰ ਸਕਦਾ। ਮਾਇਆ ਦੇ ਝੂਠੇ ਲਾਲਚ ਵਿਚ ਪੈ ਕੇ ਮਨੁੱਖ ਖੁਆਰ ਹੁੰਦਾ ਰਹਿੰਦਾ ਹੈ। ਇਸ ਮਾਇਆ ਕਾਰਨ ਠੱਗਿਆ ਹੋਇਆ ਇਹ ਸੰਸਾਰ ਜਨਮ ਅਤੇ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਮਨੁੱਖ ਦੇ ਸਰੀਰ ਵਿਚ ਇਹ ਤ੍ਰਿਸ਼ਨਾ ਦੀ ਅੱਗ ਗੁਰੂ ਦੇ ਸ਼ਬਦ ਰਾਹੀਂ ਹੀ ਸ਼ਾਂਤ ਹੋ ਸਕਦੀ ਹੈ,

ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ॥  
ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ॥...  
ਸਭੁ ਜਗੁ ਠਗਿਓ ਠਗਿ ਆਈਐ ਜਾਈਐ॥  
ਤਨ ਮਹਿ ਤ੍ਰਿਸਨਾ ਅਗਿ  
ਸਬਦਿ ਬੁਝਾਈਐ॥੧੯॥ (ਪੰਨਾ ੧੪੭)

ਅਗਲੇ ਸਲੋਕ ਵਿਚ ਗੁਰੂ ਅਤੇ ਗੁਰੂ ਦੀ ਅਗਵਾਈ ਦੇ ਮਹੱਤਵ ਨੂੰ ਗੁਰੂ ਨਾਨਕ ਸਾਹਿਬ ਇੱਕ ਬ੍ਰਿਛ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਉਂਦੇ ਹਨ ਕਿ ਪੂਰਨ ਸੰਤੋਖ ਸਰੂਪ ਗੁਰੂ ਇੱਕ ਅਜਿਹਾ ਰੁੱਖ ਹੈ ਜਿਸ ਨੂੰ ਧਰਮ ਰੂਪ ਫੁੱਲ ਲੱਗਦੇ ਹਨ ਅਤੇ ਉਸ ਦਾ ਫਲ ਗਿਆਨ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਭਾਵ ਗੁਰੂ ਸੰਤੋਖ ਸਰੂਪ ਉਸ ਬ੍ਰਿਛ ਦੀ ਨਿਆਈਂ ਹੈ ਜਿਸ ਨੂੰ ਧਰਮ ਦੇ ਫੁੱਲ ਪੈਂਦੇ ਹਨ ਅਤੇ ਫਿਰ ਧਰਮ ਰੂਪ ਉਨ੍ਹਾਂ ਫੁੱਲਾਂ ਤੋਂ ਗਿਆਨ ਰੂਪ ਫਲ ਦੀ ਪ੍ਰਾਪਤੀ ਹੁੰਦੀ ਹੈ। ਪ੍ਰੇਮ ਰੂਪੀ ਪਾਣੀ ਨਾਲ ਸਿੰਜਿਆ ਹੋਇਆ ਇਹ ਦਰੱਖਤ ਸਦਾ ਹਰਿਆ-ਭਰਿਆ ਰਹਿੰਦਾ ਹੈ, ਕਦੀ ਸੁੱਕਦਾ ਜਾਂ ਮੁਰਝਾਉਂਦਾ ਨਹੀਂ।

ਅਕਾਲ ਪੁਰਖ ਦੇ ਕਰਮ ਨਾਲ, ਉਸ ਦੀ ਬਖਸ਼ਿਸ਼ ਨਾਲ ਇਹ ਫਲ ਉਸ ਵਿਚ ਧਿਆਨ ਲਾਇਆਂ ਪੱਕ ਜਾਂਦਾ ਹੈ ਅਰਥਾਤ ਉਸ ਅਕਾਲ ਪੁਰਖ ਦੀ ਮਿਹਰ ਸਦਕਾ ਜਿਹੜਾ ਮਨੁੱਖ ਉਸ ਵਿਚ ਧਿਆਨ ਜੋੜਦਾ ਹੈ, ਉਸ ਦਾ ਗਿਆਨ ਪਰਪੱਕ ਹੋ ਜਾਂਦਾ ਹੈ, ਉਸ ਨੂੰ ਪੂਰਨ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਗਿਆਨ-ਫਲ ਨੂੰ ਖਾਣ ਵਾਲਾ ਮਨੁੱਖ ਭਾਵ ਜੋ ਇਸ ਨੂੰ ਪ੍ਰਾਪਤ ਕਰ ਲੈਂਦਾ ਹੈ ਉਹ ਫਿਰ ਪਰਮਾਤਮ-ਮੇਲ ਦੇ ਸਦੀਵੀ ਅਨੰਦ ਨੂੰ ਮਾਣਦਾ ਹੈ, ਉਸ ਦਾ ਮਨ ਸਦਾ ਖਿੜਾਉ ਵਿਚ ਰਹਿੰਦਾ ਹੈ। ਇਹ ਮਨੁੱਖ ਉਤੇ ਅਕਾਲ ਪੁਰਖ ਦੀ ਸਭ ਤੋਂ ਵੱਡੀ ਬਖਸ਼ਿਸ਼ ਹੈ,

ਨਾਨਕ ਗੁਰੁ ਸੰਤੋਖੁ ਰੁਖੁ  
ਧਰਮੁ ਫੁਲੁ ਫਲ ਗਿਆਨੁ॥  
ਰਸਿ ਰਸਿਆ ਹਰਿਆ ਸਦਾ  
ਪਕੈ ਕਰਮਿ ਧਿਆਨਿ॥  
ਪਤਿ ਕੇ ਸਾਦ ਖਾਦਾ ਲਹੈ  
ਦਾਨਾ ਕੈ ਸਿਰਿ ਦਾਨੁ॥੧॥ (ਪੰਨਾ ੧੪੭)

ਗੁਰੂ ਨਾਨਕ ਸਾਹਿਬ ਨੇ ਸਿੱਖ ਸਿਧਾਂਤਾਂ ਨੂੰ ਦ੍ਰਿੜ ਕਰਾਉਣ ਲਈ ਜਿੱਥੇ ਰੋਜ਼ਾਨਾ ਜੀਵਨ, ਵਾਪਾਰ, ਖੇਤੀ ਆਦਿ ਧੰਦਿਆਂ ਵਿਚੋਂ ਅਨੇਕਾਂ ਦ੍ਰਿਸ਼ਟਾਂਤਾਂ ਦੀ ਵਰਤੋਂ ਕੀਤੀ ਹੈ, ਉਥੇ ਹੀ ਉਨ੍ਹਾਂ ਨੇ ਕੁਦਰਤ ਵਿਚੋਂ ਵੀ ਅਨੇਕਾਂ ਦ੍ਰਿਸ਼ਟਾਂਤ ਲਏ ਹਨ। ਪਹਿਲੇ ਸਲੋਕ ਦੀ ਤਰ੍ਹਾਂ ਹੀ ਇਸ ਸਲੋਕ ਵਿਚ ਵੀ ਗੁਰੂ ਦੀ ਮਹੱਤਤਾ ਨੂੰ ਇੱਕ ਬ੍ਰਿਛ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਇਆ ਹੈ।

ਇਥੇ ਸੰਸਾਰ ਦੇ ਬਹੁਤ ਹੀ ਅਮੋਲਕ ਪਦਾਰਥਾਂ ਨਾਲ ਤੁਲਨਾ ਕਰਦਿਆਂ ਗੁਰੂ ਨਾਨਕ ਸਾਹਿਬ ਉਪਦੇਸ਼ ਦਿੰਦੇ ਹਨ ਕਿ ਗੁਰੂ ਸਮਝੋ ਉਹ ਸੋਨੇ ਦਾ ਰੁੱਖ ਹੈ (ਸੋਨੇ ਦੀ ਧਾਤ ਨੂੰ ਬਹੁਤ ਕੀਮਤੀ ਮੰਨਿਆ ਜਾਂਦਾ ਹੈ), ਜਿਸ ਦੇ ਉਤਮ ਬਚਨ ਮਾਨੋ ਉਸ ਰੁੱਖ ਦੇ ਮੂੰਗੇ ਦੇ ਪੱਤਰ ਹਨ, ਗੁਰੂ ਦੇ ਵਾਕ ਉਸ ਰੁੱਖ ਦੇ ਲਾਲ, ਜਵਾਹਰ ਫੁੱਲ ਹਨ, ਗੁਰੂ ਦੇ ਮੁੱਖੋਂ ਨਿਕਲੇ ਹੋਏ ਸ੍ਰੇਸ਼ਟ ਬਚਨ ਅਰਥਾਤ ਗੁਰੂ ਰਾਹੀਂ ਦਿੱਤਾ ਹੋਇਆ ਗਿਆਨ ਰੂਪੀ ਰਤਨ ਫਲ ਹੈ। ਜੋ ਵੀ ਇਨ੍ਹਾਂ ਬਚਨਾਂ ਨੂੰ ਸੁਣਦਾ ਹੈ, ਇਨ੍ਹਾਂ 'ਤੇ ਵਿਚਾਰ ਕਰਦਾ ਹੈ ਉਸ ਦਾ ਹਿਰਦਾ ਸਦੀਵੀ ਖਿੜਿਆ ਰਹਿੰਦਾ ਹੈ। ਜਿਸ ਮਨੁੱਖ ਉਤੇ ਅਕਾਲ ਪੁਰਖ ਦੀ ਮਿਹਰ ਹੋਵੇ, ਉਹ ਗੁਰੂ ਦੇ ਚਰਨਾਂ ਨੂੰ ਅਠਾਹਠ ਤੀਰਥਾਂ ਦਾ ਇਸ਼ਨਾਨ ਸਮਝ ਕੇ ਗੁਰੂ ਦੇ ਚਰਨੀਂ ਲੱਗਦਾ ਹੈ। ਨਿਰਦਇਤਾ, ਮੋਹ, ਲੋਭ ਅਤੇ ਕ੍ਰੋਧ ਇਹ ਚਾਰੇ ਅੱਗ ਦੀਆਂ ਨਦੀਆਂ ਸੰਸਾਰ ਵਿਚ ਵੱਗ ਰਹੀਆਂ ਹਨ। ਜਿਹੜੇ ਮਨੁੱਖ ਇਨ੍ਹਾਂ ਨਦੀਆਂ ਵਿਚ ਵੜਦੇ ਹਨ, ਉਹ ਸੜ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਜਿਸ ਮਨੁੱਖ 'ਤੇ ਅਕਾਲ ਪੁਰਖ ਦੀ ਮਿਹਰ ਹੋ ਜਾਂਦੀ ਹੈ, ਉਹ ਗੁਰੂ ਦੇ ਚਰਨੀਂ ਲੱਗ ਕੇ ਇਨ੍ਹਾਂ ਨਦੀਆਂ ਤੋਂ ਪਾਰ ਲੰਘ ਜਾਂਦਾ ਹੈ,

ਸੁਇਨੇ ਕਾ ਬਿਰਖੁ ਪਤ ਪਰਵਾਲਾ  
ਫੁਲ ਜਵੇਹਰ ਲਾਲ॥  
ਤਿਤੁ ਫਲ ਰਤਨ ਲਗਹਿ  
ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ॥  
ਨਾਨਕ ਕਰਮੁ ਹੋਵੈ ਮੁਖਿ  
ਮਸਤਕਿ ਲਿਖਿਆ ਹੋਵੈ ਲੇਖੁ॥  
ਅਠਸਠਿ ਤੀਰਥ ਗੁਰ ਕੀ ਚਰਣੀ  
ਪੂਜੈ ਸਦਾ ਵਿਸੇਖੁ॥  
ਹੰਸੁ ਹੇਤੁ ਲੋਭੁ ਕੋਪੁ  
ਚਾਰੇ ਨਦੀਆ ਅਗਿ॥  
ਪਵਹਿ ਦਝਹਿ ਨਾਨਕਾ  
ਤਰੀਐ ਕਰਮੀ ਲਗਿ॥੧॥ (ਪੰਨਾ ੧੪੭)

ਗੁਰੂ ਸਾਹਿਬ ਇਸ ਪਉੜੀ ਵਿਚ ਮਨੁੱਖ ਨੂੰ ਸਮਝਾਉਂਦੇ ਹਨ ਕਿ ਤ੍ਰਿਸ਼ਨਾ ਨੂੰ ਮਾਰ ਕੇ ਜਿਉਂਦਿਆ ਹੀ ਮਰ ਤਾਂ ਕਿ ਅੰਤ ਵਿਚ ਪਛਤਾਉਣਾ ਨਾ ਪਵੇ। ਇਸ ਤੱਥ ਦੀ ਸਮਝ ਕਿਸੇ ਵਿਰਲੇ ਮਨੁੱਖ ਨੂੰ ਹੀ ਆਈ ਹੈ ਕਿ ਇਹ ਸੰਸਾਰ ਚਲਾਇਮਾਨ ਹੈ, ਇਸ ਲਈ ਝੂਠਾ ਹੈ, ਮਨੁੱਖ ਤ੍ਰਿਸ਼ਨਾ ਦੇ ਅਧੀਨ ਇਸ ਸੰਸਾਰ ਦੇ ਧੰਦਿਆਂ ਵਿਚ ਭਟਕਦਾ ਤੁਰਿਆ ਰਹਿੰਦਾ ਹੈ ਜਿਸ ਕਰਕੇ ਸੱਚ ਨਾਲ ਪਿਆਰ ਨਹੀਂ ਪਾਉਂਦਾ।

ਮਨੁੱਖ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਰਹਿੰਦਾ ਕਿ ਇਹ ਕਾਲ ਜੋ ਕਿ ਬੁਰਾ ਹੈ ਅਤੇ ਸਭ ਨੂੰ ਖਾ ਜਾਣ ਵਾਲਾ ਹੈ, ਹਰ ਇੱਕ ਦੇ ਸਿਰ 'ਤੇ ਖੜ੍ਹਾ ਰਹਿੰਦਾ ਹੈ। ਇਹ ਮੌਤ ਅਕਾਲ ਪੁਰਖ ਦੇ ਹੁਕਮ ਅੰਦਰ ਸਭ ਥਾਂ ਮੌਜੂਦ ਹੈ ਅਤੇ ਜਿਸ 'ਤੇ ਵੀ ਇਸ ਦਾ ਦਾਅ ਲੱਗਦਾ ਹੈ, ਉਸ ਨੂੰ ਮਾਰ ਦਿੰਦੀ ਹੈ।

ਮਨੁੱਖ ਦੇ ਹੱਥ-ਵੱਸ ਕੁਝ ਨਹੀਂ ਹੈ, ਜਿਸ ਉਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ ਉਹ ਉਸ ਨੂੰ ਹੀ ਆਪਣਾ ਪ੍ਰੇਮ ਬਖਸ਼ਿਸ਼ ਕਰਦਾ ਹੈ ਅਤੇ ਆਪਣਾ ਪ੍ਰੇਮ ਮਨੁੱਖ ਦੇ ਹਿਰਦੇ ਵਿਚ ਵਸਾਉਂਦਾ ਹੈ। ਜਦੋਂ ਮਨੁੱਖ ਦੇ ਸੁਆਸ ਪੂਰੇ ਹੋ ਜਾਂਦੇ ਹਨ ਤਾਂ ਉਸ ਨੂੰ ਥੋੜੀ ਜਿੰਨੀ ਵੀ ਦੇਰ ਨਹੀਂ ਲੱਗਦੀ ਅਤੇ ਉਹ ਸੰਸਾਰ ਤੋਂ ਕੂਚ ਕਰ ਜਾਂਦਾ ਹੈ। ਵਿਰਲੇ ਮਨੁੱਖਾਂ ਨੂੰ ਇਸ ਗੱਲ ਦੀ ਸਮਝ ਸਤਿਗੁਰੂ ਦੀ ਮਿਹਰ ਨਾਲ ਲੱਗਦੀ ਹੈ ਅਤੇ ਉਹ ਸੱਚ ਨਾਲ ਜੁੜਦੇ ਹਨ,

ਜੀਵਦਿਆ ਮਰੁ ਮਾਰਿ ਨ ਪਛੋਤਾਈਐ॥  
ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ॥  
ਸਚਿ ਨ ਧਰੇ ਪਿਆਰੁ ਧੰਧੈ ਧਾਈਐ॥  
ਕਾਲੁ ਬੁਰਾ ਖੈ ਕਾਲੁ  
ਸਿਰਿ ਦੁਨਿਆਈਐ॥... (ਪੰਨਾ ੧੪੭)

ਅੱਗੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਸੰਸਾਰ ਦੀਆਂ ਬਹੁਤ ਕੌੜੀਆਂ ਮੰਨੀਆਂ ਜਾਣ ਵਾਲੀਆਂ ਵਸਤਾਂ ਦੀ ਉਦਾਹਰਣ ਰਾਹੀਂ ਦੱਸਦੇ ਹਨ ਕਿ ਜਿਸ ਮਨੁੱਖ ਦੇ ਮਨ ਵਿਚ ਉਹ ਅਕਾਲ ਪੁਰਖ ਨਹੀਂ ਵੱਸਦਾ, ਸਮਝੋ ਉਨ੍ਹਾਂ ਮਨੁੱਖਾਂ ਦਾ ਮੂੰਹ ਇਨ੍ਹਾਂ ਕੌੜੀਆਂ ਚੀਜ਼ਾਂ ਵਰਗਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਵਿਚ ਅਕਾਲ ਪੁਰਖ ਨਹੀਂ ਵੱਸਦਾ, ਉਸ ਦੇ ਮੂੰਹ ਵਿਚ ਤੁੰਮੀ-ਤੁੰਮਾ, ਜ਼ਹਿਰ, ਅੱਕ, ਧਤੂਰਾ ਅਤੇ ਨਿੰਮ ਆਦਿ ਕੌੜੇ ਫਲ ਵੱਸ ਰਹੇ ਹਨ। ਭਾਵ ਉਸ ਮਨੁੱਖ ਦੇ ਮਨ ਅੰਦਰ ਵੀ ਕੁੜੱਤਣ ਹੁੰਦੀ ਹੈ ਅਤੇ ਜ਼ੁਬਾਨ 'ਤੇ ਵੀ ਕੁੜੱਤਣ ਰਹਿੰਦੀ ਹੈ, ਸਦੀਵੀ ਕੌੜੇ ਬਚਨ ਬੋਲਦਾ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਅਜਿਹੇ ਬੰਦੇ ਭਟਕਦੇ ਤੁਰੇ ਫਿਰਦੇ ਹਨ। ਅਕਾਲ ਪੁਰਖ ਤੋਂ ਬਿਨਾ ਹੋਰ ਕਿਸੇ ਅੱਗੇ ਇਨ੍ਹਾਂ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਅਕਾਲ ਪੁਰਖ ਹੀ ਹੈ ਜਿਹੜਾ ਆਪਣੀ ਮਿਹਰ ਕਰਕੇ ਇਨ੍ਹਾਂ ਦਾ ਇਹ ਰੋਗ ਦੂਰ ਕਰ ਸਕਦਾ ਹੈ,

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥  
ਮਨਿ ਮੁਖਿ ਵਸਹਿ ਤਿਸੁ  
ਜਿਸ ਤੂੰ ਚਿਤਿ ਨ ਆਵਹੀ॥  
ਨਾਨਕ ਕਹੀਐ ਕਿਸੁ  
ਹੰਢਨਿ ਕਰਮਾ ਬਾਹਰੇ॥੧॥ (ਪੰਨਾ ੧੪੭)

ਅਗਲੇ ਸਲੋਕ ਵਿਚ ਮਨੁੱਖ ਦੀ ਮੱਤ ਨੂੰ ਇੱਕ ਪੰਛੀ ਨਾਲ ਤੁਲਨਾ ਦਿੱਤੀ ਹੈ ਜੋ ਸਥਿਰ ਨਹੀਂ ਹੁੰਦਾ, ਕਦੇ ਉਚਾ ਉਡਦਾ ਹੈ, ਕਦੇ ਨੀਵਾਂ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮਨੁੱਖ ਦੀ ਮੱਤ ਵੀ ਸਮਝੋ ਇੱਕ ਤਰ੍ਹਾਂ ਦਾ ਪੰਛੀ ਹੈ, ਉਸ ਦਾ ਜੀਅ ਕਦੇ ਸਥਿਰ ਨਹੀਂ ਰਹਿੰਦਾ। ਇਸ ਦੇ ਪਿਛਲੇ ਕੀਤੇ ਹੋਏ ਕਰਮ ਸਦੀਵੀ ਇਸ ਦੇ ਨਾਲ ਚੱਲਦੇ ਹਨ ਜਿਨ੍ਹਾਂ ਕਰਕੇ ਆਪਣੇ ਬਣੇ ਹੋਏ ਸੰਸਕਾਰਾਂ ਕਾਰਨ ਮੱਤ ਕਦੀ ਬਹੁਤ ਨੀਵੀਂ ਚਲੀ ਜਾਂਦੀ ਹੈ ਅਤੇ ਕਦੀ ਉਚੀ। ਆਪਣੇ ਇਸ ਸੁਭਾ ਕਾਰਨ ਕਦੀ ਇਹ ਚੰਦਨ ਦੇ ਰੁੱਖ 'ਤੇ ਬੈਠਦਾ ਹੈ ਅਤੇ ਕਦੀ ਅੱਕ ਦੀ ਡਾਲੀ 'ਤੇ ਅਤੇ ਕਦੇ ਇਸ ਦੇ ਅੰਦਰ ਅਕਾਲ ਪੁਰਖ ਦੇ ਚਰਨਾਂ ਦੀ ਪ੍ਰੀਤ ਜਾਗਦੀ ਹੈ। ਪਰ ਇਹ ਸਭ ਕੁਝ ਮਨੁੱਖ ਦੇ ਵੱਸ ਵਿਚ ਨਹੀਂ ਹੈ, ਅਕਾਲ ਪੁਰਖ ਦੀ ਧੁਰੋਂ ਚਲਾਈ ਰੀਤ ਹੈ ਕਿ ਉਹ ਸਾਰੇ ਜੀਆਂ ਨੂੰ ਆਪਣੇ ਹੁਕਮ ਵਿਚ ਚਲਾਉਂਦਾ ਹੈ।

ਮਤਿ ਪੰਖੇਰੂ ਕਿਰਤੁ ਸਾਥਿ  
ਕਬ ਉਤਮ ਕਬ ਨੀਚ॥  
ਕਬ ਚੰਦਨਿ ਕਬ ਅਕਿ ਡਾਲ  
ਕਬ ਉਚੀ ਪਰੀਤਿ॥  
ਨਾਨਕ ਹੁਕਮਿ ਚਲਾਈਐ  
ਸਾਹਿਬ ਲਗੀ ਰੀਤਿ॥ (ਪੰਨਾ ੧੪੭)

(ਚਲਦਾ)

## ਗਾਵਿ ਲੇਹਿ ਤੂ ਗਾਵਨਹਾਰੇ

### ਗੁਰਬਾਣੀ ਗਿਆਨ

**ਆਸਾ ਮਹਲਾ ੫**

ਗਾਵਿ ਲੇਹਿ ਤੂ ਗਾਵਨਹਾਰੇ॥  
ਜੀਅ ਪਿੰਡ ਕੇ ਪ੍ਰਾਨ ਅਧਾਰੇ॥  
ਜਾ ਕੀ ਸੇਵਾ ਸਰਬ ਸੁਖ ਪਾਵਹਿ॥  
ਅਵਰ ਕਾਹੂ ਪਹਿ ਬਹੁੜਿ ਨ ਜਾਵਹਿ॥੧॥  
ਸਦਾ ਅਨੰਦ ਅਨੰਦੀ ਸਾਹਿਬੁ  
ਗੁਨ ਨਿਧਾਨ ਨਿਤ ਨਿਤ ਜਾਪੀਐ॥  
ਬਲਿਹਾਰੀ ਤਿਸੁ ਸੰਤ ਪਿਆਰੇ  
ਜਿਸੁ ਪ੍ਰਸਾਦਿ ਪ੍ਰਭੁ ਮਨਿ ਵਾਸੀਐ॥ ਰਹਾਉ॥  
ਜਾ ਕਾ ਦਾਨੁ ਨਿਖੂਟੈ ਨਾਹੀ॥  
ਭਲੀ ਭਾਤਿ ਸਭ ਸਹਜਿ ਸਮਾਹੀ॥  
ਜਾ ਕੀ ਬਖਸ ਨ ਮੇਟੈ ਕੋਈ॥  
ਮਨਿ ਵਾਸਾਈਐ ਸਾਚਾ ਸੋਈ॥੨॥  
ਸਗਲ ਸਮਗ੍ਰੀ ਗ੍ਰਿਹ ਜਾ ਕੈ ਪੂਰਨ॥  
ਪ੍ਰਭ ਕੇ ਸੇਵਕ ਦੂਖ ਨ ਝੂਰਨ॥  
ਓਟਿ ਗਹੀ ਨਿਰਭਉ ਪਦੁ ਪਾਈਐ॥  
ਸਾਸਿ ਸਾਸਿ ਸੋ ਗੁਨ ਨਿਧਿ ਗਾਈਐ॥੩॥  
ਦੂਰਿ ਨ ਹੋਈ ਕਤਹੂ ਜਾਈਐ॥  
ਨਦਰਿ ਕਰੇ ਤਾ ਹਰਿ ਹਰਿ ਪਾਈਐ॥  
ਅਰਦਾਸਿ ਕਰੀ ਪੂਰੇ ਗੁਰ ਪਾਸਿ॥  
ਨਾਨਕ ਮੰਗੈ ਹਰਿ ਧਨੁ ਰਾਸਿ॥੪॥

ਗੁਰੂ ਅਰਜਨ ਦੇਵ ਜੀ ਆਖਦੇ ਹਨ, ਹੇ ਜੀਵ! ਜਦੋਂ ਤਕ ਤੇਰੇ ਅੰਦਰ ਗਾਉਣ ਦੀ ਹਿੰਮਤ ਹੈ, ਤੂੰ ਮਿਹਰਵਾਨ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦਾ ਰਹੁ; ਜੀਅ ਪਿੰਡ ਕੇ ਪ੍ਰਾਨ ਅਧਾਰੇ, ਉਹ ਪ੍ਰਭੂ ਜੋ ਤੇਰੀ ਜਾਨ ਦਾ ਆਸਰਾ ਹੈ, ਸਰੀਰ ਦਾ ਆਸਰਾ ਹੈ, ਤੇਰੇ ਪ੍ਰਾਣਾਂ ਦਾ ਆਸਰਾ ਹੈ; ਜਾ ਕੀ ਸੇਵਾ ਸਰਬ ਸੁਖ ਪਾਵਹਿ, ਹੇ ਜੀਵ! ਜਿਸ ਪ੍ਰਭੂ ਦੀ ਸੇਵਾ ਕਰ ਕੇ ਤੂੰ ਸਾਰੇ ਸੁੱਖ ਪ੍ਰਾਪਤ ਕਰ ਸਕਦਾ ਹੈਂ, ਅਵਰ ਕਾਹੂ ਪਹਿ ਬਹੁੜਿ ਨ ਜਾਵਹਿ, ਫਿਰ ਸੁੱਖ ਲੱਭਣ ਵਾਸਤੇ ਕਿਸੇ ਕੋਲ ਵੀ ਜਾਣ ਦੀ ਲੋੜ ਨਹੀਂ ਰਹੇਗੀ।

ਸਦਾ ਅਨੰਦ ਅਨੰਦੀ ਸਾਹਿਬੁ  
ਗੁਨ ਨਿਧਾਨ ਨਿਤ ਨਿਤ ਜਾਪੀਐ॥  
ਬਲਿਹਾਰੀ ਤਿਸੁ ਸੰਤ ਪਿਆਰੇ  
ਜਿਸੁ ਪ੍ਰਸਾਦਿ ਪ੍ਰਭੁ ਮਨਿ ਵਾਸੀਐ॥ਰਹਾਉ॥

ਗੁਰਦੇਵ ਜੀ ਉਪਦੇਸ਼ ਕਰਦੇ ਹਨ, ਉਹ ਪ੍ਰਭੂ ਜੋ ਅਨੰਦ ਦਾ ਸੋਮਾ ਹੈ ਅਤੇ ਸਾਰੇ ਹੀ ਗੁਣਾਂ ਦਾ ਖਜ਼ਾਨਾ ਹੈ; ਗੁਨ ਨਿਧਾਨ ਨਿਤ ਨਿਤ ਜਾਪੀਐ, ਭਾਈ! ਐਸੇ ਪ੍ਰਭੂ ਦੇ ਨਾਮ ਨੂੰ ਸਦਾ ਸਦਾ ਹੀ ਜਪਦੇ ਰਹਿਣਾ ਚਾਹੀਦਾ ਹੈ; ਬਲਿਹਾਰੀ ਤਿਸੁ ਸੰਤ ਪਿਆਰੇ, ਐਸੇ ਪਿਆਰੇ ਗੁਰੂ ਤੋਂ ਸਦਾ ਹੀ ਬਲਿਹਾਰੀ ਸਦਕੜੇ ਜਾਣਾ ਚਾਹੀਦਾ ਹੈ; ਜਿਸੁ ਪ੍ਰਸਾਦਿ ਪ੍ਰਭੁ ਮਨਿ ਵਾਸੀਐ, ਜਿਸ ਗੁਰੂ ਦੀ ਕਿਰਪਾ ਸਦਕਾ ਉਸ ਮਿਹਰਵਾਨ ਜਗਤ ਦੇ ਮਾਲਕ ਪ੍ਰਭੂ ਨੂੰ ਮਨ ਵਿਚ ਵਸਾ ਸਕੀਦਾ ਹੈ।

ਜਾ ਕਾ ਦਾਨੁ ਨਿਖੂਟੈ ਨਾਹੀ॥  
ਭਲੀ ਭਾਤਿ ਸਭ ਸਹਜਿ ਸਮਾਹੀ॥  
ਜਾ ਕੀ ਬਖਸ ਨ ਮੇਟੈ ਕੋਈ॥  
ਮਨਿ ਵਾਸਾਈਐ ਸਾਚਾ ਸੋਈ॥੨॥

ਗੁਰਦੇਵ ਪਿਤਾ ਆਖਦੇ ਹਨ, ਹੇ ਭਾਈ! ਉਸ ਸਦਾ ਹੀ ਅਟੱਲ ਰਹਿਣ ਵਾਲੇ ਪਰਮਾਤਮਾ ਨੂੰ ਸਦਾ ਆਪਣੇ ਮਨ ਵਿਚ ਵਸਾ ਕੇ ਰੱਖਣਾ ਚਾਹੀਦਾ ਹੈ; ਜਾ ਕੀ ਬਖਸ ਨਾ ਮੇਟੈ ਕੋਈ, ਉਸ ਮਿਹਰਵਾਨ ਪ੍ਰਭੂ ਦੀ ਦਿੱਤੀ ਹੋਈ ਬਖਸ਼ਿਸ਼ ਕਦੇ ਮੁੱਕਦੀ ਨਹੀਂ ਤੇ ਉਸ ਦੀ ਕੀਤੀ ਹੋਈ ਬਖਸ਼ ਦੇ ਰਾਹ ਵਿਚ ਕੋਈ ਰੁਕਾਵਟ ਵੀ ਨਹੀਂ ਪਾ ਸਕਦਾ; ਮਨ ਵਸਾਈਐ ਸਾਚਾ ਸੋਈ, ਭਾਈ! ਜੋ ਵਡਭਾਗੇ ਉਸ ਪ੍ਰਭੂ ਨੂੰ ਮਨ ਵਿਚ ਵਸਾਉਂਦੇ ਹਨ, ਉਹ ਸਦਾ ਹੀ ਟਿਕਾਉ ਵਿਚ ਟਿਕੇ ਰਹਿੰਦੇ ਹਨ।

ਸਗਲ ਸਮਗ੍ਰੀ ਗ੍ਰਿਹ ਜਾ ਕੈ ਪੂਰਨ॥  
ਪ੍ਰਭ ਕੇ ਸੇਵਕ ਦੂਖ ਨ ਝੂਰਨ॥  
ਓਟਿ ਗਹੀ ਨਿਰਭਉ ਪਦੁ ਪਾਈਐ।  
ਸਾਸਿ ਸਾਸਿ ਸੋ ਗੁਨ ਨਿਧਿ ਗਾਈਐ॥੩॥

ਗੁਰਦੇਵ ਜੀ ਆਖਦੇ ਹਨ, ਜਿਸ ਪਰਮਾਤਮਾ ਦੇ ਘਰ ਵਿਚ ਜੀਵਾਂ ਲਈ ਸਾਰੇ ਹੀ ਪਦਾਰਥ ਭਰੇ ਪਏ ਰਹਿੰਦੇ ਹਨ; ਪ੍ਰਭ ਕੇ ਸੇਵਕ ਦੂਖ ਨ ਝੂਰਨ, ਜਿਸ ਪਰਮਾਤਮਾ ਦੇ ਸੇਵਕਾਂ ਨੂੰ ਕੋਈ ਦੁੱਖ ਜਾਂ ਕੋਈ ਝੋਰੇ ਵੀ ਨੇੜੇ ਨਹੀਂ ਆ ਸਕਦੇ; ਓਟਿ ਗਹੀ ਨਿਰਭਉ ਪਦੁ ਪਾਈਐ, ਭਾਈ! ਪਰਮੇਸ਼ਰ ਦਾ ਨਾਮ ਜਪਿਆਂ ਅਤੇ ਓਟ ਆਸਰਾ ਲਿਆਂ ਉਚੀ ਅਵਸਥਾ ਮਿਲ ਜਾਂਦੀ ਹੈ। ਐਸੇ ਮਿਹਰਵਾਨ ਪ੍ਰਭ ਦਾ ਸਿਮਰਨ ਸਵਾਸ ਸਵਾਸ ਕਰਨਾ ਚਾਹੀਏ।

ਦੂਰਿ ਨ ਹੋਈ ਕਤਹੂ ਜਾਈਐ॥  
ਨਦਰਿ ਕਰੇ ਤਾ ਹਰਿ ਹਰਿ ਪਾਈਐ॥  
ਅਰਦਾਸਿ ਕਰੀ ਪੂਰੇ ਗੁਰ ਪਾਸਿ॥  
ਨਾਨਕ ਮੰਗੈ ਹਰਿ ਧਨੁ ਰਾਸਿ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਪਿਤਾ ਪ੍ਰਭੂ ਕੋਲ ਅਰਦਾਸ ਕਰਦੇ ਹਨ, ਹੇ ਭਾਈ! ਉਹ ਪ੍ਰਭੂ ਸਾਡੇ ਕੋਲੋਂ ਕਿਤੇ ਦੂਰ ਨਹੀਂ ਰਹਿੰਦਾ ਅਤੇ ਉਸ ਨੂੰ ਕਿਤੇ ਦੂਰ ਲੱਭਣ ਜਾਣ ਦੀ ਵੀ ਲੋੜ ਨਹੀਂ; ਨਦਰਿ ਕਰੇ ਤਾ ਹਰਿ ਹਰਿ ਪਾਈਐ, ਪਰ ਉਸ ਪਰਮਾਤਮਾ ਦੀ ਪ੍ਰਾਪਤੀ ਉਦੋਂ ਹੀ ਹੋ ਸਕਦੀ ਹੈ, ਜਦੋਂ ਉਹ ਆਪ ਤਰੁੱਠ ਕੇ ਮਿਹਰ ਦੀ ਨਜ਼ਰ ਕਰੇ; ਅਰਦਾਸਿ ਕਰੀ ਪੂਰੇ ਗੁਰ ਪਾਸਿ, ਭਾਈ! ਮੈਂ ਤਾਂ ਪੂਰੇ ਗੁਰੂ ਅੱਗੇ ਅਰਦਾਸ ਕਰਦਾ ਹਾਂ, ਹੇ ਗੁਰੂਦੇਵ! ਨਾਨਕ ਤੇਰੇ ਕੋਲੋਂ ਹਰੀ ਨਾਮ ਧਨ ਤੇ ਨਾਮ ਦੀ ਰਾਸ ਮੰਗਦਾ ਹਾਂ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ  
ਫੋਨ: 916-687-3536

# ਸਿੱਖ ਧਰਮ ਦੇ ਪਹਿਲੇ ਮਹਾਨ ਸ਼ਹੀਦ ਗੁਰੂ ਅਰਜਨ ਦੇਵ

**ਸ਼ਹੀਦੀ ਪੂਰਬ 'ਤੇ ਵਿਸ਼ੇਸ਼**

ਗੁਰੂ ਅਰਜਨ ਦੇਵ ਮਹਾਨ ਦਾਨਸ਼ਮੰਦ, ਸੁਖਨਵਰ, ਸ਼ਾਂਤੀ ਦੇ ਪੁੰਜ, ਨਿਮਰਤਾ, ਸਬਰ, ਸੰਤੋਖ, ਸੇਵਾ, ਸਿਮਰਨ, ਦਇਆ, ਤਿਆਗ ਦੀ ਮੂਰਤ, ਉਚੇ-ਸੁੱਚੇ ਕਿਰਦਾਰ ਦੇ ਮਾਲਕ, ਦੂਰ-ਅੰਦੇਸ਼, ਚੰਗੇ ਵਿਉਂਤਕਾਰ, ਵਕਤ ਸਨਾਸ਼, ਸੁਲਝੀਆਂ ਸਮਾਜਕ, ਧਾਰਮਿਕ, ਆਰਥਿਕ, ਵਪਾਰਕ ਰੁਚੀਆਂ ਦੇ ਮਾਲਕ, ਦੀਨ-ਦੁਖੀਆਂ ਦੇ ਗ਼ਮਖਾਰ, ਬਾਣੀ ਦੇ ਬੋਹਿਥੇ, ਦਾਨਸ਼ਮੰਦਾਂ ਦੇ ਕਦਰਦਾਨ, ਮਹਾਨ ਸੰਗੀਤਕਾਰ ਅਤੇ ਸਿੱਖੀ ਦੇ ਨਿਆਰੇ ਬੂਟੇ ਦੇ ਅਦੁੱਤੀ ਬਾਗ਼ਬਾਂ ਸਨ। ਉਨ੍ਹਾਂ ਨੇ ਪਾਣੀ ਦੀ ਜਗ੍ਹਾ ਆਪਣਾ ਖੂਨ ਪਾ ਕੇ ਇਸ ਬੂਟੇ ਦੀਆਂ ਜੜ੍ਹਾਂ ਇਸ ਕਦਰ ਡੂੰਘੀਆਂ ਤੇ ਪੱਕੀਆਂ

**ਚੰਨ**
ਫੋਨ: 908-788-8427

ਕਰ ਦਿੱਤੀਆਂ ਕਿ ਆਉਣ ਵਾਲੇ ਸਮੇਂ ਵਿਚ ਜਬਰ-ਜ਼ੁਲਮ ਦੀਆਂ ਝੁੱਲੀਆਂ ਹਨੇਰੀਆਂ ਤੇ ਝੱਖੜਾਂ-ਤੂਫਾਨਾਂ ਵਿਚ ਵੀ ਅਹਿਲ ਤੇ ਅਡੋਲ ਖਲੋਤਾ ਇਹ ਬੂਟਾ ਅਪਣੱਤ, ਪਿਆਰ, ਸਾਂਝੀਵਾਲਤਾ, ਬਰਾਬਰੀ, ਕਿਰਤ, ਨਾਮ ਜਪਣ, ਵੰਡ ਛਕਣ, ਇਕ ਅਕਾਲ ਦੀ ਅਰਾਧਨਾ, ਭਾਣਾ ਮੰਨਣ, ਪ੍ਰਭੂ ਦੀ ਰਜ਼ਾ ਵਿਚ ਰਹਿਣ ਦੇ ਦਰਸਾਏ ਸ਼ਬਦ ਗੁਰੂ ਦੇ ਸਿਧਾਂਤਾਂ 'ਤੇ ਚਲਦਾ ਹੋਇਆ ਦੁਨੀਆਂ ਦੇ ਹਰ ਕੋਨੇ ਵਿਚ ਸਿੱਖੀ ਦੀ ਮਹਿਕ ਵੰਡਦਾ ਨਵੇਂ ਦਿਸਹੱਦੇ ਛੋਹ ਰਿਹਾ ਹੈ।

ਗੁਰੂ ਸਾਹਿਬ ਦੇ ਵਕਤ ਤੱਕ ਸ੍ਰੀ ਗੁਰੂ ਨਾਨਕ ਵਲੋਂ ਚਲਾਈ ਸਿੱਖੀ ਦੀ ਲਹਿਰ ਮਜ਼ਬੂਤ, ਜਥੇਬੰਦ ਲਹਿਰ ਦੇ ਰੂਪ ਵਿਚ ਉਭਰਨੀ ਤੇ ਸਥਾਪਤ ਹੋਣੀ ਸ਼ੁਰੂ ਹੋ ਚੁੱਕੀ ਸੀ। ਸਿੱਖ ਧਰਮ ਵਿਚ ਕਿਉਂਕਿ ਜਾਤ-ਪਾਤ, ਊਚ-ਨੀਚ, ਕਰਮ-ਕਾਂਡ, ਸਮਾਜਕ ਨਾ-ਬਰਾਬਰੀ, ਬੁੱਤਪ੍ਰਸਤੀ ਨੂੰ ਮੁੱਢੋਂ ਹੀ ਨਕਾਰਿਆ ਗਿਆ ਸੀ, ਇਹੀ ਕਾਰਨ ਸੀ ਕਿ ਕਰਮ-ਕਾਂਡਾਂ, ਭੇਖਾਂ, ਵਹਿਮਾਂ-ਭਰਮਾਂ, ਜਾਤ-ਪਾਤ, ਊਚ-ਨੀਚ, ਸਮਾਜਕ ਨਾ-ਬਰਾਬਰੀ, ਕੱਟੜਤਾ, ਬੇ-ਇਨਸਾਫੀ, ਪੰਡਤਾਂ, ਮੁੱਲਾਂ-ਮੁਲਾਣਿਆਂ ਅਤੇ ਹੋਰ ਦੂਜੇ ਧਾਰਮਿਕ ਆਗੂਆਂ ਦੇ ਜ਼ੁਲਮਾਂ ਤੇ ਵਧੀਕੀਆਂ ਦੇ ਸਤਾਏ ਲੋਕ ਰਾਹਤ ਲਈ ਬਦੋ-ਬਦੀ ਗੁਰੂਘਰ ਵੱਲ ਖਿੱਚੇ ਆਉਣੇ ਸ਼ੁਰੂ ਹੋ ਗਏ। ਫਲਸਰੂਪ ਦੂਜੇ ਧਰਮਾਂ ਦੇ ਅਖੌਤੀ ਧਾਰਮਿਕ ਆਗੂਆਂ, ਠੇਕੇਦਾਰਾਂ ਅਤੇ ਖੜਪੈਂਚਾਂ ਨੂੰ ਆਪਣੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਨਜ਼ਰ ਆ ਰਹੀ ਸੀ। ਕਰਮ-ਕਾਂਡਾਂ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸ ਅਤੇ ਬੇ-ਇਨਸਾਫੀ ਦੀ ਆੜ ਵਿਚ ਸਦੀਆਂ ਤੋ ਚੱਲਦਾ ਆ ਰਿਹਾ ਜਬਰ-ਜ਼ੁਲਮ ਤੇ ਲੁੱਟ-ਖੱਸੁਟ ਦਾ ਧੰਦਾ ਬੰਦ ਹੁੰਦਾ ਨਜ਼ਰ ਆ ਰਿਹਾ ਸੀ। ਲੋਕ ਜਿਉਂ-ਜਿਉਂ ਗੁਰੂਘਰ ਨਾਲ ਜੁੜ ਰਹੇ ਸਨ, ਉਨ੍ਹਾਂ ਵਿਚ ਜਾਗ੍ਰਤੀ ਆ ਰਹੀ ਸੀ। ਲੋਕ ਆਪਣੇ ਹੱਕ-ਹਕੂਕ, ਹੋ ਰਹੇ ਜਬਰ-ਜ਼ੁਲਮ, ਧੱਕੇ-ਸ਼ਾਹੀ ਅਤੇ ਬੇ-ਇਨਸਾਫੀ ਬਾਰੇ ਗੱਲਾਂ ਕਰਨ ਲੱਗ ਪਏ ਸਨ। ਉਨ੍ਹਾਂ ਵਿਚ ਚੇਤਨਾ ਆ ਰਹੀ ਸੀ। ਲੋਕਾਂ ਨੇ ਲਾਮਬੰਦ ਹੋਣਾ ਸ਼ੁਰੂ ਕਰ ਦਿੱਤਾ ਸੀ। ਸਿੱਖੀ ਦੀ ਲਹਿਰ ਨਾਲ ਜੁੜ ਕੇ ਲੋਕ ਆਪਣੇ ਆਪ ਨੂੰ ਜ਼ਿਆਦਾ ਮਹਿਫੂਜ਼ ਅਤੇ ਤਾਕਤਵਰ ਮਹਿਸੂਸ ਕਰਨ ਲੱਗ ਪਏ ਸਨ। ਉਨ੍ਹਾਂ ਨੂੰ ਆਪਣਾ ਭਵਿਖ ਉਜਲ ਹੁੰਦਾ ਨਜ਼ਰ ਆਉਂਦਾ ਸੀ। ਸੋ, ਆਮ ਲੋਕਾਂ ਨੇ ਸਦੀਆਂ ਪੁਰਾਣੀਆਂ ਗਲੀਆਂ-ਸੜੀਆਂ ਰੂੜੀਵਾਦੀ ਕਦਰਾਂ-ਕੀਮਤਾਂ ਅਤੇ ਸਰਪ੍ਰਸਤ ਪੰਡਤਾਂ, ਮੁੱਲਾਂ-ਮੁਲਾਣਿਆਂ ਅਤੇ ਹੋਰ ਦੂਜੇ ਧਾਰਮਿਕ ਆਗੂਆਂ ਨੂੰ ਬਿਨਾਂ ਕਿਸੇ ਝਿਜਕ, ਸ਼ੱਰ੍ਹੇਆਮ ਨਕਾਰਨਾ ਸ਼ੁਰੂ ਕਰ ਦਿੱਤਾ ਸੀ।

ਇਉਂ ਇਕ ਪਾਸੇ, ਸਿੱਖੀ ਦੀ ਲਹਿਰ ਤੇਜ਼ੀ ਨਾਲ ਮਜ਼ਬੂਤ ਲੋਕ ਲਹਿਰ ਬਣ ਰਹੀ ਸੀ; ਦੂਜੇ, ਹੋਰ ਧਰਮਾਂ ਦੇ ਅਖੌਤੀ ਧਾਰਮਿਕ ਆਗੂ ਗੁਰੂਘਰ ਅਤੇ ਗੁਰੂ ਅਰਜਨ ਦੇਵ ਜੀ ਨਾਲ ਖਾਰ ਖਾਣ ਲੱਗ ਪਏ ਸਨ। ਲੋਕਾਂ ਵਿਚ ਆਪਣਾ ਵੱਸ ਨਾ ਚਲਦਾ ਵੇਖ ਕੇ ਉਨ੍ਹਾਂ ਨੇ ਰਲ ਕੇ ਵਿਉਂਤ ਨਾਲ ਗੁਰੂਘਰ ਅਤੇ ਗੁਰੂ ਅਰਜਨ ਦੇਵ ਜੀ ਵਿਰੁਧ ਸਾਜ਼ਿਸ਼ਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਗੁਰੂ ਜੀ ਦੇ ਬਰਖਿਲਾਫ, ਹਕੂਮਤ ਅਤੇ ਅਹਿਲਕਾਰਾਂ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਦੇ ਵਿਚਾਰ ਅਤੇ ਕਿਰਦਾਰ ਇਸ ਕਦਰ ਨਿੱਘਰ ਗਏ ਸਨ ਕਿ ਉਹ ਗੁਰੂ ਜੀ ਨੂੰ ਵਿਅਕਤੀਗਤ ਤੌਰ 'ਤੇ ਨੁਕਸਾਨ ਪੁਚਾਉਣ ਤੱਕ ਦੀਆਂ ਕੋਸ਼ਿਸ਼ਾਂ ਕਰਨ ਲੱਗ ਪਏ। ਫਲਸਰੂਪ ਗੁਰੂ ਜੀ ਨੂੰ ਅਡੋਲ ਅਤੇ ਸ਼ਾਂਤ-ਚਿਤ, ਸੱਚ ਦੇ ਰਾਹ 'ਤੇ ਚੱਲਦਿਆਂ ਕੁਰਬਾਨੀ ਦੇਣੀ ਪਈ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਧਾਰਮਿਕ, ਰਾਜਨੀਤਿਕ, ਸਮਾਜਕ ਕਾਰਨਾਂ ਤੋਂ ਇਲਾਵਾ ਹੋਰ ਨਿੱਕੇ-ਮੋਟੇ ਕਾਰਨ ਜਿਵੇਂ ਕਿ ਗੁਰੂ ਜੀ ਦਾ ਭਗੌੜੇ ਸ਼ਹਿਜ਼ਾਦੇ ਖੁਸਰੋ ਨੂੰ ਪਨਾਹ ਦੇਣਾ, ਮਾਇਕ ਸਹਾਇਤਾ ਕਰਨਾ, ਤਿਲਕ ਲਾਉਣਾ, ਉਸ ਨੂੰ ਅਸ਼ੀਰਵਾਦ ਦੇਣਾ, ਦੀਵਾਨ ਚੰਦੂ (ਦਸਤਾਵੇਜ਼ੀ ਇਤਿਹਾਸਕ ਸਬੂਤ ਇਸ ਬਾਰੇ ਚੁੱਪ ਹਨ) ਦੀ ਲੜਕੀ ਦਾ ਰਿਸ਼ਤਾ ਨਾ ਲੈਣਾ, ਵੱਡੇ ਭਰਾ ਪ੍ਰਿਥੀ ਚੰਦ ਦਾ ਵਿਰੋਧ, ਅਹਿਲਕਾਰਾਂ ਕੋਲ ਪ੍ਰਿਥੀ ਚੰਦ ਵੱਲੋਂ ਗੁਰੂ ਜੀ ਵਿਰੁਧ ਸ਼ਿਕਾਇਤਾਂ ਕਰਨੀਆਂ, ਵਰਗੇ ਹੋਰ ਅਨੇਕਾਂ ਕਾਰਨ ਉਪਰਲੇ ਚਾਰ ਮੁੱਖ ਕਾਰਨਾਂ ਤਹਿਤ ਹੀ ਆਉਂਦੇ ਹਨ, ਪਰ ਜੇ ਰਤਾ ਗਹੁ ਨਾਲ ਵਿਚਾਰੀਏ ਤਾਂ ਇਨ੍ਹਾਂ ਸਾਰਿਆਂ ਵਿਚੋਂ ਮੁੱਖ ਕਾਰਨ ਧਾਰਮਿਕ ਅਸਹਿਣਸ਼ੀਲਤਾ, ਦੂਜਿਆਂ ਧਰਮਾਂ ਪ੍ਰਤੀ ਨਫਰਤ ਅਤੇ ਕੱਟੜਤਾ ਹੀ ਨਜ਼ਰ ਗੋਚਰ ਹੁੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸਲਾਮ ਵਿਚ ਮੁੱਲਾਂ-ਮੌਲਾਣਿਆਂ, ਪੀਰਾਂ-ਫਕੀਰਾਂ ਦਾ ਆਮ ਲੋਕਾਂ 'ਤੇ ਅਹਿਮ ਪ੍ਰਭਾਵ ਰਿਹਾ ਹੈ। ਵਕਤ-ਬਾ-ਵਕਤ ਇਹ ਇਸਲਾਮਿਕ ਰਾਜਨੀਤੀ ਅਤੇ ਹਕੂਮਤਾਂ 'ਤੇ ਵੀ ਅਸਰ-ਅੰਦਾਜ਼ ਹੁੰਦੇ ਰਹੇ ਹਨ। ਇਸਲਾਮ ਭਾਵੇਂ ਇਸ ਦੀ ਇਜਾਜ਼ਤ ਨਹੀਂ ਦਿੰਦਾ, ਫਿਰ ਵੀ ਦੂਜੇ ਧਰਮਾਂ ਪ੍ਰਤੀ ਨਫਰਤ, ਤ੍ਰਿਸਕਾਰ ਅਤੇ ਕੱਟੜਤਾ ਇਸਲਾਮ ਦੇ ਧਾਰਮਿਕ ਆਗੂਆਂ ਦੀ ਸੋਚ ਦਾ ਅਹਿਮ ਪੱਖ ਰਿਹਾ ਹੈ।

ਗੁਰੂਘਰ ਦਾ ਵਧਦਾ ਪ੍ਰਭਾਵ ਅਤੇ ਸਿੱਖੀ ਦੀ ਉਭਰਦੀ ਲਹਿਰ ਇਨ੍ਹਾਂ ਕੱਟੜ ਇਸਲਾਮਿਕ ਆਗੂਆਂ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦੀ। ਇਹ ਗੁਰੂਘਰ ਅਤੇ ਸਿੱਖੀ ਦੀ ਲਹਿਰ ਨੂੰ ਸਦਾ ਲਈ ਖਤਮ ਅਤੇ ਨੇਸਤੋ-ਨਾਬੂਦ ਕਰ ਦੇਣਾ ਚਾਹੁੰਦੇ ਸਨ। ਇਸ ਸਬੰਧੀ ਇਹ ਹਕੂਮਤ 'ਤੇ ਅਸਰ-ਅੰਦਾਜ਼ ਹੋਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਸਨ। ਬਾਦਸ਼ਾਹ ਅਕਬਰ ਉਦਾਰਚਿਤ ਹੁਕਮਰਾਨ ਸੀ, ਇਸ ਲਈ ਉਸ ਦੇ ਅੱਗੇ ਇਨ੍ਹਾਂ ਦੀ ਕੋਈ ਪੇਸ਼ ਨਹੀਂ ਜਾ ਰਹੀ ਸੀ। ਅਕਬਰ ਦਾ ਲੜਕਾ ਸਲੀਮ ਜੋ ਬਾਅਦ ਵਿਚ ਜਹਾਂਗੀਰ ਦੇ ਲਕਬ ਨਾਲ ਤਖਤ 'ਤੇ ਬੈਠਾ ਸੀ, ਅੱਯਾਸ਼ ਕਿਸਮ ਦਾ ਵਿਚਾਰਹੀਣ ਆਦਮੀ ਸੀ। ਅਕਬਰ ਦੀ ਮੌਤ ਤੋਂ ਬਾਅਦ ਹਕੂਮਤ ਪ੍ਰਾਪਤ ਕਰਨ ਦੇ ਲਾਲਚਵੱਸ ਉਹ ਸੌਖਿਆਂ ਹੀ ਇਨ੍ਹਾਂ ਦੇ ਅਸਰ ਥੱਲੇ ਆ ਗਿਆ। ਸੂਫੀਆਂ ਦੇ ਨਕਸ਼ਬੰਦੀ ਸਿਲਸਿਲੇ ਦੀ ਸ਼ੁਰੂਆਤ ਤੋਂ ਹੀ ਇਹ ਰੁਚੀ ਰਹੀ ਸੀ ਕਿ ਆਮ ਲੋਕਾਂ ਦੀ ਬਜਾਏ ਇਹਦੀ ਵਕਤੀ ਹਕੂਮਤ 'ਤੇ ਅਸਰ-ਅੰਦਾਜ਼ ਹੋਣ ਦੀ ਹਰ ਸੰਭਵ ਕੋਸ਼ਿਸ਼ ਹੁੰਦੀ ਸੀ। ਇਸ ਸਿਲਸਿਲੇ ਦਾ ਮੁਖੀ ਪੀਰ ਸ਼ੇਖ ਅਹਿਮਦ ਸਰਹੰਦੀ ਉਰਫ ਸ਼ੇਖ ਅਲਫਸਾਨੀ ਮੁਜੱਦਦ ਸੀ ਜੋ ਦੂਜੇ ਧਰਮਾਂ ਵੱਲ ਬੜਾ ਨਫਰਤ ਤੇ ਹਕਾਰਤ ਭਰਿਆ ਰਵੱਈਆ ਤੇ ਨਜ਼ਰੀਆ ਰੱਖਦਾ ਸੀ। ਉਹ ਬਾਦਸ਼ਾਹ ਜਹਾਂਗੀਰ ਦੇ ਦਰਬਾਰ ਵਿਚ ਚੋਖਾ ਅਸਰ ਰਸੂਖ ਰੱਖਣ ਵਿਚ ਕਾਮਯਾਬ ਹੋ ਚੁੱਕਾ ਸੀ। ਇਸੇ ਪੀਰ ਨੇ ਹੀ ਗੁਰੂਘਰ ਅਤੇ ਗੁਰੂ ਜੀ ਪ੍ਰਤੀ ਜਹਾਂਗੀਰ ਦੇ ਮਨ ਵਿਚ ਨਫਰਤ ਦੀ ਚੰਗਿਆੜੀ ਸੁਲਗਾਈ। ਨਕਸ਼ਬੰਦੀ ਸਿਲਸਿਲੇ ਦੀ ਰੁਚੀ ਤੇ ਸੋਚ ਦਾ ਇਜ਼ਹਾਰ ਇਸ ਦੇ ਪੀਰ ਖਵਾਜਾ ਉਬੈਦਉਲਾ ਅਰਹਾਰ ਦੇ ਇਨ੍ਹਾਂ ਵਿਚਾਰਾਂ ਤੋਂ ਸਾਫ ਹੋ ਜਾਂਦਾ ਹੈ, "ਜੇ ਅਸਾਂ ਪੀਰੀ ਕਰਨੀ ਹੁੰਦੀ ਤਾਂ ਸੰਸਾਰ ਵਿਚ ਹੋਰ ਕਿਸੇ ਪੀਰ ਨੂੰ ਸਾਡੇ ਬਗ਼ੈਰ ਮੁਰੀਦ ਲੱਭਣਾ ਮੁਸ਼ਕਿਲ ਹੋ ਜਾਣਾ ਸੀ ਪਰ ਸਾਡੇ ਜ਼ਿੰਮੇ ਹੋਰ ਕੰਮ ਲੱਗਾ ਹੋਇਆ ਹੈ ਕਿ ਦੁਸ਼ਟਾਂ ਤੋਂ ਮੁਸਲਮਾਨਾਂ ਦੀ ਰੱਖਿਆ ਕਰੀਏ। ਇਹ ਕਾਰਜ ਸਿਰਫ ਬਾਦਸ਼ਾਹ ਦੀ ਮੱਦਦ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ। ਹਕੂਮਤ 'ਤੇ ਕਾਬਜ਼ ਲੋਕਾਂ ਨਾਲ ਮੇਲ-ਜੋਲ, ਉਨ੍ਹਾਂ ਨੂੰ ਆਪਣੇ ਅਸਰ ਹੇਠ ਲਿਆਉਣਾ ਅਤੇ ਫਿਰ ਉਨ੍ਹਾਂ ਨੂੰ ਇਸਲਾਮ ਦੀ ਬਿਹਤਰੀ ਲਈ ਵਰਤਣਾ, ਇਹੋ ਸਾਡਾ ਆਹਲਾ ਫਰਜ਼ ਹੈ।"

ਸ਼ੇਖ ਅਲਫਸਾਨੀ ਮੁਜੱਦਦ ਉਪਰਲੇ ਵਿਚਾਰ ਨੂੰ ਬੜੀ ਸ਼ਿਦਤ ਨਾਲ ਨਿਭਾ ਰਿਹਾ ਸੀ। ਮੁਜੱਦਦ ਦੇ ਹਕੂਮਤ ਦੇ ਆਹਲਾ ਅਹਿਲਕਾਰ ਨਵਾਬ ਮੁਰਤਜ਼ਾ ਖਾਨ ਸ਼ੇਖ ਫਰੀਦ ਨਾਲ ਆਹਲਾ ਸਬੰਧ ਸਨ। ਅਕਬਰ ਦੀ ਮੌਤ ਪਿਛੋਂ ਇਸੇ ਮੁਰਤਜ਼ਾ ਖਾਨ ਨੇ ਰਾਜ ਗੱਦੀ ਹਾਸਲ ਕਰਨ ਵਿਚ ਜਹਾਂਗੀਰ ਦੀ ਇਮਦਾਦ ਕੀਤੀ ਸੀ। ਬਾਦਸ਼ਾਹ ਜਹਾਂਗੀਰ ਮੁਰਤਜ਼ਾ ਖਾਨ ਦੇ ਪ੍ਰਭਾਵ ਥੱਲੇ ਸੀ ਅਤੇ ਉਸ ਦਾ ਕਿਹਾ ਨਹੀਂ ਸੀ ਮੋੜਦਾ। ਮੁਜੱਦਦ ਦੀ ਸਲਾਹ 'ਤੇ ਇਸੇ ਮੁਰਤਜ਼ਾ ਖਾਨ ਨੇ ਹਕੂਮਤ ਹਾਸਲ ਕਰਨ ਵੇਲੇ ਜਹਾਂਗੀਰ ਤੋਂ ਗੁਰੂਘਰ ਅਤੇ ਸਿੱਖੀ ਦੇ ਵਧਦੇ ਪ੍ਰਭਾਵ ਤੋਂ ਇਸਲਾਮ ਨੂੰ 'ਖਤਰੇ ਦਾ ਵਾਸਤਾ' ਪਾ ਕੇ ਗੁਰੂਘਰ, ਖਾਸ ਕਰ ਕੇ ਗੁਰੂ ਅਰਜਨ ਦੇਵ ਜੀ ਨੂੰ ਨੇਸਤੋ-ਨਾਬੂਦ ਕਰਨ ਦਾ ਵਾਅਦਾ ਲੈ ਲਿਆ ਹੋਇਆ ਸੀ। ਅਖੀਰ ਬੇ-ਸਿਰਪੈਰ ਬਹਾਨੇ ਬਣਾ ਕੇ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਮਾਰ ਮੁਕਾਣ ਦਾ ਹੁਕਮ ਦੇ ਕੇ ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿੱਤਾ ਸੀ।

ਇਸ ਸਭ ਕੁਝ ਦੇ ਪਿੱਛੇ ਮੁਜੱਦਦ ਦੀ ਦੂਜੇ ਧਰਮਾਂ ਪ੍ਰਤੀ (ਖਾਸ ਕਰ ਕੇ ਹਿੰਦੂਆਂ ਪ੍ਰਤੀ, ਕਿਉਂਕਿ ਉਹ ਗੁਰੂ ਜੀ ਨੂੰ ਵੀ ਹਿੰਦੂ ਹੀ ਸਮਝਦਾ ਸੀ) ਜਨੂੰਨ ਦੀ ਹੱਦ ਤੱਕ ਵਧੀ ਨਫਰਤ, ਕੱਟੜਤਾ ਅਤੇ ਹਕਾਰਤ ਕੰਮ ਕਰ ਰਹੀ ਸੀ ਜਿਸ ਦਾ ਸਬੂਤ ਉਸ ਵੱਲੋਂ ਮੁਰਤਜ਼ਾ ਖਾਨ ਨੂੰ ਲਿਖੇ ਖਤ ਤੋਂ ਮਿਲਦਾ ਹੈ,

"ਮੇਰੀ ਇਹ ਦਿਲੀ ਪ੍ਰਬਲ ਖਾਹਸ਼ ਹੈ ਕਿ ਖੁਦਾ ਦੇ ਦੁਸ਼ਮਣ ਹਿੰਦੂਆਂ ਨਾਲ ਪੁੱਜ ਕੇ ਤੱਦੀ ਕੀਤੀ ਜਾਏ। ਇਨ੍ਹਾਂ ਦਾ ਵੱਧ ਤੋਂ ਵੱਧ ਤ੍ਰਿਸਕਾਰ ਹੋਣਾ ਅਤੇ ਇਨ੍ਹਾਂ ਬਦਬਖਤਾਂ ਦਾ ਨਿਤਾਪ੍ਰਤੀ ਮਾਣ ਤੋੜਨਾ ਚਾਹੀਦਾ ਹੈ। ਯਕੀਨ ਕਰ ਕੇ ਜਾਣੋ ਕਿ ਖੁਦਾ ਨੂੰ ਰਾਜ਼ੀ ਕਰਨ ਦਾ ਇਸ ਨਾਲੋਂ ਬਿਹਤਰ ਤਰੀਕਾ ਹੋਰ ਕੋਈ ਨਹੀਂ ਹੈ।"

'ਤੁਜਕ-ਏ-ਜਹਾਂਗੀਰੀ' ਮੁਤਾਬਕ ਗੁਰੂ ਜੀ ਨੂੰ ਮਾਰਨ ਦਾ ਹੁਕਮ ਭਾਵੇਂ ਜਹਾਂਗੀਰ ਨੇ ਆਪ ਕੀਤਾ ਸੀ ਪਰ ਉਸ ਦੇ ਇਸ ਹੁਕਮ ਪਿਛੇ ਸੋਚ ਅਤੇ ਸਾਜ਼ਿਸ਼ ਮੁਜੱਦਦ ਦੀ ਹੀ ਕੰਮ ਕਰ ਰਹੀ ਸੀ। ਜਹਾਂਗੀਰ ਲਿਖਦਾ ਹੈ,

"ਬਿਆਸ ਨਦੀ ਦੇ ਕੰਢੇ 'ਤੇ ਗੋਇੰਦਵਾਲ ਵਿਚ ਅਰਜਨ ਨਾਂ ਦਾ ਹਿੰਦੂ ਪੀਰਾਂ-ਫਕੀਰਾਂ ਦੇ ਭੇਸ ਵਿਚ ਰਹਿੰਦਾ ਸੀ। ਬਹੁਤ ਸਾਰੇ ਭੋਲੇ-ਭਾਲੇ ਹਿੰਦੂ ਅਤੇ ਅਣਜਾਣ ਤੇ ਮੂਰਖ ਮੁਸਲਮਾਨ ਉਸ ਦੀ ਰਹਿਣੀ-ਬਹਿਣੀ ਦੇ ਕਾਇਲ ਸਨ ਅਤੇ ਉਸ ਨੂੰ ਗੁਰੂ ਕਹਿੰਦੇ ਸਨ। ਸਭ ਪਾਸਿਉਂ ਮੂਰਖ ਲੋਕ ਆ ਕੇ ਉਸ ਅੱਗੇ ਆਪਣੀ ਸ਼ਰਧਾ ਪ੍ਰਗਟ ਕਰਦੇ ਸਨ। ਤਿੰਨ-ਚਾਰ ਪੀੜ੍ਹੀਆਂ ਤੋਂ ਉਨ੍ਹਾਂ ਇਹ ਦੁਕਾਨ ਚਲਾਈ ਹੋਈ ਸੀ।"

ਉਹ ਅੱਗੇ ਲਿਖਦਾ ਹੈ,

"ਬਹੁਤ ਸਮੇਂ ਤੋਂ ਮੇਰੇ ਮਨ ਵਿਚ ਇਹ ਵਿਚਾਰ ਉਠ ਰਿਹਾ ਸੀ ਕਿ ਇਸ ਕੂੜ ਤੇ ਫਰੇਬ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਫਿਰ ਉਸ ਨੂੰ ਇਸਲਾਮ ਦੇ ਦਾਇਰੇ ਵਿਚ ਲੈ ਆਉਣਾ ਚਾਹੀਦਾ ਹੈ। ਮੈਂ ਹੁਕਮ ਸਾਦਰ ਕੀਤਾ ਕਿ ਉਸ ਨੂੰ ਫੜ ਕੇ ਹਾਜ਼ਰ ਕੀਤਾ ਜਾਏ ਤੇ ਮੈਂ ਉਸ ਦਾ ਘਰ-ਘਾਟ ਤੇ ਬੱਚੇ ਮੁਰਤਜ਼ਾ ਖਾਨ ਦੇ ਹਵਾਲੇ ਕਰਨ ਦਾ ਹੁਕਮ ਕੀਤਾ ਅਤੇ ਉਸ ਦਾ ਮਾਲ-ਅਸਬਾਬ ਜ਼ਬਤ ਕਰ ਕੇ ਹੁਕਮ ਕੀਤਾ ਕਿ ਉਸ ਨੂੰ 'ਸਿਆਸਤ ਅਤੇ ਯਾਸਾ' ਦੇ ਤਹਿਤ ਸਜ਼ਾ ਦਿਤੀ ਜਾਵੇ।"

ਇਹ ਧਾਰਮਿਕ ਕੱਟੜਤਾ ਦੇ ਅਸਰ ਥੱਲੇ ਆ ਚੁੱਕੇ ਹੋਣ ਦਾ ਅਹਿਮ ਸਬੂਤ ਹੈ, ਤੇ ਇਹ ਸਪਸ਼ਟ ਕਰਦਾ ਹੈ ਕਿ ਸ਼ਰਈ ਮੌਲਾਣੇ ਕਿਸ ਕਦਰ ਹਕੂਮਤ 'ਤੇ ਅਸਰ-ਅੰਦਾਜ਼ ਸਨ। ਬਾਦਸ਼ਾਹ ਜਹਾਂਗੀਰ ਦੇ ਹੁਕਮਾਂ ਮੁਤਾਬਕ ਗੁਰੂ ਜੀ ਨੂੰ ਅਕਹਿ ਤੇ ਅਸਹਿ ਤਸ਼ੱਦਦ ਢਾਹ ਕੇ ਸ਼ਹੀਦ ਕੀਤਾ ਗਿਆ। ਉਪਰੰਤ ਉਨ੍ਹਾਂ ਦੀ ਦੇਹ ਨੂੰ ਦਰਿਆ ਰਾਵੀ ਵਿਚ ਰੋੜ੍ਹ ਦਿੱਤਾ ਗਿਆ।

ਮੁਜੱਦਦ ਨੂੰ ਗੁਰੂ ਜੀ ਦੀ ਸ਼ਹੀਦੀ ਦੀ ਕਿੰਨੀ ਖੁਸ਼ੀ ਹੋਈ ਸੀ, ਇਸ ਦਾ ਪਤਾ ਮੁਜੱਦਦ ਵੱਲੋਂ ਮੁਰਤਜ਼ਾ ਖਾਨ ਨੂੰ ਲਿਖੀ ਚਿੱਠੀ ਤੋਂ ਲਗਦਾ ਹੈ। ਇਸ ਚਿੱਠੀ ਵਿਚ ਉਹ ਮੁਰਤਜ਼ਾ ਖਾਨ ਨੂੰ ਲਿਖਦਾ ਹੈ, "ਗੋਇੰਦਵਾਲ ਦੇ ਭ੍ਰਿਸ਼ਟ ਕਾਫਰ (ਗੁਰੂ ਅਰਜਨ ਦੇਵ ਜੀ) ਦੀ ਮੌਤ ਸਾਡੀ ਅਹਿਮ ਪ੍ਰਾਪਤੀ ਅਤੇ ਜਿੱਤ ਹੈ...ਚਾਹੇ ਉਸ ਨੂੰ ਕਿਸ ਤਰੀਕੇ ਨਾਲ ਮਾਰਿਆ ਗਿਆ, ਕਿਸ ਜ਼ਰੀਏ, ਕਿਸ ਬਹਾਨੇ ਨਾਲ ਖਤਮ ਕੀਤਾ ਗਿਆ, ਇਹ ਸਮੂਹ ਮੁਸਲਮਾਨਾਂ ਲਈ ਬੜੇ ਫਾਇਦੇ ਅਤੇ ਸਬਾਤ ਦੀ ਗੱਲ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਕਾਫਰ ਬੇਦੀਨੇ ਲੋਕਾਂ ਦਾ ਸਰਬਰਾਹ ਅਤੇ ਕਾਫਰਾਂ ਦਾ ਵੱਡਾ ਮੋਢੀ ਸੀ।"

ਇਹ ਸੀ ਅਖੌਤੀ ਧਾਰਮਿਕ ਰਹਿਬਰਾਂ ਦੀ ਫਿਰਕਾਪ੍ਰਸਤ, ਨਫਰਤ ਭਰੀ, ਇਸਲਾਮ ਵਿਹੂਣੀ, ਸੋਚ ਵਿਹੂਣੀ ਕਟੜ ਜ਼ਹਿਨੀਅਤ।

ਗੁਰੂ ਜੀ ਨੇ ਵਕਤੀ ਜ਼ਾਲਮ ਹਕੂਮਤ ਦੇ ਜਬਰ-ਜ਼ੁਲਮ ਤੇ ਲਾਏ ਗਏ ਝੂਠੇ ਇਲਜ਼ਾਮਾਂ ਅੱਗੇ ਝੁਕਣ ਦੀ ਬਜਾਏ ਹਕੂਮਤ ਦੇ ਵਹਿਸ਼ੀ ਜ਼ੁਲਮਾਂ ਦਾ ਸ਼ਾਂਤਮਈ ਤਰੀਕੇ ਨਾਲ ਮੁਕਾਬਲਾ ਕਰਨ ਦਾ ਫੈਸਲਾ ਕੀਤਾ। ਤਸੀਹੇ ਵੀ ਉਨ੍ਹਾਂ ਨੂੰ ਆਪਣੇ ਦ੍ਰਿੜ ਇਰਾਦੇ ਤੋਂ ਡੁਲਾ ਨਾ ਸਕੇ। ਆਪ ਅਕਹਿ ਤੇ ਅਸਹਿ ਤਸ਼ੱਦਦ ਸਹਾਰਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਉਨ੍ਹਾਂ ਦੀ ਬੇਮਿਸਾਲ ਸ਼ਹੀਦੀ ਮੁਗਲ ਹਕੂਮਤ ਦੀ ਨੀਚਤਾ ਤੇ ਜ਼ੁਲਮਾਂ ਦੀ ਇੰਤਹਾ ਸੀ। ਗੁਰੂ ਜੀ ਦੀ ਸ਼ਹੀਦੀ ਨੇ ਜ਼ਮਾਨੇ ਨੂੰ ਇਹ ਦੱਸ ਦਿਤਾ ਕਿ ਸ਼ਾਂਤਮਈ ਰਹਿ ਕੇ ਵੀ ਜਬਰ-ਜ਼ੁਲਮ ਦਾ ਟਾਕਰਾ ਕੀਤਾ ਜਾ ਸਕਦਾ ਹੈ।

ਗੁਰੂ ਅਰਜਨ ਦੇਵ ਜੀ ਹਕੂਮਤ ਦੀ ਸੋਚ ਵਿਹੂਣੀ, ਸ਼ੱਕੀ ਨੀਅਤ ਨੂੰ ਚੰਗੀ ਤਰ੍ਹਾਂ ਭਾਂਪ ਚੁੱਕੇ ਸਨ। ਸੋ, ਉਨ੍ਹਾਂ ਸਿੱਖਾਂ ਸੇਵਕਾਂ ਨੂੰ ਆਉਣ ਵਾਲੇ ਮਾੜੇ ਸਮੇਂ ਨਾਲ ਨਜਿੱਠਣ ਲਈ ਹਰ ਪਾਸਿਉਂ ਚੰਗੀ ਤਰ੍ਹਾਂ ਸਾਵਧਾਨ, ਸੂਚਿਤ ਅਤੇ ਤਿਆਰ ਕਰ ਦਿੱਤਾ ਹੋਇਆ ਸੀ। ਬਾਲ ਗੁਰੂ ਹਰਗੋਬਿੰਦ ਨੂੰ ਆਉਣ ਵਾਲੀਆਂ ਮੁਸ਼ਕਿਲਾਂ, ਖਤਰਿਆਂ, ਬੁਰੇ ਸਮਿਆਂ ਬਾਰੇ ਗੁਰੂ ਸਾਹਿਬ ਨੇ ਬਰੀਕੀ ਨਾਲ ਸਭ ਕੁਝ ਸਮਝਾ ਦਿੱਤਾ ਸੀ।

ਗੁਰੂ ਸਾਹਿਬ ਦੀ ਸ਼ਾਂਤਮਈ ਸ਼ਹੀਦੀ ਨੇ ਭਾਰਤੀ ਸਮਾਜ 'ਤੇ ਦੂਰ-ਰਸ ਪ੍ਰਭਾਵ ਪਾਇਆ। ਸਦੀਆਂ ਤੋਂ ਵਿਦੇਸ਼ੀ ਜਰਵਾਣਿਆਂ ਦੀ ਗ਼ੁਲਾਮੀ ਹੰਢਾਉਂਦਿਆਂ ਭਾਰਤੀ ਲੋਕਾਂ ਦੇ ਮਨਾਂ ਵਿਚ ਗ਼ੁਲਾਮ ਜ਼ਹਿਨੀਅਤ ਘਰ ਕਰ ਚੁੱਕੀ ਸੀ। ਸਵੈਮਾਣ ਅਤੇ ਮਨੋਬਲ ਚਕਨਾਚੂਰ ਹੋ ਚੁੱਕੇ ਸਨ। ਲੋਕ ਭੇਡਾਂ ਵਾਂਗੂ ਸਿਰ ਸੁੱਟ ਕੇ ਪਸ਼ੂਆਂ ਵਾਲੀ ਜ਼ਿੰਦਗੀ ਜਿਉਣ 'ਤੇ ਮਜਬੂਰ ਸਨ। ਅਣਖ, ਇਜ਼ਤ ਨਾਂ ਦੀ ਚੀਜ਼ ਵੇਖਣ ਨੂੰ ਨਹੀਂ ਲੱਭਦੀ ਸੀ। ਰਾਜਿਆਂ, ਅਹਿਲਕਾਰਾਂ, ਮੁੱਲਾਂ-ਮੁਲਾਣਿਆਂ, ਕਾਜ਼ੀਆਂ, ਬ੍ਰਾਹਮਣਾਂ, ਪੰਡਤਾਂ ਅਤੇ ਹੋਰ ਦੂਜੇ ਆਗੂਆਂ ਦੇ ਜ਼ੁਲਮਾਂ ਨੇ ਆਮ ਪਰਜਾ ਨੂੰ ਇਸ ਕਦਰ ਨਿਪੁੰਸਕ, ਬਲਹੀਣ ਅਤੇ ਬੇਗ਼ੈਰਤੇ ਬਣਾ ਦਿਤਾ ਸੀ ਕਿ ਲੋਕ ਆਪਣੀ ਇਸ ਨਿਘਰੀ ਹੋਈ ਹਾਲਤ ਨੂੰ ਭਾਗਾਂ ਦੇ ਮੱਥੇ ਮੜ੍ਹ ਕੇ ਸਬਰ ਕਰ ਛੱਡਦੇ ਸਨ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਜਿੱਥੇ ਆਮ ਜਨਤਾ ਦੇ ਡਿੱਗ ਚੁੱਕੇ ਮਨੋਬਲ ਨੂੰ ਸਹਾਰਾ ਦਿਤਾ, ਉਥੇ ਮਨਾਂ ਵਿਚ ਮਲੀਆਮੇਟ ਹੋ ਚੁੱਕੇ ਸਵੈਮਾਣ, ਗ਼ੈਰਤ, ਅਣਖ, ਇੱਜ਼ਤ ਦੇ ਅਹਿਸਾਸ ਦੀ ਚੰਗਿਆੜੀ ਭਖਾ ਕੇ ਲੋਕਾਂ ਲਈ ਸਮਾਜਕ ਏਕਤਾ, ਬਰਾਬਰੀ, ਸਾਂਝੀਵਾਲਤਾ ਦਾ ਰਾਹ ਪੱਧਰਾ ਕਰ ਦਿੱਤਾ ਸੀ। ਆਪਣੇ ਹੱਕ-ਹਕੂਕਾਂ ਲਈ ਜਬਰ-ਜ਼ੁਲਮ ਅਤੇ ਬੇ-ਇਨਸਾਫੀ ਵਿਰੁਧ ਭਾਵਨਾ ਪ੍ਰਬਲ ਹੋਣ ਲੱਗ ਪਈ ਸੀ। ਲੋਕਾਂ ਦੇ ਮਨਾਂ ਵਿਚ ਬਿਹਤਰ ਜ਼ਿੰਦਗੀ ਲਈ ਖਾਹਸ਼ ਜਾਗ ਰਹੀ ਸੀ। ਉਹ ਚੰਗੇਰੇ ਭਵਿਖ ਲਈ ਕਿਸੇ ਇਕ ਪਲੇਟਫਾਰਮ 'ਤੇ ਇਕੱਠੇ ਹੋਣ ਲਈ ਉਤਾਵਲੇ ਹੋਣ ਲੱਗ ਪਏ ਸਨ; ਖਾਸ ਕਰ ਕੇ ਸਿੱਖ ਸੰਗਤਾਂ ਦੇ ਮਨਾਂ ਵਿਚ ਹਕੂਮਤ ਦੇ ਖਿਲਾਫ ਰੋਹ ਦਾ ਜਵਾਲਾਮੁਖੀ ਉਬਲ ਰਿਹਾ ਸੀ। ਸਿੱਖ ਸੰਗਤਾਂ ਹਕੂਮਤ ਤੋਂ ਗੁਰੂ ਜੀ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਉਤਾਵਲੀਆਂ ਸਨ। ਇਸ ਘਟਨਾਕ੍ਰਮ ਨੇ ਸਿੱਖੀ ਦੀ ਲਹਿਰ ਵਿਚ ਇਕਮੁੱਠਤਾ, ਇਕਜੁੱਟਤਾ ਅਤੇ ਕਦੇ ਨਾ ਡੋਲਣ ਵਾਲੀ ਪਹਾੜ ਵਰਗੀ ਮਜ਼ਬੂਤੀ ਲੈ ਆਂਦੀ ਸੀ। ਗੁਰੂ ਹਰਗੋਬਿੰਦ ਸਾਹਿਬ ਸਿੱਖਾਂ ਸੇਵਕਾਂ ਦੀ ਇਸ ਮਨੋਦਸ਼ਾ ਨੂੰ ਭਲੀ-ਭਾਂਤ ਸਮਝਦੇ ਸਨ। ਮੌਕਾ ਸੰਭਲਦਿਆਂ ਉਨ੍ਹਾਂ ਨੇ ਸਿੱਖ ਸੰਗਤਾਂ ਨੂੰ ਸ਼ਸਤਰਧਾਰੀ ਜਥੇਬੰਦੀ ਦਾ ਰੂਪ ਦੇ ਦਿੱਤਾ ਸੀ। ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮ ਕਰ ਦਿੱਤਾ ਸੀ ਕਿ ਹਰ ਸਿੱਖ ਗੁਰੂ ਦਰਬਾਰ ਆਉਣ ਸਮੇਂ ਘੱਟੋ-ਘੱਟ ਇਕ ਚੰਗਾ ਸ਼ਸਤਰ ਜ਼ਰੂਰ ਲੈ ਕੇ ਆਵੇ; ਜੇ ਹੋ ਸਕੇ ਤਾਂ ਚੰਗਾ ਘੋੜਾ ਵੀ ਲਈ ਆਵੇ। ਵੇਖਦਿਆਂ-ਵੇਖਦਿਆਂ ਗੁਰੂ ਸਾਹਿਬ ਕੋਲ ਵਧੀਆ ਹਥਿਆਰਾਂ ਅਤੇ ਚੰਗੇ ਘੋੜਿਆਂ ਵਾਲੀ ਤਕੜੀ ਫੌਜ ਤਿਆਰ ਹੋ ਗਈ। ਗੁਰੂ ਸਾਹਿਬ ਆਪਣੀ ਨਿਗਰਾਨੀ ਹੇਠ ਸਿੱਖਾਂ ਨੂੰ ਫੌਜੀ ਸਿਖਲਾਈ ਦਿੰਦੇ ਅਤੇ ਫਰਜ਼ੀ ਲੜਾਈਆਂ ਰਾਹੀਂ ਯੁਧ ਕਲਾ ਦੀਆਂ ਬਰੀਕੀਆਂ ਸਮਝਾਉਂਦੇ। ਸਿੱਖਾਂ ਦਾ ਮਨੋਬਲ ਉਚਾ ਚੁੱਕਣ ਲਈ ਦਿੱਲੀ ਤਖਤ ਦੇ ਮੁਕਾਬਲੇ ਗੁਰੂ ਸਾਹਿਬ ਨੇ ਅਕਾਲ ਤਖਤ ਦੀ ਉਸਾਰੀ ਕਰਵਾ ਕੇ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਅਖਵਾਉਣਾ ਸ਼ੁਰੂ ਕਰ ਕੇ ਸਿੱਖਾਂ ਦੇ ਮਨਾਂ ਵਿਚੋਂ ਸਾਰੀ ਹੀਣਤਾ ਦੂਰ ਕਰ ਦਿੱਤੀ। ਹੁਣ ਸਿੱਖ ਆਪਣੇ ਆਪ ਨੂੰ ਮਾਣਮੱਤੇ ਮਹਿਸੂਸ ਕਰਦੇ ਸਨ। ਸਿੱਖ ਅਸਲ ਵਿਚ ਸੰਤ-ਸਿਪਾਹੀ ਬਣ ਗਏ ਸਨ। ਜਬਰ-ਜ਼ੁਲਮ ਦੇ ਟਾਕਰੇ ਲਈ ਹਰ ਵਕਤ ਤਿਆਰ-ਬਰ-ਤਿਆਰ ਫੌਜ ਦਾ ਰੂਪ ਧਾਰਨ ਕਰ ਚੁੱਕੇ ਸਨ। ਮੁਗ਼ਲ ਹਕੂਮਤ ਤੋਂ ਇਹ ਸਭ ਕੁਝ ਬਰਦਾਸ਼ਤ ਨਹੀਂ ਹੋ ਰਿਹਾ ਸੀ। ਫਲਸਰੂਪ ਗੁਰੂ ਜੀ ਨੂੰ ਮੁਗ਼ਲ ਹਕੂਮਤ ਨਾਲ ਕਈ ਲੜਾਈਆਂ ਲੜਨੀਆਂ ਪਈਆਂ ਅਤੇ ਹਰ ਲੜਾਈ ਵਿਚ ਗੁਰੂ ਜੀ ਦੀ ਜਿੱਤ ਹੋਈ।

ਪੰਜਵੇਂ ਪਿਤਾ ਦੀ ਸ਼ਹੀਦੀ ਨੇ ਸਹੀ ਮਾਇਨਿਆਂ ਵਿਚ ਹਿੰਦੁਸਤਾਨ ਦੀ ਆਜ਼ਾਦੀ ਅਤੇ ਮੁਗ਼ਲ ਹਕੂਮਤ ਦੇ ਖਾਤਮੇ ਦਾ ਨੀਂਹ ਪੱਥਰ ਰੱਖ ਦਿੱਤਾ ਸੀ। ਗੁਰੂ ਅਰਜਨ ਦੇਵ ਜੀ ਤੋਂ ਪਿਛੋਂ ਨੌਵੇਂ ਪਿਤਾ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ, ਗੁਰੂ ਜੀ ਦੇ ਸਿੱਖ ਸੇਵਕਾਂ ਦੀ ਸ਼ਹੀਦੀ, ਦਸਵੇਂ ਪਿਤਾ ਗੁਰੂ ਗੋਬਿੰਦ ਸਿੰਘ ਵਲੋਂ ਖਾਲਸੇ ਦੀ ਸਿਰਜਣਾ, ਚਾਰਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ, ਮਾਤਾ ਜੀ ਦੀ ਸ਼ਹੀਦੀ ਅਤੇ ਗੁਰੂਘਰ ਦੇ ਹਜ਼ਾਰਾਂ ਹੋਰ ਪਿਆਰਿਆਂ, ਸਿੱਖਾਂ ਸੇਵਕਾਂ, ਸਿੰਘਣੀਆਂ, ਭੁਜੰਗੀਆਂ ਦੀਆਂ ਅਣਗਿਣਤ ਸ਼ਹੀਦੀਆਂ, ਪੰਜਵੇਂ ਪਿਤਾ ਦੀ ਸ਼ਹੀਦੀ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਹੋਇਆਂ ਹਕੂਮਤੀ ਜਬਰ-ਜ਼ੁਲਮ ਦੇ ਖਿਲਾਫ ਜੂਝਦਿਆਂ ਹੋਇਆਂ ਵਾਪਰੀਆਂ। ਆਖਰ ਸ਼ਹੀਦਾਂ ਦਾ ਖੂਨ ਰੰਗ ਲਿਆਇਆ। ਸਿੱਖਾਂ ਨੇ ਜ਼ਾਲਮ ਮੁਗ਼ਲ ਹਕੂਮਤ ਨੂੰ ਮਲੀਆਮੇਟ ਕਰ ਕੇ ਹੀ ਸਾਹ ਲਿਆ।

ਦੁਨੀਆਂ ਦੇ ਇਤਿਹਾਸ ਵਿਚ ਪੰਜਵੇਂ ਪਿਤਾ ਦੀ ਸ਼ਹੀਦੀ ਮਹਾਨ, ਅਦੁੱਤੀ ਅਤੇ ਲਾਸਾਨੀ ਸ਼ਹੀਦੀ ਹੈ ਜਿਸ ਨੇ ਸਦੀਆਂ ਤੋਂ ਗ਼ੁਲਾਮੀ ਹੰਢਾਅ ਰਹੇ ਹਿੰਦੁਸਤਾਨ ਦੀ ਕਿਸਮਤ ਬਦਲ ਕੇ ਰੱਖ ਦਿੱਤੀ। ਅਸੀਂ ਅੱਜ ਜਿਸ ਮੁਕਾਮ 'ਤੇ ਹਾਂ, ਗੁਰੂ ਜੀ ਦੀ ਸ਼ਹੀਦੀ ਦੀ ਬਦੌਲਤ ਹੀ ਪੁੱਜੇ ਹਾਂ। ਅੱਜ ਵੀ ਗੁਰੂ ਜੀ ਦੀ ਸ਼ਹੀਦੀ ਦੀ ਲਾਟ ਸਾਡੇ ਰਾਹ ਰੁਸ਼ਨਾ ਰਹੀ ਹੈ। ਜਿਸ ਰਾਹ 'ਤੇ ਗੁਰੂ ਦੀ ਰਜ਼ਾ ਵਿਚ ਚਲਦਿਆਂ ਹਜ਼ਾਰਾਂ ਹੀ ਨਹੀਂ ਬਲਕਿ ਲੱਖਾਂ ਹੀ ਸ਼ਹੀਦੀ ਦੇ ਪਰਵਾਨੇ ਆਪਣੀਆਂ ਜਾਨਾਂ ਵਾਰ ਚੁੱਕੇ ਹਨ, ਵਾਰ ਰਹੇ ਹਨ ਅਤੇ ਵਾਰਦੇ ਰਹਿਣਗੇ।

## ਮਨੁਖਤਾ ਦਾ ਮਸੀਹਾ

ਸਾਨੀ ਕਿਤੇ ਨੀਂ ਤੇਰਾ ਕੋਈ ਜੱਗ ਉਤੇ,
ਸ਼ਾਇਰ, ਸੁਖਨਵਰ ਜੋ ਦਾਨਸ਼ਮੰਦ ਹੋਵੇ।
ਰਸੀਆ ਕੀਰਤਨ ਦਾ ਮਿੱਠ ਬੋਲੜਾ ਜੀ,
ਪਾਤਾਲੋਂ ਨਿਮਰ, ਅਸਮਾਨੋਂ ਬੁਲੰਦ ਹੋਵੇ।
ਚਸ਼ਮਾ ਸ਼ਾਂਤੀ ਦਾ, ਪਾਂਧੀ ਮੁਹਬੱਤਾਂ ਦਾ,
ਦੁਖੀ-ਦੀਨਾਂ ਦਾ ਪਾਲਕ, ਦਰਦਮੰਦ ਹੋਵੇ।
ਜੁਲਮੋ-ਸਿਤਮ ਦੇ ਸਾਹਵੇਂ ਅਡੋਲ ਰਵ੍ਹੇ,
ਉਹਦੀ ਰਜ਼ਾ ਅੰਦਰ ਹੀ ਰਜ਼ਾਮੰਦ ਹੋਵੇ।
ਅੰਮ੍ਰਿਤਮਈ ਬਾਣੀ ਤੇਰੀ ਦਿਲਾਂ ਅੰਦਰ,
ਤਰੱਬਾਂ ਨਾਮ ਦੀਆਂ ਜਦੋਂ ਛੇੜੀਆਂ ਸਨ।
ਵਿਸਰੇ ਦੂਈ-ਦਵੈਤ ਸਾਰੇ ਮਨਾਂ ਵਿਚੋਂ,
ਜਦੋਂ ਵੱਸੀਆਂ ਰਹਿਮਤਾਂ ਤੇਰੀਆਂ ਸਨ।
ਤਰਜ਼ੇ-ਜ਼ਿੰਦਗੀ 'ਚ ਨਵਾਂ ਮੋੜ ਆਇਆ,
ਊਚ-ਨੀਚ ਦੀਆਂ ਸਫਾਂ ਨਬੇੜੀਆਂ ਸਨ।
ਤੇਰੀ ਮਿਹਰ ਦੇ ਚਸ਼ਮੇ 'ਚ ਇਕ ਘੁੱਟ ਨੇ,
ਆਵਾਗੌਣ ਦੀਆਂ ਕੱਟੀਆਂ ਫੇਰੀਆਂ ਸਨ।
ਤੇਰੇ ਦਰ ਘਰ ਸਕੂਨ ਏ ਜੋ ਜ਼ਿੰਦਗੀ ਦਾ,
ਸੰਭਵ ਨਹੀਂ ਕਿਤੋਂ ਆਉਂਦੀ ਸੁਗੰਧ ਹੋਵੇ।
ਕੋਈ ਬਾਗ਼ ਬਹਿਸ਼ਤ, ਕਿਤੇ ਕੋਈ ਦਰ ਨੀ,
ਤੇਰੇ ਚਰਨਾਂ ਜਿਹਾ ਆਉਂਦਾ ਅਨੰਦ ਹੋਵੇ।
ਬੇ-ਆਸ ਮੁੜਿਆ ਨਹੀਂ ਤੇਰੇ ਦਰੋਂ ਕੋਈ,
ਪਾਪੀ-ਪੁੰਨੀ, ਵੈਰੀ ਚਾਹੇ ਗ਼ਰਜ਼ਮੰਦ ਹੋਵੇ।
ਦੁੱਖ-ਦਰਦ ਹਰ ਲਏ ਸਾਰੀ ਮਨੁਖਤਾ ਦੇ,
ਜ਼ਾਲਮ ਹਕੂਮਤ ਦਾ ਨਸ਼ਾ ਮਿਟਾ ਦੇਵਾਂ,
ਬਖਸ਼ੇ ਹੁਕਮ, ਦਿਤੀਆਂ ਦੁਹਾਈਆਂ ਸਨ।
ਉਹਦੀ ਰਜ਼ਾ ਹੀ ਸਾਂਈ ਜੀ ਰਜ਼ਾ ਸਾਡੀ,
ਕਰਾਮਾਤਾਂ ਨਹੀਂ ਮੁੱਖੋਂ ਅਲਾਈਆਂ ਸਨ।
ਭਾਵੇਂ ਕਈ ਵਾਰੀ ਰਾਵੀ ਦੇ ਪਾਣੀਆਂ ਨੂੰ,
ਹੱਥ ਜੋੜ ਅਸੀਂ ਸੀਸ ਝੁਕਾ ਆਏ ਆਂ।
ਤਪਦੀ ਤਵੀ ਤੇ ਰੇਤ ਦੇ ਕੜਛਿਆਂ ਦੀ,
ਯਾਦ ਦਿਲਾਂ ਦੇ ਵਿਚ ਲੁਕਾ ਲਿਆਏ ਆਂ।
ਆਪਣੇ ਦੇਸ਼ ਅੰਦਰ ਵਾਂਗ ਬੇਗ਼ਾਨਿਆਂ ਦੇ,
ਜਾ ਕੇ ਪਛਤਾਵੇ ਦੇ ਹੰਝੂ ਵਗਾ ਆਏ ਆਂ।
ਅੱਜ ਲਗਦਾ ਏ ਅਨਮੋਲ ਕੁਰਬਾਨੀਆਂ ਨੂੰ,
ਭਾੜੇ ਕੌਡੀਆਂ ਦੇ ਅਸੀਂ ਲੁਟਾ ਆਏ ਆਂ।
ਜੂਹ ਨਨਕਾਣੇ ਦੀ ਵਿਛੜ ਗਈ ਸਾਥੋਂ,
ਡੇਰਾ ਸਾਹਿਬ ਵੀ ਨਜ਼ਰੋਂ ਦੂਰ ਹੋਇਆ।
ਪੰਜਾ ਸਾਹਿਬ ਨੂੰ ਅੱਖਾਂ ਤਰਸਦੀਆਂ ਨੇ,
ਦਿਲ ਰੋਂਦਾ ਏ ਡਾਢਾ ਮਜ਼ਬੂਰ ਹੋਇਆ।
ਮੜ੍ਹੀ ਨਹੀਂ ਰਣਜੀਤ ਦੀ ਕਿਤੇ ਦਿਸਦੀ,
ਸਿੱਖ ਰਾਜ ਜਿਥੇ ਚਕਨਾ-ਚੂਰ ਹੋਇਆ।
ਚੌਥੇ ਪਿਤਾ ਦਾ ਜਨਮ ਅਸਥਾਨ ਖੁੱਸਿਆ,
ਖਵਰੇ ਕਿਥੋਂ ਕੋਈ ਸਾਥੋਂ ਕਸੂਰ ਹੋਇਆ।
ਹੱਕ, ਸੱਚ, ਮੁਹਤਾਜ਼ ਦੀ ਬਾਂਹ ਫੜ ਕੇ,
ਜ਼ਬਰ-ਜ਼ੁਲਮ ਦੇ ਨਾਲ ਟਕਰਾ ਗਿਉਂ ਤੂੰ।
ਅੰਮ੍ਰਿਤਸਰ, ਹਰਿਮੰਦਰ, ਸ਼ਬਦ ਗੁਰੂ ਨੂੰ,
ਅੱਟਲ ਸਿੱਖੀ ਦਾ ਧੁਰਾ ਬਣਾ ਗਿਉਂ ਤੂੰ।
ਜੱਗੋਂ ਅਕਹਿ, ਅਸਹਿ ਤੂੰ ਕਸ਼ਟ ਸਹਿ ਕੇ,
ਜੋਤ, ਸ਼ਹੀਦੀ ਦੀ ਅਜਿਹੀ ਜਗਾ ਗਿਉਂ ਤੂੰ।
ਲੰਮੀ ਲਾਈਨ ਸ਼ਹੀਦਾਂ ਦੀ ਲੱਗੀ ਹੋਈ ਏ,
ਰਾਹ ਕੁਰਬਾਨੀ ਦਾ ਇੰਜ ਰੁਸ਼ਨਾ ਗਿਉਂ ਤੂੰ।

## ਕਾਰਲ ਮਾਰਕਸ ਦੀ ਜੀਵਨ ਕਹਾਣੀ-3

# ਸੁੱਚੇ ਇਨਕਲਾਬ ਦੀਆਂ ਕਨਸੋਆਂ...

*ਜਰਮਨੀ ਵਿਚ ਜਨਮੇ ਸੰਸਾਰ ਦੇ ਉਘੇ ਵਿਦਵਾਨ ਕਾਰਲ ਮਾਰਕਸ (5 ਮਈ 1818-14 ਮਰਚ 1883) ਨੇ ਸੰਸਾਰ ਨੂੰ ਦੋ ਅਜਿਹੀਆਂ ਅਦੁੱਤੀ ਰਚਨਾਵਾਂ 'ਦਿ ਕਮਿਊਨਿਸਟ ਮੈਨੀਫੈਸਟੋ' ਅਤੇ 'ਦਾਸ ਕੈਪੀਟਲ' ਦਿੱਤੀਆਂ ਜਿਸ ਨੇ ਕਿਰਤੀਆਂ ਦੇ ਹੱਕ ਵਿਚ ਸੰਸਾਰ ਭਰ ਵਿਚ ਤਰਥੱਲੀ ਮਚਾ ਦਿੱਤੀ। ਇਨ੍ਹਾਂ ਰਚਨਾਵਾਂ ਦਾ ਨਿਚੋੜ ਸਰਬੱਤ ਦਾ ਭਲਾ ਹੈ। ਇਨ੍ਹਾਂ ਨੂੰ ਪੜ੍ਹ-ਗੁੜ ਕੇ ਰੂਸੀ ਲੀਡਰ ਲੈਨਿਨ ਨੇ ਸੰਸਾਰ ਦਾ ਪਹਿਲਾ ਇਨਕਲਾਬ ਲਿਆਂਦਾ ਜਿਸ ਨੇ ਸੰਸਾਰ ਭਰ ਦੇ ਨਿਤਾਣਿਆਂ ਅਤੇ ਨਿਮਾਣਿਆਂ ਲਈ ਆਸ ਦੀ ਕਿਰਨ ਜਗਾਈ। ਨਾਸਤਿਕ ਹੋਣ ਕਰ ਕੇ ਮਾਰਕਸ ਨੂੰ ਉਮਰ ਭਰ ਔਕੜਾਂ ਝਾਗਣੀਆਂ ਪਈਆਂ ਪਰ ਜਿਸ ਤਰ੍ਹਾਂ ਦਾ ਸਿਧਾਂਤ ਉਹ ਮਨੁੱਖ ਜਾਤੀ ਲਈ ਦੇ ਗਿਆ, ਉਹ ਲਾ-ਜਵਾਬ ਹੈ। ਹੁਣ ਤੱਕ ਸੈਂਕੜੇ-ਹਜ਼ਾਰਾਂ ਗ੍ਰੰਥ ਮਾਰਕਸ ਅਤੇ ਉਸ ਦੇ ਸਿਧਾਂਤ ਬਾਰੇ ਛਪ ਚੁੱਕੇ ਹਨ। 2011 ਵਿਚ ਅਮਰੀਕੀ ਲੇਖਕਾ ਮੇਰੀ ਜਬਰੀਲ ਨੇ ਮਾਰਕਸ ਤੇ ਉਹਦੇ ਜੀਵਨ ਬਾਰੇ ਕਿਤਾਬ ਲਿਖੀ, 'ਲਵ ਐਂਡ ਕੈਪੀਟਲ।' ਇਸ ਕਿਤਾਬ ਦੇ ਆਧਾਰ 'ਤੇ ਪ੍ਰੋ. ਹਰਪਾਲ ਸਿੰਘ ਪੰਨੂ ਨੇ ਲੰਮਾ ਲੇਖ ਲਿਖਿਆ ਹੈ। ਇਹ ਲੇਖ ਇਸ ਕਰ ਕੇ ਵੀ ਦਿਲਚਸਪ ਹੈ ਕਿਉਂਕਿ ਇਹ ਆਸਤਿਕ ਚਿੰਤਕ ਵਲੋਂ ਨਾਸਤਿਕ ਚਿੰਤਕ ਬਾਰੇ ਲਿਖਿਆ ਗਿਆ ਹੈ। ਲੇਖ ਦੀ ਇਸ ਤੀਜੀ ਲੜੀ ਵਿਚ ਪੈਰਿਸ ਕਮਿਊਨ ਅਤੇ ਮਾਰਕਸ ਦੇ ਜੀਵਨ ਬਾਰੇ ਚਰਚਾ ਕੀਤੀ ਗਈ ਹੈ। -ਸੰਪਾਦਕ*

ਮਹੀਨੇ ਦੇ ਟੂਰ 'ਤੇ ਜੈਨੀ ਆਪਣੀਆਂ ਧੀਆਂ ਨੂੰ ਲੈ ਕੇ ਚਲੀ ਗਈ। ਨਾਲੇ ਆਊਟਿੰਗ ਹੋ ਜਾਏਗੀ, ਨਾਲੇ ਕਾਰਲ ਇਕਾਂਤ ਵਿਚ ਕੁਝ ਲਿਖ ਲਵੇਗਾ। ਵਾਪਸ ਆਈਆਂ ਤਾਂ 'ਦਾਸ ਕੈਪੀਟਲ' ਦੇ ਸੱਤ ਸੌ ਪੰਨੇ ਲਿਖ ਚੁੱਕਾ ਸੀ। ਜੈਨੀ ਨੇ ਖੁਸ਼ ਹੁੰਦਿਆਂ ਕਿਹਾ, ਜਰਮਨੀ ਦੀ ਧਰਤੀ ਉਤੇ ਇਹ ਕਿਤਾਬ ਬੰਬ ਬਣ ਕੇ ਡਿਗੇਗੀ।

ਖਬਰ ਮਿਲੀ ਕਿ ਕਾਰਲ ਦੀ ਮਾਂ ਦਾ ਦੇਹਾਂਤ ਹੋ ਗਿਆ। ਪਿੰਡ ਚਲਾ ਗਿਆ। ਵਸੀਅਤ ਦੀ ਕੁਝ ਰਕਮ ਮਿਲੀ, ਹਾਲੈਂਡ ਚਾਚੇ ਫਿਲਿਪ ਕੋਲ ਚਲਾ ਗਿਆ। ਜੈਨੀ ਨੂੰ ਖਤ ਲਿਖਿਆ ਕਿ ਬਿਮਾਰ ਹਾਂ, ਦੇਰ ਬਾਅਦ ਰਾਜ਼ੀ ਹੋ ਕੇ ਪਰਤਾਂਗਾ। ਬਿਮਾਰ ਸੀ ਕਿ ਬਿਮਾਰੀ ਦਾ ਬਹਾਨਾ ਸੀ, ਪਤਾ ਨਹੀਂ ਪਰ ਜੈਨੀ ਸਿਰੇ ਦੀ ਤੰਗੀ ਤੁਰਸ਼ੀ ਵਿਚੋਂ ਲੰਘ ਰਹੀ ਸੀ। ਏਂਗਲਜ਼ ਇਸ ਪਰਿਵਾਰ ਦੀ ਮਦਦ, ਮਿੱਲ ਸਿਸਟਮ ਵਿਚੋਂ ਕਮਾਏ ਪੈਸੇ ਨਾਲ ਕਰ ਰਿਹਾ ਸੀ ਤਾਂ ਕਿ ਕਾਰਲ ਇਸ ਸਿਸਟਮ ਨੂੰ ਤੋੜਨ ਵਾਲਾ ਬਰੂਦ ਤਿਆਰ ਕਰ ਸਕੇ।



**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਫੈਸਲਾ ਹੋਇਆ ਕਿ ਲੰਡਨ ਵਿਚ ਵਰਕਿੰਗ ਮੈਨ'ਜ਼ ਇੰਟਰਨੈਸ਼ਨਲ ਬੁਲਾਈ ਜਾਵੇ। ਅੰਦਾਜ਼ਾ ਨਹੀਂ ਸੀ ਕਿ ਇੰਨੀ ਵੱਡੀ ਗਿਣਤੀ ਵਿਚ ਲੋਕ ਆਉਣਗੇ। ਫਰਾਂਸ, ਆਇਰਲੈਂਡ, ਪੋਲੈਂਡ ਅਤੇ ਜਰਮਨੀ ਦੇ ਮਜ਼ਦੂਰ ਲੀਡਰ ਆਏ। ਕਾਰਲ ਨੂੰ ਇੰਟਰਨੈਸ਼ਨਲ ਦਾ ਵਿਧਾਨ ਲਿਖਣ ਲਈ ਕਿਹਾ। ਜਰਮਨੀ ਦੇ ਆਗੂਆਂ ਨੇ ਤਾਂ ਕਾਰਲ ਨੂੰ ਇਸ ਦੀ ਪ੍ਰਧਾਨਗੀ ਕਰਨ ਲਈ ਕਿਹਾ ਪਰ ਕਿਤਾਬ ਲਿਖਣ ਦੀ ਜ਼ਿੰਮੇਵਾਰੀ ਤਿਆਗਣੀ ਉਹਨੇ ਠੀਕ ਨਾ ਸਮਝੀ।

ਅਬਰਾਹਮ ਲਿੰਕਨ ਨੂੰ ਵਧਾਈ ਅਤੇ ਸ਼ੁਭ ਕਾਮਨਾਵਾਂ ਦਾ ਖਤ ਲਿਖਿਆ। ਲਿੰਕਨ ਨੇ ਇੰਗਲੈਂਡ ਆਪਣੇ ਰਾਜਦੂਤ ਰਾਹੀਂ ਕਾਰਲ ਦਾ ਸ਼ੁਕਰਾਨਾ ਕੀਤਾ। ਜਦੋਂ ਖਬਰ ਮਿਲੀ ਕਿ ਲਿੰਕਨ ਦੀ ਹੱਤਿਆ ਹੋ ਗਈ ਹੈ, ਲਿਖਿਆ-ਸੰਸਾਰ ਸੋਗ ਵਿਚ ਡੁੱਬ ਗਿਆ ਹੈ। ਉਹਨੇ ਔਖਾ ਕੰਮ ਛੇੜ ਲਿਆ ਸੀ। ਦਿਆਲੂ ਦਿਲ ਵਾਲੇ ਆਦਮੀ ਨੇ ਦਲੇਰ ਫੈਸਲੇ ਕੀਤੇ। ਆਪਣੀ ਮਿਨੀ ਮੁਸਕਾਨ ਨਾਲ ਉਹ ਹਨੇਰਿਆਂ ਵਿਚ ਰੋਸ਼ਨੀ ਕਰ ਦਿੰਦਾ ਸੀ। ਲਿੰਕਨ ਉਨ੍ਹਾਂ ਮੁੱਠੀ ਭਰ ਬੰਦਿਆਂ ਵਿਚੋਂ ਸੀ ਜਿਹੜੇ ਨੇਕੀ ਛੱਡਣ ਬਗੈਰ ਮਹਾਨ ਹੋ ਜਾਂਦੇ ਹਨ।

ਬਾਰਾਂ ਸੌ ਪਦੀ ਕਿਤਾਬ ਨੂੰ ਸੰਵਾਰਨ ਲੱਗਾ, ਸਟਾਈਲ ਸੋਧਣ ਲੱਗਾ, ਲਿਖਦਾ ਹੈ, ਗਾਂ ਜਿਵੇਂ ਨਵ-ਜਾਏ ਵਛੜੂ ਨੂੰ ਚੱਟਣ ਲਗਦੀ ਹੈ, ਉਸ ਤਰ੍ਹਾਂ।

ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਨੇ ਘੇਰਾ ਪਾ ਲਿਆ, ਵਧੀਕ ਕੰਮ ਕਰਨ ਦਾ ਨਤੀਜਾ। ਜਰਮਨ ਡਾਕਟਰ ਦੀ ਨਿਗਰਾਨੀ ਵਿਚ ਆਰਸੈਨਿਕ ਜ਼ਹਿਰ ਦੀਆਂ ਤਿੰਨ ਵਾਰ ਹਲਕੀਆਂ ਖੁਰਾਕਾਂ ਲੈਂਦਾ। ਅਫੀਮ ਲੈਣੀ ਪੈਂਦੀ। ਏਂਗਲਜ਼ ਆ ਗਿਆ, ਕਿਹਾ-ਕਿਤਾਬ ਤਿੰਨ ਮਹੀਨੇ ਪਿੱਛੇ ਪੈਂਦੀ ਹੈ, ਪੈਣ ਦੇਹ। ਸਾਗਰ ਕੰਢੇ ਛੁੱਟੀਆਂ ਮਨਾ। ਤੇਰੀ ਸਿਹਤ ਵਿਗੜ ਗਈ ਤਾਂ ਸੰਸਾਰ ਵੱਡੀ ਲਹਿਰ ਤੋਂ ਵਾਂਝਾ ਰਹਿ ਜਾਏਗਾ।

ਇੰਟਰਨੈਸ਼ਨਲ ਵਿਚ ਫੁੱਟ ਪੈਣੀ ਸ਼ੁਰੂ ਹੋ ਗਈ ਸੀ। ਫਰਾਂਸੀਸੀ ਨਹੀਂ ਚਾਹੁੰਦੇ ਸਨ ਕਿ ਜਰਮਨ ਇਸ 'ਤੇ ਕਾਬਜ਼ ਹੋ ਜਾਣ; ਜਰਮਨ ਮਤਲਬ ਕਾਰਲ।

ਲਫਾਰਗ ਨਾਮ ਦਾ ਤਿੱਖੇ ਦਿਲ-ਦਿਮਾਗ ਦਾ ਕ੍ਰਾਂਤੀਕਾਰੀ ਫਰਾਂਸੀਸੀ ਜੁਆਨ ਕਾਰਲ ਦੇ ਘਰ ਆ ਗਿਆ। ਮੀਟਿੰਗਾਂ ਵਿਚ ਮਿਲਦਾ ਰਹਿੰਦਾ ਸੀ। ਵਿਚਕਾਰਲੀ ਧੀ ਲਾਰਾ ਨੂੰ ਚਾਹੁਣ ਲੱਗਾ। ਹਫਤੇ ਵਿਚ ਹੀ ਉਹਨੇ ਵਿਆਹ ਦੀ ਇੱਛਾ ਪ੍ਰਗਟਾ ਦਿੱਤੀ। ਕਾਰਲ ਨੇ ਕਿਹਾ, ਦੇਖ ਜੁਆਨ, ਤੂੰ ਆਪਣੀ ਮੈਡੀਕਲ ਦੀ ਪੜ੍ਹਾਈ ਵਿਚੇ ਛੱਡ ਕੇ ਪਾਰਟੀ ਦਾ ਕੰਮ ਕਰਨ ਲੱਗਾਂ। ਮੈਂ ਚਾਹੁੰਨਾ ਮੇਰੀਆਂ ਧੀਆਂ ਭਲੇ ਘਰਾਂ ਵਿਚ ਜਾਣ ਤਾਂ ਕਿ ਜੋ ਮੁਸੀਬਤਾਂ ਇਨ੍ਹਾਂ ਦੀ ਮਾਂ ਨੇ ਝੱਲੀਆਂ, ਉਨ੍ਹਾਂ ਤੋਂ ਬਚਣ। ਪਾਰਟੀ ਵਾਸਤੇ ਜੋ ਮੈਂ ਕੀਤਾ, ਇਨ੍ਹਾਂ ਦਾ ਨੁਕਸਾਨ ਕਰ ਕੇ ਕੀਤਾ। ਮੈਨੂੰ ਮੇਰੇ ਕੀਤੇ ਦਾ ਪਛਤਾਵਾ ਨਹੀਂ, ਸਗੋਂ ਜੇ ਕਿਤੇ ਦੁਬਾਰਾ ਜਨਮ ਮਿਲੇ, ਇਹੀ ਕੰਮ ਮੈਂ ਫਿਰ ਕਰਾਂਗਾ, ਪਰ ਫਿਰ ਮੈਂ ਵਿਆਹ ਨਾ ਕਰਵਾਵਾਂ। ਤੂੰ ਸਾਬਤ ਕਰ ਕਿ ਤੇਰੇ ਕੋਲ ਮੇਰੀ ਧੀ ਵਾਸਤੇ ਆਮਦਨ ਦੇ ਸਾਧਨ ਨੇ।

ਕਾਰਲ ਨੂੰ ਇਕ ਪ੍ਰਸਿੱਧ ਡਾਕਟਰ ਮਿਲਿਆ ਤੇ ਕਿਹਾ, ਮੈਨੂੰ ਲਫਾਰਗ ਦੇ ਪਾਪਾ ਨੇ ਤੁਹਾਨੂੰ ਇਹ ਕਹਿਣ ਲਈ ਭੇਜਿਆ ਹੈ ਕਿ ਮੇਰੇ ਕੋਲ ਆਪਣੇ ਬੇਟੇ ਵਾਸਤੇ ਬਥੇਰੀ ਜਾਇਦਾਦ ਹੈ। ਬੇਫਿਕਰੀ ਨਾਲ ਮੇਰੇ ਬੇਟੇ ਨੂੰ ਆਪਣੇ ਫੈਸਲੇ ਕਰਨ ਦਿਓ। ਕਾਰਲ ਨੇ ਲਾਰਾ ਅਤੇ ਸਭ ਤੋਂ ਛੋਟੀ ਤੂਸੀ ਸਕੂਲ ਹੋਸਟਲ ਵਿਚ ਭੇਜ ਦਿੱਤੀਆਂ। ਚਿਨ ਤੇ ਲਫਾਰਗ ਨੂੰ ਪਾਰਟੀ ਕੰਮਾਂ 'ਤੇ ਆਪਣੇ ਕੋਲ ਰੱਖ ਲਿਆ। ਆਖਰ 26 ਸਤੰਬਰ 1866 ਨੂੰ ਲਾਰਾ ਦੀ ਲਫਾਰਗ ਨਾਲ ਮੰਗਣੀ ਕਰ ਦਿੱਤੀ।

'ਕੈਪੀਟਲ' ਦੀ ਪਹਿਲੀ ਜਿਲਦ ਮੀਸਨਰ ਕੋਲ ਛਪਣ ਵਾਸਤੇ ਭੇਜ ਦਿੱਤੀ। ਏਂਗਲਜ਼ ਖਬਰ ਸੁਣ ਕੇ ਖੁਸ਼ ਹੋਇਆ ਪਰ ਮੀਸਨਰ ਦਾ ਜਵਾਬ ਆਇਆ, ਮੈਂ ਇਕੱਲੀ ਜਿਲਦ ਨਹੀਂ ਛਾਪਾਂਗਾ। ਦੂਜੀ ਜਿਲਦ ਭੇਜੋ, ਇਕੱਠੀਆਂ ਛਪਣਗੀਆਂ। 49ਵੇਂ ਜਨਮ ਦਿਨ ਮੌਕੇ ਉਹਨੂੰ ਪਹਿਲੇ ਪਰੂਫ ਮਿਲੇ। ਪ੍ਰਕਾਸ਼ਕ ਆ ਰਹੀ ਕਿਤਾਬ ਦੇ ਇਸ਼ਤਿਹਾਰ ਅਖਬਾਰਾਂ ਵਿਚ ਛਪਾਉਣ ਲੱਗਾ। ਕਾਰਲ ਦੀ ਸਿਹਤ ਸੰਵਰਨ ਲੱਗੀ। ਜਰਮਨ ਪ੍ਰਧਾਨ ਮੰਤਰੀ ਬਿਸਮਾਰਕ ਨੇ ਕਾਰਲ ਕੋਲ ਸੁਨੇਹਾ ਭੇਜਿਆ ਕਿ ਮੇਰੇ ਨਾਲ ਰਲ ਕੇ ਜਰਮਨ ਸਮਾਜ ਦੀ ਸੇਵਾ ਕਰੋ। ਕਾਰਲ ਹੱਸ ਪਿਆ।

ਲਾਰਾ ਦੇ ਵਿਆਹ ਦੀਆਂ ਤਿਆਰੀਆਂ ਹੋਣ ਲੱਗੀਆਂ ਪਰ ਇਸ ਗੱਲ ਦੀ ਉਦਾਸੀ ਛਾਈ ਰਹੀ ਕਿ ਵੱਡੀ ਚਿਨ ਅਜੇ ਕੁਆਰੀ ਹੈ। ਲਫਾਰਗ ਦੇ ਪਾਪਾ ਨੇ ਕਿਹਾ, ਵਿਆਹ ਦੇ ਗਿਫਟ ਵਜੋਂ ਮੈਂ ਜੋੜੀ ਨੂੰ ਇਕ ਲੱਖ ਫਰਾਂਕ ਦਿਆਂਗਾ। ਉਹਦੀਆਂ ਵਾਈਨ ਫੈਕਟਰੀਆਂ ਸਨ।

'ਕੈਪੀਟਲ' ਦੀ ਪਹਿਲੀ ਜਿਲਦ ਦੀ ਹਜ਼ਾਰ ਕਾਪੀ ਛਪ ਗਈ। ਕਿਤੇ ਲੋਕ ਇਸ ਨੂੰ ਨਜ਼ਰ-ਅੰਦਾਜ਼ ਨਾ ਕਰ ਦੇਣ, ਪਬਲਿਸਿਟੀ ਦੀ ਜ਼ਰੂਰਤ ਹੈ; ਚਿਨ ਅਤੇ ਲਫਾਰਗ ਨੇ ਇਸ ਦੀ ਭੂਮਿਕਾ ਦਾ ਫਰੈਂਚ ਵਿਚ ਅਨੁਵਾਦ ਕਰ ਕੇ ਅਖਬਾਰਾਂ ਨੂੰ ਭੇਜਿਆ। ਆਪਣੇ ਜਰਮਨ ਦੋਸਤਾਂ ਨੂੰ ਕਿਹਾ ਕਿ ਸਾਰੇ ਜਣੇ ਕਿਤਾਬ ਪੜ੍ਹੋ ਤੇ ਰੀਵਿਊ ਲਿਖੋ। ਏਂਗਲਜ਼ ਨੇ ਫਰਜ਼ੀ ਨਾਂਵਾਂ ਹੇਠ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸੱਤ ਰੀਵਿਊ ਲਿਖ ਕੇ ਯੂਰਪ ਅਤੇ ਅਮਰੀਕਨ ਅਖਬਾਰਾਂ ਨੂੰ ਭੇਜੇ। ਉਹਨੇ ਬਾਕੀ ਦੋਸਤਾਂ ਨੂੰ ਵੀ ਕਈ-ਕਈ ਰੀਵਿਊ ਵੱਖ-ਵੱਖ ਅੰਦਾਜ਼ ਵਿਚ ਲਿਖਣ ਲਈ ਕਿਹਾ ਤੇ ਲਿਖਿਆ, ਯਸੂ ਮਸੀਹ ਦੇ ਕਥਨ ਵਾਂਗ ਸਾਨੂੰ ਘੁੱਗੀਆਂ ਜਿੰਨੇ ਮਾਸੂਮ ਅਤੇ ਸੱਪਾਂ ਵਰਗੇ ਸਿਆਣੇ ਹੋਣਾ ਪਏਗਾ। ਕਿਸੇ ਪਾਠਕ ਨੇ ਰਾਇ ਦਿੱਤੀ, ਜਿਵੇਂ ਕਿਸੇ ਨੂੰ ਹਾਥੀ ਮਿਲ ਜਾਵੇ ਪਰ ਉਹਨੂੰ ਪਤਾ ਨਾ ਹੋਵੇ ਇਹਦਾ ਕੀ ਕਰਾਂ, ਇਸ ਤਰ੍ਹਾਂ ਦੀ ਹੈ 'ਕੈਪੀਟਲ।' ਇਕ ਮਿੱਲ ਮਾਲਕ ਨੇ ਪੜ੍ਹੀ ਤੇ ਕਿਹਾ, ਹੋਰ ਤਾਂ ਕੁਝ ਪਤਾ ਨਹੀਂ ਲਗਦਾ, ਸਿਲਾਈ ਕਤਾਈ ਦੀਆਂ ਬੜੀਆਂ ਉਦਾਹਰਣਾਂ ਹਨ, ਕਾਰਲ ਦਰਜੀ ਹੋਣੈ। ਲੋਕਾਂ ਨੇ ਕਮਿਊਨਿਸਟ ਮੈਨੀਫੈਸਟੋ ਪੜ੍ਹਿਆ ਸੀ, ਸੋਚਦੇ ਕਿ ਕੈਪੀਟਲ ਸੰਗਰਾਮ ਛੇੜਨ ਦਾ ਵਧੀਆ ਹਥਿਆਰ ਹੋਵੇਗਾ, ਪਰ ਅਜਿਹਾ ਨਹੀਂ; ਕਾਰਲ ਇਥੇ ਲੜਾਕੂ ਨਹੀਂ, ਫਿਲਾਸਫਰ ਹੈ, ਅਰਥ-ਸ਼ਾਸਤਰੀ ਹੈ, ਅਧਿਆਪਕ ਹੈ। ਪਾਠਕ ਸਿਰ ਫੜ ਕੇ ਬੈਠ ਗਏ।

ਉਹਨੇ ਮਜ਼ਦੂਰ ਦੀ ਤਸਵੀਰ ਬਣਾਈ, ਮਿੱਲ ਦੇ ਬਾਕੀ ਪੁਰਜ਼ਿਆਂ ਵਾਂਗ ਉਹ ਵੀ ਪੁਰਜ਼ਾ ਹੈ ਜਿਹੜਾ ਘਸਦਾ ਰਹਿੰਦਾ ਹੈ, ਇਕ ਦਿਨ ਟੁੱਟ ਜਾਵੇਗਾ। ਉਸ ਨੂੰ ਦੇਰ ਤੱਕ ਕੰਮ ਕਰਨ ਲਈ ਦਿਹਾੜੀ ਦੇਣੀ ਜ਼ਰੂਰੀ ਹੈ ਤੇ ਇੰਨੀ ਕੁ ਦਿਹਾੜੀ ਜ਼ਰੂਰੀ ਹੈ ਕਿ ਮਰਨ ਤੋਂ ਪਹਿਲਾਂ ਆਪਣੇ ਵਰਗੇ ਪੁਰਜ਼ੇ ਜੰਮ ਦਏ।

ਕਾਰਲ ਨੇ ਲਿਖਿਆ, ਕੈਪੀਟਲ ਦੀ ਵਿਕਰੀ ਤੋਂ ਇੰਨੀ ਆਮਦਨ ਵੀ ਨਹੀਂ ਹੋਈ ਜਿੰਨੀ ਰਕਮ ਦੀ ਮੈਂ ਇਹਨੂੰ ਲਿਖਣ ਵਾਸਤੇ ਸਿਗਾਰ ਪੀ ਗਿਆ।

ਲਿੰਕਨ ਦੀ ਹਮਾਇਤ ਵਿਚ ਜਿਹੜੇ ਆਇਰਿਸ਼ ਸੈਨਿਕ ਲੜੇ ਸਨ, ਉਨ੍ਹਾਂ ਨੇ ਆਪਣੀ ਜਥੇਬੰਦੀ ਕਾਇਮ ਕਰ ਲਈ ਜਿਸ ਦਾ ਨਾਮ ਫੇਨੀ ਰੱਖਿਆ। ਅਮਰੀਕਾ ਅਤੇ ਇੰਗਲੈਂਡ ਵਿਚ ਇਸ ਦੇ ਇਕ ਲੱਖ ਮੈਂਬਰ ਹੋ ਗਏ। ਸਤੰਬਰ 1867 ਨੂੰ ਪੁਲਿਸ ਨੇ ਆਵਾਰਾਗਰਦੀ ਦੇ ਦੋਸ਼ ਵਿਚ ਮਾਨਚੈਸਟਰਸ ਵਿਖੇ ਦੋ ਅਮਰੀਕਨ ਆਰਮੀ ਅਫਸਰ ਗ੍ਰਿਫਤਾਰ ਕਰ ਲਏ। ਪਤਾ ਲੱਗਾ ਕਿ ਇਹ ਤਾਂ ਫੇਨੀ ਦਾ ਚੀਫ, ਕਰਨਲ ਕੇਲੀ ਅਤੇ ਉਸ ਦਾ ਕਮਾਂਡਰ ਕੈਪਟਨ ਡੇਜ਼ੀ ਹਨ। ਮੂੰਹੋਂ-ਮੂੰਹੀਂ ਘਰ-ਘਰ ਖਬਰ ਪੁੱਜ ਗਈ ਕਿ ਫੇਨੀ ਦੇ ਅਫਸਰ ਫੜੇ ਗਏ। ਆਇਰਿਸ਼ ਸਿਪਾਹੀ ਹਥਿਆਰਬੰਦ ਹੋ ਕੇ ਆ ਗਏ ਤੇ ਘੋੜਾ-ਬੱਘੀ ਘੇਰ ਲਈ ਜਿਸ ਵਿਚ ਦੋਵੇਂ ਬੰਦੀ ਸਨ। ਗੋਲੀ ਮਾਰੀ, ਘੋੜਾ ਡਿੱਗ ਪਿਆ। ਹੋਰ ਫਾਇਰਿੰਗ ਵਿਚ ਇਕ ਪੁਲਸੀਆ ਤੇ ਇਕ ਸਿਵਲੀਅਨ ਮਾਰੇ ਗਏ। ਅਜੇ ਹੋਰ ਫੋਰਸ ਆਈ ਨਹੀਂ ਸੀ, ਬੰਦੀ ਭੱਜ ਗਏ, ਆਖਰ ਅਮਰੀਕਾ ਪੁੱਜ ਗਏ। ਜਦੋਂ ਭਾਰੀ ਫੋਰਸ ਪੁੱਜੀ ਤਾਂ ਆਇਰਿਸ਼ ਲੋਕ ਖਿਸਕਣੇ ਸ਼ੁਰੂ ਹੋ ਗਏ। ਘਟਨਾ ਏਂਗਲਜ਼ ਦੇ ਘਰ ਨਜ਼ਦੀਕ ਵਾਪਰੀ, ਪਤਨੀ ਲਿਜ਼ੀ ਨੇ ਬਹੁਤ ਸਾਰੇ ਭਗੌੜੇ ਲਕੋਏ।

ਪੁਲਿਸ ਨੇ ਜਿਹੜੀਆਂ ਗ੍ਰਿਫਤਾਰੀਆਂ ਕੀਤੀਆਂ, ਉਨ੍ਹਾਂ ਵਿਚੋਂ ਤਿੰਨ ਫੇਨੀ ਹਿੰਸਾ ਲਈ ਕਸੂਰਵਾਰ ਠਹਿਰਾਏ ਗਏ ਤੇ ਫਾਂਸੀ ਦੀ ਸਜ਼ਾ ਦਾ ਫੈਸਲਾ ਸੁਣਾਇਆ। 21 ਨਵੰਬਰ ਨੂੰ 25 ਹਜ਼ਾਰ ਹਮਦਰਦਾਂ ਨੇ ਮਹਾਰਾਣੀ ਨੂੰ ਦਰਖਾਸਤ ਦਿੱਤੀ ਕਿ ਖਿਮਾ ਕਰ ਦਿਓ। ਖਿਮਾ ਨਹੀਂ ਫਾਂਸੀ ਮਿਲੀ। ਫਾਂਸੀ ਵਾਲੇ ਦਿਨ ਗਲੀਆਂ ਵਿਚ ਸੁੰਨ ਵਰਤੀ ਹੋਈ ਸੀ ਪਰ ਆਇਰਿਸ਼ ਚਰਚਾਂ ਵਿਚ ਇੰਨੀ ਭੀੜ ਕਿ ਥਾਂ ਨਾ ਮਿਲੇ। ਆਪਣੇ ਸ਼ਹੀਦਾਂ ਵਾਸਤੇ ਪ੍ਰਾਰਥਨਾ ਕਰਨ ਆਏ ਲੋਕਾਂ ਨੂੰ ਏਂਗਲਜ਼ ਨੇ ਕਿਹਾ, ਮਲਕਾ, ਆਇਰਲੈਂਡ ਨੂੰ ਹੋਰ ਤਾਂ ਕੁਝ ਨਹੀਂ ਦੇ ਸਕੀ, ਤਿੰਨ ਸ਼ਹੀਦ ਦੇ ਦਿੱਤੇ। ਦੇਖਿਓ, ਇਨ੍ਹਾਂ ਸ਼ਹਾਦਤਾਂ ਦੇ ਗੀਤ ਪੰਘੂੜਿਆਂ ਵਿਚ ਲੇਟੇ ਬੱਚੇ ਆਇਰਿਸ਼ ਮਾਂਵਾਂ ਦੇ ਹੋਠਾਂ ਤੋਂ ਸੁਣਨਗੇ, ਇਨ੍ਹਾਂ ਲੋਰੀਆਂ ਵਿਚ ਰੁਦਨ ਅਤੇ ਸਿੰਘਨਾਦ-ਦੋਵੇਂ ਹੋਣਗੇ।

ਕਾਰਲ ਅਤੇ ਏਂਗਲਜ਼ ਨੇ ਹਿੰਸਾ ਦੀ ਨਿਖੇਧੀ ਕੀਤੀ ਪਰ ਕਿਹਾ, ਆਇਰਲੈਂਡ ਨੂੰ ਆਜ਼ਾਦੀ ਨਹੀਂ ਦੇਣੀ, ਵਧ ਅਧਿਕਾਰ ਤਾਂ ਦਿਓ।

ਨਿੱਕੀ ਤੂਸੀ ਨੂੰ ਏਂਗਲਜ਼ ਨੇ ਵੱਖ-ਵੱਖ ਸਮੇਂ ਛੇ ਚਿੱਠੀਆਂ ਲਿਖੀਆਂ, ਛੇ ਦੀਆਂ ਛੇ ਉਸ ਨੇ ਜ਼ੁਬਾਨੀ ਯਾਦ ਕਰ ਲਈਆਂ। ਵਿਆਹ ਹੋਣ ਪਿਛੋਂ ਲਾਰਾ ਪੈਰਿਸ ਚਲੀ ਗਈ ਤੇ ਮਾਪਿਆਂ ਨੂੰ ਦੱਸਣ ਬਗੈਰ ਚਿਨ ਵੀ ਚਲੀ ਗਈ। ਕੇਵਲ ਨੌਕਰਾਣੀ ਨੂੰ ਪਤਾ ਸੀ ਕਿ ਕਿਸੇ ਦੇ ਘਰ ਵਿਚ ਨੌਕਰਾਣੀ ਲੱਗ ਗਈ ਹੈ। ਮਾਂ ਗੱਲ-ਗੱਲ 'ਤੇ ਖਿਝਣ ਲੱਗ ਪਈ ਸੀ।

*ਇੰਗਲੈਂਡ ਦੀਆਂ ਜੇਲ੍ਹਾਂ ਵਿਚਲੇ ਆਇਰਿਸ਼ ਬੰਦੀਆਂ ਉਤੇ ਹੁੰਦੇ ਜ਼ੁਲਮਾਂ ਦੀ ਦਾਸਤਾਨ ਚਿਨ ਨੇ ਅਖਬਾਰਾਂ ਲਈ ਭੇਜਣੀ ਸ਼ੁਰੂ ਕਰ ਦਿੱਤੀ। ਦਿਨ ਭਰ ਨੌਕਰਾਣੀ ਦੀ ਡਿਊਟੀ ਕਰ ਕੇ ਰਾਤ ਨੂੰ ਲੇਖ ਲਿਖਦੀ। ਜੇਲ੍ਹ ਵਿਚੋਂ ਉਸ ਨੂੰ ਓਡੋਨੋਵ ਰੌਸ ਦਾ ਖਤ ਮਿਲਿਆ ਜੋ ਪੈਨਸਿਲ ਨਾਲ ਟਾਇਲਟ ਪੇਪਰ ਉਪਰ ਲਿਖ ਕੇ ਘੱਲਿਆ। ਉਸ ਨੂੰ ਕਿਹਾ ਜਾਂਦਾ ਕਿ ਗੋਡਿਆਂ ਅਤੇ ਕੂਹਣੀਆਂ ਭਾਰ ਹੋ ਕੇ ਪਸ਼ੂਆਂ ਵਾਂਗ ਖਾਣਾ ਖਾਏ। ਗਲ ਵਿਚ ਰੱਸਾ ਪਾ ਕੇ ਗੱਡੇ ਨਾਲ ਬੰਨ੍ਹਿਆਂ ਜਾਂਦਾ। ਭੁੱਖਾ ਪਿਆਸਾ ਆਪਣੇ ਸਾਥੀ ਬੰਦੀਆਂ ਨੂੰ ਮਰਦੇ ਦੇਖਦਾ। ਲਿਖਿਆ- "ਜਿਹੜੀਆਂ ਸਜ਼ਾਵਾਂ ਮੈਨੂੰ ਮਿਲ ਰਹੀਆਂ ਨੇ, ਮੈਂ ਉਨ੍ਹਾਂ ਵਿਰੁੱਧ ਸ਼ਿਕਾਇਤ ਨਹੀਂ ਕਰ ਰਿਹਾ, ਜ਼ੁਲਮ ਸਹਿਣੇ ਤਾਂ ਮੇਰਾ ਕਿੱਤਾ ਹੈ। ਮੇਰੇ ਪਰਿਵਾਰ ਅਤੇ ਮਿੱਤਰਾਂ ਨੂੰ ਮੇਰਾ ਹਾਲ ਪਤਾ ਹੋਣਾ ਚਾਹੀਦੈ ਬੱਸ।" ਦਸਤਖਤਾਂ ਹੇਠ ਲਿਖਿਆ- ਬਾਮੁਸ਼ੱਕਤ ਸਿਆਸੀ ਕੈਦੀ। ... ਚਿਨ ਦੇ ਇਸ ਲੇਖ ਨੇ ਯੂਰਪ ਅਤੇ ਅਮਰੀਕਾ ਹਿਲਾ ਦਿੱਤਾ। ਲਿਖਤ ਸ਼ੈਕਸਪੀਰੀਅਨ ਸ਼ੈਲੀ ਦੀ ਸੀ ਜਿਵੇਂ ਕਬਰ ਵਿਚੋਂ ਬਾਹਰ ਨਿਕਲ ਕੇ ਕੋਈ ਮੁਰਦਾ ਆਪਣੇ ਕਾਤਲਾਂ ਨੂੰ ਲਲਕਾਰੇ। ਪੱਛਮ ਦੇ ਸਾਰੇ ਅਖਬਾਰਾਂ ਨੇ ਆਪਣੀ ਆਪਣੀ ਜ਼ਬਾਨ ਵਿਚ ਛਾਪਿਆ। ਇੰਗਲੈਂਡ ਵਿਚ ਉਠੇ ਰੋਹ ਕਾਰਨ ਪ੍ਰਧਾਨ ਮੰਤਰੀ ਗਲੈਡਸਟੋਨ ਨੂੰ ਇਨਕੁਆਰੀ ਦੇ ਹੁਕਮ ਦੇਣੇ ਪਏ। ਕਾਰਲ ਨੇ ਕਿਹਾ- ਮੈਨੂੰ ਆਪਣੀ ਧੀ 'ਤੇ ਮਾਣ ਹੈ।*

ਰੂਸ ਵਿਚੋਂ ਖਤ ਆਇਆ, ਰੂਸੀ ਜ਼ੁਬਾਨ ਵਿਚ 'ਕੈਪੀਟਲ' ਅਨੁਵਾਦ ਕਰਨ ਦੀ ਆਗਿਆ ਮੰਗੀ ਗਈ ਸੀ। ਕਾਰਲ ਖੁਸ਼ ਹੋ ਗਿਆ, ਕਿਹਾ, ਰੂਸੀ ਜੁਆਨ ਜਰਮਨੀ ਅਤੇ ਫਰਾਂਸ ਦੀਆਂ ਯੂਨੀਵਰਸਿਟੀਆਂ ਵਿਚੋਂ ਪੜ੍ਹ ਕੇ ਜਾਂਦੇ ਨੇ, ਤੇ ਚਾਹੁੰਦੇ ਨੇ ਪੱਛਮ ਦਾ ਗਿਆਨ ਉਨ੍ਹਾਂ ਪਾਸ ਜਾਏ। ਉਹ ਗੰਭੀਰਤਾ ਨਾਲ ਪੜ੍ਹਦੇ ਨੇ ਪਰ ਸਰਕਾਰ ਵਿਚ ਜਾ ਕੇ ਫਿਰ ਹਰਾਮਜ਼ਦਗੀਆਂ ਕਰਦੇ ਨੇ।

1869 ਵਿਚ ਏਂਗਲਜ਼ ਨੇ ਆਪਣਾ ਸਾਰਾ ਕਾਰੋਬਾਰ ਆਪਣੇ ਹਿੱਸੇਦਾਰ ਨੂੰ ਵੇਚ ਕੇ ਇੰਨੀ ਵੱਡੀ ਰਕਮ ਹਾਸਲ ਕਰ ਲਈ ਕਿ ਉਸ ਦਾ ਤੇ ਕਾਰਲ ਦਾ ਉਮਰ ਭਰ ਗੁਜ਼ਾਰਾ ਹੋ ਸਕੇ।

ਚਾਰਲਸ ਪਰੋਲ ਨੇ ਲਿਖਿਆ, ਆਦਮੀ ਬੌਣੇ, ਸਿਆਸੀ ਪਾਰਟੀਆਂ ਅੰਨ੍ਹੀਆਂ, ਤਰੀਕੇ ਗਲਤ-ਮਲਤ ਅਤੇ ਹਿੰਸਕ, ਤਾਂ ਵੀ ਸਮਾਜਕ ਅਤੇ ਸਿਆਸੀ ਕ੍ਰਾਂਤੀ ਆਪਣੇ ਮਜ਼ਬੂਤ ਕਦਮਾਂ ਨਾਲ ਅੱਗੇ ਤੁਰੀ ਜਾਂਦੀ ਹੈ।

ਇੰਟਰਨੈਸ਼ਨਲ ਵਿਚ ਕਾਰਲ ਦੀ ਤਾਨਾਸ਼ਾਹੀ ਚੁਭਦੀ ਸੀ ਜਿਸ ਕਾਰਨ ਇਸ ਦੇ ਬਰਾਬਰ ਜਥੇਬੰਦੀਆਂ ਖੜ੍ਹੀਆਂ ਹੋਈਆਂ। ਵਿਕਟਰ ਹਿਊਗੋ, ਲੂਈ ਬਲਾਂਕ, ਜੇ.ਐਸ. ਮਿੱਲ, ਗੈਰੀਬਾਲਡੀ ਨੇ ਰਲਮਿਲ ਕੇ 1867 ਵਿਚ ਲੀਗ ਆਫ ਪੀਸ ਐਂਡ ਫਰੀਡਮ ਬਣਾਈ। ਇਜ਼ਤਦਾਰ ਧਨੀ ਚਿੰਤਕਾਂ ਦੀ ਇਹ ਜਥੇਬੰਦੀ ਕਾਮਿਆਂ ਨੂੰ ਆਪਣੇ ਵੱਲ ਖਿੱਚ ਨਾ ਸਕੀ, ਕਿਉਂਕਿ ਕੋਈ ਪ੍ਰੋਗਰਾਮ ਨਾ ਦੇ ਸਕੀ।



ਬਾਦਸ਼ਾਹ ਨੈਪੋਲੀਅਨ ਦੇ ਭਤੀਜੇ ਪੀਅਰੀ ਨੈਪੋਲੀਅਨ ਵੱਲੋਂ ਕਤਲ ਫਰਾਂਸੀਸੀ ਪੱਤਰਕਾਰ ਵਿਕਤੋਰ ਨੋਇਰ (ਇਨਸੈਟ) ਦੀ ਕਬਰ।

ਇਕ ਮੀਟਿੰਗ ਵਿਚ ਜੇ ਕੋਈ ਬੰਦਾ ਸਾਰਥਕ ਗੱਲ ਕਰ ਸਕਿਆ, ਉਹ ਰੂਸੀ ਬਾਕੂਨਿਨ ਸੀ, ਉਸ ਕੋਲ ਵੀ ਕੇਵਲ ਜਜ਼ਬਾ ਸੀ, ਚੰਗੇ ਬੋਲ ਸਨ ਪਰ ਬੇਮਾਇਨੇ। ਛੇਤੀ ਉਹ ਖੁਦ ਲੀਗ ਤੋਂ ਉਕਤਾ ਗਿਆ ਤੇ ਇੰਟਰਨੈਸ਼ਨਲ ਦਾ ਮੈਂਬਰ ਬਣ ਗਿਆ। ਆਖਦਾ ਸੀ, ਮੈਨੂੰ ਚੌਧਰ ਨਹੀਂ ਚਾਹੀਦੀ ਪਰ ਉਹ ਮਾਰਕਸ ਨੂੰ ਹਟਾ ਕੇ ਇੰਟਰਨੈਸ਼ਨਲ ਦਾ ਚੀਫ ਬਣਨਾ ਚਾਹੁੰਦਾ ਸੀ।

ਲਾਰਾ ਤੇ ਲਫਾਰਗ ਪੈਰਿਸ ਵਿਚ ਸਨ। ਲਫਾਰਗ ਨੇ ਕਲੀਨਿਕ ਖੋਲ੍ਹਣ ਦੀ ਆਗਿਆ ਮੰਗੀ ਤਾਂ ਜਵਾਬ ਮਿਲਿਆ ਕਿ ਪੰਜ ਪੇਪਰ ਹੋਰ ਪਾਸ ਕਰੋ। ਪੇਪਰ ਪਾਸ ਕਰਨ ਲਈ ਯੂਨੀਵਰਸਿਟੀ ਵਿਚ ਦਾਖਲ ਹੋਣਾ ਪੈਣਾ ਸੀ, ਦਾਖਲਾ ਤਦ ਮਿਲਣਾ ਸੀ ਜਦ ਉਸ ਦੀ ਬਹਾਲੀ ਹੁੰਦੀ ਕਿਉਂਕਿ ਕੱਢਿਆ ਗਿਆ ਸੀ ਤੇ ਕੈਂਪਸ ਅੰਦਰ ਆਉਣ ਦੀ ਮਨਾਹੀ ਸੀ। ਉਹ ਫਿਰ ਸਿਆਸਤ ਵਿਚ ਸਰਗਰਮ ਹੋ ਗਿਆ। ਖੁਫੀਆ ਵਿਭਾਗ ਨਿਗਰਾਨੀ ਕਰਨ ਲੱਗਾ। ਲਫਾਰਗ ਨੇ ਕਾਰਲ ਨੂੰ ਖਤ ਲਿਖਿਆ ਕਿ ਮੈਂ ਅਖਬਾਰ ਕੱਢਣਾ ਚਾਹੁੰਦਾ ਹਾਂ, ਚੀਫ ਐਡੀਟਰ ਵਜੋਂ ਤੁਹਾਡਾ ਨਾਮ ਛਾਪ ਦਿਆਂ? ਸਾਨੂੰ ਤੁਹਾਡੇ ਲੇਖ ਵੀ ਚਾਹੀਦੇ ਹੋਣਗੇ। ਕਾਰਲ ਨੇ ਕਿਹਾ, ਬਿਲਕੁਲ ਨਹੀਂ। ਮੈਨੂੰ ਤੇ ਤੇਰੇ ਪਾਪਾ ਨੂੰ ਪਤਾ ਹੈ ਕਿ ਯੂਨੀਵਰਸਿਟੀ ਮੰਨ ਗਈ ਹੈ, ਤੂੰ ਸਿਰਫ ਦੋ ਪੇਪਰ ਪਾਸ ਕਰ ਲੈ, ਤੈਨੂੰ ਡਾਕਟਰ ਦੀ ਡਿਗਰੀ ਮਿਲ ਜਾਏਗੀ। ਜੇ ਤੂੰ ਅਖਬਾਰ ਕੱਢ ਲਿਆ, ਤੇ ਮੇਰਾ ਨਾਂ ਛਾਪ ਦਿੱਤਾ, ਤੇਰਾ ਪਾਪਾ ਤੇਰੀ ਬਰਬਾਦੀ ਵਾਸਤੇ ਮੈਨੂੰ ਜ਼ਿੰਮੇਵਾਰ ਠਹਿਰਾਏਗਾ। ਤੈਨੂੰ ਸਰਕਾਰਾਂ ਦੇ ਗੁੱਸੇ ਦਾ ਪਤਾ ਨਹੀਂ।

ਚਿਨ ਅਤੇ ਤੂਸੀ ਨੂੰ ਇਨ੍ਹਾਂ ਗੱਲਾਂ ਨਾਲ ਕੋਈ

(ਬਾਕੀ ਅਗਲੇ ਸਫੇ 'ਤੇ)

ਵਾਸਤਾ ਨਹੀਂ ਸੀ, ਉਹ ਆਪਣੀ ਭੈਣ ਲਾਰਾ ਨੂੰ ਮਿਲਣ ਆਈਆਂ ਕਿਉਂਕਿ ਲਫਾਰਗ ਨੇ ਕਿਸੇ ਖਤ ਵਿਚ ਉਸ ਦਾ ਜ਼ਿਕਰ ਨਹੀਂ ਕੀਤਾ ਕਦੀ। ਲਾਰਾ ਨੇ ਅਜੀਬ ਗੱਲਾਂ ਦੱਸੀਆਂ, ਇਥੇ ਫਰਾਂਸ ਵਿਚ ਔਰਤ, ਮਰਦ ਦੇ ਬਰਾਬਰ ਹੈ। ਮਰਦ ਆਪਣੀ ਔਰਤ ਵੱਲ ਧਿਆਨ ਨਹੀਂ ਦਿੰਦੇ, ਤਾਂ ਕੀ! ਹੋਰ ਬਥੇਰੇ ਮਰਦ ਹਨ ਜੋ ਧਿਆਨ ਦਿੰਦੇ ਰਹਿੰਦੇ ਹਨ। ਇਥੇ ਔਰਤਾਂ ਫਖਰ ਨਾਲ ਦੱਸਦੀਆਂ ਹਨ ਕਿ ਮੇਰੇ ਪਤੀ ਨੂੰ ਛੱਡ ਕੇ ਹੋਰ ਹਨ ਕਈ ਸਾਨੂੰ ਪਿਆਰ ਕਰਨ ਵਾਲੇ। ਚਿਨ ਨੂੰ ਇਹ ਗੱਲਾਂ ਚੰਗੀਆਂ ਲਗਦੀਆਂ, ਲਾਰਾ ਨੂੰ ਨਹੀਂ। ਲਾਰਾ ਵਿਕਟੋਰੀਅਨ ਔਰਤ ਸੀ ਜਿਸ ਨੂੰ ਦੁਖ ਸੀ ਕਿ ਉਸ ਦਾ ਪਤੀ ਕਿੰਨੇ-ਕਿੰਨੇ ਦਿਨ ਘਰ ਨਹੀਂ ਪਰਤਦਾ। ਲਾਰਾ ਨੇ ਬੇਟੇ ਨੂੰ ਜਨਮ ਦਿੱਤਾ, ਬੇਟਾ ਨਾਨੇ ਵਰਗਾ ਸੀ ਮਜ਼ਬੂਤ, ਵੱਡੇ ਸਿਰ ਵਾਲਾ।

ਛੋਟੀ ਧੀ ਤੂਸੀ ਜਵਾਨ ਹੋ ਚੱਲੀ ਸੀ। ਉਸ ਨੂੰ ਏਂਗਲਜ਼ ਕੋਲ ਛੱਡ ਕੇ ਕਾਰਲ ਪੈਰਿਸ ਲਈ ਰਵਾਨਾ ਹੋ ਗਿਆ। ਇਥੇ ਉਹ ਚਾਰ ਮਹੀਨੇ ਰਹੀ। ਏਂਗਲਜ਼ ਦੀ ਪਤਨੀ ਲਿਜ਼ੀ ਬਰਨਜ਼ ਨੇ ਉਸ ਨੂੰ ਅੰਗਰੇਜ਼ੀ ਸਿਖਾਈ। ਲਿਜ਼ੀ ਪੜ੍ਹੀ ਲਿਖੀ ਨਹੀਂ ਸੀ, ਬੋਲਾਂ ਰਾਹੀਂ ਅੰਗਰੇਜ਼ੀ ਸਿਖਾਈ। ਉਹ ਸਾਰੇ ਥਾਂ ਦਿਖਾਏ ਜਿਥੇ ਆਇਰਿਸ਼ ਯੋਧਿਆਂ ਦੀਆਂ ਯਾਦਗਾਰਾਂ ਸਨ। ਏਂਗਲਜ਼ ਨੇ ਉਸ ਨੂੰ ਮੂਲ ਜਰਮਨ ਵਿਚ ਗੇਟੇ ਪੜ੍ਹਾਇਆ, ਡੈਨਿਸ਼ ਬੋਲੀ ਸਿਖਾਈ। ਏਂਗਲਜ਼ ਕੰਮ ਤੋਂ ਪੂਰਾ ਵਿਹਲਾ ਸੀ, ਉਸ ਨੂੰ ਕਾਰੋਬਾਰ ਵੇਚਣ ਬਦਲੇ ਸਾਢੇ ਬਾਰਾਂ ਹਜ਼ਾਰ ਪੌਂਡ ਮਿਲੇ ਜੋ ਅੱਜ ਦੇ ਵੀਹ ਲੱਖ ਡਾਲਰ ਬਰਾਬਰ ਹਨ।

ਏਂਗਲਜ਼ ਫਿਰ ਲਿਜ਼ੀ ਅਤੇ ਤੂਸੀ ਨੂੰ ਆਇਰਲੈਂਡ ਦਿਖਾਉਣ ਲੈ ਗਿਆ। ਤੂਸੀ ਨੇ ਉਜੜੇ ਪਿੰਡ ਦੇਖੇ, ਕਿਤੇ-ਕਿਤੇ ਕਿਸੇ ਘਰ ਵਿਚੋਂ ਧੂੰਆਂ ਨਿਕਲਦਾ ਦਿਸਦਾ ਤਾਂ ਅੰਦਾਜ਼ਾ ਲਗਦਾ, ਕੋਈ ਵਸਦਾ ਹੈ। ਬਰਫਾਨੀ ਹਵਾਵਾਂ ਵਿਚ ਨੰਗੇ ਸਿਰ ਨੰਗੇ ਪੈਰ ਬੱਚੇ ਦੇਖੇ। ਹਥਿਆਰਬੰਦ ਘੋੜਸਵਾਰ ਅੰਗਰੇਜ਼ ਸਿਪਾਹੀ ਗਸ਼ਤ ਕਰਦੇ ਦੇਖੇ। ਧਨਾਢ ਲੋਕ ਸਹਿਮੇ ਹੋਏ ਦੇਖੇ, ਕਿਉਂਕਿ ਗਰੀਬ ਆਇਰਿਸ਼ ਲੋਕ ਗਿਣਤੀ ਵਿਚ ਉਨ੍ਹਾਂ ਨਾਲੋਂ ਕਿਤੇ ਵਧੀਕ ਸਨ। ਤੂਸੀ ਪੂਰੀ ਆਇਰਿਸ਼ ਬਣੀ ਵਾਪਸ ਪਰਤੀ। ਆਇਰਲੈਂਡ ਦੇ ਲੋਕਾਂ ਦੀ ਬੇਵਸੀ, ਗਰੀਬੀ ਇਕ ਪਾਸੇ ਅਤੇ ਹਥਿਆਰਬੰਦ ਗੋਰਿਆਂ ਦੀ ਸਰਕਾਰੀ ਤਾਕਤ ਦੂਜੇ ਪਾਸੇ, ਜੀਵਨ ਦੇ ਦੋਵੇਂ ਰੰਗ ਦੇਖੇ। ਸਕੂਲੀਆ ਕੁੜੀ ਗੰਭੀਰ ਹੋ ਗਈ। ਜਿਨ੍ਹਾਂ ਲੋਕਾਂ ਨੇ ਪੂੰਜੀ ਦੀ ਬਰਾਬਰ ਵੰਡ ਅਤੇ ਸਰਮਾਏਦਾਰੀ ਦੇ ਖਤਰੇ ਦੀ ਮੰਗ ਕੀਤੀ, ਉਨ੍ਹਾਂ ਨੂੰ ਵੀਹ-ਵੀਹ ਸਾਲ ਕੈਦ ਦੀ ਸਜ਼ਾ ਹੋਈ। ਅਜਿਹੀ ਸਿਆਸੀ ਬਗਾਵਤ ਦੀ ਸਜ਼ਾ ਛੇ ਮਹੀਨੇ ਹੁੰਦੀ ਹੈ।

24 ਅਕਤੂਬਰ 1869 ਨੂੰ ਲੰਡਨ ਦੇ ਹਾਈਡ ਪਾਰਕ ਵਿਚ ਆਇਰਿਸ਼ ਲੋਕਾਂ ਦਾ ਇਕੱਠ ਕਾਰਲ, ਜੈਨੀ ਅਤੇ ਚਿਨ ਦੇਖਣ ਲਈ ਗਏ। ਝੰਡਿਆਂ ਅਤੇ ਬੈਨਰਾਂ ਦਾ ਹੜ੍ਹ ਸੀ। ਮੈਦਾਨ ਵਡੇਰਿਆਂ ਨਾਲ ਤੇ ਦਰਖਤਾਂ ਦੇ ਟਾਹਣ ਬੱਚਿਆਂ ਨਾਲ ਭਰੇ ਹੋਏ ਸਨ। ਮਾਟੋ ਸਨ-ਜ਼ਾਲਮਾਂ ਵਿਰੁਧ ਬਗਾਵਤ ਰੱਬ ਦੀ ਸੇਵਾ ਹੈ। ਜਿਨ੍ਹਾਂ ਅਖਬਾਰਾਂ ਨੇ ਇਸ ਨੂੰ ਨਿਗੂਣਾ ਇਕੱਠ ਕਿਹਾ, ਉਨ੍ਹਾਂ ਨੇ ਅੰਦਾਜ਼ਨ ਗਿਣਤੀ 70 ਹਜ਼ਾਰ ਲਿਖੀ। ਕਾਰਲ ਨੇ ਕਿਹਾ, ਸਫਲਤਾ ਦੀ ਘੰਟੀ ਵੱਜ ਗਈ।

10 ਜਨਵਰੀ 1870 ਨੂੰ ਬਾਦਸ਼ਾਹ ਨੈਪੋਲੀਅਨ ਦੇ ਭਤੀਜੇ ਪੀਅਰੀ ਨੈਪੋਲੀਅਨ ਨੇ ਪੱਤਰਕਾਰ ਵਿਕਟਰ ਨੋਇਰ ਨੂੰ ਗੋਲੀ ਨਾਲ ਫੁੰਡ ਦਿੱਤਾ। ਨੋਇਰ, ਕਾਮਿਆਂ ਦਾ ਹਮਦਰਦ ਕਾਮਰੇਡ ਸੀ। ਕਾਮਿਆਂ ਦੇ ਇਕੱਠ ਬੇਸ਼ਕ ਅਕਸਰ ਹੁੰਦੇ ਰਹਿੰਦੇ, ਪਰ ਨੋਇਰ ਦੇ ਜਨਾਜ਼ੇ ਵਿਚ ਦੋ ਲੱਖ ਮਜ਼ਦੂਰ ਸ਼ਾਮਲ ਹੋਏ। ਬਗਾਵਤ 'ਤੇ ਕਾਬੂ ਪਾਉਣ ਲਈ 60 ਹਜ਼ਾਰ ਸਿਪਾਹੀ ਤਾਇਨਾਤ ਹੋਏ। ਵਿਆਪਕ ਖੂਨ ਖਰਾਬਾ ਨਾ ਹੋ ਜਾਏ, ਲੋਕ ਚੁੱਪ-ਚਾਪ ਘਰ ਪਰਤ ਗਏ।

ਇੰਗਲੈਂਡ ਦੀਆਂ ਜੇਲ੍ਹਾਂ ਵਿਚਲੇ ਆਇਰਿਸ਼ ਬੰਦੀਆਂ ਉਤੇ ਹੁੰਦੇ ਜ਼ੁਲਮਾਂ ਦੀ ਦਾਸਤਾਨ ਚਿਨ ਨੇ ਅਖਬਾਰਾਂ ਲਈ ਭੇਜਣੀ ਸ਼ੁਰੂ ਕਰ ਦਿੱਤੀ ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ। ਦਿਨ ਭਰ ਨੌਕਰਾਣੀ ਦੀ ਡਿਊਟੀ ਕਰ ਕੇ ਰਾਤ ਨੂੰ ਲੇਖ ਲਿਖਦੀ। ਜੇਲ੍ਹ ਵਿਚੋਂ ਉਸ ਨੂੰ ਓਡੋਨੋਵ ਰੌਸ ਦਾ ਖਤ ਮਿਲਿਆ ਜੋ ਪੈਨਸਿਲ ਨਾਲ ਟਾਇਲਟ ਪੇਪਰ ਉਪਰ ਲਿਖ ਕੇ ਘੱਲਿਆ। ਉਸ ਨੂੰ ਕਿਹਾ ਜਾਂਦਾ ਕਿ ਗੋਡਿਆਂ ਅਤੇ ਕੂਹਣੀਆਂ ਭਾਰ ਹੋ ਕੇ ਪਸ਼ੂਆਂ ਵਾਂਗ ਖਾਣਾ ਖਾਏ। ਗਲ ਵਿਚ ਰੱਸਾ ਪਾ ਕੇ ਗੱਡੇ ਨਾਲ ਬੰਨ੍ਹਿਆਂ ਜਾਂਦਾ। ਭੁੱਖਾ ਪਿਆਸਾ ਆਪਣੇ ਸਾਥੀ ਬੰਦੀਆਂ ਨੂੰ ਮਰਦੇ ਦੇਖਦਾ। ਲਿਖਿਆ, "ਜਿਹੜੀਆਂ ਸਜ਼ਾਵਾਂ ਮੈਨੂੰ ਮਿਲ ਰਹੀਆਂ ਨੇ, ਮੈਂ ਉਨ੍ਹਾਂ ਵਿਰੁਧ ਸ਼ਿਕਾਇਤ ਨਹੀਂ ਕਰ ਰਿਹਾ, ਜ਼ੁਲਮ ਸਹਿਣੇ ਤਾਂ ਮੇਰਾ ਕਿੱਤਾ ਹੈ। ਮੇਰੇ ਪਰਿਵਾਰ ਅਤੇ ਮਿੱਤਰਾਂ ਨੂੰ ਮੇਰਾ ਹਾਲ ਪਤਾ ਹੋਣਾ ਚਾਹੀਦੈ ਬੱਸ।" ਦਸਤਖਤਾਂ ਹੇਠ ਲਿਖਿਆ-ਬਾਮੁਸ਼ੱਕਤ ਸਿਆਸੀ ਕੈਦੀ।

ਚਿਨ ਦੇ ਇਸ ਲੇਖ ਨੇ ਯੂਰਪ ਅਤੇ ਅਮਰੀਕਾ ਹਿਲਾ ਦਿੱਤਾ। ਲਿਖਤ ਸ਼ੇਕਸਪੀਰੀਅਨ ਸ਼ੈਲੀ ਦੀ ਸੀ ਜਿਵੇਂ ਕਬਰ ਵਿਚੋਂ ਬਾਹਰ ਨਿਕਲ ਕੇ ਕੋਈ ਮੁਰਦਾ ਆਪਣੇ ਕਾਤਲਾਂ ਨੂੰ ਲਲਕਾਰੇ। ਪੱਛਮ ਦੇ ਸਾਰੇ ਅਖਬਾਰਾਂ ਨੇ ਆਪਣੀ ਆਪਣੀ ਜ਼ੁਬਾਨ ਵਿਚ ਛਾਪਿਆ। ਹੋਮ ਸਕੱਤਰ ਨੂੰ ਸਰਕਾਰ ਵਲੋਂ ਬਿਆਨ ਦੇਣਾ ਪਿਆ-ਰੌਸ ਲੋਹੇ ਦੀਆਂ ਸਲਾਖਾਂ ਪਿਛੇ ਬੰਦ ਜ਼ਰੂਰ ਹੈ, ਬਾਕੀ ਗੱਲਾਂ ਝੂਠ ਹਨ। ਇੰਗਲੈਂਡ ਵਿਚ ਉਠੇ ਰੋਹ ਕਾਰਨ ਪ੍ਰਧਾਨ ਮੰਤਰੀ ਗਲੈਡਸਟੋਨ ਨੂੰ ਇਨਕੁਆਰੀ ਦੇ ਹੁਕਮ ਦੇਣੇ ਪਏ। ਕਾਰਲ ਨੇ ਕਿਹਾ, ਮੈਨੂੰ ਆਪਣੀ ਧੀ 'ਤੇ ਮਾਣ ਹੈ।

ਚੋਣਾਂ ਆ ਗਈਆਂ। ਆਇਰਲੈਂਡ ਦੇ ਲੋਕਾਂ ਨੇ ਆਪਣੇ ਨੇਤਾ ਓਡੋਨੋਵ ਰੌਸ ਨੂੰ ਰਿਕਾਰਡ ਤੋੜ ਵੋਟ ਪਾ ਕੇ ਜਿਤਾ ਲਿਆ। ਕਾਰਲ ਨੇ ਕਿਹਾ, ਹੁਣ ਕਾਮੇ ਜਿੱਤਣਗੇ, ਹਿੰਸਾ ਨਾਲ ਨਹੀਂ, ਵੋਟ ਨਾਲ।



*19ਵੀਂ ਸਦੀ ਦਾ ਆਇਰਲੈਂਡ ਜਿਸ ਨੂੰ ਦੇਖ ਕੇ ਕਾਰਲ ਮਾਰਕਸ ਦੀ ਧੀ ਤੂਸੀ 'ਆਇਰਸ਼' ਹੀ ਹੋ ਗਈ ਸੀ।*

ਆਇਰਲੈਂਡ ਇੰਗਲੈਂਡ ਦਾ ਕਮਜ਼ੋਰ ਪਾਸਾ ਹੈ। ਆਇਰਲੈਂਡ ਗਿਆ ਤਾਂ ਇੰਗਲੈਂਡ ਦੀ ਹਕੂਮਤ ਗਈ, ਇਸ ਪਿਛੋਂ ਸਾਰੇ ਯੂਰਪ ਦੇ ਕਾਮੇ ਮੁਕਤ ਹੋ ਜਾਣਗੇ।

ਇੱਧਰ ਚਿਨ ਦੀਆਂ ਖੁਸ਼ੀਆਂ, ਉਧਰ ਲਾਰਾ ਦੀ ਧੀ ਦੀ ਮੌਤ। ਲਫਾਰਗ ਬੇਕਾਰ ਦਿਨ ਕਟੀ ਕਰ ਰਿਹਾ ਸੀ, ਗਰੀਬੀ ਤੋਂ ਬੇਫਿਕਰ। ਲਾਰਾ ਵਾਸਤੇ ਚੁਫੇਰੇ ਹਨ੍ਹੇਰਾ।

ਫਰਾਂਸ ਅਤੇ ਜਰਮਨੀ ਵਿਚਕਾਰ ਯੁੱਧ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਤਾਂ ਜਰਮਨੀ ਦੀ ਇੰਟਰਨੈਸ਼ਨਲ ਨੇ ਬਿਆਨ ਦਿੱਤਾ-ਭਾਈਓ, ਸਾਡੀਆਂ ਕੋਈ ਹੱਦਾਂ ਨਹੀਂ, ਸਾਡੀ ਕਿਸੇ ਵਿਰੁਧ ਲੜਾਈ ਨਹੀਂ। ਜੰਗੀ ਬਿਗਲ ਅਤੇ ਤੋਪਾਂ ਦੀ ਗਰਜ ਸਾਡੀ ਨਹੀਂ, ਨਾ ਸਾਡੀ ਜਿੱਤ ਨਾ ਹਾਰ। ਅਸੀਂ ਗਲੋਬ ਉਪਰ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਫਿਰਦੇ ਗਰੀਬ ਕਾਮੇ ਹਾਂ। ਫਰਾਂਸ ਦੇ ਮਜ਼ਦੂਰਾਂ ਨੇ ਉਨ੍ਹਾਂ ਦੇ ਬਿਆਨ ਦਾ ਸੁਆਗਤ ਕਰਦਿਆਂ ਇਹੋ ਭਾਵਨਾਵਾਂ ਪ੍ਰਗਟਾਈਆਂ। ਕਾਰਲ ਦਾ ਬਿਆਨ ਛਪਿਆ-ਕੌਮਾਂਤਰੀ ਕਾਮਿਆਂ ਦਾ ਪ੍ਰੇਤ, ਜੰਗਾਂ ਨੂੰ ਖਤਮ ਕਰੇਗਾ। ਉਸ ਦੇ ਇਸ ਲੰਮੇ ਬਿਆਨ ਨੂੰ ਜੇ.ਐਸ. ਮਿੱਲ ਦੀ ਦਾਦ ਮਿਲੀ, ਮਿੱਲ ਨੇ ਆਪਣੇ ਖਰਚੇ 'ਤੇ ਫਰੈਂਚ, ਜਰਮਨ ਅਤੇ ਅੰਗਰੇਜ਼ੀ ਵਿਚ ਇਸ ਬਿਆਨ ਦੀਆਂ 30 ਹਜ਼ਾਰ ਕਾਪੀਆਂ ਛਪਵਾ ਕੇ ਵੰਡੀਆਂ।

2 ਸਤੰਬਰ 1870 ਨੂੰ ਜਰਮਨੀ ਤੋਂ ਫਰਾਂਸ ਹਾਰ ਗਿਆ, ਸਮੇਤ ਬਾਦਸ਼ਾਹ ਦੇ ਇਕ ਲੱਖ ਫੌਜੀ ਬੰਦੀ ਬਣਾਏ ਗਏ, ਫਰਾਂਸੀਸੀਆਂ ਨੂੰ ਲੱਗਾ, ਚੰਗਾ ਹੋਇਆ, ਹੁਣ ਲੋਕਤੰਤਰ ਬਹਾਲ ਹੋਏਗਾ। ਚੰਗੀ ਕਿਸਮਤ, ਇਕ ਦਿਨ ਪਹਿਲਾਂ ਲਾਰਾ ਤੇ ਲਫਾਰਗ ਪੈਰਿਸ ਵਿਚੋਂ ਨਿਕਲ ਆਪਣੇ ਪਿੰਡ ਚਲੇ ਗਏ।

ਪੈਰਿਸ ਸ਼ਹਿਰ ਦੇ ਵਸਨੀਕਾਂ ਨੇ ਸਾਰੇ ਗੇਟ ਬੰਦ ਕਰ ਲਏ। ਜਰਮਨ ਫੌਜਾਂ ਨੇ ਘੇਰਾ ਪਾ ਲਿਆ। ਸ਼ਹਿਰ ਵਾਸੀਆਂ ਨੇ ਇਕੱਠੇ ਹੋ ਕੇ ਨੈਪੋਲੀਅਨ ਦੇ ਜਰਨੈਲ ਲੂਈ ਨੂੰ ਗੱਦੀਓਂ ਲਾਹੁਣ ਦਾ ਐਲਾਨ ਕਰ ਦਿੱਤਾ, ਅੰਤਰਿਮ ਸਰਕਾਰ ਚਲਾਉਣ ਲਈ ਕਮੇਟੀ ਬਣਾ ਦਿੱਤੀ। ਉਨ੍ਹਾਂ ਨੂੰ ਕੀ ਪਤਾ ਸੀ ਕਿ ਘੇਰਾਬੰਦੀ ਲੰਮਾ ਸਮਾਂ ਰਹੇਗੀ। ਖਾਣ-ਪੀਣ ਦੀਆਂ ਵਸਤਾਂ ਮੁੱਕ ਗਈਆਂ। ਬਾਲਣ ਮੁੱਕਣ ਲੱਗਾ। ਪਹਿਲੋਂ ਘੋੜੇ ਖਾਧੇ ਗਏ, ਫਿਰ ਗਧਿਆਂ ਦੀ ਵਾਰੀ ਆ ਗਈ। ਗੰਦਗੀ ਦੇ ਢੇਰ ਲੱਗ ਗਏ।

ਲਫਾਰਗ ਦਾ ਪਾਪਾ ਡਾਢਾ ਨਰਾਜ਼ ਕਿ ਉਸ ਨੇ ਮੈਡੀਕਲ ਛੱਡ ਕੇ ਸਿਆਸਤ ਦਾ ਪੰਗਾ ਕਿਉਂ ਲਿਆ। ਬਿਮਾਰ ਹੋ ਗਿਆ, ਗਾਲ੍ਹਾਂ ਦੀਆਂ ਵਾਛੜਾਂ ਸੁੱਟਦਾ। ਮੌਤ ਹੋ ਗਈ। ਮਾਂ ਨੇ ਮੌਤ ਲਈ ਲਾਰਾ ਨੂੰ ਜ਼ਿੰਮੇਵਾਰ ਠਹਿਰਾਇਆ। ਚਿਨ ਨੂੰ ਖਤ ਵਿਚ ਦੱਸਦੀ ਹੈ, ਇੰਨੀਆਂ ਗੰਦੀਆਂ ਗਾਲ੍ਹਾਂ ਮੈ ਕਦੀ ਨਹੀਂ ਸੁਣੀਆਂ ਸਨ। ਮਾਂ-ਪੁੱਤ ਵਿਚ ਜਾਇਦਾਦ ਵੰਡਣ ਲਈ ਝਗੜਾ ਛਿੜਿਆ ਰਹਿੰਦੈ। ਆਖਰ ਮਾਂ ਨੇ ਦੂਜੇ ਪਿੰਡ ਦੇ ਘਰ ਜਾਣ ਦਾ ਫੈਸਲਾ ਕਰ ਲਿਆ। ਸਾਰੇ ਭਾਂਡੇ, ਸਾਰਾ ਫਰਨੀਚਰ, ਸਾਰੇ ਕੱਪੜੇ ਲੈ ਗਈ। ਘਰ ਭਾਂ-ਭਾਂ ਕਰ ਰਿਹੈ, ਤਾਂ ਵੀ ਸ਼ੁਕਰ ਹੈ ਸ਼ਾਂਤੀ ਮਿਲੀ।

ਉਧਰ ਪੈਰਿਸ ਵਿਚ ਭੁੱਖਮਰੀ ਫੈਲ ਗਈ, ਹੋਕੇ ਲੱਗ ਰਹੇ ਸਨ-ਬਿੱਲੀ ਅੱਠ ਫਰਾਂਕ ਦੀ, ਚੂਹਾ ਦੋ ਫਰਾਂਕ ਦਾ, ਲੰਮੀ ਪੂਛ ਵਾਲਾ ਚੂਹਾ ਢਾਈ ਫਰਾਂਕ ਦਾ। ਇਹ ਵੀ ਫਟਾਫਟ ਵਿਕ ਜਾਂਦੇ। ਆਖਰ ਪੈਰਿਸ ਵਾਸੀਆਂ ਨੇ ਹਥਿਆਰ ਸੁੱਟ ਦਿੱਤੇ ਤੇ ਜਰਮਨੀ ਦਾ ਝੰਡਾ ਉਚਾ ਲਹਿਰਾਉਂਦਾ ਦੇਖਿਆ।

ਏਂਗਲਜ਼ ਮਾਨਚੈਸਟਰ ਛੱਡ ਕੇ ਲੰਡਨ ਕਾਰਲ ਦੇ ਨਜ਼ਦੀਕ ਆ ਗਿਆ ਜਿਸ ਸਦਕਾ ਕਾਰਲ ਤੰਦਰੁਸਤ ਹੋ ਗਿਆ। ਇਕੱਠੇ ਬੈਠਿਆਂ ਖੁਸ਼ਖਬਰੀ ਮਿਲੀ ਕਿ ਚਿਨ ਦੀ ਮੰਗ ਅਨੁਸਾਰ ਪਾਰਲੀਮੈਂਟ ਕਮੇਟੀ ਨੇ ਅੱਠ ਮਹੀਨਿਆਂ ਦੀ ਪੜਤਾਲ ਮਗਰੋਂ ਸਾਰੇ ਆਇਰਿਸ਼ ਬੰਦੀਆਂ ਨੂੰ ਆਮ ਮਾਫੀ ਦੇਣ ਦਾ ਐਲਾਨ ਕਰ ਦਿੱਤਾ, ਬਸ਼ਰਤਿ ਉਹ ਵਾਪਸ ਇੰਗਲੈਂਡ ਨਾ ਆਉਣ। ਓਡੋਨੋਵ ਰੌਸ ਰਿਹਾ ਹੋ ਗਿਆ।

ਪੈਰਿਸ ਵਿਚ ਫੌਜ ਵਲੋਂ ਕੀਤੇ ਭਿਆਨਕ ਕਤਲੇਆਮ ਵਾਸਤੇ ਇਕ ਖਤਰਨਾਕ ਜਰਮਨ ਦਾ ਹੱਥ ਦੱਸਿਆ ਗਿਆ ਜਿਹੜਾ ਲੰਡਨ ਵਿਚ ਬੈਠਾ ਹੈ ਤੇ ਬਿਸਮਾਰਕ ਦਾ ਦੋਸਤ ਹੈ। ਲੰਡਨ ਦੇ ਅਖਬਾਰ 'ਪਾਲਮਾਲ ਗਜ਼ਟ' ਨੇ ਮਈ 1871 ਨੂੰ ਛਾਪਿਆ-ਕਾਮਰੇਡਾਂ ਦੀ ਇੰਟਰਨੈਸ਼ਨਲ ਅੰਦਰ ਕੇਵਲ ਨੌਂ ਸਾਲ ਦੇ ਅਰਸੇ ਵਿਚ 25 ਲੱਖ ਕਾਮੇ ਭਰਤੀ ਹੋ ਚੁੱਕੇ ਹਨ। ਇਸ ਦਾ ਹੈਡਕੁਆਰਟਰ ਲੰਡਨ ਵਿਚ ਹੈ ਤੇ ਚੀਫ, ਜਰਮਨੀ ਦਾ ਨਾਗਰਿਕ ਹੈ। ਤਿੰਨ ਜੂਨ ਨੂੰ 'ਨਿਊ ਯਾਰਕ ਵਰਲਡ' ਨੇ ਛਾਪਿਆ-ਕਮਿਊਨ ਦਾ ਅਸਲ ਲੀਡਰ ਕਾਰਲ ਮਾਰਕਸ ਹੈ। ਸੂਤਰ ਦੱਸਦੇ ਹਨ ਕਿ ਪੈਰਿਸ ਵਰਗੀ ਤਬਾਹੀ ਹੁਣ ਉਹ ਸਾਰੇ ਯੂਰਪ ਦੀਆਂ ਰਾਜਧਾਨੀਆਂ ਵਿਚ ਮਚਾਉਣਗੇ। ਪੰਜ ਜੂਨ, 'ਸ਼ਿਕਾਗੋ ਟ੍ਰਿਬਿਊਨ'-ਇਕ ਜਾਣਿਆ ਪਛਾਣਿਆ ਬਾਗੀ ਸ਼ੇਖੀ ਮਾਰ ਰਿਹਾ ਹੈ ਕਿ ਲੰਡਨ ਦੀਆਂ ਬੰਦਰਗਾਹਾਂ ਉਤੇ ਹੋਣ ਵਾਲੀ ਤਬਾਹੀ ਅੱਗੇ ਪੈਰਿਸ ਦਾ ਕਤਲੇਆਮ ਤੁੱਛ ਦਿਖਾਈ ਦਏਗਾ। ਅਮੀਰਾਂ ਦਾ ਧਨ ਲੁੱਟ ਲਿਆ ਜਾਏਗਾ। ਵਿਉਂਤਬੰਦੀ ਲੰਡਨ ਵਿਚ ਹੋ ਰਹੀ ਹੈ। ਤੇਈ ਜੂਨ ਲੰਡਨ ਤੋਂ 'ਈਵਨਿੰਗ ਸਟੈਂਡਰਡ'-ਬਦਕਿਸਮਤੀ ਨਾਲ ਅਜਿਹੀ ਤਬਾਹਕੁਨ ਇਨਕਲਾਬੀ ਪਾਰਟੀ ਪੈਦਾ ਹੋ ਗਈ ਹੈ ਜੋ ਪਹਿਲਾਂ ਕਦੀ ਨਹੀਂ ਦਿਸੀ। ਪੈਰਿਸ ਵਰਗਾ ਤਮਾਸ਼ਾ ਕਿਸੇ ਵੀ ਸ਼ਹਿਰ ਵਿਚ ਹੋ ਸਕਦਾ ਹੈ।

ਚਿਨ ਅਤੇ ਤੂਸੀ, ਲਾਰਾ ਭੈਣ ਨੂੰ ਮਿਲਣ ਗਈਆਂ। ਦੋ ਸਾਲ ਦੇ ਸਮੇਂ ਅੰਦਰ ਲਾਰਾ ਦੇ ਦੂਜੇ ਬੱਚੇ ਦੀ ਵੀ ਮੌਤ ਹੋ ਗਈ। ਲਫਾਰਗ ਕੋਲ ਪੁਲਿਸ ਅਫਸਰ ਆਇਆ ਤੇ ਦੱਸਿਆ-ਤੁਹਾਡੇ ਗ੍ਰਿਫਤਾਰੀ ਵਾਰੰਟ ਉਤੇ ਦਸਤਖਤ ਹੋ ਚੁੱਕੇ ਹਨ। ਮੈਂ ਤੁਹਾਡਾ ਹਮਦਰਦ ਤੁਹਾਨੂੰ ਇਤਲਾਹ ਦੇਣ ਆਇਆਂ। ਇਕ ਘੰਟੇ ਅੰਦਰ ਭੱਜ ਜਾਓ। ਉਹ ਖੱਚਰ 'ਤੇ ਸਵਾਰ ਹੋ ਕੇ ਨਿਕਲ ਗਿਆ। ਦੋ ਘੰਟਿਆਂ ਬਾਅਦ ਪੁਲਿਸ ਨੇ ਘਰ ਦੁਆਲੇ ਘੇਰਾ ਪਾ ਲਿਆ। ਫੜੇ ਕਾਗਜ਼ਾਂ ਤੋਂ ਪਤਾ ਲੱਗ ਗਿਆ ਕਿ ਇੰਟਰਨੈਸ਼ਨਲ ਦਾ ਕਾਰਿੰਦਾ ਹੈ। ਔਰਤਾਂ ਨੂੰ ਛੱਡ ਗਏ। ਉਹ ਸਮਝ ਗਈਆਂ ਕਿ ਹੋਰ ਦੇਰ ਨਹੀਂ ਕਰਨੀ ਚਾਹੀਦੀ। ਲਫਾਰਗ ਦੇ ਪਿਛੇ-ਪਿਛੇ ਇਹ ਕਾਰਵਾਂ ਵੀ ਸਪੇਨ ਵਾਸਤੇ ਰਵਾਨਾ ਹੋ ਗਿਆ। ਸ਼ੁਕਰ ਹੋਇਆ, ਉਹ ਸਲਾਮਤ ਸੀ ਪਰ ਬੇਟਾ ਬਿਮਾਰ ਹੋ ਗਿਆ। ਇਕਲੌਤੀ ਸੰਤਾਨ ਵੱਲ ਪੂਰਾ ਧਿਆਨ ਦੇਣਾ ਜ਼ਰੂਰੀ ਹੈ। ਲਾਰਾ ਨੂੰ ਛੱਡ ਕੇ ਦੋਵੇਂ ਭੈਣਾਂ ਪੈਰਿਸ ਲਈ ਰਵਾਨਾ ਹੋ ਗਈਆਂ। ਕੋਈ ਬੱਘੀਵਾਨ ਮਿਲ ਗਿਆ।

ਕਸਟਮ ਆਫਿਸ ਨੇ ਤਲਾਸ਼ੀ ਵਾਸਤੇ ਘੇਰ ਲਈਆਂ। ਅਫਸਰ ਨੇ ਕਿਹਾ, ਇਥੇ ਬੈਠੋ ਮੈਂ ਔਰਤ ਨੂੰ ਬੁਲਾ ਕੇ ਲਿਆਉਂਦਾ ਹਾਂ। ਜਦੋਂ ਉਹ ਬਾਹਰ ਗਿਆ, ਚਿਨ ਨੇ ਇਕ ਖਤ ਫਟਾਫਟ ਉਥੇ ਪਏ ਰਜਿਸਟਰ ਵਿਚ ਲਕੋ ਦਿੱਤਾ। ਪੁਲਿਸ, ਕਸਟਡੀ ਵਾਲੀ ਵੈਨ ਵਿਚ ਬਿਠਾ ਕੇ ਲੈ ਗਈ। ਖੁਫੀਆ ਏਜੰਸੀ ਦੇ ਬੰਦੇ, ਪੁਲਿਸ ਅਫਸਰ ਅਤੇ ਮੈਜਿਸਟਰੇਟ ਤਫਤੀਸ਼ ਵਿਚ ਲੱਗ ਗਏ। ਸਾਰੀ ਰਾਤ ਇੰਟੈਰੋਗੇਸ਼ਨ ਹੋਈ। ਇਕ ਅਫਸਰ ਨੇ ਕਿਹਾ, ਲਫਾਰਗ ਇੰਨਾ ਖਤਰਨਾਕ ਨਹੀਂ ਜਿੰਨੀਆਂ ਤੁਸੀਂ। ਉਹ ਤਾਂ ਕਾਰਲ ਦਾ ਜਵਾਈ ਹੈ ਬਸ, ਤੁਸੀਂ ਉਸ ਸ਼ੈਤਾਨ ਦੀਆਂ ਧੀਆਂ ਹੋ। ਵੈਨ ਵਿਚ ਬਿਠਾ ਕੇ ਥਾਣੇ ਦੀ ਹਵਾਲਾਤ ਵਿਚ ਬੰਦ ਕਰ ਦਿੱਤੀਆਂ। ਅਗਲੇ ਦਿਨ ਇੰਸਪੈਕਟਰ ਆਇਆ ਤਾਂ ਉਸ ਨੂੰ ਪੁੱਛਿਆ, ਸਾਨੂੰ ਕਿਸ ਕਾਰਨ ਬੰਦ ਕੀਤਾ ਗਿਐ? ਇੰਸਪੈਕਟਰ ਨੇ ਕਿਹਾ, ਮੇਰੀ ਹਮਦਰਦੀ ਸਦਕਾ ਤੁਸੀਂ ਇਥੇ ਹੋ, ਨਹੀਂ ਤਾਂ ਦੂਰ ਸੇਂਟ ਗੋਦਿਨ ਦੀ ਜੇਲ੍ਹ ਜਾਂਦੀਆਂ। ਅਹਿ ਲਓ ਦੋ ਹਜ਼ਾਰ ਫਰਾਂਕ, ਲਫਾਰਗ ਨੇ ਭੇਜੇ ਨੇ। ਹੁਣ ਤੁਸੀਂ ਜਾਓ ਪਰ ਤੁਹਾਡੇ ਪਾਸਪੋਰਟ ਜ਼ਬਤ ਰਹਿਣਗੇ। ਇਹ ਕਿਹੜੀ ਰਿਹਾਈ ਹੋਈ! ਇਸ ਸਦਕਾ ਤਾਂ ਫਿਰ ਜਦੋਂ ਮਰਜ਼ੀ ਫੜ ਲੈਣ, ਕਿਉਂਕਿ ਪਾਸਪੋਰਟ ਬਗੈਰ ਬਾਰਡਰ ਪਾਰ ਨਹੀਂ ਕਰ ਸਕਦੀਆਂ।

ਪੁਲਸੀਆਂ ਨੇ ਬੱਘੀਵਾਨ ਨੂੰ ਕਿਹਾ, ਉਸ ਘਰ ਲੈ ਚੱਲ ਜਿਥੋਂ ਇਨ੍ਹਾਂ ਜਨਾਨੀਆਂ ਨੂੰ ਚੜ੍ਹਾ ਕੇ ਲਿਆਇਆ ਹੈਂ। ਬੱਘੀਵਾਨ ਸਮਝ ਗਿਆ ਕਿ ਕਿਸੇ ਹੋਰ ਨੂੰ ਫੜਨਗੇ। ਉਸ ਨੇ ਸਾਫ ਇਨਕਾਰ ਕਰ ਦਿੱਤਾ। ਪੁਲਿਸ ਵਾਲੇ ਆਪਣੀ ਜੀਪ ਲੈ ਗਏ। ਪਿੰਡ ਜਾ ਕੇ ਉਨ੍ਹਾਂ ਨੇ ਆਪਣੀ ਸ਼ਕਤੀ ਦਾ ਅਜਿਹੇ ਰੋਬਦਾਬ ਨਾਲ ਦਿਖਾਵਾ ਕੀਤਾ ਕਿ ਕਿਸੇ ਨੇ ਲਫਾਰਗ ਨੂੰ ਦੱਸ ਦਿੱਤਾ। ਉਹ ਤੁਰੰਤ ਪਿਛਲੇ ਪਾਸੇ ਦੀ ਪਗਡੰਡੀ ਰਾਹੀਂ ਖਿਸਕ ਗਿਆ।

ਆਖਰ ਚਿਨ ਤੇ ਤੂਸੀ ਨੂੰ ਬ੍ਰਿਟਿਸ਼ ਪਾਸਪੋਰਟ ਦੇ ਦਿੱਤੇ। ਹੋਰ ਕੋਈ ਖਤਰਾ ਸਹੇੜਨ ਦੀ ਥਾਂ ਉਨ੍ਹਾਂ ਲੰਡਨ ਜਾਣ ਦਾ ਫੈਸਲਾ ਕੀਤਾ-ਬਾਗੀਆਂ, ਸ਼ਰਨਾਰਥੀਆਂ, ਭਗੌੜਿਆਂ ਅਤੇ ਜਲਾਵਤਨ ਬਾਦਸ਼ਾਹਾਂ ਦੀ ਠਾਹਰ ਇੰਗਲੈਂਡ ਸੀ। ਜਦੋਂ ਨੈਪੋਲੀਅਨ ਤੀਜੇ ਨੂੰ ਜਰਮਨਾਂ ਨੇ ਰਿਹਾ ਕਰ ਦਿੱਤਾ, ਉਹ ਵੀ ਇੰਗਲੈਂਡ ਆਪਣੇ ਪਰਿਵਾਰ ਕੋਲ ਪੁੱਜ ਗਿਆ। ਉਲਝੇ ਵਾਲ, ਹੈਰਾਨ ਅੱਖਾਂ, ਅੰਗਰੇਜ਼ੀ ਤੋਂ ਕੋਰੇ ਇਹ ਲੋਕ ਦੂਰੋਂ ਪਛਾਣੇ ਜਾਂਦੇ ਜਿਨ੍ਹਾਂ ਕੋਲ ਨਾ ਪੈਸਾ, ਨਾ ਰੋਟੀ, ਨਾ ਕੋਈ ਉਮੀਦ ਹੁੰਦੀ। ਇੰਗਲੈਂਡ ਦੀ ਸਰਕਾਰ ਇਕ ਵਾਰ ਸੋਚਣ ਤਾਂ ਲੱਗੀ ਸੀ ਕਿ ਕਾਮਰੇਡਾਂ ਨੂੰ ਪਨਾਹ ਦਿੱਤੀ ਜਾਏ ਕਿ ਨਹੀਂ, ਕਿਉਂਕਿ ਉਹ ਲੰਡਨ ਨੂੰ ਸਾੜ ਕੇ ਸੁਆਹ ਕਰ ਦੇਣਗੇ। ਉਨ੍ਹਾਂ 'ਤੇ ਬੰਦੀ ਤਾਂ ਕੀ ਲਾਉਣੀ, ਫਰਾਂਸ ਦੀ ਮੰਗ ਕਿ ਸਾਡੇ ਕਾਮਰੇਡ ਸਾਡੇ ਹਵਾਲੇ ਕਰੋ, ਵੀ ਨਹੀਂ ਮੰਨੀ। ਅੰਗਰੇਜ਼ਾਂ ਵਾਸਤੇ ਇਹ ਕਰਨਾ ਬੜਾ ਸੌਖਾ ਕੰਮ ਸੀ ਕਿਉਂਕਿ ਹਰ ਸ਼ਾਮ ਉਹ ਇਕ ਥਾਂ ਇਕੱਠੇ ਹੁੰਦੇ ਸਨ, ਉਹ ਥਾਂ ਜਿਸ ਨੂੰ ਉਹ ਆਪਣਾ ਮੱਕਾ ਕਹਿੰਦੇ ਸਨ-ਕਾਰਲ ਮਾਰਕਸ ਦਾ ਘਰ।

ਕਾਰਲ ਅਤੇ ਏਂਗਲਜ਼ ਨੇ ਰਫਿਊਜੀਆਂ ਦੀ ਮਦਦ ਵਾਸਤੇ ਧਨ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਤਾਂ ਕਿ ਉਨ੍ਹਾਂ ਨੂੰ ਭੋਜਨ ਮਿਲੇ, ਛੱਤ ਮਿਲੇ, ਕੰਮ ਮਿਲੇ, ਬੱਚਿਆਂ ਨੂੰ ਸਕੂਲ ਮਿਲੇ। ਫਰਾਂਸ ਦੀ ਸਰਕਾਰ ਨੇ ਬੀਤੀਆਂ ਘਟਨਾਵਾਂ ਦਾ ਇਤਿਹਾਸ ਲਿਖ ਕੇ ਦੱਸਿਆ ਕਿ ਸਾਰੀ ਤਬਾਹੀ ਦਾ ਕਾਰਨ ਕਾਮਰੇਡ ਹਨ, ਜਰਾਇਮ ਪੇਸ਼ਾ ਹਨ। ਚੋਰ, ਡਾਕੂ ਅਤੇ ਕਾਤਲ ਹਨ। ਜੇ ਫੜੇ ਨਾ, ਸ਼ਹਿਰ ਤਾਂ ਕੀ ਇਨ੍ਹਾਂ ਨੇ ਕੋਈ ਪਿੰਡ ਵੀ ਫੂਕੇ ਬਿਨਾਂ ਨਹੀਂ ਛੱਡਣਾ। ਕਾਰਲ ਆਪਣੇ ਨੈਟਵਰਕ ਰਾਹੀਂ ਉਨ੍ਹਾਂ ਨੂੰ ਬਚਾ ਰਿਹਾ ਸੀ। ਹਜ਼ਾਰਾਂ ਕਾਮਰੇਡ ਫਾਸਟ ਕੋਰਟਾਂ ਰਾਹੀਂ ਫਾਹੇ ਲੱਗ ਚੁਕੇ ਸਨ। ਕਾਰਲ ਦਾ ਬੂਹਾ ਖੜਕਦਾ, ਬਾਹਰ ਕੋਈ ਸ਼ਰਨਾਰਥੀ ਖੜ੍ਹਾ ਹੁੰਦਾ। ਪਿਆਰ ਨਾਲ ਅੰਦਰ ਬੁਲਾ ਕੇ ਖਾਣ-ਪੀਣ ਲਈ ਦਿੱਤਾ ਜਾਂਦਾ, ਥਾਂ ਨਾ ਹੁੰਦੀ ਤਾਂ ਏਂਗਲਜ਼ ਦੇ ਘਰ ਛੱਡ ਆਉਂਦੇ। ਜੈਨੀ ਇਨ੍ਹਾਂ ਬੇਘਰ ਲੋਕਾਂ ਦਾ ਆਦਰ ਇਉਂ ਕਰਦੀ ਜਿਵੇਂ ਸ਼ਾਹਜ਼ਾਦੇ ਹੋਣ। ਕਿਸੇ ਨੂੰ ਯਕੀਨ ਨਾ ਹੁੰਦਾ ਇਹ ਜਗੀਰਦਾਰ ਅਮੀਰ ਪਿਉ ਦੀ ਧੀ ਹੈ ਤੇ ਇਸ ਦਾ ਭਰਾ ਜਰਮਨੀ ਵਿਚ ਵਜ਼ੀਰ ਹੈ।

ਸਾਰੇ ਯੂਰਪ ਅਤੇ ਅਮਰੀਕਾ ਤੋਂ ਪੱਤਰਕਾਰ ਆਉਂਦੇ। ਇੰਟਰਵਿਊ ਬਾਅਦ ਹੈਰਾਨ ਹੁੰਦੇ, ਕਿਉਂਕਿ ਉਸ ਦਾ ਵਰਤਾਰਾ ਬੜਾ ਨਿੱਘਾ ਤੇ ਬੋਲੀ ਸਭਿਅਕ, ਮਿੱਠੀ; ਉਹ ਤਾਂ ਸੋਚ ਕੇ ਆਉਂਦੇ ਸਨ ਕਿ ਕੋਈ ਜਵਾਲਾਮੁਖੀ ਹੋਵੇਗਾ। ਕਈਆਂ ਨੇ ਲਿਖਿਆ ਕਿ ਬੰਦਾ ਪੜ੍ਹਿਆ-ਲਿਖਿਆ ਤੇ ਸਿਆਣਾ ਹੋਣ ਦੇ ਬਾਵਜੂਦ ਹਵਾਈ ਕਿਲ੍ਹੇ ਕਿਉਂ ਉਸਾਰਦਾ ਹੈ? ਕਦੀ-ਕਦਾਈਂ ਖਿਝ ਵੀ ਜਾਂਦਾ ਸੀ। ਕਿਸੇ ਰਿਪੋਰਟਰ ਨੇ ਪੁੱਛਿਆ, ਮੈਨੂੰ ਇੰਟਰਨੈਸ਼ਨਲ ਦਾ ਰਹੱਸ ਦੱਸੋ? ਕਾਰਲ ਨੇ ਕਿਹਾ, ਕੋਈ ਰਹੱਸ ਹੈ ਈ ਨੀ, ਦਿਨ ਵਰਗਾ ਚਿੱਟਾ ਸੱਚ ਹੈ, ਇਸ ਦੀ ਸਾਰੀ ਕਾਰਵਾਈ ਦੀਆਂ ਰਿਪੋਰਟਾਂ ਛਪਦੀਆਂ ਹਨ। ਜਿਹੜਾ ਮੂਰਖ ਇਨ੍ਹਾਂ ਨੂੰ ਨਾ ਪੜ੍ਹੇ, ਉਸ ਅੱਗੇ ਰਹੱਸ ਕਿਵੇਂ ਖੁੱਲ੍ਹੇ! ਟੱਲੇਬਾਜ਼ੀਆਂ ਵੀ ਚਲਦੀਆਂ, ਕਦੀ ਖਬਰ ਛਪਦੀ ਉਸ ਨੂੰ ਬੈਲਜੀਅਮ ਵਿਚ ਗ੍ਰਿਫਤਾਰ ਕਰ ਲਿਐ, ਕਦੀ ਛਪਦਾ ਉਹ ਮਰ ਗਿਐ। ਫਰੈਂਚ ਪ੍ਰੈਸ ਵਿਚ ਇਹ ਖਬਰ ਵੀ ਛਪੀ-ਕਾਰਲ ਦੇ ਦੋ ਭਰਾ ਚਿਨ ਅਤੇ ਤੂਸੀ ਪੈਰਿਸ ਵਿਚ ਗ੍ਰਿਫਤਾਰ ਕਰ ਲਏ ਹਨ। ਇਹ ਤਾਂ ਆਮ ਛਪਦਾ ਰਹਿੰਦਾ ਕਿ ਕਾਮਿਆਂ ਦੇ ਪੈਸੇ ਨਾਲ ਉਹ ਅੱਯਾਸ਼ੀ ਕਰ ਰਿਹੈ, ਕੋਈ ਮਜ਼ਦੂਰ ਮਦਦ ਮੰਗੇ ਤਾਂ ਗਾਲ੍ਹਾਂ ਦਿੰਦੈ।

ਆਪਣੇ ਇਕ ਖਤ ਵਿਚ ਕਾਰਲ ਲਿਖਦੈ, ਦਿਨ 48 ਘੰਟਿਆਂ ਦਾ ਹੋ ਜਾਏ ਤਾਂ ਵੀ ਸਾਲਾਂ ਤਕ ਮੇਰਾ ਲਿਖਣ ਦਾ ਕੰਮ ਪੂਰਾ ਨਹੀਂ ਹੋਣਾ। ਜਾਸੂਸ, ਅਖਬਾਰ ਵਾਲੇ, ਰਿਫਿਊਜੀ ਪੜ੍ਹਨ ਨਹੀਂ ਦਿੰਦੇ। ਕਈ ਤਮਾਸ਼ਬੀਨ ਸਿਰਫ ਇਸ ਲਈ ਆਉਂਦੇ ਹਨ ਕਿ ਆਪਣੀਆਂ ਅੱਖਾਂ ਨਾਲ ਇਸ ਦੈਂਤ ਨੂੰ ਦੇਖੀਏ। ਮੈਂ ਸੋਚਦਾਂ ਕਿ ਇਸਾਈ ਮੂਸਾਈ ਮਿੱਥਾਂ ਇਸ ਕਰ ਕੇ ਫੈਲ ਗਈਆਂ ਕਿਉਂਕਿ ਉਦੋਂ ਅੱਜ ਵਰਗੇ ਸੰਚਾਰ ਸਾਧਨ ਨਹੀਂ ਸਨ। ਇਹ ਗੱਲ ਗਲਤ ਸਾਬਤ ਹੋ ਗਈ ਐ। ਹੁਣ ਤਾਰ, ਟੈਲੀਫੋਨ, ਅਖਬਾਰ, ਸਕਿੰਟਾਂ ਵਿਚ ਕਿੱਸੇ ਘੜ ਕੇ ਦੁਨੀਆਂ ਅੱਗੇ ਪਰੋਸ ਦਿੰਦੇ ਹਨ।

**(ਚੱਲਦਾ)**

# ਸਟੇਜ ਦੀ ਮਲਿਕਾ ਆਸ਼ਾ ਸ਼ਰਮਾ

**(ਸਫਾ 25 ਦੀ ਬਾਕੀ)**

ਦਸ ਕੁ ਵਜੇ ਮਰੂਤੀ ਕਾਰ ਵਿਚ ਇਕ ਸ਼ਖ਼ਸ ਮੈਨੂੰ ਮਿਲਣ ਆਇਆ। ਆਉਂਦਾ ਹੀ ਬਿਨਾਂ ਚਾਹ-ਪਾਣੀ ਪੀਤੇ ਉਹ ਕਹਿਣ ਲੱਗਾ, 'ਪਹਿਲੀ ਵਾਰ ਸ਼ੌਂਕੀ ਮੇਲਾ ਵੇਖਿਆ, ਆਸ਼ਾ ਵਸ'ਗੀ ਚੇਤੇ 'ਚ। ਤੁਸੀਂ ਉਹਨੂੰ ਜਾਣਦੇ ਹੋ?'

'ਯਾਰ ਇਹ ਕਿਹੜੀ ਪੁੱਛਣ ਵਾਲੀ ਗੱਲ ਐ?' ਉਸ ਅਧਖੜ ਜਿਹੇ ਬੰਦੇ ਨੂੰ ਮੈਂ ਥੋੜ੍ਹਾ ਖੁਸ਼ਕ ਤੇ ਤਲਖ ਜਿਹਾ ਉਤਰ ਦਿੱਤਾ।

'ਨਹੀਂ ਕਈ ਵਾਰ ਲੋਕ ਪੈਸੇ ਲੈ ਕੇ ਵੀ ਆਏ ਹੁੰਦੇ ਨੇ।'

'ਗੱਲ ਦੱਸੋ?'

'ਯਾਰ ਮੈਂ ਆਇਆਂ ਅਮਰੀਕਾ ਤੋਂ। ਖੇਤੀਬਾੜੀ ਦਾ ਆਪਣਾ ਵੱਡਾ ਕਾਰੋਬਾਰ ਐ। ਦੋ ਵਿਆਹ ਕਰਵਾਏ, ਦੋਵੇਂ ਖੂਬ ਮਾਲ-ਪੱਤਾ ਲੈ ਕੇ ਤਲਾਕ ਦੇ ਗਈਆਂ। ਆਸ਼ਾ ਨੂੰ ਪੁੱਛ ਲੋ ਅਮੀਰ ਬਣਜੂ।'

'ਹਰਮੋਹਨ ਨੇ ਸਿਰ ਦੇ ਦੋ ਹਿੱਸੇ ਕਰ ਦੇਣੇ ਆ।'

... ਤੇ ਨਾਲ ਹੀ ਜੈਂਟਲਮੈਨ ਗੱਲ ਬਦਲ ਗਿਆ, 'ਚੱਲ ਮੇਰੀ ਬੇਟੀ ਦੀ ਰਿੰਗ ਸੈਰਾਮਨੀ 'ਤੇ ਆ ਜਾਏ, ਪੈਸੇ ਜਿੰਨੇ ਆਖੂ, ਦੇ ਦਿਆਂਗੇ।'... ਤੇ ਮੁੜ ਕੇ ਚੌਦਾਂ ਸਾਲਾਂ ਪਿੱਛੋਂ ਮੈਨੂੰ ਇਥੇ ਹੀ ਟੱਕਰਿਆ ਉਹ ਬੁੱਢਾ।

ਇਹ ਆਸ਼ਾ ਸ਼ਰਮਾ ਦੇ ਕਲਾ-ਜੀਵਨ ਦਾ ਪਹਿਲਾ ਅਧਿਆਇ ਸੀ।

94 ਦੇ ਸ਼ੌਂਕੀ ਮੇਲੇ ਵਿਚ ਹੋਰ ਵੀ ਬਹੁਤ ਕੁੱਝ ਪਹਿਲੀ ਵਾਰ ਵਾਪਰਿਆ ਸੀ ਜਿਸ ਦਾ ਜ਼ਿਕਰ ਕਿਤੇ ਅੱਗੇ ਚੱਲ ਕੇ ਕਰਾਂਗਾ। ਇਸੇ ਲਈ ਸ਼ੌਂਕੀ ਮੇਲੇ ਦੀ ਮੁਕੰਮਲ ਗੱਲ ਕਰਨ ਤੋਂ ਪਹਿਲਾਂ ਆਸ਼ਾ ਸ਼ਰਮਾ ਦੀ ਗੱਲ ਤੋਰ ਲਈ ਹੈ।

ਸੰਨ 2000 ਵਿਚ ਮੈਂ ਆਪਣੀ ਚਾਰ ਭਾਸ਼ੀ ਪੁਸਤਕ ਸੁਰਜੀਤ ਟੁੱਟ ਰਾਹੀਂ ਆਸ਼ਾ ਸ਼ਰਮਾ ਨੂੰ ਭੇਜੀ ਸੀ। ਜਦੋਂ ਅਮਰੀਕਾ ਆਇਆ ਤਾਂ ਕਈ ਮਹੀਨੇ ਉਹ ਮੈਨੂੰ ਮਿਲੀ ਹੀ ਨਹੀਂ, ਕਿਉਂਕਿ ਚੰਗੀ ਤਰ੍ਹਾਂ ਜਾਣਨ ਵਾਲਿਆਂ ਵਿਚੋਂ ਹੀ ਨਹੀਂ, ਸਭ ਤੋਂ ਵੱਧ ਮੈਨੂੰ ਜਾਣਨ ਵਾਲਿਆਂ ਵਿਚ ਉਸ ਦਾ ਸ਼ੁਮਾਰ ਸੀ।

ਅਸਲ ਵਿਚ ਕੱਪੜੇ ਕਈ ਵਾਰ ਸੁਭਾਅ ਨਾਲ ਮੇਲ ਖਾਂਦੇ ਵੀ ਨਹੀਂ ਹੁੰਦੇ।

## ਕਾਵਿ-ਵਿਅੰਗ

### ਮਹਿੰਗਾਈ

ਪਾਈਆ ਨਿੰਬੂ ਮਿਲਣ ਪੰਜਤਾਲੀਆਂ ਦੇ,
ਗਰਮੀ ਜਦੋਂ ਦਿਖਾਉਂਦੀ ਹੈ ਰੰਗ ਆਪਣਾ।
ਲੀਟਰ ਦੁੱਧ ਪੰਜਾਹ ਤੋਂ ਟੱਪ ਚੱਲਿਆ,
ਸਾਰੂ ਚਾਹ ਦਾ ਗਰੀਬ ਕਿਵੇਂ ਡੰਗ ਆਪਣਾ।
ਸਤਰਾਂ ਸੌ 'ਚ ਵੀ ਬਣੇ ਨਾ ਸੂਟ ਸਾਦਾ,
ਕਿਵੇਂ ਕੱਜੂ ਸਰੀਰ ਦਾ ਕੋਈ ਨੰਗ ਆਪਣਾ।
ਮਹਿੰਗਾਈ ਦਾ ਨਾਗ ਫੂੰਕਾਰਦਾ ਫਿਰੇ 'ਚੋਹਲਾ',
ਲੱਭ ਇਸ ਤੋਂ ਬਚਣ ਦਾ ਢੰਗ ਆਪਣਾ।

**-ਰਮੇਸ਼ ਬੱਗਾ ਚੋਹਲਾ**
**ਫੋਨ: 91-94631-32719**

# ਮਾਨਸਿਕ ਹਾਣ ਦਾ ਸਾਥ

## ਕਹਾਣੀ

***ਕੈਨੇਡਾ ਵੱਸਦਾ ਰਵਿੰਦਰ ਰਵੀ ਮੂਲ ਰੂਪ ਵਿਚ ਆਧੁਨਿਕਤਾ ਨੂੰ ਪ੍ਰਣਾਇਆ ਲੇਖਕ ਹੈ। ਉਸ ਦੀ ਆਧੁਨਕਿਤਾ ਇਕੱਲੀ-ਇਕਹਿਰੀ ਅਤੇ ਦਿਖਾਵੇ ਦੀ ਆਧੁਨਿਕਤਾ ਨਹੀਂ, ਸਗੋਂ ਮਾਨਵੀ ਸਰੋਕਾਰਾਂ ਨਾਲ ਗੜੁੱਚ ਤੇ ਨਵੇਂ ਸਮਾਜ ਦੀ ਪ੍ਰਗਤੀ ਨਾਲ ਗਹਿਰੀ ਜੁੜੀ ਹੋਈ ਹੈ। ਉਹਦੀ ਕਲਮ ਵਿਚੋਂ ਕਹਾਣੀ, ਕਵਿਤਾ, ਨਾਟਕ ਆਦਿ ਲਗਾਤਾਰ ਸਿੰਮ ਰਹੇ ਹਨ। ਇਸ ਕਹਾਣੀ (ਮਾਨਸਿਕ ਹਾਣ ਦਾ ਸਾਥ) ਵਿਚ ਉਸ ਨੇ ਉਮਰ ਦੇ ਵੱਖ-ਵੱਖ ਪੜਾਵਾਂ ਵਿਚ ਬੰਦੇ ਦੀ ਬਦਲ ਰਹੀ ਮਾਨਸਿਕਤਾ ਦੀ ਥਹੁ ਪਾਉਣ ਵੱਲ ਉਡਾਣ ਭਰੀ ਹੈ। ਇਨ੍ਹਾਂ ਸਾਰੇ ਪੜਾਵਾਂ ਦੌਰਾਨ ਮਰਦ ਦੀ ਮਾਨਸਿਕਤਾ ਬਾਬਤ ਨਾਇਕਾ ਦੇ ਜ਼ਿਹਨ ਵਿਚ ਲਗਾਤਾਰ ਖੌਰੂ ਪੈਂਦਾ ਹੈ। ਇਸ ਖੌਰੂ ਨੂੰ ਸ਼ਾਂਤ ਕਰਨ ਲਈ ਮਾਨਸਿਕ ਹਾਣ ਦੀ ਸਦੀਵੀ ਤਲਾਸ਼ ਦੀਆਂ ਲੜੀਆਂ ਤੁਰਨ ਲਗਦੀਆਂ ਹਨ। ਇਸ ਕਹਾਣੀ ਵਿਚ ਲੇਖਕ ਨੇ ਬਹੁਤ ਸਾਧਾਰਨ ਕਥਾ ਨੂੰ ਵੀ ਬੜੀ ਤੀਬਰਤਾ ਅਤੇ ਤੇਜ਼ ਨਾਲ ਪਾਠਕਾਂ ਦੇ ਸਨਮੁਖ ਕੀਤਾ ਹੈ। -ਸੰਪਾਦਕ***

"ਕੰਜਰੀ ਭਾਵੇਂ ਬੁੱਢੀ ਹੋ ਜਾਵੇ; ਪਰ ਉਸ ਦੀ ਦਾਣਾ ਸੁੱਟਣ ਦੀ ਆਦਤ ਨਹੀਂ ਜਾਂਦੀ।"

ਹਾਸੇ-ਹਾਸੇ ਵਿਚ ਜੈਕੀ ਦੇ ਚਿੱਟੇ ਰੰਗ ਵਿਚ ਰੰਗੇ ਹੋਏ ਵਾਲਾਂ ਨੂੰ ਛੇੜਦੇ ਹੋਇਆਂ ਸ਼ਮਿੰਦਰ ਨੇ ਆਖਿਆ ਸੀ! ਜੈਕੀ ਵੀ ਕੋਈ ਘੱਟ ਨਹੀਂ ਸੀ। ਤਮ੍ਹਕ ਕੇ ਬੋਲੀ:

"ਉਜੜੇ ਬਾਗਾਂ ਦੀ ਬਹਾਰ ਦਾ ਆਪਣਾ ਹੀ ਰੰਗ, ਆਪਣਾ ਹੀ ਰੂਪ ਹੁੰਦਾ ਹੈ। ਰੌਲ ਕੀ ਜਾਣੇ ਚੌਲਾਂ ਦਾ ਭਾਅ? ਇਸ ਦੀ ਕਦਰ ਕੋਈ ਵੇਖਣ ਵਾਲੀ ਅੱਖ ਹੀ ਪਾ ਸਕਦੀ ਹੈ।"

ਸ਼ਮਿੰਦਰ ਸ਼ੀਸ਼ੇ ਸੌਹੇਂ ਇਕੱਲਾ ਬੈਠਾ ਸੀ। ਕਮਰੇ ਦੀ ਚਾਰਦੀਵਾਰੀ ਵਿਚ ਪ੍ਰਤੀਧੁਨੀ ਵਾਂਗ, ਢੇਰ ਚਿਰ ਪਹਿਲਾਂ ਕਹੇ ਹੋਏ, ਉਸ ਦੇ ਆਪਣੇ ਅਤੇ ਜੈਕੀ ਦੇ ਬੋਲ ਉਭਰੇ ਸਨ ਤੇ ਨਾਲ ਹੀ ਆਪਣੇ ਅੰਦਰ-ਬਾਹਰ ਤੇ ਚਾਰ-ਚੁਫੇਰੇ ਜੈਕੀ ਦੀ ਹਾਜ਼ਰੀ ਦਾ ਮੱਠਾ-ਮੱਠਾ ਅਹਿਸਾਸ ਵੀ ਉਹ ਮਹਿਸੂਸ ਕਰ ਰਿਹਾ ਸੀ। ਉਸ ਦੇ ਚਿਹਰੇ ਦੇ ਅਕਸ ਦੇ ਪਿਛਵਾੜਿਉਂ ਮਲਕੜੇ ਜਿਹੇ ਜੈਕੀ ਦੇ ਚਿਹਰੇ ਦਾ ਬਿੰਬ ਉਭਰਿਆ ਸੀ ਛਿਣ ਦੀ ਛਿਣ, ਤੇ ਫਿਰ ਇਹ ਬੋਲ:



ਰਵਿੰਦਰ ਰਵੀ

"ਜੇ ਜਿਸਮ ਦੀ ਮਾਲਕੀ ਤੇਰੀ ਕਮਜ਼ੋਰੀ ਹੈ, ਤਾਂ ਇਸ ਦਾ ਤਿਆਗ ਮੇਰੀ ਸ਼ਕਤੀ।"

"ਮਾਲਕੀ ਤੇ ਤਿਆਗ ਤਾਂ ਪਰੰਪਰਾਗਤ ਸੰਕਲਪ ਹਨ ਮਾਨਵੀ ਸੰਚਾਰ ਦੇ। ਮੈਂ ਤਾਂ ਸਗਲੀ ਸਬੂਤੀ ਹੋਂਦ ਦੀ ਸੰਪੂਰਨ ਸ਼ਮੂਲੀਅਤ ਦਾ ਇੱਛੁਕ ਹਾਂ। ਜੇ ਤੇਰੀ ਹੋਂਦ ਕੇਵਲ ਤਲ ਤੱਕ ਸੀਮਤ ਹੈ, ਤਾਂ ਮੈਂ ਤੇਰੇ ਲਈ ਦੁਆ ਹੀ ਕਰ ਸਕਦਾ ਹਾਂ। ਮਨ ਦੀ ਸ਼ਮੂਲੀਅਤ ਬਿਨਾਂ ਤਨ ਦੀ ਸ਼ਮੂਲੀਅਤ ਅਧੂਰੀ ਹੈ, ਵੇਸਵਾਈ ਹੈ। ਤਨ ਤਾਂ ਮਾਧਿਅਮ ਹੀ ਹੈ ਨਾ। ਪ੍ਰੀਤ ਬਣ ਜੋ ਵਹਿ ਤੁਰੇ-ਉਹ ਵੇਗ ਤਾਂ ਮਾਨਸਿਕ, ਆਤਮਿਕ ਤੇ ਦਿਲੀ ਹੀ ਹੋ ਸਕਦਾ ਹੈ।"

"ਰਿਸ਼ਤੇ ਖੂਹ ਦੀ ਆਵਾਜ਼ ਹੁੰਦੇ ਹਨ, ਸ਼ੰਮੀ।"

ਸ਼ਮਿੰਦਰ ਨੂੰ ਪਿਆਰ ਨਾਲ ਜੈਕੀ ਸ਼ੰਮੀ ਹੀ ਕਹਿੰਦੀ ਸੀ। ਸ਼ਮਿੰਦਰ ਸ਼ੀਸ਼ੇ ਸਨਮੁੱਖ ਬੈਠਾ ਸੁਪਨ-ਅਵਸਥਾ ਵਿਚ ਜਿਵੇਂ ਆਪ-ਮੁਹਾਰਾ ਹੀ ਬੋਲ ਪਿਆ:

"ਪਿਆਰ, ਸਤਿਕਾਰ ਤੇ ਵਿਸ਼ਵਾਸ ਤੋਂ ਬਿਨਾਂ ਤਾਂ ਪੱਕੀਆਂ ਕੰਧਾਂ ਵੀ ਤਿੜਕ ਜਾਂਦੀਆਂ ਹਨ। ਫਿਰ ਇਨ੍ਹਾਂ ਕੱਚੇ ਧਾਗਿਆਂ ਦਾ ਕੀ ਭਰਵਾਸਾ? ਅੱਖ ਦੇ ਵਲ ਜਾਂ ਫਿਰ ਵਲ ਦੇ ਭਰਮ ਨਾਲ ਹੀ ਟੁੱਟ, ਝੜ, ਬਿਖਰ ਜਾਣ ਖਲਾਅ ਵਿਚ। ਖਲਾਅ ਦੀ ਦੀਵਾਰ ਉਸਰ ਆਵੇ ਚਾਰ-ਚੁਫੇਰੇ, ਆਪਣੀ ਹੀ ਇਕਾਂਕੀ ਆਵਾਜ਼ ਦੀ ਪ੍ਰਤੀਧੁਨੀ ਹੇਠ ਜ਼ਿਬਾਹ ਹੋਣ ਲਈ।"

ਪਲ ਦੀ ਪਲ ਕਮਰੇ ਵਿਚ ਜਿਵੇਂ ਚੁੱਪ ਤੇ ਖਲਾਅ ਦਾ ਪਹਿਰਾ ਹੋ ਗਿਆ ਹੋਵੇ। ਫਿਰ ਮਲਕੜੇ ਜਿਹੇ ਜਿਵੇਂ ਕੋਈ ਕੋਮਲ ਜਿਹੀ ਡੋਡੀ ਖੁੱਲ੍ਹ ਕੇ ਫੁੱਲ ਬਣ ਜਾਵੇ, ਜੈਕੀ ਦੇ ਬੋਲ ਮਹਿਕ ਵਾਂਗ ਚੁਫੇਰੇ ਫੈਲਦੇ ਚਲੇ ਗਏ:

"ਰਿਸ਼ਤੇ ਦੀਵਾਰ ਨਹੀਂ, ਝਰੋਖੇ ਹੁੰਦੇ ਹਨ। ਇਕ ਦੂਜੇ ਵੱਲ ਖੁੱਲ੍ਹਦੇ। ਇਕ ਦੂਜੇ ਨੂੰ ਨਿਹਾਰਦੇ। ਇਕ ਦੂਜੇ ਵਿਚ ਸੰਵਰਦੇ, ਇਕ ਦੂਜੇ ਨੂੰ ਸੰਵਾਰਦੇ, ਆਪਾ ਵਾਰਦੇ। ਰਿਸ਼ਤੇ ਗੰਢ ਨਹੀਂ, ਗੰਢ ਦਾ ਅਹਿਸਾਸ ਹੁੰਦੇ ਹਨ। ਦੋ ਲੜੀਆਂ ਜਿੱਥੇ ਇਕ ਹੋ ਜਾਂਦੀਆਂ ਹਨ, ਉਸੇ ਗੰਢ ਦਾ ਅਹਿਸਾਸ। ਜਿੱਧਰ ਜਾਈਏ ਇਹ ਲੜੀਆਂ ਇਸ ਗੰਢ ਦੇ ਅਹਿਸਾਸ ਵਿਚ ਫੈਲਦੀਆਂ ਚਲੀਆਂ ਜਾਂਦੀਆਂ ਹਨ। ਧਰਤੀ, ਆਕਾਸ਼, ਪਾਤਾਲ, ਪਰਬਤ, ਦਰਿਆ, ਸਾਗਰ ਅਤੇ ਅਹਿਸਾਸ ਵਿਚ ਬੱਝੇ ਹੋਏ ਹਨ। ਚੰਦ, ਤਾਰੇ, ਸੂਰਜ। ਪਿੰਡ, ਬ੍ਰਹਮੰਡ...।"

ਤੇ ਫਿਰ ਇਨ੍ਹਾਂ ਬੋਲਾਂ ਦੇ ਵਹਿਣ ਵਿਚ ਵਹਿ ਰਿਹਾ ਸ਼ਮਿੰਦਰ ਜਿਵੇਂ ਵੱਖਰੇ ਸ਼ਬਦ ਬੋਲਦਾ ਹੋਇਆ ਵੀ ਜੈਕੀ ਨਾਲ ਸਮ-ਅਰਥ, ਇਕ-ਜਾਨ ਹੋ ਗਿਆ ਹੋਵੇ:

"ਰਿਸ਼ਤੇ ਦਰਿਆ ਵੀ ਹਨ, ਦਿਸ਼ਾ ਵੀ ਤੇ ਹਾਅ ਵੀ। ਤੁਪਕਾ-ਤੁਪਕਾ ਕਰ ਕੇ, ਛਿਣ-ਛਿਣ ਵਿਚਰ ਕੇ, ਇਕ ਦਿਸ਼ਾ, ਇਕ ਰੌਂ ਵਿਚ ਇਕ ਦੂਜੇ ਵਿਚ ਵਹਿ ਤੁਰਨਾ। ਇਕ ਦੂਜੇ ਵਿਚ ਫਨਾਹ ਹੋ ਜਾਣਾ...।"

ਸ਼ਮਿੰਦਰ ਨੂੰ ਇਸ ਸਮੇਂ ਅਜੀਬ ਜਿਹਾ ਅਹਿਸਾਸ ਸੀ ਜਿਵੇਂ ਜੈਕੀ ਇਥੇ ਨਾ ਹੋ ਕੇ ਵੀ ਇਸ ਕਮਰੇ ਦੀ ਫਿਜ਼ਾ ਵਿਚ ਮਹਿਕ ਵਾਂਗ ਘੁਲ ਗਈ ਹੋਵੇ, ਹਾਜ਼ਰ ਹੋਵੇ।

"ਗ਼ੈਰ-ਹਾਜ਼ਰੀ ਵਿਚ, ਹਾਜ਼ਰੀ ਦਾ ਅਹਿਸਾਸ।" ਉਹ ਬੁੜਬੁੜਾਇਆ ਤੇ ਫਿਰ ਸਹਿਵਨ ਹੀ ਮੁਸਕਰਾਇਆ ਜਿਵੇਂ ਜੈਕੀ ਨੂੰ ਸੰਬੋਧਨ ਹੋਵੇ। ਉਸ ਦੇ ਸਿਮਰਨ 'ਚੋਂ ਅਜਿਹੇ ਹੀ ਵਿਚਾਰਧਾਰਕ ਰੌਂ ਵਿਚ ਬੋਲੇ ਹੋਏ ਜੈਕੀ ਦੇ ਬੋਲ ਉਭਰੇ:

"ਆਧੁਨਿਕਤਾ ਦੇ ਪਰਦੇ ਹੇਠ, ਤੂੰ ਪਰੰਪਰਾਗਤ ਆਸ਼ਕ ਹੀ ਹੈਂ- ਅਫਲਾਤੂਨ ਵੀ ਤੇ ਅਫਲਾਤੂਨੀ ਵੀ। ਮਨ ਦੇ ਉਹਲੇ 'ਚੋਂ ਕਦੇ ਤੂੰ ਜਿਸਮਾਂ ਦੀ ਬਾਤ ਪਾਉਂਦਾ ਹੈ ਅਤੇ ਕਦੇ ਜਿਸਮਾਂ ਦੇ ਪਰਦੇ ਹੇਠੋਂ ਮਨ, ਦਿਲ, ਦਿਮਾਗ਼ ਤੇ ਆਤਮਾ ਨੂੰ ਤਲਾਸ਼ ਕਰਦਾ ਹੈ। ਤੇਰੇ ਅੱਗੇ ਕੋਈ ਸਗਲਾ ਸਬੂਤਾ ਜਲ ਬਣ ਜਾਇ, ਤਾਂ ਤੇਰੀ ਪਿਆਸ ਉਸ 'ਚੋਂ ਥਲ ਤੇ ਥਲਾਂ ਦੀਆਂ ਮ੍ਰਿਗਜਲੀਆਂ ਵੇਖਦੀ ਹੈ। ਤੈਨੂੰ ਖੋਪਰੀ 'ਚੋਂ ਜੀਵਨ ਅਤੇ ਜੀਵਨ 'ਚੋਂ ਖੋਪਰੀ ਵੇਖਣ ਦੀ ਆਦਤ ਕਿਉਂ ਪੈ ਗਈ ਹੈ? ਤੂੰ ਇਥੋਂ ਦੀ ਪੱਛਮੀ ਸੱਭਿਅਤਾ ਵਾਲਾ ਵਨ ਨਾਈਟ ਸਟੈਂਡ ਆਸ਼ਕ ਵੀ ਕਦਾਚਿਤ ਨਹੀਂ ਹੈ। ਰੈਣ ਹੰਢਾਉਣੀ ਤੇ ਰੈਣ-ਕੁੜੀ ਵੱਲ ਪਿੱਠ ਫੇਰ ਲੈਣੀ ਤੇਰੀ ਫਿਤਰਤ ਵਿਚ ਸ਼ਾਮਲ ਨਹੀਂ ਹੈ। ਇਹ ਤੇਰੇ ਵਸ ਦੀ ਗੱਲ ਨਹੀਂ। ਮਖੌਟਾ ਲਾਹ ਤੇ ਨਿਗ੍ਹਾ ਮਿਲਾ, ਇਸੇ ਵਿਚ ਤੇਰੀ ਮੁਕਤੀ ਹੈ।"

ਸ਼ਮਿੰਦਰ ਕੋਲ ਜਦੋਂ ਵੀ ਕਰਨ ਲਈ ਕੁਝ ਨਾ ਹੁੰਦਾ, ਤੇ ਖ਼ਾਸ ਕਰ ਕੇ, ਸਪਤਾਹ-ਅੰਤ ਉਤੇ ਜਦੋਂ ਉਹ ਇਕੱਲਾ ਹੁੰਦਾ ਤਾਂ ਜੈਕੀ ਦੇ ਸਾਥ ਵਿਚ ਹੰਢਾਏ ਛਿਣ ਸਾਖਸ਼ਾਤ ਬੋਲ ਬਣ ਕੇ ਉਸ ਦੀ ਅਗਲੀ ਸਬੂਤੀ ਹੋਂਦ ਵਿਚ ਆ ਹਾਜ਼ਰ ਹੁੰਦੇ। ਜੈਕੀ ਜੋ ਉਸ ਨੂੰ ਇਹ ਕਹਿ ਕੇ ਕਿਧਰੇ ਗੁੰਮ ਗੁਆਚ ਗਈ ਸੀ ਕਿ "ਪਹਿਲਾਂ ਤੂੰ ਆਪਣਾ ਮਨ ਬਣਾ ਕਿ ਤੂੰ ਮੇਰੇ ਵਿਚੋਂ, ਮੇਰੇ ਤੇ ਆਪਣੇ ਰਿਸ਼ਤੇ ਵਿਚੋਂ ਕੀ ਪਾਉਣਾ ਚਾਹੁੰਦਾ ਹੈ? ਮੈਂ ਫੇਰ ਆਵਾਂਗੀ। ਦੁਬਿਧਾ ਵਿਚ ਟੁੱਟ ਤੂੰ ਰਿਹਾ ਹੈ, ਤੇ ਖਿੰਡ ਮੈਂ। ਇਹ ਮੇਰੇ ਕੋਲੋਂ ਸਹਿਣ ਨਹੀਂ ਹੁੰਦਾ। ਖਿੰਡਾਓ ਵਿਚ ਖਿੰਡਾਓ ਅਤੇ ਇਕਾਗਰਤਾ ਵਿਚ ਇਕਾਗਰਤਾ ਦੇ ਫ਼ਲਸਫ਼ੇ ਨੂੰ ਸਮਝਣ ਤੇ ਫਿਰ ਅਪਣਾ ਕੇ ਜੀਣ-ਥੀਣ ਵਿਚ ਅਜੇ ਮੈਨੂੰ ਕੁਝ ਦੇਰ ਲੱਗੇਗੀ। ਤਦ ਤੱਕ ਲਈ ਤੇਰੇ ਕੋਲੋਂ ਆਗਿਆ ਮੰਗਦੀ ਹਾਂ ਮੈਂ, ਮੇਰੇ ਸ਼ੰਮੀ ਪਿਆਰੇ।"

ਇੰਝ ਹੀ ਗੱਲਾਂ ਕਰਦੀ-ਕਰਦੀ ਉਹ ਧੂੰਏਂ ਵਿਚ ਧੂੰਆਂ ਬਣੀ ਛਾਈਂ-ਮਾਈਂ ਹੋ ਗਈ ਸੀ। ਛਾਂ ਵਿਚ ਛਾਇਆ ਵਾਂਗ ਗਵਾਚ ਗਈ ਸੀ। ਕਦੇ-ਕਦੇ ਸ਼ਮਿੰਦਰ ਉਸ ਨੂੰ ਧੁੱਪ ਵਿਚ ਚਾਨਣ ਦਾ ਰੂਪ ਵੀ ਦੇ ਲੈਂਦਾ। ਆਪਣੇ ਸੌਹੇਂ ਹਾਜ਼ਰ ਕਰ ਲੈਂਦਾ। ਖ਼ਿਆਲਾਂ ਤੇ ਕਲਪਨਾ ਦੀ ਇਸ ਲੁਕਣ-ਮੀਟੀ ਹੇਠ ਸ਼ਮਿੰਦਰ ਦੇ ਦਿਲ ਜੈਕੀ ਤੋਂ ਬਿਨਾਂ ਵੀ, ਜੈਕੀ ਦੀ ਹਾਜ਼ਰੀ ਵਿਚ ਬੀਤੀ ਜਾ ਰਹੇ ਸਨ।

ਜੈਕੀ ਅੱਧਖੜ ਉਮਰ ਦੀ ਖ਼ੂਬਸੂਰਤ ਔਰਤ ਸੀ। ਭਰਵੀਆਂ ਤੇ ਮਰਮਰੀ ਛਾਤੀਆਂ ਜਿਵੇਂ ਤਾਜ ਮਹੱਲ ਦੀਆਂ ਸਭ ਗੋਲਾਈਆਂ ਉਨ੍ਹਾਂ ਵਿਚ ਸਮਾ ਗਈਆਂ ਹੋਣ। ਉਸ ਦਾ ਚਿਹਰਾ ਜਿਵੇਂ, ਦੁੱਧ ਵਿਚ ਕਿਸੇ ਨੇ ਕੇਸਰ ਘੋਲ ਦਿੱਤਾ ਹੋਵੇ। ਬਰਫ਼ ਉਤੇ ਸੰਧੂਰ ਧੂੜ ਦਿੱਤਾ ਹੋਵੇ। ਭਾਰੀ ਕਮਰ ਹੇਠਾਂ ਉਸ ਦੀਆਂ ਕਸਰਤੀ ਲੱਤਾਂ ਭਰ ਜਵਾਨ ਸਨ, ਉਮਰ ਨੂੰ ਝੁਠਲਾ ਰਹੀਆਂ। ਉਸ ਦੀਆਂ ਅੱਖਾਂ ਵਿਚ ਬਲਾ ਦੀ ਕਸ਼ਿਸ਼ ਸੀ, ਚੁਲਬਲਾਪਨ ਤੇ ਹੰਸੂ-ਹੰਸੂ ਕਰਦੀ ਜਿਉਣ ਦੀ ਅਦਾ। ਵਾਲਾਂ ਦੇ ਰੰਗ ਉਹ ਸਦਾ ਬਦਲਦੀ ਰਹਿੰਦੀ ਸੀ ਤੇ ਨਾਲ ਹੀ ਉਨ੍ਹਾਂ ਅਨੁਸਾਰ ਆਪਣੀਆਂ ਪੋਸ਼ਾਕਾਂ ਦਾ ਰੰਗ ਵੀ। ਵਾਲ ਉਸ ਦੇ ਕਦੇ ਸੁਨਹਿਰੀ ਹੁੰਦੇ, ਕਦੇ ਕਾਲੇ ਤੇ ਬਰਾਊਨ। ਜਿਨ੍ਹਾਂ ਦਿਨਾਂ ਵਿਚ ਉਹ ਉਸ ਨੂੰ ਪਹਿਲੀ ਵਾਰੀ ਮਿਲੀ ਸੀ, ਉਸ ਦੇ ਵਾਲਾਂ ਦਾ ਰੰਗ ਚਿੱਟਾ ਸੀ। ਚਿੱਟੀ ਟਾਪ ਤੇ ਚਿੱਟੀ ਹੀ ਸਕਰਟ। ਚਿੱਟੇ ਰੰਗ ਦੇ ਬੁੰਦੇ ਸਨ ਕੰਨਾਂ ਵਿਚ, ਤੇ ਮੱਥੇ ਦੇ ਵਿਚਕਾਰ ਵੱਡੀ ਸਾਰੀ ਚਿੱਟੀ ਬਿੰਦੀ। ਵੀਣੀ ਉਤੇ ਵੀ ਚਿੱਟੇ ਗਜਰੇ। ਉਚੀ ਅੱਡੀ ਵਾਲੀ ਚਿੱਟੀ ਜੁੱਤੀ ਪਾਈ ਉਹ ਆਲੇ-ਦੁਆਲੇ ਤੋਂ ਬੇਧਿਆਨ ਟੈਰਸ ਸ਼ਹਿਰ ਦੇ ਐਕੁਐਟਿਕ ਸੈਂਟਰ ਵੱਲ ਜਾ ਰਹੀ ਸੀ। ਉਸ ਨੇ ਮੋਢਿਆਂ ਉਤੇ ਚਿੱਟੇ ਰੰਗ ਦਾ ਰਕਸੈਕ ਬੰਨ੍ਹਿਆ ਹੋਇਆ ਸੀ ਜਿਸ ਵਿਚ ਉਸ ਦੀ ਸਵਿਮਿੰਗ ਕਾਸਟਿਊਮ, ਤੌਲੀਆ ਅਤੇ ਮੇਕਅੱਪ ਦਾ ਸਾਮਾਨ ਆਦਿ ਚੀਜ਼ਾਂ ਹੁੰਦੀਆਂ ਸਨ।

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਸ਼ਮਿੰਦਰ ਆਪਣੀ ਇਕੱਲ ਦੇ ਅਹਿਸਾਸ ਨੂੰ ਮਾਰਨ ਲਈ ਇਸ ਸ਼ਹਿਰ ਦੇ ਐਕੁਐਟਿਕ ਸੈਂਟਰ ਵਿਚ ਜਾਇਆ ਕਰਦਾ ਸੀ। ਮਿਉਂਸਿਪਲ ਕਮੇਟੀ ਦੇ ਪ੍ਰਬੰਧ ਹੇਠ ਚਲਦੇ ਇਸ ਐਕੁਐਟਿਕ ਸੈਂਟਰ ਵਿਚ ਸਵੇਰ ਦੇ ਛੇ ਵਜੇ ਤੋਂ ਲੈ ਕੇ ਰਾਤ ਦੇ ਨੌਂ-ਦਸ ਵਜੇ ਤੱਕ ਬੜੀਆਂ ਹੀ ਰੌਣਕਾਂ ਰਹਿੰਦੀਆਂ ਸਨ। ਬੱਚੇ, ਬੁੱਢੇ ਤੇ ਜਵਾਨ ਸਭ ਇਥੇ ਕਸਰਤ ਕਰਨ, ਤੈਰਾਕੀ ਸਿੱਖਣ ਜਾਂ ਤਰਨ ਅਤੇ ਭਾਫ਼ ਅਸ਼ਨਾਨ ਕਰਨ ਆਉਂਦੇ। ਭਾਰ ਘਟਾਉਣ ਅਤੇ ਜਿਸਮ ਕਮਾਉਣ ਦਾ ਸ਼ੌਕ ਇਥੇ ਫੈਸ਼ਨ ਬਣ ਗਿਆ ਸੀ। ਤੈਰਾਕਾਂ ਲਈ ਇਥੇ ਵੱਡਾ ਸਾਰਾ ਪੂਲ ਸੀ। ਇਸ ਪੂਲ ਜਾਂ ਤਾਲਾਬ ਦੇ ਨਾਲ ਹੀ ਵਰਲਪੂਲ ਬਣਿਆ ਹੋਇਆ ਸੀ ਜਿਸ ਵਿਚ ਲੱਗੇ ਗਰਮ ਪਾਣੀ ਦੇ ਫੁਆਰੇ ਜਿਸਮ ਦੀ ਮਾਲਸ਼ ਕਰਦੇ ਸਨ। ਇਸ ਪੂਲ ਦੇ ਗਰਮ ਪਾਣੀ ਵਿਚ ਬੈਠਿਆਂ ਨਰਵਸ ਸਿਸਟਮ ਰੌਂ ਵਿਚ ਹੋ ਜਾਂਦਾ ਸੀ। ਨਾਲ ਹੀ ਦੋ ਕਮਰੇ ਹੋਰ ਸਨ- ਇਕ ਜਿਸ ਵਿਚ ਨੌਰਡਿਕ ਡਰਾਲੀ ਸਾਊਨਾ ਸੀ ਤੇ ਦੂਜਾ ਜਿਸ ਵਿਚ ਸਵੀਡਿਸ਼ ਸਟੀਮ ਸਾਊਨਾ ਜਾਂ ਭਾਫ਼-ਅਸ਼ਨਾਨ। ਇਕ ਕਮਰੇ ਵਿਚ ਸਨ-




ਲੈਂਪ ਲਾ ਕੇ ਬਾਰਾਂ ਮਹੀਨੇ ਹੀ ਅਲਟਰਾ ਵਾਇਲੈਟ ਕਿਰਨਾਂ ਦਾ ਪ੍ਰਬੰਧ ਕੀਤਾ ਗਿਆ ਸੀ ਤਾਂ ਕਿ ਚਮੜੀ ਦੀ ਟੈਨਿੰਗ ਕਰਨ ਵਾਲੇ ਇਸਤਰੀ ਪੁਰਸ਼ਾਂ ਦਾ ਸ਼ੌਕ ਪੂਰਾ ਹੋ ਸਕੇ।

ਇਥੇ ਨੌਜਵਾਨ ਇਸਤਰੀ ਪੁਰਸ਼ ਵੀ ਆਉਂਦੇ ਤੇ ਬੱਚੇ ਅਤੇ ਬੁੱਢੇ ਵੀ। ਮੇਲਾ ਜਿਹਾ ਲੱਗਾ ਰਹਿੰਦਾ ਹਰ ਸਮੇਂ। ਬੱਚਿਆਂ ਦਾ ਇਕ ਉਮਰ-ਸਮੂਹ ਤੈਰਾਕੀ ਦੇ ਸਬਕ ਲੈ ਕੇ ਤੁਰ ਜਾਂਦਾ, ਤਾਂ ਦੂਜਾ ਆ ਜਾਂਦਾ। ਵਿਚ-ਵਿਚ ਬਾਲਗਾਂ ਦੇ ਟੁੱਭੀਆਂ ਲਾਉਣ ਅਤੇ ਤਰਨ ਦੀ ਵਾਰੀ ਆ ਜਾਂਦੀ।

ਸ਼ਮਿੰਦਰ ਨੇ 35 ਡਾਲਰ ਵਿਚ ਤਿੰਨ ਮਹੀਨਿਆਂ ਦਾ ਪਾਸ ਖਰੀਦ ਲਿਆ ਸੀ ਤੇ ਜਦੋਂ ਵੀ ਇਕੱਲ ਦਾ ਅਹਿਸਾਸ ਸਤਾਉਂਦਾ, ਇਥੇ ਆ ਕੇ ਇਸ ਭਰੇ ਮੇਲੇ ਨੂੰ ਵੇਖਦਾ, ਇਸ ਦੇ ਕਾਰਜ ਵਿਚ ਸ਼ਾਮਲ ਹੋ ਜਾਂਦਾ। ਕਦੇ ਕਸਰਤ, ਕਦੇ ਭਾਫ਼-ਅਸ਼ਨਾਨ ਅਤੇ ਕਦੇ ਗੋਤਾ-ਖੋਰੀ ਤੇ ਤੈਰਾਕੀ। ਦਿਨ ਪਤਾ ਨਹੀਂ ਕਿਵੇਂ ਗੁਜ਼ਰ ਜਾਂਦਾ।

ਇਥੇ ਹੀ ਇਕ ਦਿਨ ਵਰਲਪੂਲ ਵਿਚ ਬੈਠਿਆਂ ਉਸ ਦਾ ਪੈਰ ਅਚਾਨਕ ਜੈਕੀ ਦੇ ਪੈਰ ਨੂੰ ਛੁਹ ਗਿਆ ਸੀ, ਬੇਧਿਆਨੀ ਵਿਚ। ਜੈਕੀ ਉਸ ਦੀਆਂ ਅੱਖਾਂ ਵਿਚ ਸਿੱਧਾ ਵੇਖ ਰਹੀ ਸੀ ਤੇ ਉਸ ਦਾ ਚਿਹਰਾ ਗੇਰੂਆ ਹੋਇਆ ਪਿਆ ਸੀ। ਹਯਾ ਦੀ ਇਕ ਪਰਛਾਈਂ ਆਉਂਦੀ, ਤੇ ਇਕ ਜਾਂਦੀ ਸੀ ਉਸ ਦੇ ਚਿਹਰੇ ਉਤੇ। ਅੱਖਾਂ ਦੀ ਸ਼ਕਤੀਸ਼ਾਲੀ ਐਕਸ-ਰੇ ਤੱਕਣੀ ਜਿਵੇਂ ਸ਼ਮਿੰਦਰ ਦੇ ਧੁਰ ਅੰਦਰ ਤੱਕ ਲੱਥ ਗਈ ਹੋਵੇ ਤੇ ਉਸ ਕੋਲੋਂ ਬੇਧਿਆਨੀ ਵਿਚ ਹੋਈ ਇਸ ਹਰਕਤ ਲਈ ਖਿਮਾ ਦੀ ਮੰਗ ਕਰ ਰਹੀ ਹੋਵੇ। "ਖਿਮਾ ਕਰਨਾ, ਮੈਂ ਕਿਧਰੇ ਗੁੰਮ ਗੁਆਚ ਗਿਆ ਸਾਂ ਖਿਆਲਾਂ ਦੇ ਸੰਸਾਰ ਵਿਚ, ਤੇ ਜਿਸਮ ਦਾ ਅਹਿਸਾਸ ਹੀ ਨਾ ਰਿਹਾ ਕਿ ਇਹ ਵੀ ਮੇਰੇ ਨਾਲ ਹੀ ਆਇਆ ਸੀ। ਮੈਥੋਂ ਭੁੱਲ ਹੋ ਗਈ। ਮੈਨੂੰ ਅਫ਼ਸੋਸ ਹੈ।"

"ਇਟ'ਜ਼ ਆਲ ਰਾਈਟ।"

ਕਹਿ ਕੇ ਜੈਕੀ ਨੇ ਆਪਣੀਆਂ ਨਜ਼ਰਾਂ ਦੂਜੇ ਪਾਸੇ ਭੁਆ ਲਈਆਂ ਪਰ ਸ਼ਮਿੰਦਰ ਨੂੰ ਇਵੇਂ ਮਹਿਸੂਸ ਹੋ ਰਿਹਾ ਸੀ ਜਿਵੇਂ ਉਸ ਦਾ ਜਿਸਮ ਸਗਲੀ ਸਬੂਤੀ ਅੱਖ ਬਣਿਆ ਉਸ ਨੂੰ ਨਿਰੰਤਰ ਘੂਰ ਰਿਹਾ ਹੋਵੇ। ਚਿੱਟੇ ਦੁੱਧ ਵਾਲਾਂ ਹੇਠ, ਚਿੱਟੀ-ਦੁੱਧ ਤਰਨ-ਪੋਸ਼ਾਕ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦਾ ਇਹ ਜਵਾਨ ਤੇ ਕਮਾਇਆ ਹੋਇਆ ਜਿਸਮ ਸ਼ਮਿੰਦਰ ਦੀਆਂ ਨਜ਼ਰਾਂ ਨੂੰ ਕੀਲੀ ਬੈਠਾ ਸੀ।

"ਮੈਂ ਇਹ ਜ਼ਿਹਨੀ ਬਲਾਤਕਾਰ ਪਸੰਦ ਨਹੀਂ ਕਰਦੀ।" ਆਖਦੀ ਹੋਈ, ਬੁੜ-ਬੁੜ ਕਰਦੀ ਜੈਕੀ ਵਰਲਪੂਲ 'ਚੋਂ ਉਠ ਕੇ ਔਰਤਾਂ ਦੇ ਅਸ਼ਨਾਨ-ਕਮਰੇ ਵੱਲ ਚਲੇ ਗਈ। ਸ਼ਮਿੰਦਰ ਨੂੰ ਇਸ ਬੇਬਾਕ ਬਿਆਨਬਾਜ਼ੀ ਨੇ ਝਟਕਾ ਜਿਹਾ ਮਾਰਿਆ ਸੀ। ਇਸ ਤੋਂ ਪਹਿਲਾਂ ਕਿ ਉਹ ਸੰਭਲਦਾ ਤੇ ਉਤਰ ਵਿਚ ਕੁਝ ਕਹਿੰਦਾ, ਜੈਕੀ ਉਥੋਂ ਜਾ ਚੁੱਕੀ ਸੀ।

ਸ਼ਮਿੰਦਰ ਦੀ ਇਕੱਲ ਨੂੰ ਇਸ ਘਟਨਾ ਨੇ ਜਿਵੇਂ ਕੋਈ ਮੰਤਵ ਦੇ ਦਿੱਤਾ ਹੋਵੇ। ਖਲਾਅ ਜਿਹੇ ਵਿਚ ਗੁੰਮ, ਲਟਕ ਰਹੀ ਜ਼ਿੰਦਗੀ ਨੂੰ ਜਿਵੇਂ ਕੋਈ ਦਿਸ਼ਾ ਮਿਲ ਗਈ ਹੋਵੇ। ਸ਼ਮਿੰਦਰ ਵਾਂਗ ਜੈਕੀ ਵੀ ਉਥੇ ਰੋਜ਼ ਆਉਂਦੀ ਸੀ। ਝਿਜਕ ਹੌਲੀ-ਹੌਲੀ ਦੁਆ ਸਲਾਮ ਵਿਚ ਬਦਲ ਗਈ ਅਤੇ ਚੁੱਪ ਬੋਲਾਂ ਅਤੇ ਹੁੰਗਾਰਿਆਂ ਵਿਚ:

"ਬੜੀ ਇਕੱਲੀ ਹਾਂ ਮੈਂ! ਦੋ ਬੱਚੇ ਹਨ ਮੇਰੇ, ਸਕੂਲ ਚਲੇ ਜਾਂਦੇ ਹਨ ਤਾਂ ਘਰ ਵੱਢ ਖਾਣ ਨੂੰ ਆਉਂਦਾ ਹੈ। ਇਥੇ ਆ ਜਾਂਦੀ ਹਾਂ ਅੱਕ ਕੇ। ਕੀ ਕਰਾਂ?"

"ਤੇਰਾ ਪਤੀ ਨਹੀਂ ਕੀ?"

"ਹੈ ਵੀ ਤੇ ਨਹੀਂ ਵੀ। ਲੰਮੇ ਰੂਟ ਦਾ ਟਰੱਕ ਡਰਾਈਵਰ ਹੈ ਉਹ। ਕਈ-ਕਈ ਹਫ਼ਤੇ ਵੈਨਕੂਵਰ ਤੇ ਉਥੋਂ ਅਮਰੀਕਾ ਵੱਲ ਨਿਕਲ ਜਾਂਦਾ ਹੈ। ਢੋ-ਢੁਆਈ ਦੇ ਕਿੱਤੇ ਵਿਚ ਬੜਾ ਓਵਰਟਾਈਮ ਲਾਉਂਦਾ ਹੈ। ਬੜੇ ਪੈਸੇ ਕਮਾਉਂਦਾ ਹੈ। ਜਦੋਂ ਮੁੜਦਾ ਹੈ ਤਾਂ ਜਾਪਦਾ ਹੈ ਕਿ ਮੈਂ ਕਿਸੇ ਅਜਨਬੀ ਨੂੰ ਮਿਲ ਰਹੀ ਹੋਵਾਂ। ਹਮਬਿਸਤਰੀ ਸਮੇਂ ਜਾਪਦਾ ਹੈ ਜਿਵੇਂ ਮੇਰਿਆਂ ਬੱਚਿਆਂ ਦਾ ਪਿਤਾ ਨਹੀਂ, ਸਗੋਂ ਕੋਈ ਅਜਨਬੀ ਮੇਰੇ ਜਿਸਮ, ਮੇਰੇ ਦਿਲ, ਦਿਮਾਗ਼ ਵਿਚ ਦਰਾੜਾਂ ਪਾ ਰਿਹਾ ਹੋਵੇ। ਮੈਨੂੰ ਆਪਣੇ ਆਪ ਤੋਂ, ਸਭ ਤੋਂ ਦੂਰ ਲਿਜਾ ਰਿਹਾ ਹੋਵੇ।"

"ਇਹ ਕੇਵਲ ਤੇਰਾ ਅਹਿਸਾਸ ਹੀ ਹੈ। ਆਖ਼ਰ ਉਹ ਤੇਰਾ ਪਤੀ ਤੇ ਤੇਰੇ ਬੱਚਿਆਂ ਦਾ ਪਿਤਾ ਹੈ। ਉਸ ਬਾਰੇ ਅਜਿਹੇ ਵਿਚਾਰ ਕਿਉਂ?"

ਪ੍ਰੇਮੀ ਜਦੋਂ ਪਤੀ ਅਤੇ ਪਤੀ ਕੇਵਲ ਮਰਦ ਬਣ ਜਾਵੇ ਤਾਂ ਅਕਸਰ ਇਵੇਂ ਹੀ ਹੁੰਦਾ ਹੈ। ਕੋਮਲ ਜਜ਼ਬਿਆਂ ਦਾ ਘਾਤ ਹੋ ਜਾਂਦਾ ਹੈ। ਮਰਦ ਨੂੰ ਸਿਰਫ਼ ਆਪਣਾ ਮਰਦਾਊਪੁਣਾ ਸੰਭੋਗ ਦੀ ਵਿਜੈ 'ਚੋਂ ਹੀ ਨਜ਼ਰ ਆਉਂਦਾ ਹੈ, ਆਤਮਾ ਦੀ ਅਭੇਦਤਾ 'ਚੋਂ ਨਹੀਂ! ਇਸ ਮਾਨਸਿਕ ਰੌਂ ਵਾਲਾ ਮਰਦ ਅਜਿਹਾ ਫੋੜਾ ਬਣ ਜਾਂਦਾ ਹੈ ਜਿਸ ਨੂੰ ਜੇ ਔਰਤ ਚਾਹੇ ਤਾਂ, ਇਸ ਖੇਡ ਵਿਚ ਤੁੰਭ ਲਾ ਕੇ ਵਗਾ ਸਕਦੀ ਹੈ। ਫਿੱਸਣ ਤੋਂ ਭਰਨ ਵਿਚਕਾਰ ਵਕਫ਼ਾ ਲੋੜਦਾ ਹੈ। ਪ੍ਰੇਮੀ ਤੇ ਪ੍ਰੇਮਿਕਾ ਦਾ ਰਿਸ਼ਤਾ ਭਰਨਾ-ਫਿਸਣਾ ਹੀ ਤਾਂ ਨਹੀਂ। ਇਹ ਕੋਮਲ ਭਾਵਾਂ ਤੇ ਕੋਮਲ ਅਹਿਸਾਸਾਂ ਦੀ ਸਾਂਝ ਦੀ ਮੰਗ ਕਰਦਾ ਹੈ ਪਰ ਮੇਰਾ ਪਤੀ ਇਹ ਸਮਝਦਾ ਹੈ ਕਿ ਉਸ ਦਾ ਘਰ ਮੁੜਨਾ ਮੇਰੀ ਜਿਸਮਾਨੀ ਲੋੜ ਲਈ ਫ਼ਰਜ਼ ਹੀ ਹੈ। ਤੇ ਮੈਂ ਅਕਸਰ ਸੋਚਦੀ ਹਾਂ ਕਿ ਟਰੱਕ ਚਲਾਉਂਦਾ-ਚਲਾਉਂਦਾ ਇਹ ਖ਼ੁਦ ਵੀ ਟਰੱਕ ਹੀ ਬਣ ਗਿਆ ਹੈ। ਇਥੋਂ ਭਰਿਆ ਤੇ ਉਥੇ ਖਾਲੀ ਹੋਇਆ, ਉਥੋਂ ਭਰਿਆ ਤੇ ਇਥੇ ਖਾਲੀ ਹੋਇਆ। ਮੇਰੇ ਕੋਲੋਂ ਆਪਣੇ ਦਿਲ ਦਾ ਇਹ ਬਲਾਤਕਾਰ ਸਹਿਣ ਨਹੀਂ ਹੁੰਦਾ। ਮੈਂ ਉਸ ਨੂੰ ਕੁਝ ਕਹਿ ਨਹੀਂ ਸਕਦੀ। ਆਖਾਂ ਵੀ, ਤਾਂ ਉਹ ਕੁਝ ਸਮਝ ਨਹੀਂ ਸਕੇਗਾ।"

ਜੈਕੀ ਦਾ ਪਤੀ ਜਦੋਂ ਪ੍ਰੇਮੀ ਦੇ ਰੂਪ ਵਿਚ ਪਹਿਲਾਂ-ਪਹਿਲ ਜੈਕੀ ਨੂੰ ਮਿਲਿਆ ਸੀ ਤਾਂ ਉਸ ਨੂੰ ਬੜਾ ਪਿਆਰ ਕਰਦਾ ਸੀ; ਦਿਨ ਰਾਤ ਘਰ ਬਾਹਰ, ਯਾਰਾਂ ਦੋਸਤਾਂ ਨਾਲ ਜੈਕੀ ਦੀਆਂ ਗੱਲਾਂ। ਜੈਕੀ ਦੇ ਸੁਫ਼ਨੇ। ਜੈਕੀ ਨੂੰ ਚੁੰਮਦਾ। ਘੁੱਟ-ਘੁੱਟ ਹਿੱਕ ਨਾਲ ਲਾਉਂਦਾ। ਘੰਟਿਆਂ ਬੱਧੀ ਉਸ ਨਾਲ ਗੱਲਾਂ ਕਰਦਾ ਨਾ ਥੱਕਦਾ। ਉਦੋਂ ਉਹ ਇਕੱਠੇ ਸਕੂਲ ਵਿਚ ਪੜ੍ਹਦੇ ਸਨ। ਸਕੂਲ ਡਾਂਸ ਦੀ ਉਹ ਚਹੇਤੀ ਤੇ ਮਾਹਰ ਜੋੜੀ ਸੀ। ਸਿਨਮੇ ਉਹ ਇਕੱਠੇ ਜਾਂਦੇ। ਸੈਰ ਉਹ ਇਕੱਠੇ ਕਰਦੇ। ਉਨ੍ਹਾਂ ਦੀ ਮੁਹੱਬਤ ਮਿਸਾਲੀ ਮੁਹੱਬਤ ਸੀ ਨਵੇਂ ਬਣ ਰਹੇ ਆਸ਼ਕਾਂ ਲਈ! ਵਿਆਹ ਉਪਰੰਤ ਜੈਕੀ ਦੇ ਪਤੀ ਨੂੰ ਗਰੋਸਰੀ ਸਟੋਰ ਵਿਚ ਛੋਟੀ ਜਿਹੀ ਨੌਕਰੀ ਮਿਲੀ। ਤੰਗੀ-ਤੁਰਸ਼ੀ ਦੇ ਇਨ੍ਹਾਂ ਦਿਨਾਂ ਨੂੰ ਮੁਹੱਬਤ ਦੀ ਅਮੀਰੀ ਆਪਣੇ ਖੰਭਾਂ ਉਤੇ ਕਲਪਨਾ ਦੇ ਦੇਸ਼ ਲੈ ਉਡਦੀ। ਜੈਕੀ ਕਿਰਾਏ ਦੀ ਨਿੱਕੀ ਜਿਹੀ ਬੇਸਮੈਂਟ ਵਿਚ ਆਪਣੇ ਪਤੀ ਦੀ ਉਡੀਕ ਕਰਦੀ। ਉਸ ਦੀ ਤਸਵੀਰ ਤੇ ਸ਼ੀਸ਼ੇ ਵਿਚੋਂ ਉਭਰੇ ਉਸ ਦੇ ਅਕਸ ਨਾਲ ਘੰਟਿਆਂ ਬੱਧੀ ਗੱਲਾਂ ਕਰਦੀ ਰਹਿੰਦੀ। ਸਵੇਰ ਚੜ੍ਹਦੀ, ਉਹ ਆਪਣੇ ਪਤੀ ਨੂੰ ਕੰਮ ਲਈ ਤੋਰਦੀ ਅਤੇ ਸ਼ਾਮ ਪੈਂਦੀ ਤਾਂ ਉਹ ਆਪਣੇ ਪਤੀ ਨੂੰ ਜੀ ਆਇਆਂ ਕਹਿੰਦੀ। ਉਡ ਕੇ ਮਿਲਦੀ। ਹਿੱਕ ਨਾਲ ਚਿੰਮੜ ਜਾਂਦੀ। ਚੁੰਮ-ਚੁੰਮ ਉਸ ਦੀ ਸਾਰੀ ਥਕਾਵਟ ਉਤਾਰ ਦਿੰਦੀ।

ਸੁਫ਼ਨੇ ਵਾਂਗ ਬੀਤ ਰਹੀ ਇਸ ਜ਼ਿੰਦਗੀ ਵਿਚ ਮਹਿੰਗਾਈ ਬੜੀ ਤੇਜ਼ੀ ਨਾਲ ਵਧੀ! ਬੱਚੇ ਹੋ ਗਏ! ਉਸ ਦੇ ਪਤੀ ਨੇ ਓਵਰਟਾਈਮ ਲਾਉਣਾ ਸ਼ੁਰੂ ਕੀਤਾ। ਕਈ ਕੰਮ ਬਦਲੇ। ਜੈਕੀ ਨੇ ਵੀ ਨੌਕਰੀ ਕਰ ਲਈ। ਬੱਚੇ ਬੇਬੀਸਿਟਰ ਕੋਲ ਰਹਿੰਦੇ। ਥੱਕੇ-ਟੁੱਟੇ ਉਹ ਮਿਲਦੇ ਪਰ ਖਾਨਾਪੂਰੀ ਜਿਹੀ ਵਾਂਗ। ਮਸ਼ੀਨੀ ਜਿਹੇ ਵਿਹਾਰ ਵਿਚ।

ਇਨ੍ਹਾਂ ਦਿਨਾਂ ਵਿਚ ਹੀ ਜੈਕੀ ਦਾ ਪਤੀ ਟਰੱਕ ਡਰਾਈਵਰ ਬਣ ਗਿਆ ਤੇ ਫਿਰ ਹੌਲੀ-ਹੌਲੀ ਉਹ ਨਵੇਂ ਟਰੱਕ ਦਾ ਮਾਲਕ ਅਤੇ ਚਾਲਕ ਵੀ ਹੋ ਗਿਆ। ਟਰੱਕ ਦੀਆਂ ਕਿਸ਼ਤਾਂ, ਨਵੇਂ ਲਏ ਵੱਡੇ ਸਾਰੇ ਘਰ ਦੀਆਂ ਕਿਸ਼ਤਾਂ, ਘਰ ਵਿਚ ਭਰੇ ਐਸ਼ੋ-ਆਰਾਮ ਅਤੇ ਦਿਲ ਪ੍ਰਚਾਵੇ ਦੇ ਸਾਮਾਨ ਦੀਆਂ ਕਿਸ਼ਤਾਂ! ਕਿਸ਼ਤਾਂ ਹੀ ਕਿਸ਼ਤਾਂ ਸਨ ਤੇ ਕਮਾਊ 'ਕੱਲਾ ਜੈਕੀ ਦਾ ਪਤੀ ਹੀ ਰਹਿ ਗਿਆ। ਉਸ ਦੇ ਆਦੇਸ਼ ਅਨੁਸਾਰ ਜੈਕੀ ਦਾ ਕੰਮ ਹੁਣ ਕੇਵਲ ਘਰ ਅਤੇ ਬੱਚਿਆਂ ਦੀ ਸੰਭਾਲ ਹੀ ਸੀ।

ਵੱਡੇ ਸਾਰੇ ਘਰ ਵਿਚ ਸਭ ਕੁਝ ਦੇ ਹੁੰਦਿਆਂ ਜੈਕੀ 'ਕੱਲੀ ਹੋ ਗਈ ਸੀ। ਉਸ ਦੇ ਪਤੀ ਦੇ ਟੱਰਕਾਂ ਦਾ ਕੰਮ-ਕਾਰ ਜਿਵੇਂ-ਜਿਵੇਂ ਵਧ ਰਿਹਾ

*(ਬਾਕੀ ਅਗਲੇ ਸਫੇ 'ਤੇ)*

ਸੀ, ਤਿਵੇਂ-ਤਿਵੇਂ ਜੈਕੀ ਉਸ ਤੋਂ, ਆਪਣੇ-ਆਪ ਤੋਂ, ਤੇ ਸਭ ਤੋਂ ਦੂਰ ਹੁੰਦੀ ਜਾ ਰਹੀ ਸੀ। ਉਸ ਦੇ ਅੰਦਰ ਉਸ ਨੂੰ ਗੰਢਾਂ ਹੀ ਗੰਢਾਂ ਨਜ਼ਰ ਆਉਂਦੀਆਂ। ਸਭ ਕੁਝ ਉਲਝ ਕੇ ਰਹਿ ਗਿਆ ਸੀ। ਇਕ ਇਕੱਲ ਸੀ ਚਾਰ-ਚੁਫੇਰੇ। ਬੱਚੇ ਵੱਡੇ ਹੋ ਗਏ ਸਨ। ਉਹ ਆਪਣੇ ਹਾਣ ਵਿਚ ਦਿਨ ਗੁਜ਼ਾਰਨੇ ਵਧੇਰੇ ਚੰਗੇ ਸਮਝਦੇ!

ਜੈਕੀ ਇਸ ਪਦਾਰਥਕ ਬਹੁਲਤਾ ਤੋਂ ਜਿਵੇਂ ਅੱਕ ਜਿਹੀ ਗਈ, ਤੇ ਇਸ ਅਕੇਵੇਂ ਦੀ ਹਾਲਤ ਵਿਚ ਹੀ ਉਸ ਦਾ ਰੁਖ ਐਕੁਐਟਿਕ ਸੈਂਟਰ ਵੱਲ ਹੋ ਗਿਆ ਸੀ। ਸ਼ਮਿੰਦਰ ਵੀ ਉਸ ਨੂੰ ਇਥੇ ਹੀ ਮਿਲਿਆ ਸੀ।

ਸ਼ਮਿੰਦਰ ਦੇ ਇੰਨਾ ਨੇੜੇ ਹੋ ਕੇ ਉਹ ਉਸ ਨੂੰ ਸਮਝ ਨਹੀਂ ਸੀ ਸਕੀ ਕਿ ਉਹ ਆਖ਼ਰ ਚਾਹੁੰਦਾ ਕੀ ਹੈ? ਉਸ ਦੀਆਂ ਗੱਲਾਂ ਸ੍ਵੈ-ਵਿਰੋਧੀ ਹੁੰਦੀਆਂ ਸਨ। ਉਸ ਦੇ ਫ਼ਲਸਫ਼ਈ ਅੰਦਾਜ਼ ਵਿਚ ਬੜਾ ਉਲਝਾਉ ਸੀ। ਜੈਕੀ ਨੇ ਜਿਸਮ ਅਤੇ ਮਨ ਦੇ ਰਿਸ਼ਤੇ ਨੂੰ ਇਕੋ ਪਤੀ ਦੇ ਮਾਧਿਅਮ ਦੁਆਰਾ ਹੱਡੀਂ ਹੰਢਾਇਆ ਸੀ! ਐਸੇ ਹਰ ਰਿਸ਼ਤੇ ਤੋਂ ਉਸ ਦਾ ਭਰਮ-ਖੰਡਨ ਹੋ ਚੁੱਕਾ ਸੀ। ਉਹ ਚਾਹੁੰਦੀ ਸੀ ਕਿ ਕੋਈ ਉਸ ਨੂੰ ਉਸ ਦੇ ਮਨ, ਉਸ ਦੀ ਇਕੱਲ ਦੇ ਹਾਣ ਦਾ ਹੋ ਕੇ ਮਿਲੇ। ਉਹ ਚਾਹੁੰਦੀ ਸੀ ਕਿ ਕੋਈ ਉਸ ਨੂੰ ਨਿਸ਼ਕਾਮ ਰੂਪ ਵਿਚ ਮਿਲੇ ਜਿਸ ਨੂੰ ਛੂਹਣ ਤੋਂ ਬਿਨਾਂ ਹੀ, ਉਸ ਦੀ ਛੂਹ ਦਾ ਮੱਠਾ-ਮੱਠਾ, ਮਿੱਠਾ-ਮਿੱਠਾ ਅਹਿਸਾਸ ਸਾਰੀ ਹੋਂਦ ਨੂੰ ਮਸਤ ਕਰ ਦੇਵੇ।

ਸ਼ਮਿੰਦਰ ਦੀਆਂ ਨਜ਼ਰਾਂ ਵਿਚ ਕਦੇ ਤਨ ਦੀ ਲਾਲਸਾ ਹੁੰਦੀ, ਕਦੇ ਮਨ ਦੇ ਭੰਬਲਭੂਸੇ। ਉਹ ਜਾਣਦਾ ਸੀ ਕਿ ਉਹ ਵੀ ਆਪਣੇ ਅੰਦਰ ਅੰਤਾਂ ਦਾ ਇਕੱਲਾ ਸੀ ਤੇ ਆਪਣੀ ਇਕੱਲ ਨੂੰ ਕਿਸੇ ਭਰਵੇਂ ਸਾਥ ਨਾਲ ਪੂਰ ਕਰਨ ਦਾ ਮੁਤਲਾਸ਼ੀ ਸੀ। ਕੀ ਇਕ ਕਿਸਮ ਦੀ ਇਕੱਲ ਨੂੰ ਦੂਜੀ ਕਿਸਮ ਦੀ ਇਕੱਲ ਦਾ ਸਾਥ ਕਾਫ਼ੀ ਨਹੀਂ? ਕੀ ਇਕੱਲ, ਕੇਵਲ ਇਕੱਲ ਨੂੰ, ਇਕੱਲ ਦੇ ਰੂਪ ਵਿਚ ਸਮਝ ਕੇ ਉਸ ਦਾ ਭਰਵਾਂ ਸਾਥ ਨਹੀਂ ਬਣ ਸਕਦੀ? ਉਹ ਅਕਸਰ ਇਹੋ ਜਿਹੇ ਪ੍ਰਸ਼ਨਾਂ ਵਿਚ ਉਲਝ ਜਾਂਦੀ ਤੇ ਸ਼ਮਿੰਦਰ ਉਸ ਨੂੰ ਆਪਣੇ ਕੋਲੋਂ ਹੋਰ ਵੀ ਦੂਰ ਹੋਇਆ ਜਾਪਦਾ। ਵਰਲਪੂਲ ਵਿਚ ਕੋਲ-ਕੋਲ ਬੈਠਿਆਂ ਵੀ ਜਿਵੇਂ ਉਨ੍ਹਾਂ ਵਿਚਕਾਰ ਕੋਈ ਦੀਵਾਰ ਉਸਰ ਆਉਂਦੀ। ਛੂਹ ਰਹੇ ਪੈਰਾਂ ਵਿਚ ਜਿਵੇਂ ਪੱਥਰ ਉਤਰ ਆਉਂਦੇ। ਆਪਸੀ ਵਾਰਤਾਲਾਪ ਵੀ ਜਿਵੇਂ ਇਕਾਲਾਪ ਬਣ ਕੇ ਰਹਿ ਜਾਂਦਾ।

ਇਹ ਇਨ੍ਹਾਂ ਦਿਨਾਂ ਦੀ ਹੀ ਗੱਲ ਹੈ ਕਿ ਜੈਕੀ, ਅਮਰੀਕਾ ਵਿਚ ਆਪਣੇ ਪਤੀ ਕੋਲ ਚਲੇ ਗਈ। ਉਨ੍ਹਾਂ ਦਿਨਾਂ ਵਿਚ ਉਸ ਨੂੰ ਢੋ-ਢੁਆਈ ਦੇ ਕੁਝ ਐਸੇ ਠੇਕੇ ਮਿਲੇ ਜਿਸ ਕਾਰਨ ਕੈਨੇਡਾ ਤੇ ਅਮਰੀਕਾ ਵਿਚ ਚੱਲਦੇ ਆਪਣੇ ਟਰੱਕਾਂ ਦੇ ਵਿਉਪਾਰ ਨੂੰ ਉਹ ਅਮਰੀਕਾ ਤੇ ਕੈਨੇਡਾ ਦੀ ਸਰਹੱਦ ਲਾਗੇ ਅਮਰੀਕਾ ਦੇ ਸ਼ਹਿਰ ਬੈਲਿੰਗਹੈਮ ਵਿਚ ਰਹਿ ਕੇ ਵਧੇਰੇ ਚੰਗੀ ਤਰ੍ਹਾਂ ਚਲਾ ਸਕਦਾ ਸੀ।

ਜੈਕੀ ਦੇ ਜਾਣ ਤੋਂ ਬਾਅਦ ਹੀ ਸ਼ਮਿੰਦਰ ਨੂੰ ਜੈਕੀ ਦੇ ਆਪਣੇ ਅੰਦਰ ਲੱਥ ਚੁੱਕੇ ਡੂੰਘੇ ਰਿਸ਼ਤੇ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਹੋਇਆ ਸੀ। ਸ਼ਮਿੰਦਰ ਆਪਣੇ-ਆਪ ਨਾਲ ਗੱਲ ਕਰ ਰਿਹਾ ਵੀ ਜਿਵੇਂ ਜੈਕੀ ਨੂੰ ਸੰਬੋਧਤ ਹੁੰਦਾ। ਫ਼ੋਨ ਵੱਲ ਲਗਾਤਾਰ ਵੇਖਦਾ ਰਹਿੰਦਾ, ਇਸ ਉਡੀਕ ਵਿਚ ਕਿ ਜੈਕੀ ਇਕ ਦਿਨ ਫ਼ੋਨ ਜ਼ਰੂਰ ਕਰੇਗੀ।

ਇਹ ਫ਼ੋਨ ਦੀ ਘੰਟੀ ਵੱਜੀ ਸੀ ਕਿ ਉਸ ਦਾ ਵਹਿਮ ਹੀ ਸੀ? ਸ਼ੀਸ਼ੇ ਸੌਂਹੇਂ ਬੈਠੇ ਸ਼ਮਿੰਦਰ ਨੇ ਸਹਿਵਨ ਹੀ ਫ਼ੋਨ ਚੁੱਕਿਆ।

"ਮੈਂ ਜੈਕੀ ਬੋਲ ਰਹੀ ਹਾਂ।"

"ਕਿੱਥੋਂ?"

"ਅਮਰੀਕਾ ਤੋਂ।"

"ਇਥੇ ਕਦੋਂ ਆਉਣਾ ਹੈ?"

"ਝੱਲਿਆ, ਮੈਂ ਇਥੋਂ ਗਈ ਹੀ ਕਦੋਂ ਸਾਂ?" ਕਹਿ ਕੇ ਜੈਕੀ ਹੱਸੀ ਤੇ ਹੱਸਦੀ ਚਲੇ ਗਈ।

"ਤੇਰੇ ਪਤੀ ਦਾ ਕੀ ਹਾਲ ਹੈ?"

"ਠੀਕ ਹੈ।"

"ਉਸ ਦਾ ਕਾਰੋਬਾਰ ਕਿਵੇਂ ਚੱਲ ਰਿਹਾ ਹੈ?"

"ਧੜਾ-ਧੜ! ਮਾਇਆ 'ਚ ਖੇਡ ਰਿਹਾ ਹੈ। ਹੁਣ ਉਸ ਨੂੰ ਮੇਰਾ ਨਹੀਂ, ਮਾਇਆ ਅਤੇ ਇਸ ਦੁਆਰਾ ਪ੍ਰਾਪਤ ਹੋਈ ਸ਼ਕਤੀ ਦੇ ਖੁੱਸ ਜਾਣ ਦਾ ਭੈਅ ਹੈ। ਚਿੰਤਾ ਉਸ ਨੂੰ ਹੋਰ ਵਧੇਰੇ ਮਾਇਆ ਜਮ੍ਹਾਂ ਕਰਨ ਦੀ ਹੈ। ਪੈਸਾ, ਪੈਸਾ ਹੀ ਵਰਤਦਾ ਤੇ ਪੈਸਾ ਹੀ ਜਣਦਾ ਹੈ।"

"ਇਸ ਪੂੰਜੀਵਾਦੀ ਨਿਜ਼ਾਮ ਵਿਚ ਪੈਸੇ ਬਿਨਾਂ ਵੀ ਤਾਂ ਗਤੀ ਨਹੀਂ।"

"ਹਾਂ, ਪੈਸਾ ਹੀ ਤਾਂ ਬਣ ਗਿਆ ਹੈ ਮੇਰਾ ਪਤੀ। ਹੁਣ ਤਾਂ ਹਰ ਰਾਤ ਬਿਸਤਰ ਉਤੇ ਵੀ ਟਰੱਕਾਂ ਦੇ ਵਿਉਪਾਰ ਦਾ ਸਾਰਾ ਤਾਣਾ ਪੇਟਾ ਚੁੱਕ ਲਿਆਉਂਦਾ ਹੈ। ਇਸ ਬੋਝ ਦੇ ਭੈਅ ਤੇ ਚਿੰਤਾ ਹੇਠੋਂ ਹੁਣ ਤਾਂ ਉਸ ਦੇ ਅੰਦਰਲਾ ਮਰਦ ਵੀ ਸਿਰ ਨਹੀਂ ਚੁੱਕਦਾ। ਭਰਨਾ-ਫਿਸਣਾ ਜਿਵੇਂ ਉਸ ਨੂੰ ਭੁੱਲ ਗਿਆ ਹੋਵੇ। ਉਸ ਅੰਦਰ ਪੈਸੇ ਦੀ ਹਉਂ ਜਿਉਂ-ਜਿਉਂ ਉਚੀ ਹੋ ਰਹੀ ਹੈ, ਤਿਉਂ-ਤਿਉਂ ਉਸ ਅੰਦਰਲਾ ਮਰਦ ਸਦਾ ਨਿਪੁੰਸਕਤਾ ਦੀ ਅਵਸਥਾ ਵਿਚ ਨਿਘਰਦਾ ਜਾ ਰਿਹਾ ਹੈ। ਇਹ ਕਿਹਾ ਪੜਾਅ ਹੈ ਜ਼ਿੰਦਗੀ ਦਾ? ਜ਼ਿੰਦਗੀ ਦੇ ਰੰਗ ਵੀ ਅਜੀਬ ਹਨ। ਪ੍ਰੇਮੀ ਪਹਿਲਾਂ ਪਤੀ ਬਣਦਾ ਹੈ। ਫਿਰ ਪਤੀ ਅੰਦਰਲਾ ਮਰਦਾਊਪੁਣਾ ਜਾਗਦਾ ਤੇ ਉਹ ਜਿਸਮਾਂ ਦੇ ਰਣ ਸਰ ਕਰਨ ਨੂੰ ਜੀਵਨ ਦਾ ਮਨੋਰਥ ਥਾਪ ਲੈਂਦਾ ਹੈ। ਇਸ ਦੌਰਾਨ ਬੱਚੇ ਹੋ ਜਾਂਦੇ ਹਨ। ਬੱਚਿਆਂ ਦੇ ਭਵਿੱਖ ਲਈ ਨਵੀਂ ਜੱਦੋ-ਜਹਿਦ ਸ਼ੁਰੂ ਹੁੰਦੀ ਹੈ। ਸਫ਼ਲਤਾ ਤੇ ਮਾਇਆ ਦਾ ਚਸਕਾ ਨਸ਼ੇ ਵਾਂਗ ਦਿਮਾਗ਼ ਨੂੰ ਚੜ੍ਹ ਜਾਂਦਾ ਹੈ ਤੇ ਮਨੁੱਖ ਆਲੇ-ਦੁਆਲੇ ਦੇ ਸੰਦਰਭ ਵਿਚੋਂ ਆਪਣੇ ਮੁੱਲਾਂ ਦੀ ਤਲਾਸ਼ ਵਿਚ ਉਲਝ ਜਾਂਦਾ ਹੈ। ਇੰਞ ਸ਼ੁਰੂ ਹੁੰਦੀ ਹੈ ਮੁਕਾਬਲੇ ਦੀ ਇਕ ਹੋਰ ਦੌੜ ਜੋ ਮਨੁੱਖ ਨੂੰ ਉਸ ਦੇ ਬੱਚਿਆਂ ਤੇ ਉਸ ਦੀ ਪਤਨੀ ਨਾਲੋਂ ਅਣਜਾਣੇ ਹੀ ਦੂਰੀ 'ਤੇ ਖੜ੍ਹਿਆਂ ਕਰ ਦਿੰਦੀ ਹੈ ਤੇ ਪਹਿਲ ਸਦਾ ਕਿੱਤਾਕਾਰੀ ਰੁਝੇਵਿਆਂ ਨੂੰ ਮਿਲਦੀ ਹੈ। ਉਸ ਅੰਦਰਲੇ ਪ੍ਰੇਮੀ ਅਤੇ ਮਰਦ ਦਾ ਵਿਕਾਸ ਰੁਕ ਜਾਂਦਾ ਹੈ। ਉਹ ਆਪਣੀ ਪਤਨੀ, ਉਸ ਅੰਦਰਲੀ ਪ੍ਰੇਮਿਕਾ ਦੇ ਹਾਣ ਦਾ ਨਹੀਂ ਰਹਿੰਦਾ।"

"ਇਹ ਤੂੰ ਕਿਹੜੇ ਹਾਣ ਦੇ ਚੱਕਰਾਂ ਵਿਚ ਪੈ ਗਈ?"

"ਗੱਲ ਮਾਨਸਿਕ ਹਾਣ ਦੀ ਹੋ ਰਹੀ ਹੈ। ਤੇਰੀ ਤੇ ਤੇਰੀ ਪਤੀ ਦੀ ਹੋ ਰਹੀ ਹੈ। ਤੇਰੇ ਬੱਚਿਆਂ ਦੀ ਹੋ ਰਹੀ ਹੈ।"

"ਇਹ ਕੀ ਪਹੇਲੀਆਂ ਪਾ ਰਹੀ ਹੈਂ? ਠੀਕ, ਠੀਕ ਬੋਲ।"

"ਤੇਰਾ ਤੇ ਤੇਰੀ ਪਤਨੀ ਦਾ ਵਿਆਹ ਹੋਇਆ। ਭਰ ਜਵਾਨੀ ਵਿਚ ਜਿਸਮਾਂ ਦੀ ਭਾਸ਼ਾ ਦੇ ਡੂੰਘੇ ਅਰਥਾਂ ਦੀ ਥਾਹ ਪਾਉਣ ਲਈ ਯਤਨ ਕੁਦਰਤੀ ਗੱਲ ਸੀ। ਜਿਸਮਾਂ ਦੀ ਚੇਤਨਾ ਵਿਚ ਅਚੇਤ ਹੀ ਕਿਧਰੇ ਕੁਲ ਨੂੰ ਤੋਰੀ ਰੱਖਣ ਲਈ ਔਲਾਦ ਦੀ ਇੱਛਾ ਪਨਪਦੀ ਰਹੀ। ਤੇਰੇ ਬੱਚੇ ਹੋ ਗਏ। ਤੇਰੀ ਪਤਨੀ ਪੱਕੇ ਤੌਰ ਉਤੇ ਬੱਚਿਆਂ ਦੇ ਨਾਲ ਬੱਝ ਗਈ। ਤੂੰ ਬੱਚਿਆਂ ਦਾ ਦੁਜੈਲਾ ਜਾਂ ਘਟੀਆ ਬਦਲ ਬਣਦਾ ਗਿਆ ਉਸ ਲਈ ਪਰ ਤੇਰੇ ਲਈ ਉਸ ਅੰਦਰਲੀ ਪ੍ਰੇਮਿਕਾ ਤੇ ਔਰਤ ਵਿਕਾਸ ਦੀ ਬਹੁਮੁਖੀ ਗਤੀ ਨਾਲੋਂ ਟੁੱਟ ਕੇ ਸਦਾ ਲਈ ਰੁਕ ਗਈ। ਉਹ ਕੇਵਲ ਮਾਂ ਬਣ ਕੇ ਰਹਿ ਗਈ। ਉਮਰ ਦੇ ਬੀਤਣ ਨਾਲ ਤੂੰ ਇਸ ਦੇ ਹਰ ਪੜਾਅ ਅਨੁਸਾਰ ਉਸ ਅੰਦਰ ਵਧ-ਵਿਗਸ ਰਹੀ ਨਵੀਂ ਔਰਤ ਦੇ ਦੀਦਾਰ ਕਰਨੇ ਚਾਹੁੰਦਾ ਸੈਂ, ਪਰ ਇੰਞ ਨਾ ਹੋ ਸਕਿਆ। ਤੂੰ ਭਰੇ-ਭਕੁੰਨੇ ਘਰ ਵਿਚ ਲਗਾਤਾਰ ਇਕੱਲਾ ਹੁੰਦਾ ਚਲੇ ਗਿਆ। ਤੇਰੀ ਪੀੜ ਦੇ ਸੰਤਾਪ ਦਾ ਸਹਿਣ ਨਾ ਕਰਦੀ ਹੋਈ ਤੇਰੀ ਪਤਨੀ ਬੱਚਿਆਂ ਨੂੰ ਨਾਲ ਲੈ ਕੇ ਕੁਝ ਸਮੇਂ ਲਈ ਵਾਪਸ ਤੇਰੇ ਦੇਸ਼ ਚਲੇ ਗਈ; ਕਿਉਂਕਿ ਉਸ ਦਾ ਵਿਸ਼ਵਾਸ ਹੈ ਕਿ ਸਮਾਂ ਸਭ ਤੋਂ ਵੱਡਾ ਵੈਦ ਹੈ ਤੇ ਜੁਦਾਈ ਸ਼ਾਇਦ ਨਵੇਂ ਸੰਦਰਭਾਂ ਅਤੇ ਨਵੀਆਂ ਕੀਮਤਾਂ ਨੂੰ ਸਮਝਣ ਵਿਚ ਸਹਾਈ ਹੋਵੇ।"

ਉਹ ਕੁਝ ਦੇਰ ਲਈ ਰੁਕੀ ਜਿਵੇਂ ਉਸ ਦੀ ਚੁੱਪ ਨੂੰ ਸਹਿਮਤੀ ਦੇ ਹੁੰਗਾਰੇ ਦੀ ਪ੍ਰੋੜ੍ਹਤਾ ਦੇ ਰੂਪ ਵਿਚ ਵੇਖਣਾ-ਸੁਣਨਾ ਤੇ ਸਮਝਣਾ ਜ਼ਰੂਰੀ ਹੋਵੇ, ਸ਼ਮਿੰਦਰ ਨੂੰ ਆਸ ਨਹੀਂ ਸੀ ਕਿ ਉਸ ਨੇ ਉਸ ਬਾਰੇ ਇੰਨੀ ਖੋਜ ਕਰ ਰੱਖੀ ਹੈ ਤੇ ਇਹ ਖੋਜ ਅਚਨਚੇਤ ਉਸ ਉਤੇ ਟੈਲੀਫੋਨ ਦੀ ਗੱਲਬਾਤ 'ਚੋਂ ਅਚੰਭਾ ਬਣ ਕੇ ਬਰਸੇਗੀ। ਜੈਕੀ ਨੇ ਆਪਣੀ ਗੱਲ ਮੁੜ ਜਾਰੀ ਕੀਤੀ:

"ਮੈਂ ਤੈਨੂੰ ਅਕਸਰ ਉਲਝਿਆ ਹੋਇਆ ਕਹਿੰਦੀ ਸਾਂ। ਮਨ ਅਤੇ ਤਨ ਵਿਚ ਪਾਟਿਆ ਹੋਇਆ ਸਮਝਦੀ ਸਾਂ। ਤੇਰੀਆਂ ਗੱਲਾਂ ਦੀ ਧੁੱਪ ਅਕਸਰ ਧੁੰਦ ਵਿਚ ਘਿਰ ਜਾਂਦੀ ਸੀ ਤਾਂ ਮੈਂ ਹੈਰਾਨ ਹੁੰਦੀ ਸਾਂ ਕਿ ਤੈਨੂੰ ਹੋ ਕੀ ਗਿਆ ਹੈ? ਤੂੰ ਸੂਰਜਾਂ ਨੂੰ ਸੀਨੇ ਵਿਚ ਛੁਪਾਈ ਨ੍ਹੇਰੇ ਵਿਚ ਠੇਢੇ ਖਾ ਰਿਹਾ ਸੈਂ। ਤੂੰ ਮਨ ਅਤੇ ਤਨ ਦੇ ਹਾਣ-ਹਾਣੀਆਂ ਦੇ ਸਾਥਾਂ ਦੀਆਂ ਗੱਲਾਂ ਕਰਦਾ ਸੈਂ, ਤੇ ਮੇਰੇ ਜਿਸਮ ਦੇ ਨਗਨ ਅੰਗਾਂ ਨੂੰ ਲਾਲਸਾ ਭਰੀਆਂ ਨਜ਼ਰਾਂ ਨਾਲ ਘੂਰਦਾ ਇਨ੍ਹਾਂ ਤੋਂ ਪਾਰ ਚਲੇ ਜਾਂਦਾ ਸੈਂ। ਨਿਰਲੇਪ ਹੋ ਜਾਂਦਾ ਸੈਂ। ਹੁਣ ਮੈਨੂੰ ਤੇਰੀ ਪੂਰੀ-ਪੂਰੀ ਸਮਝ ਪੈ ਰਹੀ ਹੈ। ਜਾਪਦਾ ਹੈ ਤੇਰੀਆਂ ਧੁੱਪਾਂ ਛਾਵਾਂ ਦਾ ਮੌਸਮ ਅਜੇ ਮੇਰੀ ਚੇਤਨਾ ਨੂੰ ਆਪਣੇ ਹਾਣ ਦਾ ਬਣਨ ਦੀ ਚੁਣੌਤੀ ਦੇ ਰਿਹਾ ਹੋਵੇ।"

"ਬੱਸ ਕਰੋ ਮਹਾਰਾਜ! ਭਾਸ਼ਨ ਬਹੁਤ ਹੋ ਗਿਆ। ਇਹ ਦੱਸ ਕਿ ਸਾਡੇ ਦੇਸ਼ ਸਾਨੂੰ ਆਪਣੇ ਹਾਣ ਵਿਚ ਕਰਨ ਹੁਣ ਕਦੋਂ ਆਉਣਾ ਹੈ?"

"ਮੈਂ ਤੇਰੇ ਨਹੀਂ, ਆਪਣੇ ਦੇਸੋਂ ਹੀ ਬੋਲ ਰਹੀ ਹਾਂ। ਏਅਰ ਪੋਰਟ ਤੋਂ ਸਿੱਧੀ ਹਾਟ ਸਪਰਿੰਗਜ਼ ਰੀਜ਼ੋਰਟ ਪਹੁੰਚੀ ਹਾਂ। ਇਥੇ ਕੁਦਰਤੀ ਚਸ਼ਮੇ ਦੇ ਗਰਮ ਪਾਣੀ ਦਾ ਤਰਨ-ਤਲਾਬ ਵੀ ਹੈ ਤੇ ਵਰਲਪੂਲ ਵੀ। ਸਾਊਨਾ ਵੀ ਹੈ ਤੇ ਕਸਰਤੀ ਸਾਮਾਨ ਵੀ। ਬਿਲਕੁਲ ਉਹ ਹੀ ਮਾਹੌਲ ਜਿਸ ਮਾਹੌਲ ਵਿਚ ਅਸੀਂ ਪਹਿਲਾਂ ਪਹਿਲ ਮਿਲੇ ਸਾਂ, ਮਿਲ ਕੇ ਇਕ ਦੂਜੇ ਵਿਚ ਪਰਵਾਨ ਚੜ੍ਹੇ ਸਾਂ। ਤੇਰੇ ਸ਼ਹਿਰੋਂ 152 ਮੀਲ 'ਤੇ ਹੈ ਇਹ ਹੋਟਲ, ਇਹ ਰੀਜ਼ੋਰਟ। ਹੁਣੇ-ਹੁਣੇ ਬਣਿਆ ਤੇ ਸ਼ੁਰੂ ਹੋਇਆ ਹੈ। ਮੈਂ ਸੋਚਿਆ ਕਿ ਪੁਰਾਣੀਆਂ ਯਾਦਾਂ ਨੂੰ ਨਵੇਂ ਸੰਦਰਭ ਵਿਚ ਭੋਗਿਆ ਤੇ ਜੀਵਿਆ ਜਾਵੇ ਤਾਂ ਹੀ ਮਜ਼ਾ ਆਵੇਗਾ। ਮੈਂ ਕਮਰਾ ਨੰਬਰ ਤੇਰਾਂ ਵਿਚ ਠਹਿਰੀ ਹਾਂ। ਆ ਜਾ, ਤੇਰਾ ਹੀ ਇੰਤਜ਼ਾਰ ਹੈ। ਪੱਛਮ ਵਿਚ 13 ਨੰਬਰ ਨੂੰ ਲੋਕੀਂ ਨਹਿਸ਼ ਸਮਝਦੇ ਹਨ ਤੇ ਕਈਆਂ ਹੋਟਲਾਂ ਵਿਚ ਤੇਰਾ ਨੰਬਰ ਦਾ ਕਮਰਾ ਹੀ ਨਹੀਂ ਹੁੰਦਾ। ਮੈਂ ਚਾਹੁੰਦੀ ਹਾਂ ਕਿ ਤੇਰੇ ਸੰਗ-ਸਾਥ ਤੇ ਸ਼ਗਨ ਨਾਲ ਇਸ ਨੰਬਰ ਦੇ ਨਹਿਸ਼ਪੁਣੇ ਨੂੰ ਸਦਾ-ਸਦਾ ਲਈ ਧੋ ਦੇਵਾਂ।"

ਆਖ ਕੇ ਉਸ ਨੇ ਫੋਨ ਰੱਖ ਦਿੱਤਾ। ਉਸ ਨੂੰ ਪੂਰਾ ਭਰੋਸਾ ਸੀ ਕਿ ਸ਼ਮਿੰਦਰ ਉਸ ਕੋਲ ਜ਼ਰੂਰ ਪਹੁੰਚੇਗਾ। ਜੈਕੀ ਹਲਕੇ ਪਿਆਜ਼ੀ ਰੰਗ ਦੇ ਨਾਈਟ ਗਾਊਨ ਵਿਚ ਆਪਣੇ ਬਿਸਤਰ ਵਿਚ ਲੇਟੀ ਹੋਈ ਸੀ। ਕਮਰੇ ਦਾ ਦਰਵਾਜ਼ਾ ਖੁੱਲ੍ਹਾ ਸੀ। ਕਮਰੇ ਦੇ ਫਰਨੀਚਰ, ਪਰਦਿਆਂ ਤੇ ਪਲੰਘਾਂ ਦੀ ਚਾਦਰ ਆਦਿ ਸਭ ਦੀ ਕਲਰ ਸਕੀਮ ਹਲਕੇ ਪਿਆਜ਼ੀ ਰੰਗ ਦੀ ਹੀ ਸੀ। ਕੀ ਇਹ ਕੁਦਰਤੀ ਹੀ ਇੰਞ ਹੋਇਆ ਸੀ ਜਾਂ ਜੈਕੀ ਦੇ ਆਦੇਸ਼ ਉਤੇ ਇੰਞ ਕੀਤਾ ਗਿਆ ਸੀ? ਸ਼ਮਿੰਦਰ ਸੋਚ ਰਿਹਾ ਸੀ। ਜੈਕੀ ਨੂੰ ਪਤਾ ਸੀ ਕਿ ਸ਼ਮਿੰਦਰ ਦੀ ਸੱਭਿਅਤਾ ਵਿਚ ਪਿਆਜ਼ੀ ਰੰਗ ਨੂੰ ਸ਼ਗਨਾਂ ਦਾ ਰੰਗ ਸਮਝਿਆ ਜਾਂਦਾ ਹੈ।

ਸ਼ਮਿੰਦਰ ਨੂੰ ਆਪਣੇ ਉਪਰ ਝੁਕਿਆ ਮਹਿਸੂਸ ਕਰ ਕੇ ਉਸ ਨੇ ਹੌਲੀ-ਹੌਲੀ ਅੱਖਾਂ ਖੋਲ੍ਹੀਆਂ। ਕਿਸੇ ਨਸ਼ੇ ਜਿਹੇ ਵਿਚ ਉਨ੍ਹਾਂ ਵਿਚ ਹਲਕੀ ਪਿਆਜ਼ੀ ਭਾ ਦੀ ਝਲਕ ਵਿਖਾਈ ਦੇ ਰਹੀ ਸੀ।

ਉਸ ਦੇ ਬੁੱਲ੍ਹ ਕੰਬੇ ਤੇ ਉਸ ਦੀਆਂ ਬਾਹਾਂ ਵਿਚ ਹਰਕਤ ਹੋਈ। ਸ਼ਮਿੰਦਰ ਦਾ ਸਗਲਾ ਵਜੂਦ ਉਸ ਦੇ ਆਲਿੰਗਨ ਤੇ ਉਸ ਦਾ ਭਖਦਾ ਮੱਥਾ ਉਸ ਦੇ ਤਪਦੇ ਹੋਏ ਹੋਠਾਂ ਦੇ ਚੁੰਮਣ ਹੇਠ ਸੀ। ਸ਼ਮਿੰਦਰ ਦੇ ਹੋਠਾਂ 'ਤੇ ਉਂਗਲੀ ਰੱਖਦਿਆਂ ਉਸ ਨੇ ਚੁਪਕੇ ਜਿਹੇ ਉਸ ਨੂੰ ਆਪਣੇ ਨਾਲ ਲੇਟ ਜਾਣ ਦਾ ਆਦੇਸ਼ ਦਿੱਤਾ। ਇਹ ਸਭ ਕੁਝ ਚੁੱਪ-ਚਾਪ ਉਸ ਦੀਆਂ ਨਜ਼ਰਾਂ ਆਖ ਗਈਆਂ ਸਨ। ਨਾਲ-ਨਾਲ ਪਏ ਉਹ ਦੋਵੇਂ ਛੱਤ ਵੱਲ ਘੂਰ ਰਹੇ ਸਨ ਕਿ ਉਸ ਦੇ ਬੋਲ ਇਸ ਸੁਫ਼ਨਮਈ ਅਵਸਥਾ ਵਿਚੋਂ ਭਖਦੀ ਹੋਈ ਚੇਤਨਾ ਬਣ ਕੇ ਗੂੰਜੇ।

"ਮੇਰੇ ਮਰਦ ਨੂੰ ਮੇਰੇ ਜਿਸਮ ਦੀ ਲੋੜ ਨਹੀਂ ਰਹੀ ਹੁਣ। ਮੇਰੇ ਮਾਨਸਿਕ ਹਾਣ ਤੋਂ ਜਿਉਂ-ਜਿਉਂ ਉਹ ਪਛੜਦਾ ਗਿਆ, ਤਿਉਂ-ਤਿਉਂ ਇਹ ਝੋਰਾ ਗੰਢਾਂ ਬਣ ਕੇ ਉਸ ਦੇ ਜਿਸਮ ਵਿਚ ਲੱਥਦਾ ਗਿਆ। ਉਸ ਨੂੰ ਸਿਰਫ਼ ਬੱਚਿਆਂ ਦੇ ਭਵਿੱਖ ਦੀ ਚਿੰਤਾ ਤੇ ਮਾਇਆ ਦੀ ਸ਼ਕਤੀ ਦੇ ਖੁੱਸ ਜਾਣ ਦਾ ਭੈਅ ਹੈ। ਨਿਰੰਤਰ ਭੈਅ ਦੀ ਇਸ ਅਵਸਥਾ ਹੇਠ ਉਸ ਦੀ ਮਰਦਾਨਗੀ ਉਸ ਕੋਲੋਂ ਖੁੱਸ ਗਈ ਹੈ।"

ਉਹ ਸਾਹ ਲੈਣ ਲਈ ਰੁਕੀ। ਸ਼ਮਿੰਦਰ ਦੇ ਚਿਹਰੇ ਨੂੰ ਆਪਣੇ ਹੱਥਾਂ ਨਾਲ ਪੋਲੇ ਜਿਹੇ ਆਪਣੇ ਵੱਲ ਮੋੜਦੀ ਹੋਈ ਉਹ ਬੜੀ ਉਤੇਜਤ ਹੋ ਕੇ ਬੋਲੀ: "ਮੇਰੇ ਲਈ ਤੇਰੀ ਹੋਂਦ, ਤੇਰੀ ਹਾਜ਼ਰੀ ਤੇ ਤੇਰੀ ਪਛਾਣ ਦਾ ਮੱਠਾ-ਮੱਠਾ ਅਹਿਸਾਸ ਹੀ ਕਾਫ਼ੀ ਹੈ ਜੋ ਮਨ ਅੰਦਰ ਫੈਲੇ ਇਕੱਲ ਦੇ ਪਾੜੇ ਨੂੰ ਹਰ ਸਮੇਂ ਭਰੀ ਰੱਖਦਾ ਹੈ। ਮਨ ਤੇ ਤਨ ਦੇ ਪ੍ਰਸੰਗਾਂ ਵਿਚ ਤੂੰ ਅਕਸਰ ਦੁਬਿਧਾ ਵਿਚ ਰਿਹਾ ਹੈਂ। ਮੈਂ ਚਾਹੁੰਦੀ ਹਾਂ ਕਿ ਤੇਰੀ ਇਹ ਦੁਬਿਧਾ ਸਦਾ-ਸਦਾ ਲਈ ਮਿਟ ਜਾਏ, ਇਸ ਲਈ ਜਿਸਮ ਦੀ ਇਹ ਸਾਰੀ ਰਿਆਸਤ ਅੱਜ ਤੋਂ ਮੈਂ ਤੇਰੇ ਨਾਮ ਕਰ ਦਿੱਤੀ ਹੈ। ਉਂਞ ਤੇਰੇ ਮਾਨਸਿਕ ਹਾਣ ਦੇ ਸਾਥ ਤੋਂ ਬਿਨਾਂ ਮੈਨੂੰ ਹੋਰ ਕੁਝ ਨਹੀਂ ਚਾਹੀਦਾ। ਉਮਰ ਦੇ ਹਰ ਪੜਾਅ ਨਾਲ ਨਿਰੰਤਰ ਵਿਗਸ ਰਿਹਾ ਇਕ ਐਸੇ ਮਾਨਸਿਕ ਹਾਣ ਦਾ ਸਾਥ ਜੋ ਮਨੁੱਖ ਅੰਦਰਲੇ ਪ੍ਰੇਮੀ ਅਤੇ ਔਰਤ ਅੰਦਰਲੀ ਪ੍ਰੇਮਿਕਾ ਨੂੰ, ਜ਼ਿੰਦਗੀ ਦੇ ਹਰ ਪੜਾਅ 'ਤੇ, ਆਖ਼ਰੀ ਸਾਹਾਂ ਤੱਕ ਜਗਾਈ ਰੱਖੇ। ਸ਼ੌਕ ਤੇ ਦਿਲਚਸਪੀਆਂ ਦੀ ਸਾਂਝ ਬਣਾਈ ਰੱਖੇ। ਇਕ ਦੂਜੇ ਨੂੰ, ਇਕ ਦੂਜੇ ਵਿਚ ਜਗਾਈ ਰੱਖੇ, ਸਮਾਈ ਰੱਖੇ। ਬੋਲ, ਦੇ ਸਕੇਂਗਾ ਐਸਾ ਸਾਥ ਤੂੰ, ਮੈਨੂੰ???"

ਉਸ ਦੀਆਂ ਪਾਰਦਰਸ਼ੀ ਨਜ਼ਰਾਂ ਸ਼ਮਿੰਦਰ ਉਤੇ ਟਿਕੀਆਂ ਹੋਈਆਂ ਵੀ ਉਸ ਤੋਂ ਬਹੁਤ ਦੂਰ, ਉਸ ਤੋਂ ਪਾਰ ਵੇਖ ਰਹੀਆਂ ਸਨ। ਉਸ ਦੇ ਹੋਂਠ ਹਿੱਲ ਰਹੇ ਸਨ ਤੇ ਉਨ੍ਹਾਂ 'ਚੋਂ ਮੌਨ ਭਾਸ਼ਾ ਝਰ ਰਹੀ ਸੀ ਜਿਸ ਦੇ ਅਰਥਾਂ ਦੀ ਪਛਾਣ ਕੇਵਲ ਸ਼ਮਿੰਦਰ ਹੀ ਕਰ ਸਕਦਾ ਸੀ।

## ਕਾਵਿ-ਜਗਤ

### ਸਾਹਾਂ ਦਾ ਫਰਿਸ਼ਤਾ

ਜੰਗ ਘਮਸਾਨ ਦਾ ਹੋ ਰਿਹਾ ਹੈ
ਹਰ ਪਾਸੇ ਹੀ,
ਮੌਤ ਦਾ ਨਗਾਰਾ ਵੱਜਦਾ
ਤੇਗਾਂ ਤੇ ਭਾਲੇ ਹੀ ਖੜਕਦੇ
ਤੇ ਲਹੂ ਜ਼ਿਮੀਂ ਪਿਆ ਸਿੰਝਦਾ।

ਕੋਈ ਕਿਸੇ ਨੂੰ ਵੰਗਾਰ ਕੇ
'ਲੈ ਸੰਭਾਲ ਫਿਰ ਮੇਰਾ ਵਾਰ'
ਉਛਲ ਉਛਲ ਪਿਐ ਗਰਜਦਾ!
ਪਰ! ਇਸ ਕਟੋ-ਵੱਢ ਵਿਚ
ਵਿਲਕਦੇ ਕਈ ਤੜਪਦਿਆਂ ਨੂੰ
ਪਿਆਸਿਆਂ ਤੇ ਮਰਦਿਆਂ ਨੂੰ
ਪਾਣੀ ਕੋਈ ਹੈ ਦੇ ਰਿਹਾ
ਜੀਵਨ ਪਿਐ ਕੋਈ ਵੰਡਦਾ
ਬਗੈਰ ਕਿਸੇ ਦੁਸ਼ਮਣੀ
ਬਗੈਰ ਕਿਸੇ ਦੋਸਤੀ ਤੋਂ
ਫਰਿਸ਼ਤਾ ਕੋਈ ਸਾਹਾਂ ਦਾ।

ਤੇ! ਅ-ਝਲ ਜੰਗ ਦੇ ਏਸ ਸੇਕ ਤੋਂ
ਹੁਣ ਸੂਰਜ ਵੀ ਅੱਖਾਂ ਮੀਚੀਆਂ
ਅਤੇ, ਜਾ ਕਿਤੇ ਉਹ ਲੁਕਿਐ
ਠੰਡਕਾਂ ਦੀ ਕਿਸੇ ਗਾਰ ਵਿਚ।

ਤੇ ਉਧਰ!
ਕਿਸੇ ਦਰਬਾਰ ਵਿਚ
ਪੇਸ਼ ਕੋਈ ਹੈ ਹੋ ਰਿਹਾ
ਫਰਿਸ਼ਤਾ ਕੋਈ ਸਾਹਾਂ ਦਾ
ਸ਼ਿਕਾਇਤ ਕਿਸੇ ਦੇ ਲਾਉਣ 'ਤੇ
ਸੱਚੇ ਕਿਸੇ ਦਰਬਾਰ ਵਿਚ!

ਫਿਰ! ਕੋਈ ਮਰਦ ਅਗੰਮੜਾ
ਹੈ ਸਵਾਲ-ਜਵਾਬ ਕਰ ਰਿਹਾ,
'ਕਿਉਂ ਤੂੰ ਪਾਣੀ ਪਿਲਾਉਨੈਂ
ਦੁਸ਼ਮਣਾਂ ਨੂੰ ਓ ਸਿੱਖਾ?'
ਸਾਹਾਂ ਦਾ ਫਰਿਸ਼ਤਾ ਫਿਰ ਬੋਲਿਐ,
ਸੇਵਕ ਘਨਈਆ ਬੋਲਿਐ
ਨਾ ਦੁਸ਼ਮਣੀ ਕਿਸੇ ਦੇ ਨਾਲ
ਨਾ ਦੋਸਤੀ ਹੈ ਪਾਤਸ਼ਾਹ
ਪਾਣੀ ਜਿਹਨੂੰ ਵੀ ਦੇਂਵਦਾ
ਮੂੰਹ ਹੁੰਦੈ ਤੇਰਾ ਉਹ ਪਾਤਸ਼ਾਹ!

ਹੱਸ ਮਰਦ ਅਗੰਮੜਾ ਬੋਲਿਐ
'ਤੂੰ ਸਮਝਿਐ ਸਿੱਖੀ ਨੂੰ ਸਿੱਖਾ,
ਲੈ, ਪਾਣੀ ਪਿਲਾ ਕੇ
ਫੱਟਾਂ 'ਤੇ ਮੱਲ੍ਹਮ ਵੀ
ਲਾ ਦਿਆ ਕਰੀਂ...।'

*-ਪ੍ਰੋ. ਮਨਜੀਤ ਸ਼ਿਕਾਗੋ*
*ਫੋਨ: 940-602-9151*

---

### ਜਜ਼ਬਾਤ ਦੀ ਗੱਲ

ਜਾਨ ਤਲੀ 'ਤੇ ਧਰ ਕੇ ਕੀਤੀ,
ਮਘਦੇ ਹੋਏ ਜਜ਼ਬਾਤ ਦੀ ਗੱਲ।
ਤਾਣ ਕੇ ਸੀਨਾ ਔਕੜ ਸਾਹਵੇਂ,
ਕੀਤੀ ਹਰ ਆਫਾਤ ਦੀ ਗੱਲ।
ਆਸ਼ਿਕ ਸਾਦਕ ਨਹੀਓਂ ਮਰਦੇ,
ਹੁੰਦੇ ਨੇ ਉਹ ਸੱਚ ਸਦੀਵੀ,
ਬੇਲੇ, ਥਲ, ਪਹਾੜ ਨੇ ਕਰਦੇ,
ਏਦਾਂ ਆਸ਼ਿਕ ਜਾਤ ਦੀ ਗੱਲ।
ਪੱਤਝੜ ਦੀ ਵੀਰਾਨੀ ਮਾਣੀ,
ਦੁੱਖੜਾ ਸੁਰਗੀ ਸੱਚ ਜਾਣ ਕੇ,
ਸੂਲੀਂ ਸੇਜ ਸਜਾ ਕੇ ਕੀਤੀ,
ਫੁੱਲਾਂ ਦੀ ਸੌਗਾਤ ਦੀ ਗੱਲ।
ਝੱਖੜ-ਝਾਂਜਾ, ਮੀਂਹ-ਹਨ੍ਹੇਰੀ,
ਗੜ੍ਹਕਾਂ ਘੋਰ ਚੁਮਾਸੇ ਦੇਖੇ,
ਹੜ੍ਹਾਂ 'ਚ ਤਾਰੀ ਲਾ ਕੇ ਕੀਤੀ,
ਪੈਂਦੇ ਮੀਂਹ ਬਰਸਾਤ ਦੀ ਗੱਲ।
ਚੱਕਰਵਿਊ ਦੇ ਗੇੜਾਂ ਅੰਦਰ,
ਬਿਖੜੇ ਮੋੜਾਂ-ਘੋੜਾਂ ਅੰਦਰ,
ਨਾਲ ਹਨੇਰਾਂ ਖਹਿ ਕੇ ਕੀਤੀ,
ਸੰਦਲੀ ਸ਼ੁਭ ਪ੍ਰਭਾਤ ਦੀ ਗੱਲ।
ਉਹ ਸੀ ਸਮਾਂ ਇਲਾਹੀ ਸੁਰਗੀ,
ਉਹ ਸੀ ਜੰਨਤ ਘੜੀ ਸੁਲੱਖਣੀ,
ਮੀਤ ਪਿਆਰੇ ਬਹਿ ਜਾਂ ਕੀਤੀ,
ਤਾਰਿਆਂ ਭਿੰਨੀ ਰਾਤ ਦੀ ਗੱਲ।
ਹੂਰਾਂ ਪਰੀਆਂ ਦੈਵੀ ਬਾਤਾਂ,
ਸੁਰਗੀ ਸੁਖਨ ਵੀ ਨੇੜ ਨਾ ਪੁੱਜਦੇ,
ਹੁੰਦੀ ਜਿੰਨੀ ਅੰਮ੍ਰਿਤ ਭਿੰਨੀ,
ਆਪਣੀ ਜਣਨੀ ਮਾਤ ਦੀ ਗੱਲ।

*-ਗਿਆਨ ਸਿੰਘ ਕੋਟਲੀ*
*ਫੋਨ: 604-502-7151*

---

### ਚਾਂਦੀ ਚੋਰਾਂ ਦੀ

ਚਾਰ-ਚੁਫੇਰੇ ਚਾਂਦੀ ਅੱਜ ਕੱਲ੍ਹ ਚੋਰਾਂ ਦੀ।
ਮਹਿਲੀਂ ਉਡੇ ਪਰਾਂਦੀ ਅੱਜ ਕੱਲ ਚੋਰਾਂ ਦੀ।
ਭੇਸ ਵਟਾ ਕੇ ਪਾ ਕੇ ਬਾਣੇ ਚੋਰਾਂ ਜਿਹੇ
ਜੁੰਡਲੀ ਗੋਲਕ ਖਾਂਦੀ ਅੱਜ ਕੱਲ ਚੋਰਾਂ ਦੀ।
ਨੋਟ, ਨਸ਼ੇ ਤੇ ਪ੍ਰਸਿੱਧੀ ਦੀ ਭੁੱਖ ਦੇਖੋ
ਮਹਿਮਾ ਗਾਈ ਜਾਂਦੀ ਅੱਜ ਕੱਲ ਚੋਰਾਂ ਦੀ।
ਬੇਰੁਜ਼ਗਾਰੀ, ਭ੍ਰਿਸ਼ਟਾਚਾਰੀ, ਧੱਕੇਸ਼ਾਹੀ ਦੀ
'ਨੇਰੀ ਪਈ ਲਿਆਂਦੀ ਅੱਜ ਕੱਲ ਚੋਰਾਂ ਦੀ।
ਸ਼ਰਮਾਂ ਵਾਲੇ ਬਹਿ'ਗੇ ਅੰਦਰੀਂ ਢੋ ਕੇ ਬੂਹੇ
ਕੁੱਕੜੀ ਖੇਹ ਉਡਾਂਦੀ ਅੱਜ ਕੱਲ ਚੋਰਾਂ ਦੀ।
ਮਜ਼ਦੂਰਾਂ ਦੇ ਬੱਚੇ ਵਿਲਕਣ ਰੋਟੀ ਨੂੰ
ਕੁੱਤੀ ਬਿਸਕੁਟ ਖਾਂਦੀ ਅੱਜ ਕੱਲ ਚੋਰਾਂ ਦੀ।
ਲਾਹ ਕੇ ਸਾਈਕਲ ਕੱਚੇ ਥਰੀਕੇ ਵੇਂਹਦਾ ਰਹਿ
ਬੱਤੀ ਵਾਲੀ ਜਾਂਦੀ ਅੱਜ ਕੱਲ ਚੋਰਾਂ ਦੀ।

*-ਇੰਦਰਜੀਤ ਸਿੰਘ ਗਰੇਵਾਲ*
*ਫੋਨ: 916-248-1535*

---

### ਤਕਦੀਰ

ਕੀ ਚੋਣਾਂ ਤੋਂ ਬਾਅਦ,
ਬਦਲੇਗੀ ਦੇਸ਼ ਦੀ ਤਕਦੀਰ?
ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ
ਬਣਿਆ ਆਮ ਲੋਕਾਂ ਦੀ ਤਕਦੀਰ।

ਚੰਦ ਕੁ ਸਾਲਾਂ ਵਿਚ ਬਦਲੀ,
ਉਨ੍ਹਾਂ ਲੀਡਰਾਂ ਦੀ ਤਕਦੀਰ।
ਫਾਰਮ ਹਾਊਸ ਤੇ ਆਉਡੀਆਂ ਨੇ,
ਬਦਲੀ ਉਨ੍ਹਾਂ ਦੀ ਤਕਦੀਰ।

ਜਾਤ-ਪਾਤ, ਭੇਦ-ਭਾਵ, ਨਸਲੀ ਹਮਲੇ,
ਬਣੇ ਆਮ ਲੋਕਾਂ ਦੀ ਤਕਦੀਰ।
ਆਮ ਔਰਤ ਨਹੀਂ ਹੋਈ ਸੁਰੱਖਿਅਤ,
ਕਿਵੇਂ ਬਦਲੂ ਉਨ੍ਹਾਂ ਦੀ ਤਕਦੀਰ?
ਕੀ ਚੋਣਾਂ ਤੋਂ ਬਾਅਦ,
ਬਦਲੇਗੀ ਦੇਸ਼ ਦੀ ਤਕਦੀਰ?

*-ਜਸਦੀਪ ਸਿੰਘ ਖੰਨਾ*
*ਫੋਨ: 91-94630-57786*

### ਧੀਆਂ

ਕੁੱਖ ਨਾ ਉਜਾੜੋ ਲੋਕੋ ਖੌਫ ਖਾਓ ਰੱਬ ਦਾ।
ਪਾਪ ਨਾ ਕਮਾਓ, ਕੰਮ ਕਰੋ ਕੋਈ ਚੱਜ ਦਾ।
ਵਸਦਿਆਂ ਸਵਰਗਾਂ ਨੂੰ ਨਰਕ ਨਾ ਬਣਾ ਦਿਓ,
ਕਿਤੇ ਲੋਕੋ ਕੁੱਖਾਂ ਵਿਚ ਧੀਆਂ ਨਾ ਮਿਟਾ ਦਿਓ।

ਕੁੱਖ 'ਚ ਪਲਦੀ ਧੀ ਦਾ ਹੱਕ ਵੀ ਪੁੱਤਰ ਜਿੰਨਾ ਹੀ ਹੈ,
ਭੁੱਲ ਕੇ ਵੀ ਨਾ ਇਹ ਸੋਚਿਓ ਕਿ ਧੀ ਨੂੰ ਕਰਨਾ ਕੀ ਹੈ?
ਧੀ ਵੀ ਰੱਬ ਦਾ ਨੂਰ ਲੋਕੋ, ਨੂਰ ਨਾ ਭੁਲਾ ਦਿਓ।
ਕਿਤੇ ਲੋਕੋ ਕੁੱਖਾਂ ਵਿਚ ਧੀਆਂ ਨਾ ਮਿਟਾ ਦਿਓ।

ਧੀ ਜੰਮੀ ਤੇ ਖੁਸ਼ੀਆਂ ਖੇੜੇ ਰਲ ਕੇ ਮਨਾ ਲਈਏ,
ਧੀ ਦੀ ਵੀ ਲੋਹੜੀ, ਆਵੋ ਚਾਅਵਾਂ ਨਾਲ ਗਾ ਲਈਏ।
ਇਹੋ ਜਿਹਾ ਵੇਲਾ ਕਿਤੇ, ਹੱਥੋਂ ਨਾ ਗਵਾ ਦਿਓ।
ਕਿਤੇ ਲੋਕੋ ਕੁੱਖਾਂ ਵਿਚ ਧੀਆਂ ਨਾ ਮਿਟਾ ਦਿਓ।

ਧੀਆਂ ਘਰ ਦੀ ਇੱਜ਼ਤ, ਧੀਆਂ ਦਾ ਸਨਮਾਨ ਕਰੋ,
ਜੁੱਤੀ ਇਸ ਨੂੰ ਪੈਰ ਦੀ ਕਹਿ ਕੇ ਨਾ ਅਪਮਾਨ ਕਰੋ।
ਧੀਆਂ ਸਿਰ ਦਾ ਤਾਜ ਹੁੰਦੀਆਂ, ਤਾਜ ਨਾ ਰੁਲਾ ਦਿਓ।
ਕਿਤੇ ਲੋਕੋ ਕੁੱਖਾਂ ਵਿਚ ਧੀਆਂ ਨਾ ਮਿਟਾ ਦਿਓ।

ਧੀ ਰੌਣਕ, ਧੀ ਸ਼ਾਨ ਹੈ ਘਰ ਦੀ, ਧੀ ਅਸਲ ਸਰਮਾਇਆ,
ਧੀਆਂ ਬਾਜੋਂ ਘਰ ਨਹੀਂ ਵਸਦੇ 'ਮਾਨ' ਸੱਚ ਸੁਣਾਇਆ।
ਘਰ ਦਾ ਸ਼ਿੰਗਾਰ ਧੀਆਂ ਨੇ, ਕਿਤੇ ਨਾ ਲੁਟਾ ਦਿਓ।
ਕਿਤੇ ਲੋਕੋ ਕੁੱਖਾਂ ਵਿਚ ਧੀਆਂ ਨਾ ਮਿਟਾ ਦਿਓ।

*-ਦਿਲਪ੍ਰੀਤ ਮਾਨ*
*ਕਲੋਵਿਸ, ਕੈਲੀਫੋਰਨੀਆ।*
*ਫੋਨ: 559-291-7116*

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਕੰਨਾਂ ਦੀ ਮੈਲ

ਆਹ ਕੁਝ ਸਮੇਂ ਤੋਂ ਚੱਤੋ ਪਹਿਰ ਕੰਨਾਂ ਵਿਚ ਝਰਨ-ਝਰਨ ਜਿਹੀ ਹੁੰਦੀ ਰਹਿੰਦੀ ਸੀ। ਸਾਲੀ ਸਾਹਿਬਾ ਜਲੰਧਰ ਦੇ ਇਕ ਵੱਡੇ ਹਸਪਤਾਲ ਵਿਚ ਡਾਕਟਰਨੀ ਲੱਗੀ ਹੋਈ ਹੈ। ਸੋਚਿਆ ਉਥੇ ਦੇ ਡਾਕਟਰ ਨੂੰ ਹੀ ਦਿਖਾ ਲਈਏ, ਖਰਚੇ ਵਿਚ ਕਾਫੀ ਬਚਤ ਦੀ ਸੰਭਾਵਨਾ ਸੀ। ਬੱਸ ਫੜ ਕੇ ਪਹੁੰਚ ਗਏ ਉਨ੍ਹਾਂ ਦੇ ਘਰ। ਹਸਪਤਾਲ ਪਹੁੰਚਦਿਆਂ ਹੀ ਸਾਲੀ ਸਾਹਿਬਾ ਮਾਣ ਨਾਲ ਮੈਨੂੰ ਕੰਨਾਂ ਵਾਲੇ ਡਾਕਟਰ ਦੇ ਕਮਰੇ ਵੱਲ ਲੈ ਤੁਰੇ। ਝਰਨ-ਝਰਨ ਬਾਰੇ ਦੱਸਣ ਪਿਛੋਂ ਡਾਕਟਰ ਨੇ ਪੁਛਿਆ, "ਸੁਣਦਾ ਕਿਵੇਂ ਹੈ?" "ਪਤਾ ਨਹੀਂ ਜੀ ਕੁਝ ਸਮੇਂ ਤੋਂ ਨਰ ਕੁਝ ਵੀ ਬੋਲਣ, ਬਹੁਤ ਵਾਰੀ ਹੈਂ ਹੈਂ ਕਰਨਾ ਪੈਂਦਾ ਹੈ ਜਦ ਕਿ ਮਦੀਨ ਭਾਵੇਂ ਧੀਮਾ ਹੀ ਬੋਲੇ, ਝੱਟ ਕੰਨ ਖੜੇ ਹੋ ਜਾਂਦੇ ਹਨ, ਸੁਣਾਈ ਵੀ ਸਾਫ ਦਿੰਦਾ ਹੈ। ਕਈ ਵਾਰੀ ਤਾਂ ਨਾ ਬੋਲਿਆ ਵੀ ਸੁਣਨ ਲੱਗ ਪੈਂਦਾ ਹੈ।" ਆਪਣੀ ਬੀਮਾਰੀ ਦਾ ਮੈਂ ਇਕ ਲੱਛਣ ਦੱਸਿਆ। "ਅੱਛਾ ਅੱਛਾ, ਇਸ ਨੂੰ ਸਿਲੈਕਟਿਵ ਹੀਅਰਿੰਗ ਕਹਿੰਦੇ ਹਨ। ਨਾਲੇ ਤੁਹਾਡੇ ਕੰਨਾਂ ਨੇ ਵੀ ਬੋਲਣਾ ਸ਼ੁਰੂ ਕਰ ਦਿੱਤਾ ਹੈ" ਡਾਕਟਰ ਨੇ ਫਰਮਾਇਆ।

"ਹਾਂ, ਹਾਂ, ਹਾਂ" ਮੈਨੂੰ ਤਸੱਲੀ ਹੋਈ, ਡਾਕਟਰ ਸਮਝਦਾਰ ਹੈ। ਸਾਹਮਣੇ ਬੈਠੀ ਸਾਲੀ ਸਾਹਿਬਾ ਦੇ ਹੱਥੋਂ ਕਾਫੀ ਦਾ ਪਿਆਲਾ ਛਲਕ ਗਿਆ ਗਿਆ।

"ਗੱਲ ਇਹ ਹੈ", ਡਾਕਟਰ ਨੇ ਕਹਿਣਾ ਸ਼ੁਰੂ ਕੀਤਾ, "ਸੁਣਨ-ਸ਼ਕਤੀ ਟੈਸਟ ਕਰਨ ਵਾਲੀ ਮਸ਼ੀਨ ਤਾਂ ਅਜੇ ਖਰਾਬ ਪਈ ਹੈ। ਚਲੋ ਪਹਿਲਾਂ ਓਦਾਂ ਕੰਨ ਚੈਕ ਕਰ ਲੈਂਦੇ ਹਾਂ।" ਇਹ ਕੰਨਾਂ ਵਾਲੇ ਡਾਕਟਰ ਇਕ ਤਿਕੋਨੀ ਜਿਹੀ ਚੀਜ਼ ਤੁਹਾਡੇ ਕੰਨ ਵਿਚ ਵਾੜ ਦਿੰਦੇ ਹਨ, ਫਿਰ ਇੱਕ ਅੱਖ ਬੰਦ ਕਰਕੇ ਕੰਨ ਦੇ ਅੰਦਰਲੀ ਦੁਨੀਆਂ ਝਾਕਣ ਲਗਦੇ ਹਨ। ਡਾਕਟਰ ਨੇ ਇਹ ਸ਼ੂਕੂ ਜਿਹਾ ਵਾਰੀ ਵਾਰੀ ਮੇਰੇ ਦੋਨਾਂ ਕੰਨਾਂ ਨੂੰ ਲਾ ਕੇ ਕੰਨਾਂ ਵਿਚ ਫੇਰਿਆ ਤੇ ਅੰਤ "ਹੂੰ" ਕਹਿੰਦਿਆਂ ਬੋਲਿਆ, "ਗਭਲੇ ਕੰਨਾਂ ਵਿਚ ਰੁਕਾਵਟ ਹੈ, ਮੈਲ ਕਢਣੀ ਪੈਣੀ ਹੈ।" ਮੈਂ ਖੁਸ਼ ਹੋ ਗਿਆ, ਬੀਮਾਰੀ ਬਹੁਤੀ ਗੰਭੀਰ ਨਹੀਂ ਲਗਦੀ। ਨਾਲੇ ਮੈਲ ਕਢਾਉਣ ਵਿਚ ਤਾਂ ਮਜ਼ਾ ਹੀ ਬਹੁਤ



ਆਉਂਦਾ ਹੈ, ਖਾਜ ਨਾਲੋਂ ਕਿਤੋਂ ਵੱਧ, ਰਾਜ ਨਾਲੋਂ ਵੀ। ਉਸ ਨੇ ਇਕ ਤਰਲ ਜਿਹੀ ਦਵਾਈ ਮੇਰੇ ਕੰਨ ਵਿਚ ਟਪਕਾਈ ਤੇ ਏਧਰ ਉਧਰ ਦੀਆਂ ਗੱਲਾਂ ਕਰਨ ਲੱਗ ਪਿਆ। ਥੋੜਾ ਸਮਾਂ ਬੀਤਿਆ ਕਹਿੰਦਾ, "ਆ ਜਾਓ ਜੀ ਹੁਣ ਕਰੀਏ ਅਪਰੇਸ਼ਨ।" ਉਸ ਨੇ ਮੇਰੇ ਸਿਰ ਨੂੰ ਮੇਜ਼ 'ਤੇ ਟੇਢਾ ਕਰ ਲਿਆ ਤੇ ਲੱਗ ਪਿਆ ਸੱਜੇ ਕੰਨ ਵਿਚ ਇਕ ਖੁਰਚਣੀ ਜਿਹੀ ਘੁਸੇੜਨ। ਉਹ ਕੰਨ ਵਿਚ ਖੁਰਚਣੀ ਫੇਰਦਾ ਤੇ ਫਿਰ ਮੇਜ਼ 'ਤੇ ਟੱਕ-ਟੱਕ ਜਿਹੀ ਹੁੰਦੀ। ਮੇਰੀਆਂ ਅੱਖਾਂ ਨਸ਼ੇ ਜਿਹੇ ਵਿਚ ਮੁੰਦੀਆਂ ਜਾਣ ਲੱਗੀਆਂ। ਮੈਂ ਤਾਂ ਜਾਣੋ ਹੌਲਾ ਫੁੱਲ ਹੁੰਦਾ ਗਿਆ। ਪਰੇ ਟੂਟੀ 'ਚੋਂ ਗਿਰਦੀਆ ਬੂੰਦਾਂ ਦੀ ਟੱਪ ਟੱਪ ਸਪਸ਼ਟ ਸੁਣਾਈ ਦੇਣ ਲੱਗ ਪਈ। ਜੀਅ ਕਰੇ ਅਜ਼ਲਾਂ ਤਾਈਂ ਇਵੇਂ ਪਿਆ ਰਹਾਂ। ਪਤਾ ਨਹੀਂ ਕਿੰਨਾ ਚਿਰ ਲੱਗਾ। ਆਖਰ ਡਾਕਟਰ ਕਹਿੰਦਾ, "ਸਿਰ ਚੁੱਕੋ ਬਾਦਸ਼ਾਹੋ।" ਬਾਦਸ਼ਾਹ ਨੇ ਹੁਕਮ ਦੀ ਪਾਲਣਾ ਕੀਤੀ ਤਾਂ ਕੀ ਦੇਖਦਾ ਹੈ ਕਿ ਸਾਹਮਣੇ ਪਏ ਕੋਰੇ ਕਾਗਜ਼ 'ਤੇ ਗੁੜ ਦੀ ਪੇਸੀ ਜਿੱਡਾ ਮੈਲ ਦਾ ਢੇਰ ਲੱਗਾ ਪਿਆ ਸੀ। ਮੇਰੀ ਤਾਂ ਖਾਨਿਓਂ ਗਈ, ਖਾਨਿਓਂ ਕੀ ਕੰਨਿਓਂ ਗਈ। ਦੂਜੇ ਪਾਸੇ ਐਨ ਸਾਹਮਣੇ ਸਾਲੀ ਸਾਹਿਬਾ ਬਿਰਾਜੇ ਹੋਏ ਸਨ। ਉਨ੍ਹਾਂ ਅੱਖਾ ਮਿਲਾਈਆਂ, ਇਕ ਤਾੜੀ ਮਾਰੀ ਤੇ ਨਾਲ ਹੀ ਠਹਾਕਾ ਛੱਡ ਦਿੱਤਾ। ਮੇਰਾ ਕੰਨ ਕੀ ਖੁਲ੍ਹਿਆ, ਜਾਣੋਂ ਕੰਨ ਬੰਦ ਹੀ ਹੋ ਗਿਆ। ਜਿਵੇਂ ਸਾਰਾ ਵਜੂਦ ਹੀ ਸੁੰਗੜ ਗਿਆ। ਸਾਲੀ ਦੇ ਸਾਹਮਣੇ ਮੈਂ ਤਾਂ ਕੱਖ ਦਾ ਨਾਂ ਰਿਹਾ। ਜੀ ਕਰੇ ਇਥੋਂ ਛੂਟ ਵੱਟ ਜਾਵਾਂ। ਮੈ ਵੀ ਕੀ ਹੋਛਾ ਜਿਹਾ ਬੰਦਾ ਹਾਂ, ਚੰਦ ਸਿੱਕਿਆਂ ਨੂੰ ਬਚਾਉਣ ਦੀ ਖਾਤਿਰ ਆਪਣੀ ਇਜ਼ਤ ਰੋਲ ਦਿੱਤੀ। ਨਾਲੇ ਇਹ ਤਾਂ ਅਜੇ ਇਕ ਕੰਨ ਦੀ ਹੀ ਮੈਲ ਹੈ ਦੂਜਾ ਕੰਨ ਤਾਂ ਖੁਰਚਣਾ ਰਹਿੰਦਾ ਹੈ। ਛਿੱਥਾ ਪੈਂਦਿਆਂ ਮੈਂ ਡਾਕਟਰ ਨੂੰ ਪੁਛ ਬੈਠਾ, "ਜੀ ਇਹ ਸਾਰਾ ਮਾਵਾ ਮੇਰੇ ਕੱਲੇ ਦੇ ਕੰਨ ਵਿਚੋਂ ਨਿਕਲਿਆ ਜਾਂ ਹੋਰ ਸਾਰੇ ਮਰੀਜ਼ਾਂ ਦਾ ਵੀ ਇਸ ਵਿਚ ਯੋਗਦਾਨ ਹੈ?"

ਡਾਕਟਰ ਮੁਸਕਰਾਇਆ, "ਸਾਲਾਂ ਤੋਂ ਬਿਲਡ ਅੱਪ ਹੋਇਆ ਲਗਦਾ ਹੈ। ਕਈ ਵਾਰ ਅਜਿਹਾ ਹੋ ਜਾਂਦਾ ਹੈ। ਘਬਰਾਉਣ ਦੀ ਗੱਲ ਨਹੀਂ ਮੈਂ ਇਸ ਨੂੰ ਮਰਤਬਾਨ ਵਿਚ ਨਹੀਂ ਰੱਖਦਾ।" ਡਾਕਟਰ ਨੇ ਮੈਲ ਵਾਲੇ ਕਾਗਜ਼ ਨੂੰ ਮਰੋੜਿਆ ਤੇ ਟਰੈਸ਼ ਵਿਚ ਸੁੱਟ ਦਿੱਤਾ। ਮੇਰੇ ਲਈ ਦੁਨੀਆਂ ਹੋਰ ਵੀ ਸੁੰਨ ਸਾਨ ਹੋ ਗਈ। ਸਾਲੀ ਵੱਲ ਮੈਂ ਅੱਖ ਚੁਕਣ ਜੋਗਾ ਨਾ ਰਿਹਾ। ਮੈਨੂੰ ਲੱਗਾ ਮੇਰਾ ਕੰਨ ਅੰਦਰਲਾ ਹਿੱਸਾ ਮੈਲੋ-ਮੈਲ ਹੋਇਆ ਪਿਆ ਹੈ। ਆਪਣੇ ਆਪ ਤੇ ਘਿਣ ਜਿਹੀ ਆਈ ਜਿਵੇਂ ਮੈਂ ਕੱਖੋਂ ਵੀ ਹੌਲਾ ਹੋ ਗਿਆ ਹੁੰਨਾਂ। ਇਸ ਨਾਲੋਂ ਤਾਂ ਕੈਂਸਰ ਹੋ ਜਾਂਦਾ, ਕਿੰਨੀ ਸਤਿਕਾਰਯੋਗ ਬੀਮਾਰੀ ਹੈ, ਹਰ ਕੋਈ ਤੁਹਾਡਾ ਪਿਆਰਾ ਬਣ ਜਾਂਦਾ। ਪੰਜਾਬੀਆਂ ਨੂੰ ਕੰਨ ਦੀ ਮੈਲ ਲਈ ਕੋਈ ਵਖਰਾ ਸ਼ਬਦ ਕਿਉਂ ਨਹੀਂ ਲੱਭਾ? ਅੱਖਾਂ ਵਿਚ ਗਿੱਡ ਹੈ, ਨੱਕ ਵਿਚ ਸੀਂਢ ਹੈ, ਗਲੇ ਵਿਚ ਖੰਘਾਰ ਹੈ। ਕਿੰਨੇ ਵਧੀਆ ਸ਼ਬਦ ਹਨ। ਕੰਨਾਂ ਲਈ ਇਕ ਆਮ ਸ਼ਬਦ ਮੈਲ ਤੋਂ ਹੀ ਕਿਉਂ ਕੰਮ ਸਾਰਿਆ ਗਿਆ ਹੈ?...ਤਾਂ ਕਿ ਸਾਲੀ ਸਾਹਿਬਾ ਦੇ ਸਾਹਮਣੇ ਮੇਰੀ ਔਕਾਤ ਪ੍ਰਗਟ ਹੋ ਜਾਵੇ। ਮੈਨੂੰ ਸਾਰਾ ਆਲਮ ਸਾਜ਼ਸ਼ੀ ਜਿਹਾ ਲੱਗਾ।


"ਅੱਛਾ ਜੀ, ਮੈਂ ਹੋਰ ਵੀ ਮਰੀਜ਼ ਦੇਖਣੇ ਹਨ, ਆਹ ਦਵਾਈ ਲਿਖ ਦਿੰਦਾ ਹਾਂ ਦਿਨ ਵਿਚ ਦੋ ਤਿੰਨ ਵਾਰ ਪਾਉਂਦੇ ਰਹਿਣਾ, ਦੋਨੋਂ ਕੰਨਾਂ ਵਿਚ। ਇਸ ਨਾਲ ਸਾਰੀ ਮੈਲ ਉਗਲ ਆਵੇਗੀ। ਕਲ੍ਹ ਨੂੰ ਦੂਜੇ ਕੰਨ ਦੀ ਖੁਦਾਈ ਹੋਵੇਗੀ, ਨਾਲੇ ਪਹਿਲੇ ਕੰਨ ਦੀ ਰਹਿੰਦ ਖੂੰਦ ਵੀ ਕਢੀ ਜਾਵੇਗੀ। ਕਲ੍ਹ ਤੱਕ ਮਸ਼ੀਨ ਵੀ ਠੀਕ ਹੋ ਜਾਵੇਗੀ। ਇਸੇ ਵਕਤ ਆ ਜਾਣਾ।" ਡਾਕਟਰ ਨੇ ਸਾਰੀਆਂ ਸੁਣੌਤਾਂ ਸੁੱਟੀਆਂ ਕਿ ਹੁਣ ਅਸੀਂ ਟਿਬ ਜਾਈਏ, ਉਸ ਨੂੰ ਹੋਰ ਵੀ ਰੁਝੇਵੇਂ ਹਨ। "ਅੱਛਾ ਅਜੇ ਪਹਿਲੇ ਕੰਨ ਵਿਚ ਰਹਿੰਦ ਖੂੰਦ ਵੀ ਹੈ। ਸੋਚਦਿਆਂ "ਮੈਂ ਤੇਜ਼ ਕਦਮਾਂ ਨਾਲ ਦਰਵਾਜ਼ੇ ਵੱਲ ਵਧਿਆ। ਫੈਸਲਾ ਕੀਤਾ ਦੌੜ ਜਾਵਾਂ, ਸਾਲੀ ਦੇ ਹੋਰ ਮੱਥੇ ਨਹੀਂ ਲੱਗਿਆ ਜਾ ਸਕਦਾ। ਪਰ ਸਾਲੀ ਪਿਛੇ ਪਿਛੇ। ਮੈਂ ਫਟਾ ਫਟ ਪੌੜੀਆ ਉਤਰਨ ਲੱਗਾ। ਤੀਸਰੀ ਮੰਜ਼ਿਲ ਤੋਂ ਥੱਲੇ ਉਤਰ ਕੇ ਬਾਹਰ ਨਿਕਲਿਆ ਕਿ ਇਹ ਮੁਹਤਰਿਮਾ ਜੀ ਫਿਰ ਅੱਗੇ ਖੜੇ। ਇਸ ਨੂੰ ਕਹਿੰਦੇ, ਮੂਸਾ ਭੱਜਾ ਮੌਤ ਤੋਂ, ਅੱਗੇ ਮੌਤ ਖੜੀ। ਮੇਰੇ ਪੈਰਾਂ ਹੇਠਾਂ ਜ਼ਮੀਨ ਨਹੀਂ ਸੀ। ਦਰਅਸਲ ਉਹ ਲਿਫਟ ਰਾਹੀਂ ਮੇਰੇ ਤੋਂ ਵੀ ਪਹਿਲਾਂ ਉਤਰ ਆਈ ਸੀ। ਮੈਂ ਮੂੰਹ ਦੂਜੇ ਪਾਸੇ ਫੇਰਿਆ ਪਰ ਦਿਮਾਗੀ ਭੰਬਲਭੂਸੇ ਵਿਚ ਫਿਰ ਵੀ ਮੈਨੂੰ ਉਸ ਦੇ ਲਫਜ਼ ਸੁਣਾਈ ਦਿੱਤੇ, "ਚਲੋ ਘਰ ਚਲਦੇ ਹਾਂ, ਮੈਂ ਕਾਰ ਵਿਚ ਛੱਡ ਆਉਂਦੀ ਹਾਂ। ਸਾਡੇ ਕੋਲ ਹੀ ਰਹੋ, ਸਵੇਰ ਨੂੰ ਫਿਰ ਕੰਨ ਦਿਖਾਲਣੇ ਹਨ।"

ਕੰਨ ਸ਼ਬਦ ਸੁਣਦਿਆਂ ਹੀ ਮੈਂ ਕੰਨ ਬੰਦ ਕਰ ਲਏ। ਮੈਨੂੰ ਲੱਗਾ ਉਹ ਮੇਰੇ ਕੰਨ ਖਿਚ ਰਹੀ ਸੀ। ਹਫਿਆ ਤੇ ਹੌਲਾ ਹੋਇਆ ਮੈਂ ਹਸਪਤਾਲ ਦੇ ਗੇਟ ਵੱਲ ਦੌੜਨ ਲੱਗਾ। ਸਾਲੀ ਸਾਹਿਬਾ ਸਾੜੀ ਦਾ ਪੱਲੂ ਸਾਂਭਦੀ ਹੋਈ ਮੇਰੇ ਪਿਛੇ-ਪਿਛੇ, ਜਿਵੇਂ ਕੋਈ ਫਿਲਮ ਦਾ ਸੀਨ ਹੁੰਦਾ ਹੈ। "ਬੱਸ, ਹੁਣ ਮੈਂ ਇਸ ਦੇ ਕਾਬੂ ਨਹੀਂ ਆਉਂਦਾ। ਇਸ ਨਾਲੋਂ ਤਾਂ ਮੈਂ ਫਗਵਾੜੇ ਦੇ ਸਟੇਸ਼ਨ ਤੇ ਜਾ ਕੇ ਲਾਲ ਪੱਗਾਂ ਵਾਲਿਆਂ ਕੋਲੋਂ ਕੰਨ ਖੁਰਚਵਾ ਲਵਾਂਗਾ। ਆਹ ਹੇਠੀ ਨਹੀਂ ਕਰਵਾ ਸਕਦਾ।" ਸਾਹਮਣੇ ਇਕ ਰਿਕਸ਼ੇ ਵਾਲਾ ਦਿਖਾਈ ਦਿੱਤਾ।

"ਚੱਲ ਬਈ ਬੱਸ ਅੱਡੇ, ਛੇਤੀ ਕਰ ਮੈਨੂੰ ਕਾਹਲੀ ਹੈ। ਮੈਂ ਦੂਰ ਜਾਣਾ ਹੈ, ਜਿੰਨੇ ਮਰਜ਼ੀ ਪੈਸੇ ਲੈ ਲਵੇ। ਪਿਛੇ ਇਕ ਬਲਾ ਲੱਗੀ ਹੋਈ ਹੈ, ਕਿਤੇ ਉਹ ਨਾ ਘੇਰ ਲਵੇ।" ਤੇ ਮੈਂ ਟਪੂਸੀ ਮਾਰ ਕੇ ਰਿਕਸ਼ੇ 'ਤੇ ਬਹਿ ਗਿਆ।

---

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

# ਪੰਡਤ ਨਹਿਰੂ ਤੋਂ ਨਰਿੰਦਰ ਮੋਦੀ ਤੱਕ

ਇਨ੍ਹਾਂ ਸਤਰਾਂ ਦੇ ਲਿਖਣ ਤੱਕ ਭਾਰਤ ਦੇ ਪ੍ਰਥਮ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਇਸ ਦੁਨੀਆਂ ਤੋਂ ਅਕਾਲ ਚਲਾਣਾ ਕੀਤਿਆਂ 50 ਸਾਲ ਹੋ ਚੁੱਕੇ ਹਨ। ਦੇਸ਼ ਦਾ 15ਵਾਂ ਪ੍ਰਧਾਨ ਮੰਤਰੀ ਨਰਿੰਦਰ ਦਮੋਦਰਦਾਸ ਮੋਦੀ ਤੇ ਉਸਦੀ ਟੀਮ ਸਹੁੰ ਚੁੱਕਣ ਉਪਰੰਤ ਆਪੋ ਆਪਣੇ ਮੰਤਰਾਲੇ ਸੰਭਾਲ ਚੁੱਕੀ ਹੈ।


ਨਵੀਂ ਸਰਕਾਰ ਦੇ ਮੰਤਰੀਆਂ ਤੇ ਰਾਜ ਮੰਤਰੀਆਂ ਦੇ ਜੀਵਨ ਵੇਰਵਿਆਂ ਤੇ ਪਹੁੰਚ ਦ੍ਰਿਸ਼ਟੀ ਦਾ ਰੰਗ-ਰੰਗ ਰੂਪ ਪੇਸ਼ ਕਰਨ ਹਿੱਤ ਸਭ ਸਮਾਚਾਰ ਪੱਤਰ ਨਵੇਂ ਨਵੇਲੇ ਚਿਹਰਿਆਂ ਨਾਲ ਭਰੇ ਪਏ ਹਨ। ਪੰਡਤ ਨਹਿਰੂ ਦੀ 50ਵੀਂ ਬਰਸੀ ਦਾ ਇਸ਼ਤਿਹਾਰ ਹਰਿਆਣਾ ਦੀ ਹੁਡਾ ਸਰਕਾਰ ਤੋਂ ਬਿਨਾ ਹੋਰ ਕਿਸੇ ਨੇ ਦਿੱਤਾ ਹੋਵੇ ਤਾਂ ਮੇਰੇ ਦੇਖਣ ਵਿਚ ਨਹੀਂ ਆਇਆ। ਮੇਰੇ ਕੋਲ ਉਤਰੀ ਭਾਰਤ ਦੇ ਸਾਰੇ ਪ੍ਰਮੁੱਖ ਪੱਤਰ ਆਉਂਦੇ ਹਨ। ਪੰਜਾਬੀ ਤੋਂ ਬਿਨਾਂ ਹਿੰਦੀ, ਉਰਦੂ ਤੇ ਅੰਗਰੇਜ਼ੀ ਵਾਲੇ ਵੀ ਨਵੀਂ ਦਿੱਲੀ ਤੋਂ ਸੱਤ ਸਾਲ ਪਹਿਲਾਂ ਪ੍ਰਕਾਸ਼ਤ ਹੋਏ ਅੰਗਰੇਜ਼ੀ ਦੇ ਰਿਸਾਲਾ ਰੂਪੀ ਪਰਚੇ 'ਮੇਲ ਟੂਡੇ' ਸਮੇਤ ਇਹ ਇਕੋ ਇੱਕ ਪਰਚਾ ਹੈ ਜਿਸ ਵਿਚ ਭਾਰਤ ਦੇ ਸੂਚਨਾ ਤੇ ਸੰਚਾਰ ਮੰਤਰਾਲੇ ਵੱਲੋਂ ਜਾਰੀ ਕੀਤਾ ਇਸ਼ਤਿਹਾਰ ਪੰਡਤ ਨਹਿਰੂ ਦੀ 50 ਵੀਂ ਵਰਸੀ ਸਮੇਂ ਗੰਭੀਰ ਮੁਦਰਾ ਵਿਚ ਬੈਠੇ ਪੰਡਤ ਨਹਿਰੂ ਦੀ ਤਸਵੀਰ ਦੇ ਨਾਲ ਉਸ ਦਾ ਪ੍ਰਧਾਨ ਮੰਤਰੀ ਵਜੋਂ ਨੌਜਵਾਨਾਂ ਲਈ ਦਿੱਤਾ ਸੰਦੇਸ਼ ਵੀ ਪੇਸ਼ ਕਰਦਾ ਹੈ, "ਅੱਜ ਦਾ ਦਿਨ ਦੇਸ਼ ਦੇ ਸਮੁੱਚੇ ਵਸਨੀਕਾਂ, ਖਾਸ ਕਰਕੇ ਯੁਵਕਾਂ ਲਈ, ਵੰਗਾਰ ਦਾ ਦਿਨ ਹੈ। ਅੱਜ ਭਾਰਤ ਮਾਂ ਹਰ ਪ੍ਰਾਣੀ ਕੋਲੋਂ ਇਹ ਵਚਨ ਮੰਗਦੀ ਹੈ ਕਿ ਉਹ ਇਕ ਜੁਟ ਹੋ ਕੇ ਆਪਣੀ ਮਾਤ ਭੂਮੀ ਦੇ ਨਵ-ਨਿਰਮਾਣ ਲਈ ਕੁੱਦ ਪੈਣ। ਖਾਸ ਕਰਕੇ ਯੁਵਾ ਪੀੜ੍ਹੀ।"

ਪ੍ਰਥਮ ਪ੍ਰਧਾਨ ਮੰਤਰੀ ਦੇ ਅਕਾਲ ਚਲਾਣੇ ਵਾਲੇ ਦਿਨ 15ਵਾਂ ਪ੍ਰਧਾਨ ਮੰਤਰੀ 13 ਸਾਲ ਦਾ ਸੀ। ਇਸ ਉਮਰੇ ਬੰਦਾ ਆਪਣੀ ਜਵਾਨੀ ਵਿਚ ਪੈਰ ਧਰਦਾ ਹੈ। ਉਪਰੋਕਤ ਵੰਗਾਰ ਉਹਦੇ ਉਤੇ ਦੂਜਿਆਂ ਨਾਲੋਂ ਵਧ ਲਾਗੂ ਹੁੰਦੀ ਹੈ। ਜੇ ਉਹ ਕਿਸੇ ਨਵ-ਨਿਰਮਾਣ ਨੂੰ ਪਰਨਾਏ ਸਮੂਹ ਦਾ ਮੈਂਬਰ ਹੈ ਤਾਂ ਹੋਰ ਵੀ ਵੱਧ। ਨਿਸਚੇ ਹੀ ਪੰਡਤ ਨਹਿਰੂ ਵੱਲੋਂ ਆਪਣੇ ਅਕਾਲ ਚਲਾਣੇ ਤੋਂ ਬਹੁਤ ਪਹਿਲਾਂ ਦਿੱਤਾ ਇਹ ਸੰਦੇਸ਼ 14 ਵਰ੍ਹੇ ਵਿਚ ਪੈਰ ਧਰਦੇ ਨੌਜਵਾਨ ਨਰਿੰਦਰ ਮੋਦੀ ਉਤੇ ਵੀ ਲਾਗੂ ਹੁੰਦਾ ਹੈ।

ਓਸ ਸੋਗੀ ਦਿਹਾੜੇ ਮੈਂ 30 ਵਰ੍ਹਿਆਂ ਦਾ ਸਾਂ ਅਤੇ ਨਵੀਂ ਦਿੱਲੀ ਵਿਚ ਭਾਰਤ ਸਰਕਾਰ ਦੇ ਕ੍ਰਿਸ਼ੀ ਮੰਤਰਾਲੇ ਵਿਚ ਨੌਕਰੀ ਕਰਦਾ ਸਾਂ। ਮੈਨੂੰ ਉਹ ਦਿਨ ਅੱਜ ਵੀ ਕੱਲ੍ਹ ਵਾਂਗ ਚੇਤੇ ਹੈ। ਦੇਸ਼ ਦੇ 15 ਵੇਂ ਪ੍ਰਧਾਨ ਮੰਤਰੀ ਵੱਲੋਂ ਵਾਗ ਡੋਰ ਸੰਭਾਲਣ ਸਮੇਂ ਉਸ ਦਿਨ ਵਾਲੀ ਵਾਰਤਾ ਸਾਂਝੀ ਕਰਨ ਨੂੰ ਜੀ ਕਰ ਆਇਆ ਹੈ।

ਬਾਰਾਂ ਇਕ ਵਜੇ ਦੁਪਹਿਰੇ ਮੈਂ ਪਟਿਆਲਾ ਤੋਂ ਦਿੱਲੀ ਵਾਲੀ ਬੱਸ ਵਿਚ ਬੈਠਾ ਸਾਂ। ਅੰਬਾਲੇ ਤੋਂ ਇਕ ਬੱਸ ਕੰਡਕਟਰ ਚੜ੍ਹਿਆ ਜਿਹੜਾ ਸਾਡੇ ਵਾਲੀ ਬੱਸ ਦੀਆਂ ਟਿਕਟਾਂ ਕੱਟਣ ਵਾਲੇ ਨਾਲ ਕਿਸੇ ਗਲੋਂ ਪਹਿਲਾਂ ਹੀ ਨਾਰਾਜ਼ ਸੀ ਤੇ ਗਰਮੀ ਵਿਚ ਆ ਗਿਆ। ਜਦੋਂ ਉਸਨੂੰ ਪਤਾ ਲਗਿਆ ਕਿ ਟਿਕਟ ਕੱਟਣ ਵਾਲਾ ਠੀਕ ਸੀ ਤਾਂ ਠੰਢਾ ਹੋ ਗਿਆ ਪੂਰਾ ਸ਼ਾਂਤ।

"ਤੈਨੂੰ ਪਤੈ ਪੰਡਤ ਨਹਿਰੂ ਚਲਾਣਾ ਕਰ ਗਏ" ਉਸ ਨੇ ਇੰਜ ਕਿਹਾ ਜਿਵੇਂ ਕੋਈ ਭੁੱਲੀ ਵਿਸਰੀ ਗੱਲ ਚੇਤੇ ਆ ਗਈ ਹੋਵੇ। ਉਸ ਦੇ ਮੂੰਹ ਤੋਂ ਇਹ ਵਾਕ ਨਿਕਲਣ ਦੀ ਦੇਰ ਸੀ ਕਿ ਪਲਾਂ ਛਿਣਾਂ ਵਿਚ ਪੰਡਤ ਨਹਿਰੂ ਦੇ ਅਕਾਲ ਚਲਾਣੇ ਦੀ ਖਬਰ ਬੱਸ ਦੇ ਡਰਾਈਵਰ ਤੱਕ ਵੀ ਪਹੁੰਚ ਗਈ। ਅੱਖ ਦੇ ਫੋਰ ਵਿਚ ਉਸ ਨੇ ਆਪਣਾ ਸੱਜਾ ਪੈਰ ਐਕਸੈਲਰੇਟਰ ਤੋਂ ਚੁੱਕਿਆ ਤੇ ਬੱਸ ਹੌਲੀ ਕਰਕੇ ਖੱਬੇ ਹੱਥ ਖੜੀ ਕਰ ਲਈ। ਬੱਸ ਦਾ ਡਰਾਈਵਰ ਦਾੜ੍ਹੀ-ਪਗੜੀ ਵਾਲਾ ਪੂਰਨ ਸਿੱਖ ਸੀ। ਬੱਸ ਦੀਆਂ ਸਵਾਰੀਆਂ ਆਪੋ ਵਿਚ ਕੀ ਗੱਲਾਂ ਕਰ ਰਹੀਆਂ ਸਨ ਉਸ ਨੇ ਸੁਣੀਆਂ ਜਾ ਨਹੀਂ ਪਰ ਦੋ ਕੁ ਮਿੰਟ ਦਾ ਮੌਨ ਧਾਰਨ ਉਪਰੰਤ ਉਸਨੇ ਆਪਣੇ ਮੱਥੇ ਉਤੇ ਹੱਥ ਫੇਰਿਆ ਤੇ ਬੱਸ ਮੁੜ ਸਟਾਰਟ ਕਰ ਲਈ। ਮੈਂ ਬਾਹਰ ਨਿਗ੍ਹਾ ਮਾਰੀ ਤਾਂ ਮੀਲ ਪੱਥਰ ਅਨੁਸਾਰ ਅਸੀਂ ਕੁਰੂਕਸ਼ੇਤਰ ਪਹੁੰਚਣ ਵਾਲੇ ਸਾਂ। ਖਬਰ ਸੁਣਨ ਤੋਂ ਪਿੱਛੋਂ ਡਰਾਈਵਰ ਨੇ ਬੱਸ ਦੀ ਰਫਤਾਰ ਪਹਿਲਾਂ ਨਾਲੋਂ ਧੀਮੀ ਹੀ ਰੱਖੀ। ਬੱਸ ਦੀ ਹਰ ਇਕ ਸਵਾਰੀ ਕੋਲ ਤੁਰ ਗਈ ਆਤਮਾ ਬਾਰੇ ਕੋਈ ਨਾ ਕੋਈ ਉਸਤਤੀ ਗਾਥਾ ਸੀ। ਇੱਕ ਬੰਦ ਹੁੰਦਾ ਸੀ ਤਾਂ ਦੂਜਾ ਬੋਲ ਪੈਂਦਾ। ਅਸੀਂ ਕਰਨਾਲ ਵਿਖੇ ਆਮ ਨਾਲੋਂ ਘਟ ਸਮਾਂ ਠਹਿਰ ਕੇ ਦਿੱਲੀ ਨੂੰ ਤੁਰ ਪਏ। ਡਰਾਈਵਰ ਬੜਾ ਧਿਆਨ ਨਾਲ ਗੱਡੀ ਚਲਾ ਰਿਹਾ ਸੀ। ਉਸ ਨੇ ਵੇਖ ਲਿਆ ਸੀ ਕਿ ਰਾਹ ਵਿਚ ਪੈਂਦੇ ਕਸਬਿਆਂ ਤੇ ਸ਼ਹਿਰਾਂ ਵਿਚ ਲੋਕ ਸੋਗ ਪਰਗਟ ਕਰਨ ਦੀ ਭਾਵਨਾ ਨਾਲ ਦੁਕਾਨਾਂ



*ਪੰਡਤ ਜਵਾਹਰ ਲਾਲ ਨਹਿਰੂ*

ਬੰਦ ਕਰਕੇ ਸੜਕ ਉਤੇ ਆ ਗਏ ਸਨ।

ਸਾਡੀ ਬੱਸ ਦੇ ਪਾਨੀਪਤ ਪਹੁੰਚਣ ਤੱਕ ਸੜਕ ਉਤੇ ਆਏ ਲੋਕਾਂ ਦੀ ਭੀੜ ਜਲੂਸ ਦਾ ਰੂਪ ਧਾਰਨ ਕਰ ਚੁੱਕੀ ਸੀ। ਇਸ ਵਿਚੋਂ ਬਸ ਲੰਘਾਉਣੀ ਔਖੀ ਸੀ। ਡਰਾਈਵਰ ਨੇ ਬੱਸ ਖੜੀ ਕਰ ਲਈ ਤੇ ਭੀੜ ਨੂੰ ਲਾਂਭੇ ਕਰਨ ਲਈ ਹਾਰਨ ਵਜਾ ਦਿੱਤਾ। ਭੀੜ ਵਿਚੋਂ ਕੁਝ ਬੰਦੇ ਡਰਾਈਵਰ ਨੂੰ ਉਸ ਦੀ ਸੀਟ ਤੋਂ ਥੱਲੇ ਖਿਚਦੇ ਹੋਏ ਉਚੀ ਉਚੀ ਕਹਿ ਰਹੇ ਸਨ, "ਪੰਡਤ ਜੀ ਸੁਰਗਵਾਸ ਹੋ ਗਏ ਨੇ ਤੇ ਤੈਨੂੰ ਹਾਰਨ ਵਜਾਉਣ ਦੀ ਪਈ ਹੋਈ ਏ।" ਬੱਸ ਦੀਆਂ ਸਵਾਰੀਆਂ ਡਰਾਈਵਰ ਦੇ ਬੱਸ ਖੜੀ ਕਰਕੇ ਮੌਨ ਧਾਰਨ ਤੋਂ ਏਨੀਆਂ ਪ੍ਰਭਾਵਤ ਸਨ ਕਿ ਮੈਂ ਤੇ ਮੇਰੇ ਵਰਗੇ ਦੋ ਚਾਰ ਹੋਰ ਗਭਰੂ ਡਰਾਈਵਰ ਦਾ ਪੱਖ ਪੂਰਨ ਲਈ ਥੱਲੇ ਉਤਰ ਕੇ ਭੀੜ ਵਲ ਨੂੰ ਵਧੇ। ਅਸੀਂ ਵੇਖਿਆ ਕਿ ਡਰਾਈਵਰ ਨਾਲ ਹੱਥੋ-ਪਾਈ ਕਰਨ ਵਾਲਿਆਂ ਵਿਚ ਸਭ ਤੋਂ ਅੱਗੇ ਇੱਕ ਸਿੱਖ ਹੀ ਸੀ। ਸਾਡੇ ਸਮਝਾਉਣ ਉਤੇ ਮਾਮਲਾ ਰਫਾ ਦਫਾ ਹੋ ਜਾਣਾ ਸੀ ਤੇ ਹੋ ਗਿਆ।

ਪਾਨੀਪਤ ਤੋਂ ਬਾਹਰ ਨਿਕਲ ਕੇ ਮੇਰਾ ਗੱਚ ਭਰ ਆਇਆ। ਬਹੁਤਾ ਏਸ ਲਈ ਕਿ ਉਨ੍ਹਾਂ ਦਿਨਾਂ ਵਿਚ ਕਿਸੇ ਕਾਰਨ ਹਰਿਆਣੇ ਵਾਲੇ ਆਨੀ ਬਹਾਨੀ ਸਿੱਖਾਂ ਦੇ ਗਲ ਪੈ ਰਹੇ ਸਨ। ਪੰਡਤ ਨਹਿਰੂ ਦੇ ਤੁਰ ਜਾਣ ਦੀ ਖਬਰ ਨੇ ਸਭਨਾਂ ਨੂੰ ਇਕ ਕਰ ਦਿੱਤਾ ਸੀ।

ਉਸ ਦਿਨ ਤੱਕ ਪੰਡਤ ਨਹਿਰੂ ਨੂੰ ਪ੍ਰਧਾਨ ਮੰਤਰੀ ਬਣਿਆ 17 ਸਾਲ ਹੋ ਚੁੱਕੇ ਸਨ। ਦੋ ਕੁ ਸਾਲ ਪਹਿਲਾਂ ਭਾਰਤ ਉਤੇ ਚੀਨ ਦੇ ਅਕਾਰਨ ਹਮਲੇ ਨੇ ਪੰਡਤ ਨਹਿਰੂ ਨੂੰ ਅੰਦਰੋਂ ਤੋੜ ਛੱਡਿਆ ਸੀ ਤਾਂ ਵੀ ਉਸ ਦੀ ਪ੍ਰਵਾਨਗੀ ਦਾ ਇਹ ਹਾਲ ਸੀ ਕਿ ਉਸ ਦੀ ਮੌਤ ਟੁੱਟਿਆਂ ਨੂੰ ਜੋੜਨ ਦੀ ਸਮਰਥਾ ਰਖਦੀ ਸੀ।

ਕਾਰਨ ਕੁਝ ਵੀ ਹੋਵੇ ਮਾਤਰ ਭੂਮੀ ਦੀ ਰਖਿਆ ਦੇ ਮੁਤਲਾਸ਼ੀ ਨਵੀਂ ਸਰਕਾਰ ਨੂੰ ਮਿਲੇ ਜਨਾਦੇਸ਼ ਤੋਂ ਨਹਿਰੂ ਸਰਕਾਰ ਵਰਗੇ ਨਤੀਜਿਆਂ ਦੀ ਆਸ ਰਖਦੇ ਹਨ। ਨਵੇਂ ਚਾਲਕਾਂ ਕੋਲ ਉਨ੍ਹਾਂ ਸਮਿਆਂ ਵਾਲੀ ਦਿਬ ਦ੍ਰਿਸ਼ਟੀ ਹੈ ਜਾਂ ਨਹੀਂ ਸਮੇਂ ਨੇ ਦੱਸਣਾ ਹੈ। ਸ਼ੁਭ ਚਿੰਤਕ ਭਲੇ ਦਿਨਾਂ ਦੀ ਆਸ ਵਿਚ ਬੈਠੇ ਹਨ। ਇਹ ਆਸ਼ਾ ਸੁਤੰਤਰ ਭਾਰਤ ਵਿਚ ਪੈਦਾ ਹੋਏ ਪ੍ਰਧਾਨ ਮੰਤਰੀ ਕੋਲੋਂ ਹੋਰ ਵੀ ਵੱਧ ਹੈ।

**ਜ਼ੁਲਫਿਕਾਰ ਖਾਨ ਦਾ ਸਨਮਾਨ:** ਦੈਨਿਕ ਭਾਸਕਰ ਨੇ ਚੰਡੀਗੜ੍ਹ ਵਿਚ ਆਪਣੀ ਚੌਧਵੀਂ ਵਰ੍ਹੇ ਗੰਢ ਮਨਾਉਂਦਿਆਂ ਸਾਹਿਤ, ਸਭਿਆਚਾਰ, ਕਲਾ, ਹੁਸਨ ਤੇ ਖੇਡਾਂ ਵਿਚ ਨਾਂ ਰੋਸ਼ਨ ਕਰਨ ਵਾਲੇ ਨੌਂ ਵਿਅਕਤੀਆਂ ਨੂੰ ਰਾਜਪਾਲ ਦੇ ਹੱਥੋਂ ਸਨਮਾਨ ਦਿਲਵਾਇਆ ਹੈ। ਉਨ੍ਹਾਂ ਵਿਚੋਂ ਜ਼ੁਲਫਿਕਾਰ ਖਾਨ ਦੀ ਪ੍ਰਾਪਤੀ ਵਿਲੱਖਣ ਹੈ। ਉਤਰ ਪ੍ਰਦੇਸ਼ ਦੇ ਹਰਦੋਈ ਸ਼ਹਿਰ ਤੋਂ 1986 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਥੀਏਟਰ ਦੀ ਐਮ ਏ ਕਰਨ ਆਏ ਇਸ ਨੌਜਵਾਨ ਦਾ ਧਿਆਨ ਬੂਟ ਪਾਲਿਸ਼ ਕਰਕੇ, ਰੱਦੀ ਵੇਚ ਕੇ, ਕੁਲੀਆਂ ਵਾਲੇ ਕੰਮ ਕਰਕੇ ਜਾਂ ਮੰਗ-ਤੰਗ ਕੇ ਗੁਜ਼ਾਰਾ ਕਰਨ ਵਾਲੇ ਬੱਚਿਆਂ ਨੇ ਆਪਣੇ ਵੱਲ ਖਿੱਚ ਲਿਆ।


ਗੋਲਡ ਮੈਡਲ ਲੈ ਕੇ ਥੀਏਟਰ ਦੀ ਐਮ. ਏ. ਕਰਨ ਵਾਲੇ ਜ਼ੁਲਫਿਕਾਰ ਨੇ ਇਕ ਸੰਘਣੇ ਰੁੱਖ ਦੀ ਛਾਵੇਂ ਉਨ੍ਹਾਂ ਨੂੰ ਪੜ੍ਹਾ ਕੇ ਨਾਟਕ ਕਰਨ ਦੀ ਜਾਚ ਦੱਸਣੀ ਸ਼ੁਰੂ ਕੀਤੀ। ਬੱਚਿਆਂ ਦੀ ਮਾਸੂਮੀਅਤ, ਬੇਬਸੀ ਤੇ ਕੁਝ ਕਰ ਸਕਣ ਦੀ ਭਾਵਨਾ ਨੇ ਉਸ ਨੂੰ ਏਨਾ ਮੋਹਿਆ ਕਿ ਉਸ ਨੇ ਮੁੰਬਈ ਦੀ ਫਿਲਮੀ ਦੁਨੀਆਂ ਵਿਚ, ਜਿਸ ਲਈ ਉਸਨੇ ਉਚੀ ਵਿਦਿਆ ਪ੍ਰਾਪਤ ਕੀਤੀ ਸੀ, ਜਾਣ ਦੀ ਥਾਂ ਇਨ੍ਹਾਂ ਵਿਚ ਹੀ ਰਚ ਮਿਚ ਕੇ ਰਹਿਣ ਦਾ ਫੈਸਲਾ ਕਰ ਲਿਆ। ਅਵਾਰਾ ਫਿਰਦੇ ਬੱਚਿਆਂ ਤੋਂ ਰੱਦੀ ਇਕੱਠੀ ਕਰਵਾ ਕੇ ਕਮਾਏ ਪੈਸਿਆਂ ਨਾਲ ਕਾਗਜ਼, ਕਲਮ, ਕਿਤਾਬਾਂ ਲਿਆਂਦੀਆਂ ਤਾਂ ਦੇਖਣ ਸੁਣਨ ਵਾਲਿਆਂ ਵੀ ਆਪਣਾ ਯੋਗਦਾਨ ਪਾਉਣਾ ਸ਼ੁਰੂ ਕਰ ਦਿੱਤਾ। ਸਰਕਾਰ ਨੇ ਇੱਕ ਇੱਕ ਕਰਕੇ ਪੰਜ ਕਮਰੇ ਬਣਾ ਦਿੱਤੇ। ਅੱਜ ਕਈ ਬੱਚੇ ਚੰਗੀ ਨੌਕਰੀ ਕਰ ਰਹੇ ਹਨ। ਉਹ ਵੀ ਕਿਸੇ ਨਾ ਕਿਸੇ ਰੂਪ ਵਿਚ ਸਕੂਲ ਦੀ ਸਹਾਇਤਾ ਕਰਦੇ ਹਨ। ਦੈਨਿਕ ਭਾਸਕਰ ਦੀ ਚੋਣ ਸਵਾਗਤ ਮੰਗਦੀ ਹੈ।

**ਅੰਤਿਕਾ:** (ਚਰਾਗ਼ ਹਸਨ ਹਸਰਤ)

ਇਕ ਇਸ਼ਕ ਕਾ ਗ਼ਮ ਆਫਤ
ਔਰ ਉਸ ਪੇ ਯੇ ਦਿਲ ਆਫਤ
ਯਾ ਗਮ ਨਾ ਦੀਆ ਹੋਤਾ,
ਯਾ ਦਿਲ ਨਾ ਦੀਆ ਹੋਤਾ।
ਉਮੀਦ ਤੋ ਬੰਧ ਜਾਤੀ,
ਤਸਕੀਨ ਤੋ ਹੋ ਜਾਤੀ
ਵਾਅਦਾ ਨਾ ਵਫ਼ਾ ਕਰਤੇ,
ਵਾਅਦਾ ਤੋ ਕੀਆ ਹੋਤਾ।

# ਲੋਕਾਂ ਦੇ ਗੀਤ ਤੇ ਸਭਿਆਚਾਰਕ ਕਾਮੇ

ਪੰਜਾਬੀ ਸੰਗੀਤ ਸਨਅਤ ਵਿਚ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਚੰਗੇ ਗੀਤ ਲੋਕਾਂ ਦੇ ਸਮਝ ਨਹੀਂ ਆਉਂਦੇ। ਇਸ ਕਰ ਕੇ ਚਾਲੂ ਬੋਲਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਇਹ ਆਪੂੰ ਬਣਾਇਆ ਤਰਕ ਉਦੋਂ ਬੁਲੰਦੀ ਉੱਤੇ ਪਹੁੰਚ ਜਾਂਦਾ ਹੈ ਜਦੋਂ ਕਹਿੰਦੇ ਕਹਾਉਂਦੇ ਪੜਚੋਲੀਏ ਵੀ ਇਸ ਤਰਕ ਦੇ ਹੱਕ ਵਿਚ ਭੁਗਤ ਜਾਂਦੇ ਹਨ। ਉਹ ਚਾਲੂ ਸੰਗੀਤ ਦਾ ਅਖੌਤੀ ਵਿਰੋਧ ਕਰਦੇ ਹੋਏ ਵੀ ਇਹ ਕਹਿ ਕੇ ਪਿੱਛਾ ਛੁਡਾ ਜਾਂਦੇ ਹਨ ਕਿ ਲੋਕ ਤਾਂ ਇਹੀ ਸੁਣਦੇ ਹਨ। ਜੇ ਲੋਕ ਅਜਿਹਾ ਕੁਝ ਨਾ ਸੁਣਨ, ਤਾਂ ਅਜਿਹੇ ਗੀਤ ਵੀ ਬੰਦ ਹੋ ਜਾਣਗੇ। ਲੋਕਾਂ ਨੂੰ ਕਸੂਰਵਾਰ ਠਹਿਰਾਉਣ ਦਾ ਰੁਝਾਨ ਜ਼ੋਰਾਂ ਉੱਤੇ ਹੈ। ਇਹ ਤਰਕ ਸਭ ਦੇ ਫਿੱਟ ਬੈਠਦਾ ਹੈ। ਬਜ਼ਾਰੂ ਗੀਤ ਗਾਉਣ ਵਾਲਿਆਂ ਦੇ ਵੀ ਅਤੇ ਪੜਚੋਲੀਆਂ ਦੇ ਵੀ।



**ਜਤਿੰਦਰ ਮੌਹਰ**
ਫੋਨ: 91-97799-34747

ਸੰਗੀਤ ਮੰਡੀ ਦੇ ਵਪਾਰੀ ਨਾ ਕੋਈ ਜ਼ਿੰਮੇਵਾਰੀ ਆਪ ਓਟਦੇ ਹਨ ਅਤੇ ਨਾ ਕੋਈ ਸੁਣਨ ਵਾਲੇ ਦੇ ਸਿਰ ਪਾਉਣੀ ਚਾਹੁੰਦੇ ਹਨ। ਉਨ੍ਹਾਂ ਦਾ ਮੁੱਖ ਮੁੱਦਾ ਤਾਂ ਦਮੜੇ ਇਕੱਠੇ ਕਰਨ ਤੱਕ ਮਹਿਦੂਦ ਹੁੰਦਾ ਹੈ। ਸਵਾਲ ਅਤੇ ਸੰਵਾਦ ਦੀ ਗੱਲ ਕਰਦੇ ਗੀਤ ਤਾਂ ਬਿਲਕੁਲ ਵੀ ਨਹੀਂ ਪੇਸ਼ ਕਰਨਾ ਚਾਹੁੰਦੇ। ਅਜਿਹੇ ਗੀਤਾਂ ਦੀ ਸੋਝੀ ਨਾਲ ਆਵਾਮ ਪਹਿਲਾ ਸਵਾਲ ਸੰਗੀਤ ਮੰਡੀ ਦੇ ਵਪਾਰੀਆਂ ਉੱਤੇ ਹੀ ਕਰੇਗੀ।

ਗੀਤ-ਸੰਗੀਤ ਮਨੁੱਖੀ ਰੂਹ ਦੀ ਖੁਰਾਕ ਹੈ। ਮਸਲਾ ਇਹ ਹੈ ਕਿ ਸੰਗੀਤ ਦੇ ਕਰਤਾ ਕੀ ਪਰੋਸ ਰਹੇ ਹਨ ਅਤੇ ਚਲੰਤ ਮੀਡੀਆ ਵਿਚ ਕਿਸ ਦੀ ਮਸ਼ਹੂਰੀ ਕੀਤੀ ਜਾ ਰਹੀ ਹੈ, ਜਾਂ ਫਿਰ ਕੌਣ ਵਧੇਰੇ ਪੈਸੇ ਖਰਚ ਕੇ ਆਪਣੀ ਸ਼ਕਲ ਲੋਕਾਂ ਨੂੰ ਦਿਖਾਈ ਜਾ ਰਿਹਾ ਹੈ। ਇਹ ਰੁਝਾਨ ਕਾਬਜ਼ ਜਮਾਤ ਦੇ ਹਮੇਸ਼ਾ ਸੂਤ ਬੈਠਦਾ ਹੈ। ਇਸ ਗੰਧਲੇ ਮਾਹੌਲ ਵਿਚ ਕੁਝ ਕਲਾਕਾਰ, ਜਥੇਬੰਦੀਆਂ ਅਤੇ ਹਕੂਕ ਲਈ ਜੂਝ ਰਹੇ ਲੋਕ ਇਸ ਧਾਰਨਾ ਨੂੰ ਭੰਨਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ ਕਿ ਲੋਕਾਂ ਨੂੰ ਗੀਤਾਂ ਵਿਚ ਪੇਸ਼ ਹੁੰਦੇ ਸਵਾਲ ਅਤੇ ਸੰਵਾਦ ਦੀ ਸਮਝ ਨਹੀਂ ਹੈ। ਉਹ ਕੋਸ਼ਿਸ਼ ਵਿਚ ਲੱਗੇ ਹੀ ਨਹੀਂ ਹੋਏ, ਸਗੋਂ ਆਪਣੇ ਵਿਚਾਰ ਦੇ ਸਹੀ ਹੋਣ ਦੀ ਪੁਸ਼ਟੀ ਵੀ ਕਰ ਰਹੇ ਹਨ। ਲੋਕਾਂ ਦਾ ਗੀਤ-ਸੰਗੀਤ ਲੋਕਾਂ ਵਿਚ ਮਸ਼ਹੂਰ ਵੀ ਹੋ ਰਿਹਾ ਅਤੇ ਉਨ੍ਹਾਂ ਦੀ ਜ਼ੁਬਾਨ ਉੱਤੇ ਵੀ ਹੈ। ਇਹ ਵੱਖਰੀ ਗੱਲ ਹੈ ਕਿ ਭਾਰੂ ਮੀਡੀਆ ਇਸ ਰੁਝਾਨ ਨੂੰ ਕੇਂਦਰ ਵਿਚ ਨਹੀਂ ਲਿਆਉਂਦਾ। ਜਗਸੀਰ ਜੀਦਾ ਪੰਜਾਬੀ ਚੇਤਨ ਦੀ ਅਹਿਮ ਆਵਾਜ਼ ਹੈ। ਉਹਦੇ ਗੀਤ ਅਤੇ ਬੋਲੀਆਂ ਸਮਕਾਲੀ ਪੰਜਾਬ ਦੇ ਹਾਲਾਤ ਨੂੰ ਅਵਾਮੀ ਪੈਂਤੜੇ ਤੋਂ ਪੇਸ਼ ਕਰਦੇ ਹਨ। ਉਹ ਰੁਝਾਨ ਨੂੰ ਹਾਦਸਿਆਂ ਰਾਹੀਂ ਫੜਦਾ ਹੈ। ਉਹ ਹਾਦਸੇ ਦੀ ਬਾਤ ਪਾਉਂਦਾ ਰੁਝਾਨ ਦੀ ਨੁਮਾਇੰਦਗੀ ਕਰਦੇ ਖਾਸੇ ਤੋਂ ਪਰ੍ਹੇ ਨਹੀਂ ਹੁੰਦਾ। ਜਗਸੀਰ ਜੀਦਾ ਦੱਸਦਾ ਹੈ, "ਗੁਰਸ਼ਰਨ ਭਾਜੀ ਕਹਿੰਦੇ ਹੁੰਦੇ ਸਨ ਕਿ ਹਾਦਸਿਆਂ ਨੂੰ ਕਦੇ ਵੀ ਆਪਣੇ ਕੋਲੋਂ ਹਵੇ ਦੇ ਬੁੱਲੇ ਵਾਂਗ ਲੰਘਣ ਨਹੀਂ ਦੇਣਾ ਚਾਹੀਦਾ। ਉਨ੍ਹਾਂ ਉੱਤੇ ਟਿੱਪਣੀ ਅਤੇ ਬਣਦੀ ਦਖ਼ਲ-ਅੰਦਾਜ਼ੀ ਲਾਜ਼ਮੀ ਕਰਨੀ ਚਾਹੀਦੀ ਹੈ।" ਹਾਦਸੇ ਹੀ ਵੱਡੇ ਰੁਝਾਨ ਦੀ ਨੁਮਾਇੰਦਗੀ ਕਰਦੇ ਹਨ। ਜਗਸੀਰ ਜੀਦਾ ਹਾਦਸਿਆਂ ਅਤੇ ਰੁਝਾਨ ਉੱਤੇ ਗੀਤਾਂ ਰਾਹੀਂ ਬਣਦੀ ਟਿੱਪਣੀ ਕਰਦਾ ਹੈ। ਮਿਸਾਲ ਵਜੋਂ:

ਹੋਜੀਂ ਪੰਥ ਤੋਂ ਨਾ ਬਾਗੀ ਜਥੇਦਾਰਾ,
ਵੇ ਪਿਉ-ਪੁੱਤ ਰੋਲ ਦੇਣਗੇ।
ਮੁੰਡਾ ਤਾਏ ਨਾ ਤੜਿੰਗ ਜਦੋਂ ਹੋ ਗਿਆ,
ਭਗਤ ਸਿਉਂ ਨੂੰ ਵਾਜਾਂ ਮਾਰਦਾ।
ਸਾਡੇ ਵਿਹੜਿਆਂ ਤੋਂ ਟੂਟੀਆਂ ਪਟਾ ਕੇ,
ਉਹ ਚੰਨ ਉੱਤੇ ਪਾਣੀ ਭਾਲਦੇ।
ਇੱਕੋ ਪਿੰਡ ਦੇ ਸੱਤਰ ਪਟਵਾਰੀ,
ਸਾਡੀ ਰੁਜ਼ਗਾਰ ਯੋਜਨਾ।
ਬਾਬੇ ਬੂਝੇ ਜਿਹਾ ਬੋਹੜ ਜਿਨ੍ਹਾਂ ਵੱਢਿਆ,
ਉਹ ਨੰਨ੍ਹੀ ਛਾਂ ਦੇ ਰੁੱਖ ਵੰਡਦੇ।

...

ਧਣੀਆਂ ਧਣੀਆਂ ਧਣੀਆਂ
ਕੀ ਦੱਸਾਂ ਦਿਲ ਫੋਲ ਕੇ
ਸਾਡੀ ਜਿੰਦ ਉੱਤੇ ਕੀ-ਕੀ ਬਣੀਆਂ।
ਸੱਧਰਾਂ ਕਰੰਡ ਹੋ ਗਈਆਂ
ਉੱਤੋਂ ਪੈਗੀਆਂ ਪੱਛੋਂ ਦੀਆਂ ਕਣੀਆਂ।

...

ਕੀ ਸੁਰਗਾਂ ਤੋਂ ਲੈਣਾ ਏਂ
ਧਰਤੀ ਸੰਵਾਰੋਂ ਆਪਣੀ
ਜਿੱਥੇ ਜਿਉਂਦਿਆਂ ਨੇ ਰਹਿਣਾ ਏਂ
ਜਿੱਥੇ ਬੰਦਿਆਂ ਨੇ ਰਹਿਣਾ ਏਂ।
ਸਾਡੇ ਹਾਕਮ ਸਾਊ ਨੇ
ਪਹਿਲਾਂ ਸੀ ਜ਼ਮੀਨ ਵਿਕਦੀ
ਹੁਣ ਪਿੰਡ ਵਿਕਾਊ ਨੇ।
ਹਰ ਰੰਗ 'ਚ ਲੁਟੇਰੇ ਨੇ
ਬਣਨੇ ਸਕੂਲ ਚਾਹੀਦੇ
ਜਿੱਥੇ ਬਾਬਿਆਂ ਦੇ ਡੇਰੇ ਨੇ।

...

ਚਰਖੀ ਲੋਹੇ ਦੀ ਲੋਕਾ
ਵੇ ਚਰਖੀ ਲੋਹੇ ਦੀ ਲੋਕਾ
ਵੇ ਸੂਤ ਇਸ ਕੱਤਿਆ ਸੀ
ਢਾਕੇ ਦੀ ਮਲਮਲ ਦਾ।
ਵੇ ਗਾਥਾ ਦੱਸਦੀ ਏ
ਜ਼ੁਲਮ ਦੇ ਹੋਏ ਦੀ ਲੋਕਾ
ਵੇ ਚਰਖੀ ਲੋਹੇ ਦੀ ਲੋਕਾ।
ਦੂਰ ਦਿਆ ਸੱਜਣਾ ਵੇ
ਜੋ ਬੀਤੀ ਤੇਰੇ 'ਤੇ
ਇੰਝ ਪਿਆ ਲਗਦਾ ਏ
ਬੀਤ ਰਹੀ ਮੇਰੇ 'ਤੇ।
ਵਾਜ ਉਹ ਸੁਣਦੀ ਏ
ਸੱਜਣ ਤੇਰੇ ਰੋਏ ਦੀ ਲੋਕਾ
ਵੇ ਚਰਖੀ ਲੋਹੇ ਦੀ ਲੋਕਾ।

ਅਮਰਜੀਤ ਪਰਦੇਸੀ ਅਤੇ ਸਵਰਨ ਸਿੰਘ ਰਸੂਲਪੁਰ ਕਵੀਸ਼ਰੀ ਰਾਹੀਂ ਇਤਿਹਾਸ ਅਤੇ ਸਮਕਾਲ ਦਾ ਸੰਵਾਦ ਰਚਾਉਂਦੇ ਹਨ। ਗੁੰਡੇ ਕਾਤਲਾਂ ਹੱਥੋਂ ਮਾਰੀ ਗਈ ਬੀਬੀ ਕਿਰਨਜੀਤ ਕੌਰ ਮਹਿਲ ਕਲਾਂ ਨੂੰ ਇਨਸਾਫ਼ ਦਿਵਾਉਣ ਲਈ ਲੜੇ ਗਏ ਸੰਗਰਾਮ ਵਿਚ ਰਸੂਲਪੁਰੀਆਂ ਦੇ ਬੋਲ ਗੂੰਜਦੇ ਹਨ। ਇਹ ਲੋਕ-ਘੋਲ ਗੁੰਡਾ-ਪੁਲਿਸ-ਸਿਆਸੀ-ਅਦਾਲਤੀ ਗੱਠਜੋੜ ਦੇ ਵਿਰੁੱਧ ਲੜਿਆ ਗਿਆ ਸ਼ਾਨਾਮੱਤਾ ਸੰਗਰਾਮ ਸੀ। ਲੋਕ-ਸੱਥਾਂ ਵਿਚ ਰਸੂਲਪੁਰੀਆਂ ਦੀ ਬੁਲੰਦ ਆਵਾਜ਼ ਗੂੰਜਦੀ ਹੈ:

ਲਾਲ ਕਿਲ੍ਹੇ ਦੇ ਮੂਹਰੇ
ਜੇ ਚਮਕੌਰ ਗੜ੍ਹੀ ਝੁਕ ਜਾਂਦੀ।
ਰਾਤਾਂ ਤੋਂ ਡਰਦੇ ਮਾਰੇ
ਗੱਲ ਮਾਛੀਵਾੜੇ ਮੁੱਕ ਜਾਂਦੀ।
ਆਹ ਦੀਨੇ ਦੇ ਵਿਚ ਜਿੱਤਨਾਮੇ ਨੂੰ
ਕੌਣ ਰਚਾਉਂਦਾ ਲੋਕਾ।
ਜਬਰ ਅੱਗੇ ਨਹੀਂ ਸਬਰ ਕਰੀਦਾ
ਪਰਵਾਨਿਆਂ ਦਾ ਹੋਕਾ।
ਜੱਜ ਦੀ ਕੁਰਸੀ ਝੂਠ ਚੜ੍ਹ ਗਿਆ
ਸੱਚ ਕਿਉਂ ਖੜ੍ਹਾ ਕਟਹਿਰੇ।
ਬੋਹਲ ਕਿਰਤ ਦੇ ਸੁੰਨੇ ਲੱਗਣ
ਚੋਰਾਂ ਦੇ ਘਰ ਪਹਿਰੇ।
ਇੱਕ ਦੁਨੀਆਂ ਦੇ ਕੁੱਲ ਰਸ ਪੀਂਦਾ
ਇੱਕ ਨੂੰ ਪਾਣੀ ਫੋਕਾ।
ਜਬਰ ਅੱਗੇ ਨੀ ਸਬਰ ਕਰੀਦਾ
ਪਰਵਾਨਿਆਂ ਦਾ ਹੋਕਾ।

> *ਗੀਤ-ਸੰਗੀਤ ਮਨੁੱਖੀ ਰੂਹ ਦੀ ਖੁਰਾਕ ਹੈ। ਮਸਲਾ ਇਹ ਹੈ ਕਿ ਸੰਗੀਤ ਦੇ ਕਰਤਾ ਕੀ ਪਰੋਸ ਰਹੇ ਹਨ ਅਤੇ ਚਲੰਤ ਮੀਡੀਆ ਵਿਚ ਕਿਸ ਦੀ ਮਸ਼ਹੂਰੀ ਕੀਤੀ ਜਾ ਰਹੀ ਹੈ, ਜਾਂ ਫਿਰ ਕੌਣ ਵਧੇਰੇ ਪੈਸੇ ਖਰਚ ਕੇ ਆਪਣੀ ਸ਼ਕਲ ਲੋਕਾਂ ਨੂੰ ਦਿਖਾਈ ਜਾ ਰਿਹਾ ਹੈ। ਇਹ ਰੁਝਾਨ ਕਾਬਜ਼ ਜਮਾਤ ਦੇ ਹਮੇਸ਼ਾ ਸੂਤ ਬੈਠਦਾ ਹੈ। ਇਸ ਗੰਧਲੇ ਮਾਹੌਲ ਵਿਚ ਕੁਝ ਕਲਾਕਾਰ, ਜਥੇਬੰਦੀਆਂ ਅਤੇ ਹਕੂਕ ਲਈ ਜੂਝ ਰਹੇ ਲੋਕ ਇਸ ਧਾਰਨਾ ਨੂੰ ਭੰਨਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ ਕਿ ਲੋਕਾਂ ਨੂੰ ਗੀਤਾਂ ਵਿਚ ਪੇਸ਼ ਹੁੰਦੇ ਸਵਾਲ ਅਤੇ ਸੰਵਾਦ ਦੀ ਸਮਝ ਨਹੀਂ ਹੈ। ਉਹ ਕੋਸ਼ਿਸ਼ ਵਿਚ ਲੱਗੇ ਹੀ ਨਹੀਂ ਹੋਏ, ਸਗੋਂ ਆਪਣੇ ਵਿਚਾਰ ਦੇ ਸਹੀ ਹੋਣ ਦੀ ਪੁਸ਼ਟੀ ਵੀ ਕਰ ਰਹੇ ਹਨ। ਲੋਕਾਂ ਦਾ ਗੀਤ-ਸੰਗੀਤ ਲੋਕਾਂ ਵਿਚ ਮਸ਼ਹੂਰ ਵੀ ਹੋ ਰਿਹਾ ਅਤੇ ਉਨ੍ਹਾਂ ਦੀ ਜ਼ੁਬਾਨ ਉੱਤੇ ਵੀ ਹੈ। ਇਹ ਵੱਖਰੀ ਗੱਲ ਹੈ ਕਿ ਭਾਰੂ ਮੀਡੀਆ ਇਸ ਰੁਝਾਨ ਨੂੰ ਕੇਂਦਰ ਵਿਚ ਨਹੀਂ ਲਿਆਉਂਦਾ।*





*ਜਗਦੀਸ਼ ਪਾਪੜਾ (ਖੱਬੇ) ਰਿਕਾਰਡਿੰਗ ਸਮੇਂ ਅਤੇ ਪ੍ਰੋਗਰਾਮ ਪੇਸ਼ ਕਰ ਰਿਹਾ ਜਗਸੀਰ ਜੀਦਾ।*

ਲੋਕ-ਗਾਇਕ ਜਗਦੀਸ਼ ਪਾਪੜਾ ਅਤੇ ਉਨ੍ਹਾਂ ਦੇ ਸਾਥੀਆਂ ਦੀ ਟੋਲੀ 'ਮਾਲਵਾ ਹੇਕ' ਪੰਜਾਬੀ ਬੰਦੇ ਦੀ ਕੁਦਰਤ-ਪੱਖੀ ਗੀਤਾਂ ਨਾਲ ਸਾਂਝ ਪੁਆਉਂਦੀ ਹੈ।

ਪੀ ਬੋਤਲ ਦਾ ਪਾਣੀ
ਨਾ ਹਾਕਾਂ ਮਾਰ ਗ਼ੁਲਾਮੀ ਨੂੰ
ਪੰਜ ਦਰਿਆ ਦੀ ਧਰਤੀ
ਇੱਕ ਦਿਨ ਤਰਸੂ ਪਾਣੀ ਨੂੰ।

ਬਾਬੇ ਗੁਰਸ਼ਰਨ ਨੇ ਉਸਾਰੂ ਅਤੇ ਲੋਕ-ਪੱਖੀ ਗੀਤਾਂ ਨੂੰ ਅਵਾਮ ਸਾਹਮਣੇ ਲਿਆਉਣ ਦਾ ਅਹਿਮ ਉਪਰਾਲਾ ਕੀਤਾ। ਪੰਜਾਬ ਲੋਕ ਸਭਿਆਚਾਰ ਮੰਚ (ਪਲਸ ਮੰਚ) ਲਗਾਤਾਰ ਉਸਾਰੂ ਗੀਤਾਂ ਦੀਆਂ ਲੜੀਆਂ ਲੋਕਾਂ ਸਨਮੁੱਖ ਪੇਸ਼ ਕਰਦਾ ਰਿਹਾ ਹੈ। ਪਿਛਲੇ ਸਾਲ ਗ਼ਦਰ ਸ਼ਤਾਬਦੀ ਮੌਕੇ ਪੇਸ਼ ਕੀਤੀਆਂ ਸੀਡੀਜ਼ 'ਗ਼ਦਰੀ ਗੂੰਜਾਂ' ਅਤੇ 'ਗੂੰਜਾਂ ਗ਼ਦਰ ਦੀਆਂ' ਹਜ਼ਾਰਾਂ ਦੀ ਗਿਣਤੀ ਵਿਚ ਵਿਕੀਆਂ। ਲੋਕ-ਪੱਖੀ ਸੰਗੀਤ ਨੂੰ ਸਮਰਪਤ ਲੋਕ ਸੰਗੀਤ ਮੰਡਲੀ ਭਦੌੜ, ਧੌਲਾ ਬਠਿੰਡਾ ਅਤੇ ਛਾਜਲੀ ਸਰਗਰਮ ਸੰਗੀਤ ਟੋਲੀਆਂ ਹਨ। 'ਦਸਤਕ' ਟੋਲੀ ਹਿੰਦੀ-ਪੰਜਾਬੀ ਗੀਤ ਗਾਉਂਦੀ ਹੈ। ਸੰਤ ਰਾਮ ਉਦਾਸੀ, ਪਾਸ਼ ਅਤੇ ਜੈਮਲ ਸਿੰਘ ਪੱਡਾ ਦੀ ਸ਼ਾਇਰੀ ਲਗਾਤਾਰ ਗਾਈ ਜਾ ਰਹੀ ਹੈ। ਪਲਸ ਮੰਚ ਦੀ ਪੇਸ਼ਕਸ਼ 'ਜ਼ਿੰਦਗੀ ਦੇ ਗੀਤ' ਲੋਕ-ਸੰਗੀਤ ਦਾ ਹਾਸਲ ਹੈ। ਇਸ ਕੈਸਟ ਦੇ ਦੋ ਗੀਤ, ਗੀਤਾਂ ਦੀਆਂ ਧਾਰਨਾਵਾਂ ਬਾਰੇ ਹਨ। ਇਹ ਪੰਜਾਬੀ ਦੇ ਬਿਹਤਰੀਨ ਗੀਤ ਹਨ। ਮਲਕੀਤ ਸਿੰਘ ਅਲਕੜਾ ਦਾ ਲਿਖਿਆ ਗੀਤ ਇਉਂ ਹੈ:

ਸੱਜਣਾ ਪਿਆਰਿਆ ਜੇ ਗੀਤ ਤੂੰ ਲਿਖਣ ਲੱਗੈਂ
ਲਿਖੀ ਤੂੰ ਮਨੁੱਖਤਾ ਦਾ ਹਾਲ ਵੇ।
ਉੱਚੀਆਂ ਪਹਾੜੀਆਂ ਦੀ ਟੀਸੀ ਨੂੰ ਖਿਆਲ ਛੂਹੇ
ਨਦੀਆਂ ਦੀ ਹੋਵੇ ਚਾਲ-ਢਾਲ ਵੇ।

...

ਦੂਜਾ ਗੀਤ ਸੁਰਜੀਤ ਜੱਜ ਦਾ ਲਿਖਿਆ ਹੈ:

ਸਾਨੂੰ ਜ਼ਿੰਦਗੀ ਦੇ ਗੀਤ ਸਦਾ ਹੀ ਪਿਆਰੇ ਰਹਿਣਗੇ।
ਸਾਡੇ ਵਿਹੜਿਆਂ 'ਚ ਹੱਸਦੇ ਹੁੰਗਾਰੇ ਰਹਿਣਗੇ।
ਏਥੇ ਗੁੱਡੀਆਂ ਪਟੋਲਿਆਂ ਦਾ ਗੀਤ ਵੀ ਰਹੂ,
ਸੂਹੇ ਚੂੜਿਆਂ ਦਾ ਸੁੱਚਾ ਸੰਗੀਤ ਵੀ ਰਹੂ।
ਜਿਹੜੀ ਵੰਝਲੀ ਤਰੇੜ ਤੁਸੀਂ ਖੁਸ਼ ਹੋ ਰਹੇ,
ਉਹਦਾ ਬੋਲ ਸਾਡੇ ਸਾਹੀਂ ਸੁਰਜੀਤ ਵੀ ਰਹੂ।
ਸਾਨੂੰ ਛਾਵਾਂ ਦੇ ਵਿਗੋਚੇ ਦੇ ਕੇ ਚਾਹੇ ਥੋੜ੍ਹਨਾ,
ਏਥੇ ਨਿੱਤ ਨਵੇਂ ਫੁੱਟਦੇ ਪੁੰਗਾਰੇ ਰਹਿਣਗੇ।
ਸਾਨੂੰ ਜ਼ਿੰਦਗੀ ਦੇ ਗੀਤ...
ਸੂਹੇ ਸਾਲੂ, ਫੁਲਕਾਰੀਆਂ ਤੇ ਬਾਗ ਰਹਿਣਗੇ,
ਟੱਪੇ, ਬੋਲੀਆਂ ਤੇ ਘੋੜੀਆਂ ਸੁਹਾਗ ਰਹਿਣਗੇ।
ਗਿੱਧਾ, ਭੰਗੜਾ, ਝੂੰਮਰ, ਸੰਮੀ, ਕਿੱਕਲੀ, ਧਮਾਲ,
ਲਾਉਂਦੇ ਪੈਰਾਂ ਨੂੰ ਮੁਹੱਬਤਾਂ ਦੀ ਜਾਗ ਰਹਿਣਗੇ।
ਗੁੱਸੇ, ਗਿਲੇ, ਹਾਸੇ, ਰੋਸੇ ਤੇ ਮਨੌਤਾਂ ਜੀਣ ਲਈ,
ਸਾਡੇ ਕੋਲ ਸਾਡੇ ਸੱਜਣਾਂ ਦੇ ਲਾਰੇ ਰਹਿਣਗੇ।
ਸਾਨੂੰ ਜ਼ਿੰਦਗੀ ਦੇ ਗੀਤ...
ਤੁਸੀਂ ਅੰਬਰਾਂ ਨੂੰ ਵੰਡਣਾ ਏਂ ਵੰਡੇ ਜਾਣਗੇ,
ਮਾਂ ਦਿਆਂ ਹੌਕਿਆਂ ਨੂੰ ਭੰਡਣਾ ਏ ਭੰਡੇ ਜਾਣਗੇ।
ਲੀਕਾਂ ਧਰਤੀ ਦੀ ਹਿੱਕ ਉੱਤੇ ਵਾਹੁਣ ਦੇ ਲਈ,
ਖੁੰਡੇ ਨੇਜ਼ਿਆਂ ਨੂੰ ਚੰਡਣਾ ਏ ਚੰਡੇ ਜਾਣਗੇ।
ਕਿੱਥੋਂ ਕਿੱਥੋਂ ਤਕਸੀਮ ਸਾਨੂੰ ਕਰੋਗੇ ਅਸੀਂ ਤਾਂ,
ਉਹ ਹਵਾ ਹਾਂ ਜਿਹਦੇ, ਹਰ ਥਾਂ ਹੁਲਾਰੇ ਰਹਿਣਗੇ।
ਸਾਨੂੰ ਜ਼ਿੰਦਗੀ ਦੇ ਗੀਤ...
ਸਾਡੇ ਜ਼ੱਰੇ ਜ਼ੱਰੇ ਵਿਚ ਹੈ ਉਮੰਗ ਜੀਣ ਦੀ,
ਹਰ ਹੀਲੇ ਹਰ ਹਾਲ ਹਰ ਰੰਗ ਜੀਣ ਦੀ।
ਰੋਕੂ ਅੱਥਰਾ ਸਮਾਂ ਕੀ ਸੁਰਜੀਤ ਹੋਣ ਤੋਂ,
ਸਾਡੇ ਟੁੱਟੇ ਸਾਜ਼ ਵਿਚ ਵੀ ਤਰੰਗ ਜੀਣ ਦੀ।
ਜਿੰਨੀ ਮਰਜ਼ੀ ਉਡਾਉ ਤੁਸੀਂ ਵਹਿਸ਼ਤਾਂ ਦੀ ਧੂੜ,
ਕੇਸ ਜ਼ਿੰਦਗੀ ਦੇ ਫੇਰ ਵੀ ਸੁਆਰੇ ਰਹਿਣਗੇ,
ਸਾਨੂੰ ਜ਼ਿੰਦਗੀ ਦੇ ਗੀਤ ਸਦਾ ਹੀ ਪਿਆਰੇ ਰਹਿਣਗੇ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦੇ ਲਿਖੇ ਗੀਤਾਂ ਦੀ 'ਜਾਗੋ' ਸਾਡੇ ਸਮਿਆਂ ਦੀ ਅਹਿਮ ਪੇਸ਼ਕਾਰੀ ਹੈ। ਇਨ੍ਹਾਂ ਗੀਤਾਂ ਨੂੰ ਨਵਦੀਪ ਧੌਲਾ, ਜਸਵੰਤ ਦੀਵਾਨਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਗਾਇਆ ਹੈ। ਇਹ ਗੀਤ ਲੋਕ-ਨਾਬਰੀ ਦਾ ਬਿੰਬ ਹਨ ਅਤੇ ਮਨੁੱਖ ਦੀ ਬਿਹਤਰ ਜ਼ਿੰਦਗੀ ਲਈ ਲੜੇ ਜਾ ਰਹੇ ਸਮਕਾਲੀ ਲੋਕ-ਸੰਗਰਾਮ ਦਾ ਝਲਕਾਰਾ ਹਨ। ਵੰਨਗੀ ਦੇਖੋ:

ਦਫ਼ਾ ਇਹ ਚੁਤਾਲੀ ਪਿੰਡ-ਪਿੰਡ ਮੜ੍ਹਦੇ,
ਸਾਹ ਲੈਣ ਉੱਤੇ ਵੀ ਪਾਬੰਦੀ ਜੜ੍ਹਦੇ।
ਰਾਜ ਭਾਗ ਡੰਡੇ ਮਾਰੇ ਬੁੱਢੀ ਮਾਂ ਦੇ,
ਤਣੀਆਂ ਬੰਦੂਕਾਂ ਦੇਖੋ ਨੰਨ੍ਹੀ ਛਾਂ 'ਤੇ।
ਮੰਗ ਪੱਤਰਾਂ ਤੋਂ ਏਨੇ ਹਾਕਮ ਡਰੇ,
ਛਾਪਾਮਾਰੀ ਕੀਤੀ ਸਾਡੇ ਆਣ ਕੇ ਘਰੇ।
ਭਾਵੇਂ ਰੋਕਾਂ ਮੜ੍ਹੀਆਂ ਬਠਿੰਡੇ ਸ਼ਹਿਰ 'ਤੇ,
ਚੜ੍ਹਗੀ ਜਵਾਨੀ ਦੇਖੋ ਲੋਕ ਲਹਿਰ 'ਤੇ।
ਪਿੰਡਾਂ ਦੀਆਂ ਕੰਧਾਂ ਉੱਤੇ ਲਿਖ ਲਾ ਦਿਉ,
ਪਿੰਡਾਂ ਨੂੰ ਜਗਾਉ ਪਿੰਡਾਂ ਨੂੰ ਹਿਲਾ ਦਿਉ।
ਸੰਗਤਾਂ ਦੇ ਦਰਸ਼ਨ ਓਹਲਾ ਪਰਦਾ,
ਡੰਡਿਆਂ ਦੇ ਨਾਲ ਰਾਜ ਸੇਵਾ ਕਰਦਾ।
ਕਰਜ਼ੇ ਦੇ ਮਾਰੇ ਲੋਕੀ ਮੰਗ ਕਰਦੇ,
ਕਿਹਦੇ ਕੋਲ ਦੱਸੀਏ ਜੀ ਦੁੱਖ ਘਰ ਦੇ।
ਨਾਕਾਬੰਦੀ ਕਰਦੇ ਨੇ ਪਿੰਡ-ਪਿੰਡ ਦੀ,
ਭੰਨ ਦੇਣੀ ਲੋਕਾਂ ਹਾਕਮਾਂ ਦੀ ਹਿੰਡ ਜੀ।
ਲੋਕਾਂ ਨਾਲ ਜਿਹਨੇ ਵੀ ਹੈ ਮੱਥਾ ਲਾ ਲਿਆ,
ਜਿੱਤ ਜਾਂਦੇ ਲੋਕ ਜਾਬਰਾਂ ਨੂੰ ਢਾਹ ਲਿਆ।
ਹੱਕ ਦੇ ਨਗਾਰੇ ਉੱਤੇ ਚੋਟ ਲਾ ਦਿਉ,
ਪਿੰਡਾਂ ਨੂੰ ਜਗਾਉ ਪਿੰਡਾਂ ਨੂੰ ਹਿਲਾ ਦਿਉ।

...

ਬਾਜ਼ੀ ਮਾਰ ਗਿਆ ਬਠਿੰਡੇ ਵਾਲਾ ਮੋਰਚਾ
ਹਾਕਮਾਂ ਦੇ ਹੋਸ਼ ਉੱਡਗੇ।
ਨਹੀਉਂ ਰਫਲਾਂ ਰੱਖਣ ਦੇ ਸ਼ੌਕੀ
ਬਠਿੰਡੇ ਵਾਲੇ ਅਕਲਾਂ ਭਰੇ।
ਜੱਥੇ ਔਰਤਾਂ ਦੇ ਪਿੰਡ-ਪਿੰਡ ਚੱਲ ਪਏ
ਮਰਦਾਂ ਪਕਾਈਆਂ ਰੋਟੀਆਂ।
ਪਾਣੀ ਬਾਦਲਾਂ 'ਤੇ ਬੱਦਲਾਂ ਦਾ ਮੁੱਕਿਆ
ਲੋਕੀਂ ਵਰ੍ਹੇ ਮੀਂਹ ਬਣ ਕੇ।
ਸੋਚ ਘੋਲਾਂ 'ਚ ਕਪਾਹ ਵਾਂਗੂ ਖਿੜਦੀ
ਕਰੇ ਨਾ ਚਿੱਤ ਘਰ ਜਾਣ ਨੂੰ।

'ਜਾਗੋ' ਵਿਚ ਕਿਰਤੀਆਂ ਦੇ ਹੱਕਾਂ ਲਈ ਲੜਦੇ ਸ਼ਹੀਦ ਹੋਏ ਸਾਧੂ ਸਿੰਘ ਤਖ਼ਤੂਪੁਰਾ ਨੂੰ ਸਮਰਪਤ ਗੀਤ ਉਨ੍ਹਾਂ ਵਰਗੇ ਹੋਰ ਜੁਝਾਰੂਆਂ ਦੀ ਘਾਲਣਾ ਅਤੇ ਵਿਰਸੇ ਦੀ ਵੀ ਬਾਤ ਪਾਉਂਦੇ ਹਨ:

ਲੋਕਾਂ ਲਈ ਸੁਭਾਉ ਦਾ ਸਾਧੂ ਸੀ
ਪਰ ਦੁਸ਼ਮਣ ਲਈ ਤਲਵਾਰ ਜਿਹਾ।
ਹੈ ਤੁਖ਼ਮ ਮਿਟਾਉਣਾ ਜਾਬਰ ਦਾ
ਤੂੰ ਮਰ ਕੇ ਵੀ ਲਲਕਾਰ ਰਿਹਾ।
ਤੇਰੇ ਕਾਤਲ ਵਹਿਸ਼ੀ ਲਾਣੇ ਨੂੰ
ਧੂਅ ਸੱਥਾਂ ਵਿਚ ਲਿਆਵਾਂਗੇ।
ਤੇਰੇ ਖ਼ੂਨ 'ਚ ਰੰਗੀ ਧਰਤੀ 'ਤੇ
ਅਸੀਂ ਬੰਨ੍ਹ ਕਾਫ਼ਲੇ ਆਵਾਂਗੇ।
ਤੇਰੇ ਸੁਪਨੇ ਬੀਜ ਕੇ ਧਰਤੀ 'ਤੇ
ਧਰਤੀ ਨੂੰ ਸਵਰਗ ਬਣਾਵਾਂਗੇ।

...

ਅਸੀਂ ਝੋਨੇ, ਕਣਕ, ਕਪਾਹਾਂ ਦੀ
ਖੇਤੀ ਤਾਂ ਕਰ ਕੇ ਦੇਖ ਲਈ।
ਅਸੀਂ ਬੈਂਕਾਂ ਸ਼ਾਹੂਕਾਰਾਂ ਦੇ
ਪੱਗ ਪੈਰੀਂ ਧਰ-ਧਰ ਦੇਖ ਲਈ।
ਤੂੰ ਸਾਨੂੰ ਜੀਣਾ ਦੱਸ ਗਿਆ
ਪੱਗ ਜਾਬਰ ਦੇ ਗਲ ਪਾਵਾਂਗੇ।
ਤੇਰੇ ਖ਼ੂਨ 'ਚ ਰੰਗੀ ਧਰਤੀ 'ਤੇ
ਅਸੀਂ ਬੰਨ੍ਹ ਕਾਫ਼ਲੇ ਆਵਾਂਗੇ।

ਇਨ੍ਹਾਂ ਗਾਇਕਾਂ ਅਤੇ ਗੀਤਕਾਰਾਂ ਦੀ ਪੰਜਾਬੀ ਸਮਾਜ, ਲੋਕਧਾਰਾ ਅਤੇ ਲੋਕ-ਬੋਲੀ ਬਾਬਤ ਸਮਝ ਅਤੇ ਪਕੜ ਕਮਾਲ ਦੀ ਹੈ। ਹਨੇਰਿਆਂ 'ਚ ਦੀਵੇ ਬਾਲਣ ਵਰਗੇ ਇਹ ਗੀਤ ਪੰਜਾਬ ਦੀ ਸੁਹਿਰਦ ਆਵਾਜ਼ ਹਨ। ਇਹ ਆਵਾਜ਼ ਘੱਟ-ਗਿਣਤੀ ਵਿਚ ਬੇਸ਼ੱਕ ਹੋਵੇ, ਪਰ ਪੰਜਾਬੀਆਂ ਦੇ ਚੇਤਨ ਦੀ ਆਵਾਜ਼ ਹੈ। ਇਹ ਆਵਾਜ਼ ਇਸ ਵਿਚਾਰ ਦਾ ਅਟੁੱਟ ਯਕੀਨ ਹੈ ਕਿ ਕਿਸੇ ਵੀ ਹਾਂ-ਪੱਖੀ ਤਬਦੀਲੀ ਲਈ ਸਭ ਤੋਂ ਵੱਡੀ ਤਾਕਤ ਲੋਕ ਹੁੰਦੇ ਹਨ। ਇਹ ਸਾਂਝੀਵਾਲਤਾ, ਸਰਬੱਤ ਦੇ ਭਲੇ ਅਤੇ ਜ਼ਿੰਦਗੀ ਦੀ ਆਵਾਜ਼ ਹੈ। ਇਹ ਮਨੁੱਖਤਾ ਦੀ ਖ਼ੁਸ਼ਹਾਲੀ ਵਿਚ ਯਕੀਨ ਰੱਖਣ ਵਾਲੇ ਪੰਜਾਬੀ ਖਾਸੇ ਦੀ ਨੁਮਾਇੰਦਗੀ ਕਰਦੇ ਹਨ। ਇਹ ਉਸ ਅਰਦਾਸ ਦੀ ਅਗਲੀ ਕੜੀ ਹਨ ਜੋ ਨਿਮਾਣਿਆਂ ਅਤੇ ਨਿਤਾਣਿਆਂ ਦੇ ਬੋਲਬਾਲੇ ਦੀ ਗੱਲ ਕਰਦੀ ਹੈ। ਇਹ ਬੰਦੇ ਦੀ ਪਛਾਣ, ਸੀਲ ਖਪਤਕਾਰ ਦੀ ਥਾਂ ਬਰਾਬਰ ਦੇ, ਜਿਉਂਦੇ ਜਾਗਦੇ ਅਤੇ ਸ਼ਾਨਾਮੱਤੇ ਮਨੁੱਖ ਵਜੋਂ ਕਰਦੇ ਹਨ। ਉਹ ਮਨੁੱਖ ਜਿਹੜਾ ਇੱਕ ਦੂਜੇ ਨਾਲ ਬਰਾਬਰ ਦੇ ਬੰਦੇ ਵਜੋਂ ਸੰਵਾਦ ਕਰ ਸਕਦਾ ਹੈ; ਜਿਸ ਸੰਵਾਦ ਨੇ ਮਨੁੱਖਤਾ ਦੀ ਸਦੀਵੀ ਖ਼ੁਸ਼ਹਾਲੀ ਦਾ ਰਾਹ ਪੱਧਰਾ ਕਰਨਾ ਹੈ।

# ਉਜਾੜੇ ਤੇ ਅਨਿਆਂ ਦੀ ਇੱਤਰਾ





1947 ਵਿਚ ਹੋਈ ਹਿੰਦੁਸਤਾਨ ਦੀ ਵੰਡ ਬਾਰੇ ਬੜਾ ਕੁਝ ਲਿਖਿਆ ਗਿਆ ਹੈ। ਕਈ ਫਿਲਮਸਾਜ਼ਾਂ ਨੇ ਵੀ ਵੰਡ ਦੇ ਇਸ ਦੁਖਾਂਤ ਅਤੇ ਉਜਾੜੇ ਨੂੰ ਆਪਣੀਆਂ ਕਲਾ-ਕਿਰਤਾਂ ਦਾ ਹਿੱਸਾ ਬਣਾਇਆ ਹੈ। ਇਹ ਸਿਲਸਿਲਾ ਅੱਜ ਤੱਕ ਜਾਰੀ ਹੈ, ਕਿਉਂਕਿ ਵੰਡ ਦੀਆਂ ਇਨ੍ਹਾਂ ਕਹਾਣੀਆਂ ਨੇ ਪੰਜਾਬੀਆਂ ਦਾ ਅਜੇ ਤੱਕ ਪਿੱਛਾ ਨਹੀਂ ਛੱਡਿਆ ਹੈ। ਇਹ ਕਿਸੇ ਨਾ ਰੂਪ ਵਿਚ ਸਾਡੇ ਸਾਹਮਣੇ ਆਣ ਖਲੋਂਦੀਆਂ ਹਨ। ਨਿਰਮਾਤਾ ਬਬਲੀ ਸਿੰਘ ਦੀ ਹੁਣੇ-ਹੁਣੇ ਰਿਲੀਜ਼ ਹੋਈ ਫਿਲਮ '47 ਟੂ 84: ਹੁਣ ਮੈਂ ਕਿਸ ਨੂੰ ਵਤਨ ਕਹੂੰਗਾ' ਇਸੇ ਕੜੀ ਦਾ ਹਿੱਸਾ ਹੈ। ਪਹਿਲਾਂ ਇਸ ਫਿਲਮ ਦਾ ਨਾਂ '47 ਟੂ 84: ਇਕ ਪੀੜ' ਰੱਖਿਆ ਗਿਆ ਸੀ, ਪਰ ਇਸ ਫਿਲਮ ਵਿਚ ਸ਼ਾਮਲ ਉਘੇ ਇਨਕਲਾਬੀ ਸ਼ਾਇਰ ਸੰਤ ਰਾਮ ਉਦਾਸੀ ਦੇ ਗੀਤ 'ਹੁਣ ਮੈਂ ਕਿਸ ਨੂੰ ਵਤਨ ਕਹੂੰਗਾ' ਦੇ ਆਧਾਰ ਉਤੇ ਇਸ ਦਾ ਨਾਂ ਬਦਲ ਕੇ '47 ਟੂ 84: ਹੁਣ ਮੈਂ ਕਿਸ ਨੂੰ ਵਤਨ ਕਹੂੰਗਾ' ਰੱਖ ਦਿੱਤਾ ਗਿਆ। ਇਹ ਗੀਤ ਸੰਤ ਰਾਮ ਉਦਾਸੀ ਨੇ ਨਵੰਬਰ 1984 ਵਿਚ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਲਿਖਿਆ ਸੀ। ਇਸ ਗੀਤ ਵਿਚ ਸੌੜੀ ਅਤੇ ਹੌਲੀ ਸਿਆਸਤ ਉਤੇ ਸਿੱਧੀ ਚੋਟ ਕੀਤੀ ਗਈ ਸੀ। ਫਿਲਮ ਵਿਚ ਇਸ ਗੀਤ ਦੇ ਬੋਲ ਵਾਰ-ਵਾਰ ਦਰਸ਼ਕ ਨੂੰ ਉਸ ਦਰਦਨਾਕ ਮੰਜ਼ਰ ਦੀ ਯਾਦ ਦਿਵਾਉਂਦੇ ਹਨ।

ਨੌਜਵਾਨ ਨਿਰਦੇਸ਼ਕ ਰਾਜੀਵ ਸ਼ਰਮਾ ਦੇ ਨਿਰਦੇਸ਼ਕ ਹੇਠ ਤਿਆਰ ਹੋਈ ਇਹ ਫਿਲਮ, ਸੁਖਮਨੀ ਕੌਰ ਦੀ ਕਹਾਣੀ ਹੈ ਜਿਸ ਨੂੰ ਪਹਿਲਾਂ 1947 ਅਤੇ ਫਿਰ 1984 ਵਿਚ ਸੰਤਾਪ ਝੱਲਣਾ ਪਿਆ। ਇਹ ਫਿਲਮ ਉਨ੍ਹਾਂ ਸੱਚੀਆਂ ਘਟਨਾਵਾਂ 'ਤੇ ਆਧਾਰਤ ਹੈ ਜਿਸ ਦੀ ਮਾਰ ਅਣਗਿਣਤ ਪਰਿਵਾਰਾਂ ਨੂੰ 1947 ਅਤੇ 1984 ਵਿਚ ਪਈ ਸੀ। ਇਸ ਫਿਲਮ ਦਾ ਇਕ ਸੰਵਾਦ ਜਾਨ ਕੱਢਣ ਵਾਲਾ ਹੈ। ਇਹ ਸੰਵਾਦ ਹੈ- '1947 ਵਿਚ ਸਾਨੂੰ ਆਜ਼ਾਦੀ ਮਿਲੀ ਸੀ ਅਤੇ 1984 ਵਿਚ ਇਹ ਆਜ਼ਾਦੀ ਖੋਹ ਲਈ ਗਈ।' ਇਹ ਅਸਲ ਵਿਚ ਸਿੱਖਾਂ ਦੇ ਆਪਣੇ ਹੀ ਦੇਸ਼ ਵਿਚ ਬੇਗਾਨੇ ਹੋ ਜਾਣ ਦਾ ਦਰਦ ਹੈ ਜੋ ਸਿਆਸੀ ਸਾਜ਼ਿਸ਼ਾਂ ਕਾਰਨ ਆਖਰਕਾਰ ਨਾਸੂਰ ਬਣ ਗਿਆ ਅਤੇ ਸਮੁੱਚੇ ਪੰਜਾਬੀ, ਖਾਸ ਕਰ ਕੇ ਸਿੱਖਾਂ ਨੂੰ ਇਸ ਦਾ ਅੰਤਾਂ ਦਾ ਸੰਤਾਪ ਸਹਿਣਾ ਪਿਆ। ਫਿਲਮ ਵਿਚ ਸੁਖਮਨੀ ਕੌਰ ਦਾ ਟੱਬਰ ਪਹਿਲਾਂ ਵੰਡ ਵੇਲੇ ਇਹ ਕਹਿਰਾਂ ਦਾ ਸੰਤਾਪ ਹੰਢਾਉਂਦਾ ਹੈ ਅਤੇ ਫਿਰ ਇਹੀ ਸੰਤਾਪ ਆਜ਼ਾਦ ਮੁਲਕ ਵਿਚ 1984 ਵਿਚ ਉਦੋਂ ਝੱਲਣਾ ਪੈਂਦਾ ਹੈ ਜਦੋਂ ਪ੍ਰਧਾਨ ਮੰਤਰੀ ਦਾ ਕਤਲ ਹੋ ਜਾਂਦਾ ਹੈ। 1984 ਦੌਰਾਨ ਸੰਤਾਪ ਵਿਚ ਵਾਧਾ ਇਹ ਹੁੰਦਾ ਹੈ ਕਿ ਸੁਖਮਨੀ ਕੌਰ ਦੇ ਪੁੱਤਰ ਨੂੰ ਅਤਿਵਾਦੀ ਵੀ ਗਰਦਾਨ ਦਿੱਤਾ ਜਾਂਦਾ ਹੈ। ਫਿਲਮ ਦੇ ਅਖੀਰ ਵਿਚ ਦੋਵੇਂ ਮਾਂ-ਪੁੱਤ ਆਪਣੇ ਨਾਲ ਹੋਈਆਂ ਵਧੀਕੀਆਂ ਦਾ ਹਿਸਾਬ ਕਰਦੇ ਹਨ।

ਫਿਲਮ ਦਾ ਨਿਰਦੇਸ਼ਕ ਰਾਜੀਵ ਸ਼ਰਮਾ ਇਸ ਤੋਂ ਪਹਿਲਾਂ 'ਨਾਬਰ' ਵਰਗੀ ਕੌਮੀ ਇਨਾਮ ਜੇਤੂ ਫਿਲਮ ਬਣਾ ਚੁੱਕਾ ਹੈ, ਪਰ ਇਸ ਨਵੀਂ ਫਿਲਮ ਦੀ ਕਹਾਣੀ ਉਹਨੇ ਆਪ ਨਹੀਂ ਲਿਖੀ। ਇਹ ਕਹਾਣੀ ਲਾਲੀ ਗਿੱਲ ਨੇ ਲਿਖੀ ਹੈ। ਸੰਗੀਤ ਰਵੀ ਸ਼ੀਨ ਦਿੱਤਾ ਹੈ। ਫਿਲਮ ਵਿਚ ਮਕਬੂਲ ਫਿਲਮੀ ਅਦਾਕਾਰਾਂ ਦੀ ਥਾਂ ਥੀਏਟਰ ਨਾਲ ਸਬੰਧਤ ਸਾਧਾਰਨ ਪਰ ਤਜਰਬੇਕਾਰ ਕਲਾਕਾਰਾਂ ਤੋਂ ਕੰਮ ਲਿਆ ਗਿਆ ਹੈ। ਉਸ ਦਾ ਇਹ ਤਜਰਬਾ ਕਾਮਯਾਬ ਹੀ ਰਿਹਾ ਹੈ। ਫਿਲਮ ਵਿਚ ਜ਼ਫਰ ਢਿੱਲੋਂ, ਨੀਲਮ ਸਿਵੀਆ, ਨਤਾਸ਼ਾ, ਆਸ਼ੀਸ਼ ਦੁੱਗਲ, ਮਹਾਵੀਰ ਭੁੱਲਰ, ਅਰਵਿੰਦਰ ਭੱਟੀ, ਹਰਦੀਪ ਗਿੱਲ ਆਦਿ ਕਲਾਕਾਰਾਂ ਦੀਆਂ ਅਹਿਮ ਭੂਮਿਕਾਵਾਂ ਹਨ। ਉਂਝ ਫਿਲਮ ਦਾ ਵਿਸ਼ਾ ਜਿੰਨਾ ਮਾਰਮਿਕ ਹੈ, ਉਸ ਤਰ੍ਹਾਂ ਦੀ ਤੀਬਰਤਾ ਅਤੇ ਤੀਖਣਤਾ ਫਿਲਮ ਵਿਚ ਉਭਰ ਨਹੀਂ ਸਕੀ ਹੈ। ਇਸ ਪੱਖੋਂ ਫਿਲਮ ਰਤਾ ਕੁ ਊਣੀ ਜਾਪਦੀ ਹੈ। ਕਹਾਣੀ ਦੀ ਗੋਂਦ ਵੀ ਕਿਤੇ-ਕਿਤੇ ਡੋਲਦੀ ਹੈ। ਇਸ ਤੋਂ ਬਚਿਆ ਜਾ ਸਕਦਾ ਸੀ। ਸਿੱਧੀ-ਸਪਾਟ ਬਿਆਨੀ ਦੀ ਥਾਂ ਦਿਲ ਵਿਚੋਂ ਉਠੀ ਦਰਦੀਲੀ ਹੂਕ ਦਰਸ਼ਕਾਂ/ਸਰੋਤਿਆਂ ਉਤੇ ਸ਼ਾਇਦ ਵੱਧ ਅਸਰ ਕਰਨ ਦੀ ਸਮਰੱਥਾ ਰੱਖਦੀ ਹੈ, ਪਰ ਕੁੱਲ ਮਿਲਾ ਕੇ ਇਸ ਫਿਲਮ ਨਾਲ ਕੋਝੀ ਸਿਆਸਤ ਕਰਨ ਵਾਲੇ ਸਿਆਸੀ ਲੀਡਰਾਂ ਦਾ ਕਿਰਦਾਰ ਖੂਬ ਉਭਰ ਕੇ ਸਾਹਮਣੇ ਆਇਆ ਹੈ। ਅੱਜ ਕੱਲ੍ਹ ਪੈਸੇ ਕਮਾਉਣ ਦੀ ਦੌੜ ਵਿਚ ਘਟੀਆ ਜਿਹੀਆਂ ਕਮੇਡੀ ਫਿਲਮਾਂ ਦੇ ਮੁਕਾਬਲੇ ਤਾਂ ਇਸ ਫਿਲਮ ਦਾ ਕੋਈ ਜਵਾਬ ਹੀ ਨਹੀਂ ਹੈ। ਨਿਰਮਾਤਾ-ਨਿਰਦੇਸ਼ਕ ਨੇ ਇਸ ਤਰ੍ਹਾਂ ਦੇ ਅਤਿ ਗੰਭੀਰ ਵਿਸ਼ੇ ਨੂੰ ਹੱਥ ਪਾ ਕੇ ਬੇਸ਼ੱਕ ਜੋਖਮ ਉਠਾਇਆ ਸੀ, ਪਰ ਇਸ ਫਿਲਮ ਦਾ ਸੁਨੇਹਾ ਬੜਾ ਜ਼ੋਰਦਾਰ ਹੈ। ਸਿਆਸਤ ਵਿਚ ਧਰਮ ਨੂੰ ਕਿਸ ਤਰ੍ਹਾਂ ਵਰਤਿਆ ਜਾਂਦਾ ਹੈ, ਫਿਲਮ ਵਿਚ ਖੂਬ ਚਰਚਾ ਹੋਈ ਮਿਲਦੀ ਹੈ। ਇਹੀ ਇਸ ਫਿਲਮ ਦਾ ਹਾਸਲ ਹੈ।







## 'ਸਿਟੀ ਲਾਈਟਸ' ਦੀ ਲੋਅ

ਫਿਲਮਸਾਜ਼ ਹੰਸਿਲ ਮਹਿਤਾ ਦੀ ਫਿਲਮ 'ਸਿਟੀ ਲਾਈਟਸ' ਨੇ ਸਭ ਦਾ ਮਨ ਮੋਹ ਲਿਆ ਹੈ। ਇਹ ਫਿਲਮ ਰਾਜਸਥਾਨੀ ਕਿਸਾਨ (ਰਾਜਕੁਮਾਰ ਰਾਓ) ਦੀ ਕਹਾਣੀ ਹੈ ਜੋ ਖੂਬਸੂਰਤ ਜ਼ਿੰਦਗੀ ਦੇ ਸੁਫਨੇ ਲੈ ਕੇ, ਆਪਣੀ ਪਤਨੀ ਅਤੇ ਬੱਚੇ ਨਾਲ ਮੁੰਬਈ ਪੁੱਜਦਾ ਹੈ। ਮੁੰਬਈ ਪੁੱਜ ਕੇ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਇਹ ਤਾਂ ਉਨ੍ਹਾਂ ਦੇ ਸੁਫਨਿਆਂ ਵਾਲੀ ਥਾਂ ਨਹੀਂ! ਛੇਤੀ ਹੀ ਪਤਨੀ ਬਾਰ ਡਾਂਸਰ ਬਣ ਕੇ ਰਹਿ ਜਾਂਦੀ ਹੈ ਅਤੇ ਨਾਇਕ ਕਾਲੇ ਧਨ ਦੇ ਚੱਕਰਵਿਊ ਵਿਚ ਫਸ ਜਾਂਦਾ ਹੈ। ਇਹ ਫਿਲਮ ਦੇਖ ਕੇ ਫਿਲਮਸਾਜ਼ ਮਹੇਸ਼ ਭੱਟ ਨੇ 30 ਸਾਲ ਪਹਿਲਾਂ ਆਪਣੀ ਫਿਲਮ 'ਸਾਰਾਂਸ਼' ਨੂੰ ਮਿਲਿਆ ਫਿਲਮਫੇਅਰ ਐਵਾਰਡ ਹੰਸਿਲ ਮਹਿਤਾ ਨੂੰ ਸੌਂਪ ਦਿੱਤਾ ਹੈ। ਉਸ ਨੇ ਇਸ ਫਿਲਮ ਦੀ ਤੁਲਨਾ ਆਪਣੀ ਫਿਲਮ 'ਜ਼ਖਮ' ਨਾਲ ਕੀਤੀ ਹੈ। ਭੱਟ ਨੇ ਕਿਹਾ ਹੈ- "'ਸਿਟੀ ਲਾਈਟਸ' ਵਿਚ ਦਰਦ ਦੀ ਦਾਸਤਾਨ 'ਜ਼ਖਮ' ਵਿਚ ਪੇਸ਼ ਈਮਾਨਦਾਰੀ ਵਾਂਗ ਹੀ ਪੇਸ਼ ਹੋਈ ਹੈ। ਫਿਲਮ ਦਰਸ਼ਕ ਦੇ ਦਿਲੋ-ਦਿਮਾਗ ਉਤੇ ਅਸਰ ਪਾਉਂਦੀ ਚਲੀ ਜਾਂਦੀ ਹੈ।" ਹੰਸਿਲ ਮਹਿਤਾ ਦਾ ਕਹਿਣਾ ਹੈ ਕਿ ਉਹਨੂੰ ਫਿਲਮਾਂ ਬਣਾਉਣ ਦੀ ਪ੍ਰੇਰਨਾ ਫਿਲਮ 'ਅਰਥ' ਤੋਂ ਮਿਲੀ। 'ਅਰਥ' ਮਹੇਸ਼ ਭੱਟ ਨੇ ਹੀ ਬਣਾਈ ਸੀ। ਇਸ ਤੋਂ ਪਹਿਲਾਂ ਹੰਸਿਲ ਮਹਿਤਾ ਦੀ ਫਿਲਮ 'ਸ਼ਾਹਿਦ' ਨੇ ਸਭ ਦਾ ਧਿਆਨ ਖਿੱਚਿਆ ਸੀ।



## ਬਹੁ-ਪੱਖੀ ਸ਼ਖ਼ਸੀਅਤ ----------

## ਬੱਲੂ ਸਿੰਘ

ਰੰਗਮੰਚ ਤੋਂ ਟੈਲੀਵਿਜ਼ਨ ਦਾ ਸਫ਼ਰ ਤੈਅ ਕਰਦਾ ਪਹਿਲਾਂ ਹਿੰਦੀ ਫਿਲਮਾਂ ਅਤੇ ਹੁਣ ਪੰਜਾਬੀ ਫਿਲਮਾਂ 'ਚ ਧਮਾਕੇਦਾਰ ਐਂਟਰੀ ਦੇ ਰਿਹਾ ਬੱਲੂ ਸਿੰਘ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਡੀ.ਏ.ਵੀ. ਕਾਲਜ ਜਲੰਧਰ ਤੋਂ ਗਰੇਜੂਏਸ਼ਨ ਕਰਦੇ ਸਮੇਂ ਯੂਨੀਵਰਸਿਟੀ ਪੱਧਰ 'ਤੇ ਭੰਗੜੇ ਅਤੇ ਡਰਾਮੇ ਦਾ ਗੋਲਡ ਮੈਡਲਿਸਟ ਹੋਣ ਦਾ ਮਾਣ ਵੀ ਉਸ ਨੂੰ ਪ੍ਰਾਪਤ ਹੈ। ਗੀਤਕਾਰ, ਕਲਾਕਾਰ, ਨਿਰਮਾਤਾ-ਨਿਰਦੇਸ਼ਕ ਮਲਕੀਅਤ ਮੀਤ ਨੂੰ ਉਹ ਆਪਣਾ ਆਦਰਸ਼ ਮੰਨਦਾ ਹੈ।

ਜਲੰਧਰ ਦੇ ਜੰਮਪਲ ਬੱਲੂ ਸਿੰਘ ਦੀ ਕਲਾ ਦਾ ਆਗਾਜ਼ ਪ੍ਰਾਇਮਰੀ ਸਕੂਲ 'ਚ ਪੜ੍ਹਦਿਆਂ ਹੀ ਹੋ ਗਿਆ ਸੀ ਜਦੋਂ ਉਹ ਆਪਣੇ ਕਰੀਬੀ ਦੋਸਤ ਗੁਰਪ੍ਰੀਤ ਘੁੱਗੀ ਨਾਲ ਰਿਹਰਸਲ ਕਰਦਾ ਹੁੰਦਾ ਸੀ। ਉਂਝ ਇਨ੍ਹਾਂ ਨੇ ਥੀਏਟਰ ਦੀ ਅਸਲ ਕਲਾਸ ਛੇਵੀਂ ਕਲਾਸ ਵਿਚ ਪੜ੍ਹਦਿਆਂ ਸ਼ੁਰੂ ਕੀਤੀ ਸੀ। ਫਿਰ ਇਨ੍ਹਾਂ ਦੋਵਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਜਲੰਧਰ ਦੂਰਦਰਸ਼ਨ ਤੋਂ ਸ਼ੁਰੂ ਕੀਤੀ। ਉਸ ਨੂੰ ਪ੍ਰਸਿੱਧ ਨਾਟਕ 'ਰਿਸ਼ਤੇ', 'ਦਲਦਲ' ਤੋਂ ਇਲਾਵਾ 'ਜਵਾਂ ਤਰੰਗ' ਸਮੇਤ ਕਈ ਹੋਰ ਪ੍ਰੋਗਰਾਮਾਂ ਵਿਚ ਅਹਿਮ ਰੋਲ ਕਰਨ ਦਾ ਮੌਕਾ ਮਿਲਿਆ। ਚਾਚਾ ਰੌਣਕੀ ਰਾਮ ਨੂੰ ਆਪਣਾ ਉਸਤਾਦ ਮੰਨਣ ਵਾਲੇ ਇਸ ਕਲਾਕਾਰ ਨੇ ਜਲੰਧਰ ਦੂਰਦਰਸ਼ਨ ਦੇ ਨਵੇਂ ਵਰ੍ਹੇ 'ਤੇ 'ਬੱਲੇ ਬੱਲੇ ਸ਼ਾਵਾ ਸ਼ਾਵਾ', 'ਨਖ਼ਰਾ 96' ਅਤੇ 'ਜ਼ਰਾ ਬਚ ਕੇ ਮੋੜ ਤੋਂ" ਵਰਗੇ ਪ੍ਰੋਗਰਾਮਾਂ ਦੇ ਡਾਂਸ ਨਿਰਦੇਸ਼ਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਫਿਰ ਬੱਲੂ ਸਿੰਘ ਨੇ ਮੁੰਬਈ ਵੱਲ ਰੁਖ਼ ਕੀਤਾ। ਉਥੇ ਫਿਲਮ ਅਤੇ ਟੀ.ਵੀ. ਨਿਰਮਾਤਾ-ਨਿਰਦੇਸ਼ਕ ਸੁਨੀਲ ਅਗਨੀਹੋਤਰੀ ਨੇ ਆਪਣੇ ਬਹੁ-ਚਰਚਿਤ ਟੀ.ਵੀ. ਲੜੀਵਾਰ 'ਯੁਗ' ਵਿਚ



ਉਸ ਨੂੰ ਅਹਿਮ ਭੂਮਿਕਾ ਵਿਚ ਪੇਸ਼ ਕੀਤਾ। ਇਸ ਤੋਂ ਬਾਅਦ 'ਤਾਰਾ', 'ਸਤਰੰਜ', 'ਉਮੀਦ', 'ਜਨੂੰਨ' ਅਤੇ 'ਅਮਰਪ੍ਰੇਮ' ਵਰਗੇ ਹੋਰ ਲੜੀਵਾਰਾਂ 'ਚ ਜਾਨਦਾਰ ਭੂਮਿਕਾਵਾਂ ਨਿਭਾਈਆਂ। ਨਿਰਮਾਤਾ-ਨਿਰਦੇਸ਼ਕ ਇੰਦਰ ਕੁਮਾਰ ਦੀ ਫਿਲਮ 'ਇਸ਼ਕ' ਕੀਤੀ। ਨਾਲ ਹੀ ਬਤੌਰ ਨਾਇਕ ਪੰਜਾਬੀ ਟੈਲੀਫਿਲਮ 'ਕੰਮੋ' ਵਿਚ ਅਦਾਕਾਰੀ ਕੀਤੀ। ਫਿਰ 'ਚਿੜੀਆਂ ਦਾ ਚੰਬਾ' ਵਿਚ ਮੁੱਖ ਖਲਨਾਇਕ ਦੀ ਭੂਮਿਕਾ ਨਿਭਾਈ। ਅਮਰੀਕਾ ਪੁੱਜ ਕੇ ਬੱਲੂ ਸਿੰਘ ਨਿੱਤ ਦੇ ਰੁਝੇਵਿਆਂ ਤੱਕ ਸੀਮਤ ਹੋ ਕੇ ਰਹਿ ਗਿਆ ਪਰ ਮਲਕੀਤ ਮੀਤ ਉਸ ਨੂੰ ਫਿਰ ਲੱਭ ਲਿਆ ਅਤੇ ਹੁਣ ਉਹ ਕਮੇਡੀ ਅਤੇ ਐਕਸ਼ਨ ਪੰਜਾਬੀ ਫਿਲਮ 'ਮੌਜ ਮਸਤੀਆਂ' ਵਿਚ ਦਿਖਾਈ ਦੇਵੇਗਾ। ਇਸ ਫਿਲਮ ਵਿਚ ਉਹਦੀ ਮੁੱਖ ਖਲਨਾਇਕ ਦੀ ਭੂਮਿਕਾ ਹੈ। 'ਜੱਟ ਪਰਦੇਸੀ-ਕੈਲੀਫੋਰਨੀਆ ਟੂ ਪੰਜਾਬ' ਵਿਚ ਵੀ ਉਹ ਖਲਨਾਇਕ ਬਣਿਆ ਹੈ।

**-ਭੁਪਿੰਦਰ ਪੰਧੇਰ ਫਰਿਜ਼ਨੋ**

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮ ਕੀ ਪੌੜੀ ਕੋ ਵਡਭਾਗੀ ਪਾਵੈ॥

# ਗੁਰਦੁਆਰਾ ਸਾਹਿਬ ਐਲ-ਸਬਰਾਂਟੇ, ਕੈਲੀਫੋਰਨੀਆ

## 64ਵੀਂ ਬਰਸੀ

# ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ



ਸੰਤ ਬਾਬਾ ਪ੍ਰੇਮ ਸਿੰਘ ਜੀ

## 15 ਜੂਨ 2014, ਦਿਨ ਐਤਵਾਰ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਾਲਾਨਾ ਬਰਸੀ ਗੁਰਦੁਆਰਾ ਸਾਹਿਬ, ਐਲ-ਸਬਰਾਂਟੇ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ।

### ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ
**13 ਜੂਨ 2014 ਦਿਨ ਸ਼ੁੱਕਰਵਾਰ, ਸਵੇਰੇ 10 ਵਜੇ**
ਭੋਗ ਸ੍ਰੀ ਅਖੰਡ ਪਾਠ ਸਾਹਿਬ
**15 ਜੂਨ 2014 ਦਿਨ ਐਤਵਾਰ, ਸਵੇਰੇ 10 ਵਜੇ**



ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ 2 ਵਜੇ ਤੱਕ ਕਥਾ-ਕੀਰਤਨ ਦਾ ਪਰਵਾਹ ਚੱਲੇਗਾ। ਉਪਰੰਤ 2 ਵਜੇ ਅਰਦਾਸ ਹੋਵੇਗੀ। ਸਮੂਹ ਸਾਧ ਸੰਗਤ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਮੇਤ, ਸਮੇਂ ਸਿਰ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕਾ ਲੰਗਰ 11 ਵਜੇ ਤੋਂ ਅਤੁੱਟ ਵਰਤੇਗਾ ਜੀ। ਲੰਗਰ ਦੀ ਸੇਵਾ ਸੰਤ ਜੀ ਦੇ ਸ਼ਰਧਾਲੂਆਂ ਵਲੋਂ ਹੋਵੇਗੀ ਜੀ।

*64rd Barsi of Sant Baba Prem Singh Ji Muralewale (Begowal, Distt. Kapurthala) is being celebrated at Gurudwara Sahib. El-Sobrante from June 13 to June 15, 2014. All are requested to participate in paying homage to the great Saint of the 20th Century & Seek God's blessings.*

*For More Info. Please Contact:*
Col Paramjit S. Gahra 510-837-8872; Col Puran S. Ghotra 707-704-6915; Harjit Singh 707-334-7514; Jit Singh 650-823-0597; Malkit Singh 510-860-7811; Daljit Singh 650-826-1357

Ad space sponsored by

**Law Office of Manpreet Singh Gahra**

*Berkeley Office : 2161, Shattuck Ave., Suite#304, Berkeley, CA 94704*

***Phone: 510-841-4582***

*Sacramento Office : Ph. 916-924-1617*

# ਦਰਬਾਰ ਸੰਪ੍ਰਦਾਇ ਲੋਪੋਂ



ਸ੍ਰੀਮਾਨ ਸੁਆਮੀ ਸੰਤ ਦਰਬਾਰਾ ਸਿੰਘ ਜੀ



ਸੰਤ ਜਗਜੀਤ ਸਿੰਘ ਜੀ ਲੋਪੋਂ ਵਾਲੇ



ਸ੍ਰੀਮਾਨ ਸੁਆਮੀ ਸੰਤ ਜੋਰਾ ਸਿੰਘ ਜੀ ਮਹਾਰਾਜ ਲੋਪੋਂ ਵਾਲੇ

## ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

**ਆਪ ਸਮੂਹ ਸਾਧ ਸੰਗਤ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਸ੍ਰੀਮਾਨ ਸੁਆਮੀ ਸੰਤ ਜਗਜੀਤ ਸਿੰਘ ਜੀ ਲੋਪੋਂ ਵਾਲੇ ਗੁਰਮਤਿ ਪ੍ਰਚਾਰ ਲਈ ਅਮਰੀਕਾ ਦੀ ਫੇਰੀ ਤੇ ਆ ਰਹੇ ਹਨ। ਉਹਨਾਂ ਦੀ ਇਸ ਫੇਰੀ ਦਾ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ :**

4 ਜੂਨ ਸ਼ਾਮ 7:00 ਸ਼ਾਮ ਵਜੇ 8100 ਸਟਾਈਨ ਰੋਡ ਬੇਕਰਸਫੀਲਡ 661.889.8613

5 ਅਤੇ 6 ਜੂਨ 7:00 ਤੋਂ 9:00 ਸ਼ਾਮ ਗੁਰਦੁਆਰਾ ਨਾਨਕਸਰ 3860 ਨੌਰਥ ਕੌਰਨੇਲੀਆ ਐਵੀਨਿਓ, ਫਰਿਜ਼ਨੋ 559-271-5870

7 ਜੂਨ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ 12 ਵਜੇ ਤੱਕ - ਗੁਰਦੁਆਰਾ ਨਾਨਕਸਰ ਡੈਲਹਾਈ - 14525 ਕੈਂਪਗਰਾਊਂਡ ਰੋਡ ਡਲਹਾਈ - 209-918-2013, 916-753-4928

7 ਜੂਨ ਸ਼ਾਮ 6 ਵਜੇ ਗੁਰਦੁਆਰਾ ਸਿੱਖ ਟੈਂਪਲ ਬੇਕਰਸਫੀਲਡ 2400 ਸਾਊਥ ਪੀ ਸਟਰੀਟ, ਬੇਕਰਸਫੀਲਡ

8 ਜੂਨ ਦੁਪਹਿਰ 12:00 ਵਜੇ ਗੁਰਦੁਆਰਾ ਸਚਖੰਡ ਈਸ਼ਰ ਦਰਬਾਰ, 7616 ਰੇਂਜਵਿਊ ਲੇਨ, ਸੈਕਰਾਮੈਂਟੋ

11 ਜੂਨ ਸ਼ਾਮ 7:45 ਤੋਂ ਸ਼ਾਮ 8:45 - ਸਿੱਖ ਗੁਰਦੁਆਰਾ ਸੈਨਹੋਜ਼ੇ ਕੈਲੀਫੋਰਨੀਆ 3636 ਮੁਰੀਲੋ ਐਵੀਨਿਊ, ਸੈਨਹੋਜ਼ੇ 408-2749373

**ਵਿਖੇ ਸੰਤ ਜੀ ਸੰਗਤਾਂ ਨੂੰ ਦੀਵਾਨ ਲਗਾ ਕੇ ਨਿਹਾਲ ਕਰਨਗੇ।**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ**

**ਸੁਖਰਾਜ ਸਿੰਘ ਸੈਕਰਾਮੈਂਟੋ 916-826-4241, 916-730-8698**

**ਲਖਵੀਰ ਸਿੰਘ ਬੇਕਰਸਫੀਲਡ 661-444-6271**

**ਰਣਜੀਤ ਸਿੰਘ ਫਰਿਜ਼ਨੋ 559-375-9800**